ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 154| 18 Dec. to 24 Dec., 2024 | Ph.: (510) 240-5949 | Email: asrtimes@gmail.com



# 'ਇੱਕ ਦੇਸ਼-ਇੱਕ ਚੋਣ' ਬਿੱਲ ਕਾਰਨ ਭਾਰਤ ਦੀ ਸਿਆਸਤ 'ਚ ਆਇਆ ਭੂਚਾਲ

## ਹਰ ਹੀਲੇ ਇਸ ਬਿੱਲ ਨੂੰ ਪਾਸ ਕਰਵਾਉਣਾ ਚਾਹੁੰਦੀ ਹੈ ਕੇਂਦਰ ਸਰਕਾਰ

## ਵਿਰੋਧੀ ਦਲਾਂ ਨੇ ਇਸ ਨੂੰ ਤਾਨਾਸ਼ਾਹੀ ਵੱਲ ਪੁੱਟਿਆ ਵੱਡਾ ਕਦਮ ਦੱਸਿਆ

**ਆਜ਼ਾਦੀ ਤੋਂ ਬਾਅਦ ਪਹਿਲੀਆਂ ਚੋਣਾਂ ਇੱਕੋ ਸਮੇਂ ਹੋਈਆਂ ਸਨ। ਇਸ ਤੋਂ ਬਾਅਦ 1957, 1962 ਅਤੇ 1967 ਵਿੱਚ ਵੀ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇੱਕੋ ਸਮੇਂ ਹੋਈਆਂ ਸਨ। 1983 ਵਿੱਚ ਭਾਰਤ ਦੇ ਚੋਣ ਕਮਿਸ਼ਨ ਨੇ ਤਤਕਾਲੀ ਇੰਦਰਾ ਗਾਂਧੀ ਸਰਕਾਰ ਨੂੰ ਇੱਕੋ ਸਮੇਂ ਚੋਣਾਂ ਕਰਵਾਉਣ ਦਾ ਪ੍ਰਸਤਾਵ ਦਿੱਤਾ ਸੀ ਪਰ ਇੰਦਰਾ ਗਾਂਧੀ ਨੇ ਇਸ ਨੂੰ ਨਹੀਂ ਸੀ ਮੰਨਿਆ। ਹੁਣ ਇੱਕ ਵਾਰ ਫ਼ਿਰ 'ਇੱਕ ਦੇਸ਼ ਇੱਕ ਚੋਣ' ਦਾ ਮੁੱਦਾ ਭੜਕਿਆ ਹੋਇਆ ਹੈ, ਜਿਸ ਕਾਰਨ ਭਾਰਤ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਹੈ।**



ਭਾਰਤ ਦੀ ਸੰਸਦ ਅਤੇ ਸਿਆਸਤ ਵਿੱਚ ਇਸ ਸਮੇਂ ਲੋਕ ਸਭਾ ਅਤੇ ਅਸੈਂਬਲੀ ਚੋਣਾਂ ਇਕੋ ਵੇਲੇ ਕਰਵਾਉਣ ਸਬੰਧੀ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੁੱਟੇ ਜਾ ਰਹੇ ਕਦਮਾਂ ਕਾਰਨ ਘਮਾਸਾਨ ਪਿਆ ਹੋਇਆ ਹੈ। ਭਾਜਪਾ ਸਰਕਾਰ ਅਤੇ ਸੀਨੀਅਰ ਭਾਜਪਾ ਆਗੂ ਇਸ ਬਿੱਲ ਨੂੰ ਦੇਸ਼ ਦੇ ਹਿੱਤ ਵਿੱਚ ਚੁੱਕਿਆ ਗਿਆ ਵੱਡਾ ਕਦਮ ਗਰਦਾਨ ਰਹੇ ਹਨ, ਉਥੇ ਕਾਂਗਰਸ ਸਮੇਤ ਸਮੁੱਚੀ ਵਿਰੋਧੀ ਧਿਰ ਕਹਿ ਰਹੀ ਹੈ ਕਿ ਇਹ ਬਿੱਲ ਭਾਰਤ ਵਿੱਚ ਤਾਨਾਸ਼ਾਹੀ ਵੱਲ ਪੁੱਟਿਆ ਗਿਆ ਵੱਡਾ ਕਦਮ ਹੈ। ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਇਸ ਬਿੱਲ ਕਾਰਨ ਵੱਡਾ ਟਕਰਾਓ ਪੈਦਾ ਹੋ ਗਿਆ ਹੈ। ਦੋਵੇਂ ਧਿਰਾਂ ਆਪੋ ਆਪਣੀ ਜਿੱਦ 'ਤੇ ਅੜ ਗਈਆਂ ਹਨ। ਜਿਥੇ ਭਾਜਪਾ ਸਰਕਾਰ ਹਰ ਹੀਲੇ ਇਸ ਬਿੱਲ ਨੂੰ ਸੰਸਦ ਵਿੱਚ ਪਾਸ ਕਰਵਾਉਣ ਲਈ ਯਤਨਸ਼ੀਲ ਹੈ, ਉਥੇ ਵਿਰੋਧੀ ਧਿਰ ਇਸ ਬਿੱਲ ਨੂੰ ਪਾਸ ਨਾ ਹੋਣ ਦੇਣ ਲਈ ਦ੍ਰਿੜ ਸੰਕਲਪ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨ ਲੋਕ ਸਭਾ ਅਤੇ ਅਸੈਂਬਲੀ ਚੋਣਾਂ ਇਕੋ ਵੇਲੇ ਕਰਵਾਉਣ ਸਬੰਧੀ ਦੋ ਬਿੱਲ ਸੰਵਿਧਾਨਕ (129ਵੀਂ ਸੋਧ) ਬਿੱਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ (ਸੋਧ) ਬਿੱਲ ਤਿੱਖੀ ਬਹਿਸ ਮਗਰੋਂ ਲੋਕ ਸਭਾ ਵਿੱਚ ਪੇਸ਼ ਕੀਤੇ ਗਏ। ਇਸ ਮੌਕੇ ਕਰੀਬ ਡੇਢ ਘੰਟੇ ਦੀ ਬਹਿਸ ਦੌਰਾਨ ਵਿਰੋਧੀ ਧਿਰਾਂ ਨੇ 'ਇੱਕ ਦੇਸ਼ ਇੱਕ ਚੋਣ' ਬਿੱਲਾਂ ਨੂੰ 'ਤਾਨਾਸ਼ਾਹੀ' ਕਦਮ ਕਰਾਰ ਦਿੱਤਾ ਜਦਕਿ ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਕਿਹਾ ਕਿ ਬਿੱਲ ਸੂਬਿਆਂ ਨੂੰ ਮਿਲੀਆਂ ਤਾਕਤਾਂ 'ਚ ਕੋਈ ਦਖ਼ਲ ਨਹੀਂ ਦੇਣਗੇ। ਮੇਘਵਾਲ ਨੇ ਬਹਿਸ ਮਗਰੋਂ ਸੰਵਿਧਾਨਕ (129ਵੀਂ ਸੋਧ) ਬਿੱਲ ਪੇਸ਼ ਕੀਤਾ ਜਿਸ 'ਤੇ ਵਿਰੋਧੀ ਧਿਰਾਂ ਨੇ ਵੋਟਿੰਗ ਦੀ ਮੰਗ ਕੀਤੀ। ਬਿੱਲ ਦੇ ਹੱਕ ਵਿੱਚ 269 ਮੈਂਬਰਾਂ ਨੇ ਵੋਟ ਪਾਈ ਜਦੋਂਕਿ 198 ਨੇ ਇਸ ਦਾ ਵਿਰੋਧ ਕੀਤਾ। ਇਸ ਤੋਂ ਬਾਅਦ ਇਸ ਨੂੰ ਮੁੜ-ਸਥਾਪਨਾ ਦੇ ਉਦੇਸ਼ ਲਈ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਕੋਲ ਭੇਜਿਆ ਗਿਆ।ਜਿੱਥੋਂ ਤੱਕ ਜੇ.ਪੀ.ਸੀ. ਦਾ ਸਬੰਧ ਹੈ, ਇਸ ਦਾ ਪ੍ਰਧਾਨ ਅਤੇ ਬਹੁਮਤ ਦੋਵੇਂ ਭਾਜਪਾ ਦੇ ਹੋਣਗੇ। ਅਜਿਹੀ ਸਥਿਤੀ ਵਿੱਚ ਵਿਰੋਧੀ ਪਾਰਟੀਆਂ ਦੀ ਆਵਾਜ਼ ਨੂੰ ਉਸੇ ਤਰ੍ਹਾਂ ਨਜ਼ਰਅੰਦਾਜ਼ ਕੀਤਾ ਜਾਵੇਗਾ ਜਿਵੇਂ ਕਿ ਕਈ ਕਮੇਟੀਆਂ ਵਿੱਚ ਹੁੰਦਾ ਰਿਹਾ ਹੈ।

ਸਿਆਸੀ ਮਾਹਿਰ ਕਹਿ ਰਹੇ ਹਨ ਕਿ ਜਦੋਂ ਤੱਕ ਵੋਟਿੰਗ ਵਿੱਚ 50 ਫ਼ੀਸਦੀ ਤੋਂ ਵੱਧ ਵੋਟਾਂ ਬਿੱਲ ਦੇ ਹੱਕ ਵਿੱਚ ਨਹੀਂ ਆਉਂਦੀਆਂ,ਇਸ ਨੂੰ ਕਾਨੂੰਨ ਨਹੀਂ ਬਣਾਇਆ ਜਾ ਸਕਦਾ। ਭਾਜਪਾ ਦੀ ਅਗਵਾਈ ਵਾਲੇ ਰਾਸ਼ਟਰੀ ਜਮਹੂਰੀ ਗਠਜੋੜ, ਜਿਸ ਕੋਲ 543 ਸੀਟਾਂ ਹਨ, ਦੇ ਕੁੱਲ 292 ਮੈਂਬਰ ਹਨ ਜਦਕਿ ਦੋ ਤਿਹਾਈ ਦਾ ਅੰਕੜਾ 362 ਹੈ। ਭਾਜਪਾ-ਐਨਡੀਏ ਕੋਲ ਰਾਜ ਸਭਾ ਵਿੱਚ 112 ਸੀਟਾਂ ਹਨ ਅਤੇ ਉਸ ਕੋਲ 6 ਨਾਮਜ਼ਦ ਸੰਸਦ ਮੈਂਬਰਾਂ ਦਾ ਸਮਰਥਨ ਹੈ। ਵਿਰੋਧੀ ਧਿਰ ਕੋਲ ਇੱਥੇ 85 ਸੀਟਾਂ ਹਨ। ਇਸ ਉਪਰਲੇ ਸਦਨ ਵਿੱਚ ਦੋ ਤਿਹਾਈ ਦਾ ਅੰਕੜਾ 164 ਹੈ।

ਜ਼ਿਕਰਯੋਗ ਹੈ ਕਿ ਜਦੋਂ ਰਾਮਨਾਥ ਕੋਵਿੰਦ ਕਮੇਟੀ ਨੇ ਇਸ 'ਤੇ ਸਿਆਸੀ ਪਾਰਟੀਆਂ ਦੀ ਰਾਇ ਮੰਗੀ ਸੀ ਤਾਂ 32 ਪ੍ਰਮੁੱਖ ਸਿਆਸੀ ਪਾਰਟੀਆਂ ਨੇ ਇਸ ਦਾ ਸਮਰਥਨ ਕੀਤਾ ਅਤੇ 15 ਨੇ ਵਿਰੋਧ ਕੀਤਾ। ਵਿਰੋਧ ਕਰਨ ਵਾਲੀਆਂ ਪਾਰਟੀਆਂ ਦੇ ਲੋਕ ਸਭਾ ਵਿੱਚ 205 ਮੈਂਬਰ ਹਨ। ਇਸ ਦਾ ਮਤਲਬ ਹੈ ਕਿ ਵਿਰੋਧੀ ਪਾਰਟੀਆਂ ਤੋਂ ਬਿਨਾਂ ਇਹ ਬਿੱਲ ਕਾਨੂੰਨ ਦਾ ਰੂਪ ਨਹੀਂ ਲੈ ਸਕਦੇ। ਇਸ ਲਈ ਸਰਕਾਰ ਦੋਵਾਂ ਪ੍ਰਸਤਾਵਾਂ 'ਤੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਦੀ ਸੰਭਾਵਨਾ ਬਹੁਤ ਘੱਟ ਹੈ।

## ਬਿੱਲ ਪਾਸ ਹੋਣ 'ਤੇ ਵੀ 2034 ਤੋਂ ਪਹਿਲਾਂ ਦੇਸ਼ 'ਚ ਇੱਕੋ ਸਮੇਂ ਨਹੀਂ ਹੋ ਸਕਦੀਆਂ ਚੋਣਾਂ ?

ਰਾਸ਼ਟਰਪਤੀ ਲੋਕ ਸਭਾ ਚੋਣਾਂ ਤੋਂ ਬਾਅਦ ਪਹਿਲੀ ਮੀਟਿੰਗ ਦੌਰਾਨ ਵਨ ਨੇਸ਼ਨ ਵਨ ਇਲੈਕਸ਼ਨ ਦੇ ਸਮੇਂ ਦਾ ਐਲਾਨ ਕਰਨਗੇ। ਇਸ ਦਾ ਮਤਲਬ ਹੈ ਕਿ 2029 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਹੀ ਤਰੀਕ ਦਾ ਐਲਾਨ ਕੀਤਾ ਜਾ ਸਕਦਾ ਹੈ। ਅਜਿਹੇ ਵਿੱਚ ਸਾਲ 2034 ਤੋਂ ਪਹਿਲਾਂ ਦੇਸ਼ ਵਿੱਚ ਇੱਕੋ ਸਮੇਂ ਚੋਣਾਂ ਨਹੀਂ ਹੋਣਗੀਆਂ।

ਲੋਕ ਸਭਾ ਵਿੱਚ ਇਸ ਬਿੱਲ ਦੇ ਪੇਸ਼ ਹੋਣ ਤੋਂ ਬਾਅਦ ਕੇਂਦਰੀ ਮੰਤਰੀ ਮੇਘਵਾਲ ਨੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੂੰ ਬੇਨਤੀ ਕੀਤੀ ਕਿ ਇਸ ਬਿੱਲ ਨੂੰ ਵਿਸਥਾਰਤ ਵਿਚਾਰ-ਵਟਾਂਦਰੇ ਲਈ ਸੰਸਦ ਦੀ ਸਾਂਝੀ ਕਮੇਟੀ ਕੋਲ ਭੇਜਿਆ ਜਾਵੇ। ਇਹ ਪ੍ਰਸਤਾਵਿਤ ਬਿੱਲ ਦਰਸਾਉਂਦਾ ਹੈ ਕਿ ਇਹ ਪ੍ਰਕਿਰਿਆ 2034 ਤੱਕ ਲਾਗੂ ਹੋ ਜਾਵੇਗੀ। ਲੋਕ ਸਭਾ ਜਾਂ ਕਿਸੇ ਵਿਧਾਨ ਸਭਾ ਦੀਆਂ ਚੋਣਾਂ ਕਰਵਾਉਣ ਲਈ ਪਹਿਲਾਂ ਸੰਸਦ ਜਾਂ ਉਸ ਵਿਧਾਨ ਸਭਾ ਨੂੰ ਭੰਗ ਕਰਨਾ ਪਵੇਗਾ। ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਵਾਲੀ ਉੱਚ-ਪੱਧਰੀ ਕਮੇਟੀ ਦੀ ਰਿਪੋਰਟ ਵਿੱਚ ਇੱਕ ਨਵੀਂ ਵਿਵਸਥਾ, ਧਾਰਾ 82ਏ (1) ਪਾਉਣ ਦਾ ਪ੍ਰਸਤਾਵ ਦਿੱਤਾ ਗਿਆ ਹੈ। ਇਸ ਵਿੱਚ ਧਾਰਾ 82ਏ (2) ਨੂੰ ਸ਼ਾਮਲ ਕਰਨ ਦਾ ਵੀ ਪ੍ਰਸਤਾਵ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਨਿਯਤ ਮਿਤੀ ਤੋਂ ਬਾਅਦ ਲੋਕ ਸਭਾ ਦੇ ਪੂਰੇ ਕਾਰਜਕਾਲ ਦੀ ਸਮਾਪਤੀ ਦੇ ਨਾਲ ਮੇਲ ਖਾਣ ਲਈ ਚੁਣੀਆਂ ਗਈਆਂ ਰਾਜ ਵਿਧਾਨ ਸਭਾਵਾਂ ਦੀ ਮਿਆਦ ਘਟਾ ਦਿੱਤੀ ਜਾਵੇਗੀ। ਇਸਦਾ ਮਤਲਬ ਇਹ ਹੋਵੇਗਾ ਕਿ ਜੇ ਬਿੱਲਾਂ ਨੂੰ ਸੋਧਾਂ ਤੋਂ ਬਿਨਾਂ ਪਾਸ ਕਰ ਦਿੱਤਾ ਜਾਂਦਾ ਹੈ, ਤਾਂ ਨਿਯਤ ਮਿਤੀ 2029 ਵਿੱਚ ਚੁਣੀ ਜਾਣ ਵਾਲੀ ਲੋਕ ਸਭਾ ਦੀ ਪਹਿਲੀ ਬੈਠਕ ਦੌਰਾਨ ਹੀ ਸੂਚਿਤ ਕੀਤੀ ਜਾਵੇਗੀ।ਅਗਲੀ ਲੋਕ ਸਭਾ ਦਾ ਪੂਰਾ ਕਾਰਜਕਾਲ 2034 ਤੱਕ ਹੋਵੇਗਾ। ਇਸ ਤੋਂ ਇਲਾਵਾ ਧਾਰਾ 172 ਤੇ 327 ਵਿੱਚ ਵੀ ਸੋਧ ਕਰਨੀ ਪਵੇਗੀ। ਇਸ ਵਿੱਚ ਸੰਸਦ ਨੂੰ ਵਿਧਾਨ ਸਭਾ ਚੋਣਾਂ ਸਬੰਧੀ ਨਿਯਮ ਬਣਾਉਣ ਦਾ ਅਧਿਕਾਰ ਹੈ।

## ਬਿੱਲ ਦਾ ਵਿਰੋਧ ਕਰਨ ਵਾਲਿਆਂ ਦੇ ਤਰਕ

'ਇੱਕ ਦੇਸ਼ -ਇੱਕ ਚੋਣ' ਬਿੱਲ ਦਾ ਵਿਰੋਧ ਕਰਨ ਵਾਲਿਆਂ ਦੇ ਵੀ ਆਪਣੇ ਅ ਨੇਕਾਂ ਤਰਕ ਹਨ, ਜਿਹਨਾਂ ਰਾਹੀਂ ਉਹ ਇਸ ਬਿੱਲ ਦਾ ਵਿਰੋਧ ਕਰ ਰਹੇ ਹਨ। ਕਾਂਗਰਸ ਪਾਰਟੀ ਦੇਸ਼ ਵਿੱਚ ਇਕ ਸਮੇਂ ਚੋਣਾਂ ਕਰਵਾਉਣ ਨੂੰ ਸਹੀ ਨਹੀਂ ਮੰਨਦੀ। ਉਚ ਪੱਧਰੀ ਕਮੇਟੀ ਸਾਹਮਣੇ ਰੱਖੇ ਆਪਣੇ ਵਿਚਾਰਾਂ ਵਿੱਚ ਪਾਰਟੀ ਨੇ ਕਿਹਾ ਸੀ ਕਿ ਇੱਕ ਸਮੇਂ ਚੋਣਾਂ ਕਰਵਾਉਣ ਨਾਲ ਸੰਵਿਧਾਨ ਦੇ ਬੁਨਿਆਦੀ ਢਾਂਚੇ ਵਿੱਚ ਵੱਡਾ ਬਦਲਾਅ ਹੋਵੇਗਾ।ਕਾਂਗਰਸ ਪਾਰਟੀ ਨੇ ਕਿਹਾ ਸੀ ਕਿ ਇਹ ਸੰਘੀ ਢਾਂਚੇ ਦੀ ਗਾਰੰਟੀ ਦੇ ਵਿਰੁੱਧ ਅਤੇ ਸੰਸਦੀ ਲੋਕਤੰਤਰ ਦੇ ਖ਼ਿਲਾਫ਼ ਹੋਵੇਗਾ।

ਕਾਂਗਰਸ ਨੇ ਇਸ ਦਲੀਲ ਨੂੰ ਬੇਬੁਨਿਆਦ ਕਰਾਰ ਦਿੱਤਾ ਕਿ ਚੋਣਾਂ ਕਰਵਾਉਣ ਦਾ ਖਰਚਾ ਬਹੁਤ ਜ਼ਿਆਦਾ ਹੁੰਦਾ ਹੈ। ਪਾਰਟੀ ਨੇ ਕਿਹਾ ਕਿ ਨਾਲੋ-ਨਾਲ ਚੋਣਾਂ ਕਰਵਾਉਣ ਦੀ ਯੋਜਨਾ ਦੀ ਉਸ ਦੇਸ਼ ਵਿਚ ਕੋਈ ਥਾਂ ਨਹੀਂ ਹੈ ਜਿੱਥੇ ਸਰਕਾਰ ਚੁਣਨ ਲਈ ਸੰਸਦੀ ਪ੍ਰਣਾਲੀ ਅਪਣਾਈ ਗਈ ਹੋਵੇ। ਉਥੇ ਹੀ ਆਮ ਆਦਮੀ ਪਾਰਟੀ ਨੇ ਵੀ 'ਵਨ ਨੇਸ਼ਨ ਵਨ ਇਲੈਕਸ਼ਨ' ਨੂੰ ਖਾਰਜ ਕੀਤਾ ਸੀ। ਉਸ ਨੇ ਕਿਹਾ ਸੀ ਕਿ ਇਹ ਸੰਵਿਧਾਨ ਦੇ ਬੁਨਿਆਦੀ ਬਣਤਰ ਦੇ ਖ਼ਿਲਾਫ਼ ਹੈ।

## 'ਵਨ ਨੇਸ਼ਨ ਵਨ ਇਲੈਕਸ਼ਨ' 'ਤੇ ਬਣੀ ਸੀ ਹਾਈ ਲੇਵਲ ਕਮੇਟੀ

ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ਵਿੱਚ ਇਸ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਨੇ ਇਸੇ ਸਾਲ ਮਾਰਚ ਵਿੱਚ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਆਪਣੀ ਰਿਪੋਰਟ ਸੌਂਪੀ ਸੀ।

ਇਸ ਕਮੇਟੀ ਵਿੱਚ ਕੇਂਦਰੀ ਮੰਤਰੀ ਅਮਿਤ ਸ਼ਾਹ, ਕਾਂਗਰਸ ਦੇ ਸਾਬਕਾ ਨੇਤਾ ਗੁਲਾਮ ਨਬੀ ਆਜ਼ਾਦ, 15ਵੇਂ ਵਿੱਤ ਕਮਿਸ਼ਨ ਦੇ ਸਾਬਕਾ ਮੁਖੀ ਐੱਨਕੇ ਸਿੰਘ, ਲੋਕ ਸਭਾ ਦੇ ਸਾਬਕਾ ਜਨਰਲ ਸਕੱਤਰ ਡਾ. ਸੁਭਾਸ਼ ਕਸ਼ਯਪ, ਸੀਨੀਅਰ ਵਕੀਲ ਹਰੀਸ਼ ਸਾਲਵੇ ਅਤੇ ਚੀਫ਼ ਵਿਜੀਲੈਂਸ ਕਮਿਸ਼ਨਰ ਸੰਜੈ ਕੋਠਾਰੀ ਸ਼ਾਮਲ ਸਨ।

ਇਸ ਤੋਂ ਇਲਾਵਾ ਕਾਨੂੰਨ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਅਤੇ ਡਾ. ਨਿਤੇਨ ਚੰਦਰਾ ਵਿਸ਼ੇਸ਼ ਸੱਦੇ ਪੱਤਰ 'ਤੇ ਸ਼ਾਮਲ ਹੋਏ ਸਨ।

ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਦੱਸਿਆ , ' ਸਮੇਂ-ਸਮੇਂ 'ਤੇ ਦੇਸ਼ ਵਿੱਚ ਇਕ ਸਮੇਂ 'ਤੇ ਹੀ ਚੋਣਾਂ ਕਰਵਾਉਣ ਦੇ ਸੁਝਾਅ ਦਿੱਤੇ ਜਾਂਦੇ ਰਹੇ ਹਨ। ਇਸ ਲਈ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ਵਿੱਚ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਗਈ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
ਵੱਲੋਂ
ਸਾਹਿਬਜ਼ਾਦਿਆਂ

ਦੀ ਲਾਸਾਨੀ
ਸ਼ਹਾਦਤ ਨੂੰ
ਕੋਟਿਨ ਕੋਟ ਪ੍ਰਣਾਮ

# ਅਮਰੀਕਾ ਨਾਲ ਭਾਰਤ ਦੇ ਸਬੰਧ ਵਿਗੜਨ ਲੱਗੇ, ਰੂਸ ਦੇ ਨੇੜੇ ਜਾਣ ਲੱਗਿਆ ਭਾਰਤ

## ਭਾਰਤ ਅਡਾਨੀ ਉੱਪਰ ਕੁਰਬਾਨ, ਅਡਾਨੀ ਦੇ ਹਿੱਤ ਲਈ ਅਮਰੀਕਾ ਨਾਲ ਲੈ ਲਿਆ ਪੰਗਾ

## ਅਮਰੀਕਾ ਨੇ ਭਾਰਤ ਵਿਰੋਧੀ ਏਜੰਡੇ ਦੀ ਹਮਾਇਤ ਦੇ ਦੋਸ਼ ਨਕਾਰੇ

ਭਾਰਤ ਪੂੰਜੀਵਾਦ ਦਾ ਨਵਾਂ ਇਤਿਹਾਸ ਰਚ ਰਿਹਾ ਹੈ! ਇਹ ਇਸ ਤਰ੍ਹਾਂ ਹੈ ਜਿਵੇਂ ਭਾਰਤ ਗੌਤਮ ਅਡਾਨੀ ਦਾ ਗੁਲਾਮ ਹੋ ਗਿਆ ਹੋਵੇ! ਜੇਕਰ ਅਮਰੀਕਾ ਵੱਲੋਂ ਅਡਾਨੀ ਗਰੁੱਪ ਦਾ ਕੋਈ ਘਪਲਾ ਸਾਹਮਣੇ ਆਇਆ ਹੈ ਤਾਂ ਮੋਦੀ ਸਰਕਾਰ ਵੱਲੋਂ ਅਮਰੀਕਾ ਦੀ 'ਡੀਪ ਸਟੇਟ' ਦੀ ਸਾਜ਼ਿਸ਼ ਕਹਿਕੇ ਅਡਾਨੀ ਬਚਾਇਆ ਜਾ ਰਿਹਾ ਹੈ! ਭਾਜਪਾ ਨੇ ਬੀਤੇ ਦਿਨੀਂ ਦੋਸ਼ ਲਾਇਆ ਸੀ ਕਿ ਅਮਰੀਕਾ ਦੇ 'ਡੀਪ ਸਟੇਟ' ਨੇ ਭਾਰਤ ਦਾ ਅਕਸ ਖਰਾਬ ਕਰਨ ਲਈ ਮੀਡੀਆ ਪੋਰਟਲ ਓ.ਸੀ.ਸੀ.ਆਰ.ਪੀ. (ਸੰਗਠਿਤ ਅਪਰਾਧ ਅਤੇ ਭ੍ਰਿਸ਼ਟਾਚਾਰ ਰਿਪੋਰਟਿੰਗ ਪ੍ਰਾਜੈਕਟ) ਅਤੇ ਕਾਂਗਰਸ ਆਗੂ ਰਾਹੁਲ ਗਾਂਧੀ ਨਾਲ ਮਿਲੀਭੁਗਤ ਕੀਤੀ ਹੈ। ਭਾਜਪਾ ਨੇ ਕਿਹਾ ਸੀ ਕਿ ਰਾਹੁਲ ਨੇ ਅਡਾਨੀ ਗਰੁੱਪ ਨੂੰ ਨਿਸ਼ਾਨਾ ਬਣਾਉਣ ਅਤੇ ਸਰਕਾਰ ਨਾਲ ਨੇੜਤਾ ਰੱਖਣ ਦਾ ਦੋਸ਼ ਲਾਉਣ ਲਈ ਓ.ਸੀ.ਸੀ.ਆਰ.ਪੀ. ਦੀਆਂ ਰਿਪੋਰਟਾਂ ਦੀ ਵਰਤੋਂ ਕੀਤੀ ਸੀ। ਇਸ ਦੇ ਜਵਾਬ ਵਿੱਚ ਅਮਰੀਕੀ ਦੂਤਾਵਾਸ ਦੇ ਬੁਲਾਰੇ ਨੇ ਕਿਹਾ ਸੀ ਕਿ ਭਾਰਤ ਦੀ ਸੱਤਾਧਾਰੀ ਪਾਰਟੀ ਵੱਲੋਂ ਇਸ ਤਰ੍ਹਾਂ ਦੇ ਦੋਸ਼ ਲਾਉਣੇ ਨਿਰਾਸ਼ਾਜਨਕ ਹਨ। ਅਧਿਕਾਰੀ ਨੇ ਕਿਹਾ ਸੀ ਕਿ ਅਮਰੀਕੀ ਸਰਕਾਰ ਪੱਤਰਕਾਰਾਂ ਦੇ ਪੇਸ਼ੇਵਰ ਵਿਕਾਸ ਅਤੇ ਸਿਖਲਾਈ ਦੀ ਯੋਜਨਾ ਲਈ ਆਜ਼ਾਦ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਦੀ ਹੈ। ਇਹ ਯੋਜਨਾ ਇਨ੍ਹਾਂ ਸੰਗਠਨਾਂ ਦੇ ਸੰਪਾਦਕੀ ਜਾਂ ਹੋਰ ਫ਼ੈਸਲਿਆਂ ਨੂੰ ਪ੍ਰਭਾਵਿਤ ਨਹੀਂ ਕਰਦੀ।'

ਓ.ਸੀ.ਸੀ.ਆਰ.ਪੀ. ਇੱਕ ਮੀਡੀਆ ਪਲੇਟਫਾਰਮ ਹੈ, ਜੋ ਮੁੱਖ ਤੌਰ 'ਤੇ ਅਪਰਾਧ ਅਤੇ ਭ੍ਰਿਸ਼ਟਾਚਾਰ ਨਾਲ ਸਬੰਧਿਤ ਰਿਪੋਰਟਾਂ 'ਤੇ ਧਿਆਨ ਕੇਂਦਰਿਤ ਕਰਦਾ ਹੈ। ਇਸ ਦਾ ਮੁੱਖ ਦਫ਼ਤਰ ਐਮਸਟਰਡਮ ਵਿੱਚ ਹੈ। ਭਾਜਪਾ ਨੇ ਫਰਾਂਸ ਦੀ ਇਕ ਮੀਡੀਆ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਓ.ਸੀ.ਸੀ.ਆਰ.ਪੀ. ਨੂੰ ਅਮਰੀਕੀ ਵਿਦੇਸ਼ ਮੰਤਰਾਲੇ ਦੇ ਯੂ.ਐੱਸ.ਏ.ਆਈ.ਡੀ. ਦੇ ਨਾਲ-ਨਾਲ ਜੌਰਜ ਸੋਰੋਸ ਅਤੇ ਰੌਕਫੈਲਰ ਫਾਊਂਡੇਸ਼ਨ ਵਰਗੀਆਂ ਹੋਰ 'ਡੀਪ ਸਟੇਟ ਸ਼ਖਸੀਅਤਾਂ' ਰਾਹੀਂ ਫੰਡ ਦਿੱਤਾ ਜਾਂਦਾ ਹੈ। ਭਾਜਪਾ ਦਾ ਇਹ ਵੀ ਕਹਿਣਾ ਸੀ ਕਿ ਇਸ ਬਾਰੇ ਵਿਰੋਧੀ ਧਿਰ ਵਲੋਂ ਗੱਲ ਕਰਨਾ ਜਾਂ ਸੰਸਦ ਵਿਚ ਬਹਿਸ ਕਰਵਾਉਣ ਦੀ ਮੰਗ ਕਰਨਾ ਦੇਸ਼ਧ੍ਰੋਹ ਹੈ। ਇਹ ਪ੍ਰਧਾਨ ਮੰਤਰੀ ਮੋਦੀ 'ਤੇ ਸਿੱਧਾ ਹਮਲਾ ਹੈ! ਇਸ ਲਈ ਅਸੀਂ ਅਮਰੀਕਾ ਨੂੰ ਬੇਨਿਕਾਬ ਕਰਾਂਗੇ। ਵਿਰੋਧੀ ਧਿਰ ਨਾਲ ਵੀ ਨਿਬੜਾਂਗੇ। ਉਨ੍ਹਾਂ ਦੀਆਂ ਸਾਜ਼ਿਸ਼ਾਂ ਦਾ ਪਰਦਾਫਾਸ਼ ਕਰਾਂਗੇ।

**ਅਮਰੀਕਾ ਵੱਲੋਂ ਭਾਰਤ ਦੇ ਦੋਸ਼ ਰੱਦ**

ਦੂਜੇ ਪਾਸੇ ਅਮਰੀਕਾ ਨੇ ਭਾਜਪਾ ਦੇ ਉਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿੱਤਾ ਜਿਸ ਵਿੱਚ ਉਸ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਰੋਬਾਰੀ ਗੌਤਮ ਅਡਾਨੀ ਨੂੰ ਨਿਸ਼ਾਨਾ ਬਣਾ ਕੇ ਭਾਰਤ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਪਿੱਛੇ ਅਮਰੀਕੀ ਵਿਦੇਸ਼ ਮੰਤਰਾਲੇ ਅਤੇ ਅਮਰੀਕੀ 'ਡੀਪ ਸਟੇਟ' ਵੱਲੋਂ ਫੰਡ ਪ੍ਰਾਪਤ ਸੰਗਠਨਾਂ ਦਾ ਹੱਥ ਹੈ। ਅਮਰੀਕੀ ਦੂਤਾਵਾਸ ਦੇ ਤਰਜਮਾਨ ਨੇ ਦੋਸ਼ਾਂ ਨੂੰ 'ਨਿਰਾਸ਼ਾਜਨਕ' ਦੱਸਦਿਆਂ ਕਿਹਾ ਕਿ ਅਮਰੀਕੀ ਸਰਕਾਰ ਦੁਨੀਆ ਭਰ ਵਿੱਚ ਮੀਡੀਆ ਦੀ ਆਜ਼ਾਦੀ ਦੀ ਹਮਾਇਤੀ ਰਹੀ ਹੈ।

**ਕੀ ਹੈ ਭਾਜਪਾ ਦਾ ਨੈਰੇਟਿਵ**

ਭਾਜਪਾ ਵੱਲੋਂ ਹੁਣ ਇਹ ਨੈਰੇਟਿਵ ਬੁਣਿਆ ਜਾ ਰਿਹਾ ਹੈ ਕਿ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਸੋਨੀਆ ਗਾਂਧੀ ਦੇਸ ਦੇ ਗੱਦਾਰ ਹਨ। ਇਹ ਗਾਂਧੀ ਪਰਿਵਾਰ ਅਮਰੀਕਾ ਤੇ ਉਸ ਦੀਆਂ ਸੰਸਥਾਵਾਂ ਤੇ ਉਸਦੀ 'ਡੀਪ ਸਟੇਟ' ਦਾ ਟੋਲਾ ਹੈ। ਉਹ ਭਾਰਤ ਦੇ ਜਗਤ ਸੇਠ ਗੌਤਮ ਅਡਾਨੀ ਦੇ ਖ਼ਿਲਾਫ਼ ਇਸ ਲਈ ਬੋਲ ਰਹੇ ਹਨ ,ਕਿਉਂਕਿ ਇਸ ਨੇ ਅਮਰੀਕਾ ਅਤੇ ਦੁਨੀਆਂ ਦੇ ਅਰਬਪਤੀ ਪੂੰਜੀਪਤੀਆਂ ਨੂੰ ਪਛਾੜ ਦਿੱਤਾ ਹੈ। ਉਹ 140 ਕਰੋੜ ਭਾਰਤੀਆਂ ਦਾ ਮਾਣ ਹੈ ਜੋ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਾਪਤੀ ਹੈ। ਉਹ 125 ਕਰੋੜ ਭੁੱਖੇ ਲੋਕਾਂ ਲਈ ਮੁਫ਼ਤ ਲੰਗਰ ਦਾ ਮਾਣ ਹੈ। ਦੇਸ਼ ਅਤੇ ਦੁਨੀਆਂ ਵਿੱਚ ਮੋਦੀ ਜੀ ਦਾ ਸਤਿਕਾਰ ਹੈ, ਜਿਸ ਕਾਰਨ ਭਾਰਤ ਸੋਨੇ ਦੀ ਚਿੜੀ ਬਣ ਗਿਆ ਹੈ।




**ਭਾਜਪਾ ਦੀ ਸਿਆਸਤ ਕਰੇਗੀ ਦੇਸ ਦਾ ਨੁਕਸਾਨ**

ਦੁਨੀਆਂ ਵਿੱਚ ਪੂੰਜੀਵਾਦ ਦੇ ਇਤਿਹਾਸ ਵਿੱਚ ਨਵੇਂ ਅਤੇ ਪੁਰਾਣੇ ਜਿੰਨੇ ਵੀ ਖਰਬਪਤੀ ਹੋਏ ਹਨ, ਉਨ੍ਹਾਂ ਵਿਚੋਂ ਅੱਜ ਤੱਕ ਇੱਕ ਵੀ ਪੂੰਜੀਪਤੀ ਅਜਿਹਾ ਨਹੀਂ ਹੈ ਜਿਸ 'ਤੇ ਗਬਨ ਦਾ ਦੋਸ਼ ਲੱਗਾ ਹੋਵੇ ਅਤੇ ਉਸ ਨੂੰ ਕਿਸੇ ਸੱਤਾਧਾਰੀ ਧਿਰ ਨੇ ਦੇਸ਼ ਦਾ ਮਾਣ ਬਣਾਇਆ ਹੋਵੇ। ਉਸ ਦੀ ਰਖਿਆ ਲਈ ਦੇਸ਼, ਸਰਕਾਰ, ਪਾਰਲੀਮੈਂਟ (**ਬਾਕੀ ਸਫ਼ਾ 30 'ਤੇ**)

## ਕੀ ਦੋਸ਼ ਹਨ ਅਡਾਨੀ ਉੱਪਰ ?

ਅਡਾਨੀ ਗਰੁੱਪ 2023 ਤੋਂ ਅਮਰੀਕਾ ਵਿੱਚ ਸ਼ੱਕ ਦੇ ਘੇਰੇ ਵਿੱਚ ਹੈ। ਉਸ ਸਾਲ ਹਿੰਡਨਬਰਗ ਨਾਂ ਦੀ ਕੰਪਨੀ ਨੇ ਅਡਾਨੀ 'ਤੇ ਧੋਖਾਧੜੀ ਦਾ ਇਲਜ਼ਾਮ ਲਾਇਆ ਸੀ। ਗੌਤਮ ਅਡਾਨੀ ਨੇ ਕੰਪਨੀ ਦੇ ਇਸ ਦਾਅਵੇ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਸੀ ਪਰ ਇਸ ਖ਼ਬਰ ਦੇ ਸਾਹਮਣੇ ਆਉਣ ਤੋਂ ਬਾਅਦ ਅਡਾਨੀ ਗਰੁੱਪ ਦੀਆਂ ਕੰਪਨੀਆਂ ਦੇ ਸ਼ੇਅਰ ਬੁਰੀ ਤਰ੍ਹਾਂ ਡਿੱਗੇ ਸਨ। ਇਸ ਰਿਸ਼ਵਤਖੋਰੀ ਮਾਮਲੇ ਦੀ ਜਾਂਚ ਸਬੰਧੀ ਵੀ ਕਈ ਮਹੀਨਿਆਂ ਤੋਂ ਖ਼ਬਰਾਂ ਆ ਰਹੀਆਂ ਸਨ। ਸਰਕਾਰੀ ਵਕੀਲਾਂ ਨੇ ਕਿਹਾ ਸੀ ਕਿ ਇਸ ਮਾਮਲੇ ਦੀ ਜਾਂਚ ਸਾਲ 2022 ਵਿੱਚ ਹੀ ਸ਼ੁਰੂ ਕੀਤੀ ਗਈ ਸੀ। ਇਲਜ਼ਾਮ ਹੈ ਕਿ ਉਨ੍ਹਾਂ ਦੇ ਪ੍ਰਬੰਧਕਾਂ ਨੇ ਕਰਜ਼ੇ ਅਤੇ ਬਾਂਡਜ਼ ਦੇ ਰੂਪ ਵਿੱਚ ਤਿੰਨ ਅਰਬ ਡਾਲਰ ਇਕੱਠੇ ਕੀਤੇ। ਇਸ ਵਿੱਚ ਅਮਰੀਕੀ ਫਰਮਾਂ ਤੋਂ ਵੀ ਕੁਝ ਪੈਸਾ ਇਕੱਠਾ ਕੀਤਾ ਗਿਆ ਸੀ। ਇਲਜ਼ਾਮ ਇਹ ਵੀ ਹੈ ਕਿ ਇਹ ਪੈਸਾ ਅਡਾਨੀ ਦੀ ਕੰਪਨੀ ਦੀ ਰਿਸ਼ਵਤਖੋਰੀ ਵਿਰੋਧੀ ਨੀਤੀਆਂ ਬਾਰੇ ਗੁੰਮਰਾਹਕੁੰਨ ਬਿਆਨਾਂ ਰਾਹੀਂ ਇਕੱਠਾ ਕੀਤਾ ਗਿਆ ਸੀ। ਅਮਰੀਕੀ ਅਟਾਰਨੀ ਬ੍ਰਿਯੋਨ ਪੀਸ ਨੇ ਇਲਜ਼ਾਮ ਲਾਉਂਦੇ ਹੋਏ ਕਿਹਾ ਸੀ ਕਿ ਜਿਵੇਂ ਕਿ ਕਥਿਤ ਤੌਰ 'ਤੇ, ਇਲਜ਼ਾਮ ਲਾਇਆ ਜਾ ਰਿਹਾ ਹੈ ਕਿ ਮੁਲਜ਼ਮਾਂ ਨੇ ਅਰਬਾਂ ਡਾਲਰਾਂ ਦੇ ਠੇਕੇ ਹਾਸਲ ਕਰਨ ਲਈ ਭਾਰਤ ਸਰਕਾਰ ਦੇ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਦੀ ਗੁਪਤ ਯੋਜਨਾ ਬਣਾਈ ਸੀ। ਉਨ੍ਹਾਂ ਨੇ ਰਿਸ਼ਵਤ ਦੇ ਇਸ ਪਲਾਨ ਬਾਰੇ ਝੂਠ ਬੋਲਿਆ ਕਿਉਂਕਿ ਉਹ ਅਮਰੀਕੀ ਅਤੇ ਗਲੋਬਲ ਨਿਵੇਸ਼ਕਾਂ ਤੋਂ ਪੂੰਜੀ ਇਕੱਠਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਬ੍ਰਿਯੋਨ ਪੀਸ ਨੇ ਕਿਹਾ ਸੀ ਕਿ ਮੇਰਾ ਦਫ਼ਤਰ ਕੌਮਾਂਤਰੀ ਬਾਜ਼ਾਰ ਵਿੱਚ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਲਈ ਵਚਨਬੱਧ ਹੈ। ਇਸ ਤੋਂ ਇਲਾਵਾ, ਨਿਵੇਸ਼ਕਾਂ ਨੂੰ ਉਨ੍ਹਾਂ ਲੋਕਾਂ ਤੋਂ ਸੁਰੱਖਿਅਤ ਰੱਖਣਾ ਪਵੇਗਾ, ਜੋ ਸਾਡੇ ਵਿੱਤੀ ਬਾਜ਼ਾਰਾਂ ਦੀ ਭਰੋਸੇਯੋਗਤਾ ਦੀ ਕੀਮਤ 'ਤੇ ਆਪਣੇ ਆਪ ਨੂੰ ਅਮੀਰ ਬਣਾਉਣਾ ਚਾਹੁੰਦੇ ਹਨ। ਅਧਿਕਾਰੀਆਂ ਦਾ ਕਹਿਣਾ ਸੀ ਕਿ ਰਿਸ਼ਵਤਖੋਰੀ ਦੀ ਯੋਜਨਾ ਨੂੰ ਅੱਗੇ ਵਧਾਉਣ ਲਈ ਅਡਾਨੀ ਖ਼ੁਦ ਕਈ ਮੌਕਿਆਂ 'ਤੇ ਸਰਕਾਰੀ ਅਧਿਕਾਰੀਆਂ ਨੂੰ ਮਿਲੇ ਸਨ। ਅਮਰੀਕੀ ਅਟਾਰਨੀ ਦਫ਼ਤਰ ਨੇ ਇਸ ਮਾਮਲੇ 'ਚ ਜਿਨ੍ਹਾਂ ਲੋਕਾਂ ਖ਼ਿਲਾਫ਼ ਇਲਜ਼ਾਮ ਲਗਾਏ ਹਨ, ਇਨ੍ਹਾਂ ਵਿਚ ਗੌਤਮ ਅਡਾਨੀ ਤੋਂ ਇਲਾਵਾ ਸੱਤ ਹੋਰ ਲੋਕ ਸਨ। ਇਨ੍ਹਾਂ ਸੱਤ ਲੋਕਾਂ ਵਿੱਚ ਸਾਗਰ ਆਰ ਅਡਾਨੀ, ਵਿਨੀਤ ਐੱਸ ਜੈਨ, ਰਣਜੀਤ ਗੁਪਤਾ, ਰੁਪੇਸ਼ ਅਗਰਵਾਲ, ਦੀਪਕ ਮਲਹੋਤਰਾ, ਸੌਰਭ ਅਗਰਵਾਲ ਅਤੇ ਸਿਰਿਲ ਕੈਬਨੇਜ਼ ਸ਼ਾਮਲ ਹਨ। ਇਹ ਮਾਮਲਾ ਉਦੋਂ ਸਾਹਮਣੇ ਆਇਆ ਹੈ ਜਦੋਂ ਕੁਝ ਹਫ਼ਤੇ ਪਹਿਲਾਂ ਹੀ ਡੌਨਲਡ ਟਰੰਪ ਨੇ ਚੋਣ ਜਿੱਤੀ ਸੀ।

# ਜੇ ਅਮਰੀਕਾ 'ਤੇ ਰੂਸ ਵੱਲੋਂ ਪਰਮਾਣੂ ਹਮਲਾ ਹੁੰਦੈ ਤਾਂ ਅਮਰੀਕਾ ਦੀ ਹੋਵੇਗੀ ਵੱਡੀ ਤਬਾਹੀ ?

## ਸੰਭਾਵੀ ਤੀਜੇ ਵਿਸ਼ਵ ਯੁੱਧ ਦੇ ਡਰ ਦੇ ਵਿਚਾਲੇ ਮਾਹਿਰਾਂ ਦਾ ਡਰਾਉਣਾ ਦਾਅਵਾ

## ਨਾਟੋ ਦੇ ਦਰਵਾਜ਼ੇ 'ਤੇ ਬੇਲਾਰੂਸ 'ਚ ਪੁਤਿਨ ਹਾਈਪਰਸੋਨਿਕ ਮਿਜ਼ਾਈਲਾਂ ਕਰਨਗੇ ਤੈਨਾਤ

ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਫ਼ੈਲੀਆਂ ਜੰਗਾਂ ਅਤੇ ਵਧਦੀ ਧੜੇਬੰਦੀ ਨੇ ਤੀਜੇ ਵਿਸ਼ਵ ਯੁੱਧ ਦਾ ਡਰ ਵਧਾ ਦਿੱਤਾ ਹੈ। ਖ਼ਾਸ ਤੌਰ 'ਤੇ ਅਮਰੀਕਾ ਅਤੇ ਰੂਸ ਵਿਚਾਲੇ ਵਧਦੇ ਤਣਾਅ ਨੇ ਦੁਨੀਆਂ ਨੂੰ ਚਿੰਤਤ ਕੀਤਾ ਹੋਇਆ ਹੈ। ਇਸ ਤਣਾਅ ਦੇ ਵਿਚਕਾਰ, ਇੱਕ ਨਕਸ਼ੇ ਦੇ ਜ਼ਰੀਏ ਇਹ ਸਮਝਾਇਆ ਗਿਆ ਹੈ ਕਿ ਅਮਰੀਕਾ 'ਤੇ ਪਰਮਾਣੂ ਬੰਬ ਹਮਲੇ ਦੇ ਕਿਸ ਤਰ੍ਹਾਂ ਦੇ ਵਿਨਾਸ਼ਕਾਰੀ ਪ੍ਰਭਾਵ ਹੋ ਸਕਦੇ ਹਨ।

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਹਾਲ ਹੀ ਵਿੱਚ ਧਮਕੀ ਦਿੱਤੀ ਹੈ ਕਿ ਜੇਕਰ ਅਮਰੀਕੀ ਫ਼ੌਜਾਂ ਯੂਕਰੇਨ ਵਿੱਚ ਦਾਖ਼ਲ ਹੁੰਦੀਆਂ ਹਨ ਤਾਂ ਉਹ ਪਰਮਾਣੂ ਹਥਿਆਰਾਂ ਦੀ ਵਰਤੋਂ ਕਰਨਗੇ। ਇਸ ਧਮਕੀ ਦੇ ਵਿਚਕਾਰ ਨਿਊਕ ਮੈਪ ਨੇ ਪਰਮਾਣੂ ਹਮਲੇ ਤੋਂ ਬਾਅਦ ਅਮਰੀਕੀ ਸ਼ਹਿਰਾਂ ਦੀ ਸਥਿਤੀ ਨੂੰ ਦਰਸਾਉਂਦਾ ਨਕਸ਼ਾ ਜਾਰੀ ਕੀਤਾ ਹੈ। ਨਿਊਕ ਮੈਪ ਬਣਾਉਣ ਵਾਲੇ ਐਲੇਕਸ ਵੇਲਰਸਟਾਈਨ ਦਾ ਕਹਿਣਾ ਹੈ ਕਿ ਨਿਊਯਾਰਕ ਵਰਗੇ ਅਮਰੀਕਾ ਦੇ ਵੱਡੇ ਸ਼ਹਿਰਾਂ ਨੂੰ ਪਰਮਾਣੂ ਹਮਲੇ ਨਾਲ ਭਾਰੀ ਨੁਕਸਾਨ ਹੋਵੇਗਾ ਅਤੇ ਲੱਖਾਂ ਲੋਕ ਮਾਰੇ ਜਾ ਸਕਦੇ ਹਨ।



ਇਹ ਨਕਸ਼ਾ ਬਣਾਉਣ ਵਾਲੇ ਐਲੇਕਸ ਵੇਲਰਸਟਾਈਨ ਪਰਮਾਣੂ ਤਕਨਾਲੋਜੀ ਦੇ ਮਾਹਿਰ ਹਨ ਅਤੇ ਨਿਊਕ ਮੈਪ ਦੇ ਨਿਰਮਾਤਾ ਹਨ। ਉਨ੍ਹਾਂ ਵੱਲੋਂ ਤਿਆਰ ਇਹ ਨਕਸ਼ਾ ਰੇਡੀਓਐਕਟੀਵਿਟੀ ਦੇ ਫ਼ੈਲਣ, ਅੱਗ ਦੇ ਭਾਂਬੜਾਂ ਦੇ ਘੇਰੇ ਅਤੇ ਪਰਮਾਣੂ ਧਮਾਕੇ ਦੀ ਸਥਿਤੀ ਵਿੱਚ ਸੰਭਾਵਿਤ ਪੀੜਤਾਂ ਦੀ ਸੰਖਿਆ ਦਾ ਅਨੁਮਾਨ ਲਗਾਉਂਦਾ ਹੈ। ਜੇਕਰ 800 ਕਿਲੋ ਟਨ ਦਾ ਟੋਪੋਲ (ਐਸ ਐਸ-25) ਬੰਬ ਅਮਰੀਕਾ ਦੇ ਪੂਰਬੀ ਤੱਟ 'ਤੇ ਡਿੱਗਦਾ ਹੈ ਤਾਂ ਨਿਊਯਾਰਕ ਵਿਚ 16 ਲੱਖ ਲੋਕਾਂ ਦੀ ਮੌਤ ਹੋ ਸਕਦੀ ਹੈ ਅਤੇ 30 ਲੱਖ ਲੋਕ ਜ਼ਖਮੀ ਹੋ ਸਕਦੇ ਹਨ। ਅੱਗ ਦੇ ਭਾਂਬੜ ਮੈਨਹਟਨ, ਨੇਵਾਰਕ, ਐਲਿਜ਼ਾਬੈਥ, ਬਰੁਕਲਿਨ ਅਤੇ ਹੋਰ ਸ਼ਹਿਰਾਂ ਨੂੰ ਤਬਾਹ ਕਰ ਸਕਦੇ ਹਨ। ਇਸ ਧਮਾਕੇ ਤੋਂ ਨਿਕਲਣ ਵਾਲੀ ਥਰਮਲ ਰੇਡੀਏਸ਼ਨ 11.1 ਕਿਲੋਮੀਟਰ ਤੱਕ ਫ਼ੈਲ ਜਾਵੇਗੀ। ਸਪੱਸ਼ਟ ਹੈ ਕਿ ਇਹ ਬਹੁਤ ਸਾਰੇ ਅਮਰੀਕੀ ਸ਼ਹਿਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਵੇਗੀ ਅਤੇ ਵੱਡੀ ਤਬਾਹੀ ਦਾ ਕਾਰਨ ਬਣੇਗੀ।

ਜੇਕਰ ਵਾਸ਼ਿੰਗਟਨ ਡੀ.ਸੀ. ਦੇ ਵ੍ਹਾਈਟ ਹਾਊਸ 'ਤੇ ਅਜਿਹਾ ਹੀ ਪਰਮਾਣੂ ਹਮਲਾ ਹੁੰਦਾ ਹੈ ਤਾਂ ਮਰਨ ਵਾਲਿਆਂ ਦੀ ਗਿਣਤੀ 4 ਲੱਖ ਤੱਕ ਪਹੁੰਚ ਸਕਦੀ ਹੈ। ਕੈਪੀਟਲ ਹਿੱਲ ਅਤੇ ਕੋਲੰਬੀਆ ਹਾਈਟਸ ਵਰਗੀਆਂ ਪ੍ਰਸਿੱਧ ਸਾਈਟਾਂ ਨੂੰ ਵੀ ਭਾਰੀ ਨੁਕਸਾਨ ਹੋ ਸਕਦਾ ਹੈ। ਇਹ ਹਮਲਾ ਅਲੈਗਜ਼ੈਂਡਰੀਆ ਤੋਂ ਸਿਲਵਰ ਸਪਰਿੰਗ ਤੱਕ ਦੇ ਵਸਨੀਕਾਂ ਨੂੰ ਥਰਮਲ ਰੇਡੀਏਸ਼ਨ ਤੋਂ ਤੀਜੀ-ਡਿਗਰੀ ਬਰਨ ਦਾ ਸਾਹਮਣਾ ਕਰ ਸਕਦਾ ਹੈ। ਆਇਰਿਸ਼ ਸਟਾਰ ਦੀ ਰਿਪੋਰਟ ਹੈ ਕਿ ਪਰਮਾਣੂ ਹਮਲਿਆਂ ਤੋਂ ਬਾਅਦ ਭਿਆਨਕ ਸਥਿਤੀਆਂ ਨੂੰ ਦਰਸਾਉਣ ਵਾਲੇ ਨਕਸ਼ਿਆਂ ਤੋਂ ਪਤਾ ਲੱਗਦਾ ਹੈ ਕਿ ਕਈ ਵੱਡੇ ਅਮਰੀਕੀ ਸ਼ਹਿਰ ਪਲਾਂ ਵਿੱਚ ਤਬਾਹ ਹੋ ਸਕਦੇ ਹਨ। ਅੰਦਾਜ਼ੇ ਮੁਤਾਬਕ 'ਲਿਟਲ ਬੁਆਏ' ਬੰਬ ਵਰਗੇ ਧਮਾਕੇ ਤੋਂ ਬਾਅਦ ਹਿਊਸਟਨ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ। ਇਸ ਵਿੱਚ 90,000 ਤੋਂ ਜ਼ਿਆਦਾ ਲੋਕ ਜ਼ਖਮੀ ਹੋ ਸਕਦੇ ਹਨ।

**ਰੂਸ ਨੇ ਆਪਣੇ ਕਰੀਬੀ ਸਹਿਯੋਗੀ ਬੇਲਾਰੂਸ ਨਾਲ ਕੀਤਾ ਸਮਝੌਤਾ**

ਰੂਸ ਇੱਕ ਬਹੁਤ ਹੀ ਮਹੱਤਵਪੂਰਨ ਸਮਝੌਤੇ ਦੇ ਤਹਿਤ ਆਪਣੇ ਕਰੀਬੀ ਸਹਿਯੋਗੀ ਬੇਲਾਰੂਸ ਵਿੱਚ ਪਰਮਾਣੂ ਹਥਿਆਰ ਤਾਇਨਾਤ ਕਰਨ ਜਾ ਰਿਹਾ ਹੈ। ਇਸ ਨੂੰ ਨਾਟੋ ਦੇਸ਼ਾਂ ਲਈ ਗੰਭੀਰ ਚਿਤਾਵਨੀ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਲੁਕਾਸ਼ੇਂਕੋ ਨੇ ਬੀਤੇ ਦਿਨੀਂ ਇੱਕ ਸੁਰੱਖਿਆ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ। ਇਹ ਸਮਝੌਤਾ ਬੇਲਾਰੂਸ ਵਿੱਚ ਰੂਸੀ ਰਣਨੀਤਕ ਪਰਮਾਣੂ ਹਥਿਆਰਾਂ ਦੀ ਤੈਨਾਤੀ ਨਾਲ ਸਬੰਧਿਤ ਹੈ।

'ਦ ਸਨ' ਦੀ ਰਿਪੋਰਟ ਮੁਤਾਬਕ ਰੂਸ ਅਤੇ ਬੇਲਾਰੂਸ ਵਿਚਾਲੇ ਨਵਾਂ ਸੁਰੱਖਿਆ ਸਮਝੌਤਾ ਦੋਵਾਂ ਦੇਸ਼ਾਂ ਵਿਚਾਲੇ ਫ਼ੌਜੀ ਸਹਿਯੋਗ ਨੂੰ ਮਜ਼ਬੂਤ ਕਰੇਗਾ। ਇਸ ਦਾ ਮਤਲਬ ਹੈ ਕਿ ਜੇਕਰ ਬੇਲਾਰੂਸ 'ਤੇ ਹਮਲਾ ਹੁੰਦਾ ਹੈ ਤਾਂ ਰੂਸ ਆਪਣੀ ਪਰਮਾਣੂ ਸ਼ਕਤੀ ਦੀ ਵਰਤੋਂ ਕਰ ਸਕਦਾ ਹੈ।

ਪੁਤਿਨ ਨੇ ਇਸ ਸਮਝੌਤੇ ਤੋਂ ਬਾਅਦ ਕਿਹਾ ਕਿ ਇਹ ਸੰਧੀ ਰੂਸ ਅਤੇ ਬੇਲਾਰੂਸ ਦੀ ਸੁਰੱਖਿਆ ਨੂੰ ਯਕੀਨੀ ਬਣਾਏਗੀ। ਲੂਕਾਸ਼ੈਂਕੋ ਨੇ ਪੁਤਿਨ ਨੂੰ ਬੇਲਾਰੂਸ ਵਿੱਚ ਔਰੇਸ਼ਨਿਕ ਮੱਧ-ਰੇਂਜ ਬੈਲਿਸਟਿਕ ਮਿਜ਼ਾਈਲ ਤਾਇਨਾਤ ਕਰਨ ਦੀ ਬੇਨਤੀ ਕਰਦੇ ਹੋਏ ਕਿਹਾ ਸੀ ਮੈਂ ਜਨਤਕ ਤੌਰ 'ਤੇ ਤੁਹਾਨੂੰ ਬੇਲਾਰੂਸ ਵਿੱਚ ਨਵੇਂ ਹਥਿਆਰ ਪ੍ਰਣਾਲੀਆਂ, ਮੁੱਖ ਤੌਰ 'ਤੇ ਓਰੇਸ਼ਨਿਕ, ਨੂੰ ਤਾਇਨਾਤ ਕਰਨ ਲਈ ਕਹਿ ਰਿਹਾ ਹਾਂ। ਇਹ ਕੁਝ ਸਾਡੇ ਵਿਰੋਧੀਆਂ ਦੇ ਸਿਰਾਂ ਨੂੰ ਠੰਡਾ ਕਰਨ ਵਿੱਚ ਮਦਦ ਕਰੇਗਾ।ਪੁਤਿਨ ਦਾ ਕਹਿਣਾ ਹੈ ਕਿ ਨਵੀਆਂ ਵਿਕਸਤ ਮਿਜ਼ਾਈਲਾਂ ਅਗਲੇ ਸਾਲ ਤੱਕ ਬੇਲਾਰੂਸ ਵਿੱਚ ਤਾਇਨਾਤ ਕੀਤੀਆਂ ਜਾਣਗੀਆਂ। ਇਹ ਮਿਜ਼ਾਈਲਾਂ ਰੂਸੀ ਨਿਯੰਤਰਣ ਵਿੱਚ ਰਹਿਣਗੀਆਂ ਪਰ ਬੇਲਾਰੂਸ ਨੂੰ ਨਿਸ਼ਾਨਾ ਚੁਣਨ ਦੀ ਆਗਿਆ ਹੋਵੇਗੀ। ਲੂਕਾਸ਼ੈਂਕੋ ਨੇ ਭਰੋਸਾ ਦਿੱਤਾ ਕਿ ਬੇਲਾਰੂਸੀਅਨ ਖੇਤਰ 'ਤੇ ਤਾਇਨਾਤ ਰੂਸੀ ਪਰਮਾਣੂ ਹਥਿਆਰਾਂ ਦੀ ਵਰਤੋਂ ਪੁਤਿਨ ਦੀ ਇਜਾਜ਼ਤ ਨਾਲ ਹੀ ਕੀਤੀ ਜਾਵੇਗੀ। ਹਾਲਾਂਕਿ, ਉਸਨੇ ਇਹ ਵੀ ਕਿਹਾ ਕਿ ਜੇ ਲੋੜ ਪਈ ਤਾਂ ਬੇਲਾਰੂਸ ਉਨ੍ਹਾਂ ਦੀ ਵਰਤੋਂ ਕਰ ਸਕਦਾ ਹੈ।

## ਇਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਸਿੱਧਾ ਹਮਲਾ ਕਰ ਸਕਦੈ ਅਮਰੀਕਾ

ਤਹਿਰਾਨ/ਏ.ਟੀ.ਨਿਊਜ਼: ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਲੈ ਕੇ ਚਿੰਤਤ ਹਨ ਅਤੇ ਉਨ੍ਹਾਂ ਦੀ ਟੀਮ ਇਸ ਨੂੰ ਰੋਕਣ ਲਈ ਤਹਿਰਾਨ 'ਤੇ ਹਮਲਾ ਕਰਨ 'ਤੇ ਵਿਚਾਰ ਕਰ ਰਹੀ ਹੈ। ਅਮਰੀਕੀ ਅਖ਼ਬਾਰ ਵਾਲ ਸਟਰੀਟ ਜਰਨਲ ਨੇ ਬੀਤੇ ਦਿਨੀਂ ਆਪਣੀ ਇੱਕ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਹੈ। ਡੋਨਾਲਡ ਟਰੰਪ ਅਗਲੇ ਮਹੀਨੇ 20 ਜਨਵਰੀ ਨੂੰ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣਗੇ। ਅਹੁਦਾ ਸੰਭਾਲਣ ਤੋਂ ਬਾਅਦ ਇਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਹਮਲੇ ਦਾ ਬਦਲ ਚੁਣਿਆ ਜਾ ਸਕਦਾ ਹੈ। ਇਰਾਨ ਤੋਂ ਇਲਾਵਾ ਟਰੰਪ ਅਸਦ ਸ਼ਾਸਨ ਦੇ ਪਤਨ ਤੋਂ ਬਾਅਦ ਸੀਰੀਆ ਵਿੱਚ ਅਮਰੀਕੀ ਫ਼ੌਜ ਦੀ ਭੂਮਿਕਾ 'ਤੇ ਵੀ ਮੁੜ ਵਿਚਾਰ ਕਰ ਰਹੇ ਹਨ।

# ਬੀਬੀ ਜਗੀਰ ਕੌਰ ਨੂੰ ਮੀਡੀਆ ਵਿੱਚ ਗਾਲ੍ਹਾਂ ਕੱਢਣ ਕਾਰਨ ਸ਼੍ਰੋਮਣੀ ਕਮੇਟੀ ਪ੍ਰਧਾਨ ਬੁਰੇ ਫ਼ਸੇ

## ਇਸ ਮਾਮਲੇ 'ਚ ਧਾਮੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਅਦ ਮਹਿਲਾ ਕਮਿਸ਼ਨ ਅੱਗੇ ਪੇਸ਼

## ਬੀਬੀ ਜਗੀਰ ਕੌਰ ਧਾਮੀ ਨੂੰ ਮਾਫ਼ ਕਰਨ ਨੂੰ ਤਿਆਰ ਨਹੀਂ





ਮੋਹਾਲੀ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਬੀਬੀ ਜਗੀਰ ਕੌਰ ਬਾਰੇ ਵਰਤੇ ਗਾਲਨੁਮਾ ਅਪਸ਼ਬਦਾਂ ਦਾ ਮਾਮਲਾ ਨਿਪਟਾਉਣ ਦੀ ਕੋਸ਼ਿਸ਼ ਉਲਟੀ ਪੈਂਦੀ ਜਾਪ ਰਹੀ ਹੈ। ਬੀਬੀ ਜਗੀਰ ਕੌਰ ਧਾਮੀ ਨੂੰ ਮਾਫ਼ ਕਰਨ ਲਈ ਤਿਆਰ ਨਹੀਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਔਰਤਾਂ ਖ਼ਿਲਾਫ਼ ਕਥਿਤ ਗਾਲਨੁਮਾ ਟਿੱਪਣੀ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੀਬੀ ਜਗੀਰ ਕੌਰ ਕੋਲੋਂ ਮਾਫ਼ੀ ਮੰਗਣ ਬਾਅਦ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਮੋਹਾਲੀ ਦੇ ਫ਼ੇਜ਼-1 ਸਥਿਤ ਦਫ਼ਤਰ ਵਿੱਚ ਪੇਸ਼ ਹੋ ਕੇ ਆਪਣਾ ਪੱਖ ਰੱਖਿਆ। ਉਨ੍ਹਾਂ ਨੇ ਆਪਣੇ ਜਵਾਬ ਵਿੱਚ ਅਣਜਾਣੇ ਵਿੱਚ ਹੋਈ ਇਸ ਗਲਤੀ ਲਈ ਖਿਮਾ ਯਾਚਨਾ ਕੀਤੀ ਹੈ।

14 ਦਸੰਬਰ ਨੂੰ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸ੍ਰੀਮਤੀ ਰਾਜ ਲਾਲੀ ਗਿੱਲ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਐਕਟ, 2001 ਦੀ ਧਾਰਾ 12 ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਔਰਤਾਂ ਦੇ ਅਧਿਕਾਰਾਂ, ਸਨਮਾਨ ਅਤੇ ਸੁਰੱਖਿਆ ਦੀ ਉਲੰਘਣਾ ਨਾਲ ਸਬੰਧਿਤ ਮਾਮਲਿਆਂ 'ਤੇ ਹਰਜਿੰਦਰ ਸਿੰਘ ਧਾਮੀ ਨੂੰ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵਿਰੁੱਧ ਅਪਮਾਨਜਨਕ ਟਿੱਪਣੀ ਅਤੇ ਭਾਸ਼ਾ ਦੀ ਵਰਤੋਂ ਦੇ ਮਾਮਲੇ ਵਿੱਚ ਖ਼ੁਦ-ਬਖ਼ੁਦ ਨੋਟਿਸ ਜਾਰੀ ਕੀਤਾ ਸੀ।ਧਾਮੀ ਨੇ ਆਪਣੇ ਜਵਾਬ ਵਿੱਚ ਲਿਖਿਆ ਹੈ ਕਿ ਉਨ੍ਹਾਂ ਤੋਂ ਜਾਣੇ-ਅਣਜਾਣੇ ਵਿੱਚ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਹੋ ਗਈ ਸੀ, ਜਿਸ ਸਬੰਧੀ ਉਨ੍ਹਾਂ ਨੇ ਤੁਰੰਤ ਵੀਡੀਓ ਜਾਰੀ ਕਰਕੇ ਮੁਆਫ਼ੀ ਮੰਗ ਲਈ ਸੀ। ਧਾਮੀ ਨੇ ਇਹ ਵੀ ਕਿਹਾ ਕਿ ਉਹ ਔਰਤ ਦਾ ਨਿਰਾਦਰ ਕਰਨ ਬਾਰੇ ਸੋਚ ਵੀ ਨਹੀਂ ਸਕਦੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮੰਨਿਆ ਕਿ ਇੱਕ ਜ਼ਿੰਮੇਵਾਰ ਪੰਥਕ ਅਹੁਦੇ 'ਤੇ ਹੁੰਦਿਆਂ ਉਨ੍ਹਾਂ ਨੂੰ ਅਜਿਹੀ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ ਸੀ ਅਤੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ, "ਉਸ ਸਮੇਂ ਮੈਂ ਕਿਸੇ ਤਣਾਅ ਵਿਚੋਂ ਲੰਘ ਰਿਹਾ ਸੀ, ਜਿਸ ਕਾਰਨ ਅਚੇਤ ਹੀ ਇਨ੍ਹਾਂ ਸ਼ਬਦਾਂ ਦੀ ਵਰਤੋਂ ਹੋ ਗਈ। ਇਸ ਲਈ ਮੈਂ ਬੀਬੀ ਜਗੀਰ ਕੌਰ ਸਮੇਤ ਸਮੁੱਚੀ ਔਰਤ ਸ਼੍ਰੇਣੀ ਤੋਂ ਖਿਮਾ ਯਾਚਨਾ ਕਰਦਾ ਹਾਂ।"

ਚੇਅਰਪਰਸਨ ਬੀਬੀ ਰਾਜ ਲਾਲੀ ਗਿੱਲ ਮੁਤਾਬਿਕ ਧਾਮੀ ਨੇ ਆਪਣੇ ਪੱਤਰ ਵਿੱਚ ਇਸ ਮਾਮਲੇ ਨੂੰ ਲੈ ਕੇ ਅਫ਼ਸੋਸ ਜਤਾਇਆ ਹੈ ਪਰ ਇਸ ਨਾਲ ਉਹ ਆਪਣੀ ਗ਼ਲਤੀ ਤੋਂ ਫ਼ਾਰਗ ਨਹੀਂ ਹੋ ਜਾਂਦੇ। ਇਸ ਤੋਂ ਬਾਅਦ ਕਮਿਸ਼ਨ ਨੇ ਬੀਬੀ ਜਗੀਰ ਕੌਰ ਨੂੰ ਵੀ ਆਪਣਾ ਪੱਖ ਦੱਸਣ ਲਈ ਬੁਲਾਇਆ ਹੈ।

ਇਥੇ ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਲਗਾਤਾਰ ਚੌਥੀ ਵਾਰ ਚੁਣੇ ਗਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਵਿਰੁੱਧ ਇਸ ਮਾਮਲੇ ਬਾਰੇ ਸੋਸ਼ਲ ਮੀਡੀਆ ਉੱਪਰ ਤਿੱਖੀ ਮੁਹਿੰਮ ਜਾਰੀ ਹੈ।

ਸੀਨੀਅਰ ਅਕਾਲੀ ਆਗੂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਸੁੱਚਾ ਸਿੰਘ ਛੋਟੇਪੁਰ, ਸੁਰਿੰਦਰ ਸਿੰਘ ਭੁਲੇਵਾਲ ਰਾਠਾਂ ਅਤੇ ਸੰਤਾ ਸਿੰਘ ਉਮੈਦਪੁਰੀ ਆਦਿ ਅਕਾਲੀ ਆਗੂਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਅਸਤੀਫ਼ੇ ਦੀ ਮੰਗ ਕੀਤੀ ਹੈ । ਉਨ੍ਹਾਂ ਕਿਹਾ ਕਿ ਵੱਕਾਰੀ ਅਹੁਦੇ ਦੇ ਮੱਦੇ-ਨਜ਼ਰ ਧਾਮੀ ਵਲੋਂ ਮੁਆਫ਼ੀ ਮੰਗ ਲੈਣਾ ਹੀ ਕਾਫ਼ੀ ਨਹੀਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਧਾਮੀ ਨੇ ਮੇਰੇ ਬਾਰੇ ਜੋ ਸ਼ਬਦ ਬੋਲੇ ਹਨ, ਉਸ ਨੂੰ ਲੈ ਕੇ ਪੰਥਕ ਸੰਸਥਾਵਾਂ ਤੇ ਅਕਾਲੀ ਨੇਤਾਵਾਂ, ਧਾਰਮਿਕ ਸੰਸਥਾਵਾਂ ਦੇ ਆਗੂਆਂ ਦੇ ਉਨ੍ਹਾਂ ਨੂੰ ਵੱਡੀ ਗਿਣਤੀ ਵਿੱਚ ਫ਼ੋਨ ਆ ਰਹੇ ਹਨ ਤੇ ਹਰ ਕੋਈ ਉਸ ਦੀ ਨਿੰਦਾ ਕਰ ਰਿਹਾ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ. ਧਾਮੀ ਨੇ ਮੇਰੇ ਬਾਰੇ ਜੋ ਸ਼ਬਦ ਬੋਲੇ ਹਨ, ਉਹ ਉਨ੍ਹਾਂ ਦੀ ਘਟੀਆ ਮਾਨਸਿਕਤਾ ਤੇ ਪੜ੍ਹੇ-ਲਿਖੇ ਆਗੂ ਦੀ ਲਿਆਕਤ ਤੋਂ ਇਲਾਵਾ ਸ੍ਰ. ਧਾਮੀ ਦੀ ਔਰਤਾਂ ਪ੍ਰਤੀ ਮਾੜੀ ਸੋਚ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਹੁਣ ਫ਼ੈਸਲਾ ਸਿੱਖ ਸੰਗਤਾਂ 'ਤੇ ਹੈ।

ਇੱਥੇ ਦੱਸ ਦਈਏ ਕਿ ਸ੍ਰ. ਧਾਮੀ ਦੀ ਇੱਕ ਆਡੀਓ ਸੋਸ਼ਲ ਮੀਡੀਆ 'ਤੇ ਜੰਗਲ ਦੀ ਅੱਗ ਵਾਂਗ ਫ਼ੈਲੀ ਹੋਈ ਹੈ, ਜਿਸ ਵਿੱਚ ਉਹ ਬੀਬੀ ਨੂੰ ਤਲਖ਼ੀ ਨਾਲ ਕਈ ਐਸੇ ਗਾਲਨੁਮਾ ਸ਼ਬਦ ਬੋਲ ਰਹੇ ਹਨ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜਨਤਕ ਖੇਤਰ ਵਿੱਚ ਸਰਗਰਮ ਕਿਸੇ ਵੀ ਵਿਅਕਤੀ ਜਾਂ ਆਗੂ ਤੋਂ ਅਜਿਹੀ ਭਾਸ਼ਾ ਦੇ ਇਸਤੇਮਾਲ ਦੀ ਤਵੱਕੋ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਇਸ ਨੂੰ ਬਰਦਾਸ਼ਤ ਕੀਤਾ ਜਾਣਾ ਚਾਹੀਦਾ ਹੈ ਤੇ ਜੇ ਕਿਸੇ ਧਾਰਮਿਕ ਸੰਸਥਾ ਦਾ ਮੁਖੀ ਅਜਿਹੀ ਭਾਸ਼ਾ ਦਾ ਇਸਤੇਮਾਲ ਕਰਦਾ ਹੈ ਤਾਂ ਇਹ ਹੋਰ ਵੀ ਅਫ਼ਸੋਸਨਾਕ ਗੱਲ ਹੈ। ਹਾਲਾਂਕਿ ਧਾਮੀ ਨੇ ਝਟਪਟ ਮੁਆਫ਼ੀ ਮੰਗ ਕੇ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਸਾਫ਼ ਜ਼ਾਹਿਰ ਹੈ ਕਿ ਉਨ੍ਹਾਂ ਵੱਲੋਂ ਦਿੱਤੀ ਗਈ ਇਹ ਸਫ਼ਾਈ ਕਿ 'ਅਜਿਹੀ ਗੱਲ ਸਹਿਵਨ ਹੀ ਉਨ੍ਹਾਂ ਦੇ ਮੂੰਹੋਂ ਨਿਕਲ ਗਈ ਸੀ', ਪ੍ਰਵਾਨਯੋਗ ਨਹੀਂ। ਉਨ੍ਹਾਂ ਗ਼ਲਤੀ ਤਾਂ ਸਵੀਕਾਰ ਲਈ ਪਰ ਸੱਚਾਈ ਸਵੀਕਾਰ ਨਹੀਂ ਕੀਤੀ। ਇਸੇ ਕਰ ਕੇ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣਾ ਪਿਆ ਹੈ। ਇਸ ਤੋਂ ਇਲਾਵਾ ਬੀਬੀ ਜਗੀਰ ਕੌਰ ਦੇ ਰੁਖ਼ ਤੋਂ ਵੀ ਇਹ ਸਪਸ਼ਟ ਹੋ ਗਿਆ ਸੀ ਕਿ ਉਨ੍ਹਾਂ ਧਾਮੀ ਦੀ ਮੁਆਫ਼ੀ ਸਵੀਕਾਰ ਕਰ ਕੇ ਉਨ੍ਹਾਂ ਨੂੰ ਮੁਆਫ਼ ਨਹੀਂ ਕੀਤਾ ਸੀ। ਚਾਹੀਦਾ ਤਾਂ ਇਹ ਸੀ ਕਿ ਸ੍ਰੀ ਧਾਮੀ ਬੀਬੀ ਜਗੀਰ ਕੌਰ ਨੂੰ ਮਿਲ ਕੇ ਉਨ੍ਹਾਂ ਦੀ ਤਸੱਲੀ ਕਰਾਉਂਦੇ ਅਤੇ ਫ਼ਿਰ ਜਨਤਕ ਤੌਰ 'ਤੇ ਮੁਆਫ਼ੀ ਮੰਗਦੇ।

**ਜਥੇਦਾਰਨੀਆਂ ਦੇ ਵਫ਼ਦ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਦਿੱਤੀ ਸ਼ਿਕਾਇਤ**

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਪਿਛਲੇ ਦਿਨੀਂ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਸੰਬੰਧੀ ਅਪਸ਼ਬਦ ਬੋਲੇ ਜਾਣ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਬੀਬੀਆਂ ਦਾ ਵਫ਼ਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸ਼ਿਕਾਇਤ ਪੱਤਰ ਦੇਣ ਲਈ ਪੁੱਜਾ। ਇਸ ਮੌਕੇ ਬੀਬੀ ਪਰਮਜੀਤ ਕੌਰ ਲਾਂਡਰਾਂ, ਬੀਬੀ ਪਰਮਜੀਤ ਕੌਰ ਗੁਲਸ਼ਨ ਅਤੇ ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਉੱਚ ਅਹੁਦੇ 'ਤੇ ਬੈਠੇ ਪ੍ਰਧਾਨ ਵਰਗੇ ਵਿਅਕਤੀ ਨੂੰ ਅਜਿਹੀ ਭਾਸ਼ਾ ਬੋਲਣਾ ਸ਼ੋਭਨੀਕ ਨਹੀਂ ਹੈ ਤੇ ਉਨ੍ਹਾਂ ਕੇਵਲ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵਿਰੁੱਧ ਹੀ ਨਹੀਂ ਸਮੁੱਚੀ ਔਰਤ ਜਾਤ ਪ੍ਰਤੀ ਮੰਦੀ ਸ਼ਬਦਾਵਲੀ ਵਰਤੀ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਧਾਮੀ ਨੂੰ ਆਪਣੀ ਗਲਤੀ ਲਈ ਇਖਲਾਕੀ ਜ਼ਿੰਮੇਵਾਰੀ ਸਮਝਦੇ ਹੋਏ ਖੁਦ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਉਹ ਜਥੇਦਾਰ ਤੋਂ ਮੰਗ ਕਰਨਗੇ ਕਿ ਐਡਵੋਕੇਟ ਧਾਮੀ ਵਿਰੁੱਧ ਪੰਥਕ ਪਰੰਪਰਾਵਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾ ਸਕੇ ਤਾਂ ਕਿ ਸਿੱਖ ਪੰਥ ਸੰਤੁਸ਼ਟ ਹੋ ਸਕੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਬਹਾਲ ਹੋ ਸਕੇ।

# ਕਿਸਾਨ ਆਗੂ ਡੱਲੇਵਾਲ ਵੱਲੋਂ ਰੱਖਿਆ ਮਰਨ ਵਰਤ ਜਾਰੀ

## ਸੁਪਰੀਮ ਕੋਰਟ ਦਾ ਕਿਸਾਨੀ ਸੰਘਰਸ਼ ਬਾਰੇ ਫ਼ੈਸਲਾ ਅਸਪੱਸ਼ਟ, ਨਾ ਹੀ ਮੋਦੀ ਸਰਕਾਰ ਸੁਹਿਰਦ

## ਬਾਬਾ ਬੇਦੀ, ਰਾਜਾ ਵੜਿੰਗ, ਟਿਕੈਤ, ਕੰਗ, ਵਡਾਲਾ, ਸਰਬਜੀਤ ਸਿੰਘ ਖ਼ਾਲਸਾ ਆਦਿ ਕਈ ਆਗੂ ਮਿਲਣ ਪਹੁੰਚੇ



ਖਨੌਰੀ ਦੀ ਸਰਹੱਦ 'ਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵਲੋਂ ਆਰੰਭੇ ਕਿਸਾਨ ਅੰਦੋਲਨ ਦੇ ਸੰਦਰਭ ਵਿੱਚ ਬਜ਼ੁਰਗ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਰੱਖਿਆ ਗਿਆ ਮਰਨ ਵਰਤ ਤੀਸਰੇ ਹਫ਼ਤੇ ਵਿੱਚ ਦਾਖ਼ਲ ਹੋ ਗਿਆ ਹੈ। ਡਾਕਟਰਾਂ ਅਨੁਸਾਰ ਉਨ੍ਹਾਂ ਦੀ ਸਿਹਤ ਬੇਹੱਦ ਖਰਾਬ ਹੁੰਦੀ ਜਾ ਰਹੀ ਹੈ। ਉਨ੍ਹਾਂ ਦੀ ਇੱਕ ਕਿਡਨੀ ਵੀ ਪ੍ਰਭਾਵਿਤ ਹੋ ਗਈ ਹੈ। ਇਸ ਦੇ ਬਾਵਜੂਦ ਉਹ ਕਿਸਾਨੀ ਮੰਗਾਂ ਲਈ ਆਪਣਾ ਵਰਤ ਜਾਰੀ ਰੱਖਣ ਲਈ ਦ੍ਰਿੜ੍ਹ ਸੰਕਲਪ ਹਨ। ਦੂਜੇ ਪਾਸੇ ਪੈਦਾ ਹੋਈ ਇਸ ਗੰਭੀਰ ਸਥਿਤੀ ਨੂੰ ਵੇਖਦਿਆਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਅਤੇ ਕੇਂਦਰੀ ਗ੍ਰਹਿ ਵਿਭਾਗ ਦੇ ਡਾਇਰੈਕਟਰ ਮਾਯੰਕ ਮਿਸ਼ਰਾ ਨੇ ਵੀ ਖਨੌਰੀ ਜਾ ਕੇ ਜਗਜੀਤ ਸਿੰਘ ਡੱਲੇਵਾਲ ਅਤੇ ਹੋਰ ਕਿਸਾਨ ਆਗੂਆਂ ਨਾਲ ਮੁਲਾਕਾਤ ਕਰਕੇ ਡੱਲੇਵਾਲ ਨੂੰ ਆਪਣਾ ਮਰਨ ਵਰਤ ਛੱਡਣ ਲਈ ਮਨਾਉਣ ਦਾ ਯਤਨ ਕੀਤਾ ਹੈ। ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ, ਪ੍ਰਸਿੱਧ ਕਿਸਾਨ ਆਗੂ ਰਾਕੇਸ਼ ਟਿਕੈਤ ਅਤੇ ਪੰਜਾਬ ਦੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ, ਮਲਵਿੰਦਰ ਸਿੰਘ ਕੰਗ ਸੰਸਦ ਮੈਂਬਰ, ਪੰਜਾਬ ਮਹਿਲਾ ਕਾਂਗਰਸ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਕਾਂਗਰਸ ਜ਼ਿਲ੍ਹਾ ਪ੍ਰਧਾਨ ਹਰਦਿਆਲ ਸਿੰਘ ਕੰਬੋਜ, ਅਭੈ ਚੌਟਾਲਾ ਇਨੈਲੋ ਹਰਿਆਣਾ, ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ, ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ, ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਬਰਨਾਲਾ, ਭਾਨਾ ਸਿੱਧੂ ਸਮੇਤ ਕਈ ਸ਼ਖ਼ਸੀਅਤਾਂ ਨੇ ਵੀ ਪਿਛਲੇ ਦਿਨੀਂ ਉਨ੍ਹਾਂ ਨਾਲ ਮੁਲਾਕਾਤ ਕੀਤੀ ਹੈ ਪਰ ਜਗਜੀਤ ਸਿੰਘ ਡੱਲੇਵਾਲ ਨੇ ਕਿਸਾਨੀ ਮੰਗਾਂ ਪੂਰੀਆਂ ਹੋਣ ਤੋਂ ਬਿਨਾਂ ਆਪਣਾ ਵਰਤ ਸਮਾਪਤ ਕਰਨ ਤੋਂ ਨਾਂਹ ਕਰ ਦਿੱਤੀ ਹੈ।

**ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਣ ਨੂੰ ਤਿਆਰ ਨਹੀਂ** : ਹਾਲੇ ਤੱਕ ਮੋਦੀ ਸਰਕਾਰ ਨੇ ਅੰਦੋਲਨਕਾਰੀ ਕਿਸਾਨਾਂ ਨਾਲ ਗੱਲਬਾਤ ਦਾ ਰਾਹ ਅਖ਼ਤਿਆਰ ਕਰਨ ਦਾ ਕੋਈ ਠੋਸ ਸੰਕੇਤ ਤਾਂ ਨਹੀਂ ਦਿੱਤਾ ਪਰ ਬੀਤੇ ਐਤਵਾਰ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਦੇ ਇੱਕ ਡਾਇਰੈਕਟਰ ਅਤੇ ਪੰਜਾਬ ਦੇ ਡੀਜੀਪੀ ਵੱਲੋਂ ਖਨੌਰੀ ਮੋਰਚੇ ਵਿੱਚ ਸ੍ਰੀ ਡੱਲੇਵਾਲ ਨਾਲ ਮੁਲਾਕਾਤ ਕਰਨ ਤੋਂ ਇਹ ਸੰਕੇਤ ਮਿਲਿਆ ਹੈ ਕਿ ਕੇਂਦਰ ਸਰਕਾਰ ਹਾਲੇ ਨਾਪ ਤੋਲ ਵਿੱਚ ਪਈ ਹੋਈ ਹੈ। ਇਸੇ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਖਿਆ ਹੈ ਕਿ ਇਹ ਮੁੱਦਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਤੇ ਨਾਲ ਹੀ ਉਨ੍ਹਾਂ ਦਾਅਵਾ ਕੀਤਾ ਕਿ ਮੋਦੀ ਸਰਕਾਰ ਨੇ ਪਿਛਲੇ ਦਸ ਸਾਲਾਂ ਦੌਰਾਨ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਭਾਅ ਵਿੱਚ ਸਾਢੇ ਤਿੰਨ ਗੁਣਾ ਅਤੇ ਇਨ੍ਹਾਂ ਦੀ ਖਰੀਦ ਵਿੱਚ ਢਾਈ ਗੁਣਾ ਵਾਧਾ ਕੀਤਾ ਹੈ। ਡੱਲੇਵਾਲ ਨੇ ਕੇਂਦਰੀ ਗ੍ਰਹਿ ਮੰਤਰੀ ਦੇ ਇਸ ਬਿਆਨ ਨੂੰ ਗੁੰਮਰਾਹਕੁਨ ਕਰਾਰ ਦਿੰਦਿਆਂ ਕਿਹਾ ਕਿ ਅਸਲ ਵਿੱਚ ਮੌਜੂਦਾ ਸਰਕਾਰ ਨੇ ਐੱਮ.ਐੱਸ.ਪੀ. ਵਿੱਚ ਕੋਈ ਵਾਧਾ ਨਹੀਂ ਕੀਤਾ ਹੈ। ਕਿਸਾਨ ਆਗੂ ਨੇ ਦੱਸਿਆ ਕਿ ਮੋਦੀ ਸਰਕਾਰ ਨੇ ਸਾਲ 2014 ਤੋਂ ਲੈ ਕੇ ਹੁਣ ਤੱਕ ਕਣਕ ਦੀ ਕੀਮਤ ਵਿੱਚ 825 ਰੁਪਏ ਪ੍ਰਤੀ ਕੁਇੰਟਲ ਵਾਧਾ ਕੀਤਾ ਹੈ ਜੋ ਕਿ 56 ਫ਼ੀਸਦੀ ਬਣਦਾ ਹੈ ਭਾਵ ਦਸ ਸਾਲਾਂ ਵਿੱਚ ਵਾਧੇ ਦੀ ਦਰ ਕਰੀਬ 5.5 ਫ਼ੀਸਦੀ ਬਣਦੀ ਹੈ। ਉਨ੍ਹਾਂ ਕਿਹਾ ਕਿ ਇਸ ਅਰਸੇ ਦੌਰਾਨ ਫ਼ਸਲ ਪਾਲਣ ਲਈ ਖੇਤੀ ਲਾਗਤਾਂ ਵਿੱਚ 56.5 ਫ਼ੀਸਦੀ ਵਾਧਾ ਹੋਇਆ ਹੈ ਅਤੇ ਇਸ ਲਿਹਾਜ਼ ਤੋਂ ਦੇਖਿਆਂ ਕੇਂਦਰ ਸਰਕਾਰ ਵੱਲੋਂ ਐੱਮ.ਐੱਸ.ਪੀ. ਵਿੱਚ ਕੀਤਾ ਵਾਧਾ ਕਿਸਾਨਾਂ ਦੀਆਂ ਲਾਗਤਾਂ ਨੂੰ ਵੀ ਕਵਰ ਨਹੀਂ ਕਰਦਾ।

ਸਾਲ 2014 ਵਿੱਚ ਕਣਕ ਦੀ ਐੱਮ.ਐੱਸ.ਪੀ. ਵਿੱਚ 50 ਰੁਪਏ ਦਾ ਵਾਧਾ ਕਰ ਕੇ 1450 ਰੁਪਏ ਫ਼ੀ ਕੁਇੰਟਲ ਦਾ ਭਾਅ ਦਿੱਤਾ ਗਿਆ ਸੀ। ਸਾਲ 2023-24 ਲਈ ਕਣਕ ਦਾ ਭਾਅ 2275 ਰੁਪਏ ਐਲਾਨਿਆ ਗਿਆ ਸੀ।

(ਬਾਕੀ ਸਫ਼ਾ 30 'ਤੇ)

### ਕੀ ਪੰਜਾਬ ਸਰਕਾਰ ਕਿਸਾਨਾਂ ਵਿਰੁੱਧ ਮੋਦੀ ਦੇ ਰਾਹ ਚਲੇਗੀ?

ਇੱਕ ਪਾਸੇ ਪੰਜਾਬ ਵਿੱਚ ਕਿਸਾਨ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਹਨ। ਇਸ ਦੇ ਨਾਲ ਹੀ ਕੇਂਦਰ ਸਰਕਾਰ ਨੇ ਖੇਤੀ ਸੈਕਟਰ ਲਈ ਖੇਤੀ ਮੰਡੀਕਰਨ ਨੀਤੀ ਦਾ ਖਰੜਾ ਜਾਰੀ ਕਰਕੇ ਕਿਸਾਨਾਂ ਲਈ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਹੁਣ ਪੰਜਾਬ ਸਰਕਾਰ ਨੇ ਇਸ ਮਾਮਲੇ ਸਬੰਧੀ ਕਿਸਾਨ ਤੇ ਮਜ਼ਦੂਰ ਆਗੂਆਂ ਦੀ 19 ਤਰੀਕ ਨੂੰ ਮੀਟਿੰਗ ਸੱਦੀ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਕੇਂਦਰ ਨੂੰ ਖਰੜੇ ਦਾ ਅਧਿਐਨ ਕਰਨ ਲਈ ਤਿੰਨ ਹਫ਼ਤਿਆਂ ਦਾ ਸਮਾਂ ਦੇਣ ਲਈ ਕਿਹਾ ਹੈ। ਇਸ ਤੋਂ ਬਾਅਦ ਉਨ੍ਹਾਂ ਦੇ ਪੱਖ ਤੋਂ ਜਵਾਬ ਦਿੱਤਾ ਜਾਵੇਗਾ।

ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਨੇ ਇਸ ਮਾਮਲੇ ਸਬੰਧੀ ਅਧਿਕਾਰੀਆਂ ਅਤੇ ਮਾਹਿਰਾਂ ਨਾਲ ਮੀਟਿੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਜਲਦਬਾਜ਼ੀ ਦੇ ਹੱਕ ਵਿੱਚ ਨਹੀਂ ਹਨ।

(ਬਾਕੀ ਸਫ਼ਾ 30 'ਤੇ)

# ਬਾਇਡੇਨ ਵੱਲੋਂ 4 ਭਾਰਤੀਆਂ ਸਮੇਤ 1500 ਕੈਦੀਆਂ ਦੀ ਸਜ਼ਾ ਮੁਆਫ਼

## ਅਜ਼ਾਦ ਕੀਤੇ ਕੈਦੀਆਂ 'ਚ ਹਿੰਸਕ ਅਪਰਾਧੀ ਸ਼ਾਮਿਲ ਨਹੀਂ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਅਹੁਦਾ ਛੱਡ ਰਹੇ ਰਾਸ਼ਟਰਪਤੀ ਜੋ ਬਾਇਡੇਨ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਲੰਬਾ ਸਮਾਂ ਕੈਦ ਕੱਟ ਚੁੱਕੇ ਭਾਰਤੀ ਮੂਲ ਦੇ 4 ਅਮਰੀਕੀਆਂ ਸਮੇਤ 1500 ਕੈਦੀਆਂ ਦੀ ਸਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਹੈ। ਰਾਸ਼ਟਰਪਤੀ ਨੇ ਇਹ ਕਦਮ ਨਿਆਂ ਨੂੰ ਬੜਾਵਾ ਦੇਣ ਤੇ ਮੁੜ ਵਸੇਬੇ ਦੇ ਮੰਤਵ ਨਾਲ ਚੁੱਕਿਆ ਹੈ। ਜਾਰੀ ਇੱਕ ਬਿਆਨ ਵਿੱਚ ਬਾਇਡੇਨ ਨੇ ਸਜ਼ਾ ਮੁਆਫ਼ ਕਰਨ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਕਿਹਾ ਹੈ ਕਿ ਇੱਕ ਰਾਸ਼ਟਰਪਤੀ ਵਜੋਂ ਮੈਨੂੰ ਉਨ੍ਹਾਂ ਲੋਕਾਂ ਦੀ ਸਜ਼ਾ ਮੁਆਫ਼ ਕਰਨ ਦਾ ਅਧਿਕਾਰ ਹੈ ਜਿਨ੍ਹਾਂ ਨੂੰ ਆਪਣੇ ਕੀਤੇ ਉੱਪਰ ਪਛਤਾਵਾ ਹੈ ਤੇ ਉਹ ਮੁੜ ਵਸੇਬੇ ਵਿੱਚ ਦਿਲਚਸਪੀ ਰੱਖਦੇ ਹਨ। ਮੈਂ ਇਨ੍ਹਾਂ ਲੋਕਾਂ ਨੂੰ ਮੌਕਾ ਦੇ ਰਿਹਾ ਹਾਂ ਕਿ ਉਹ ਰੋਜ਼ਾਨਾ ਦੇ ਕੰਮਕਾਰ ਵਿੱਚ ਹਿੱਸਾ ਲੈਣ ਤੇ ਸਮਾਜ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਹੋਰ ਕਿਹਾ ਕਿ ਮੈਂ ਇਹ ਕਦਮ ਅਹਿੰਸਕ ਅਪਰਾਧੀਆਂ ਖਾਸ ਕਰਕੇ ਨਸ਼ੀਲੇ ਪਦਾਰਥਾਂ ਨਾਲ ਸਬੰਧਿਤ ਮਾਮਲਿਆਂ ਵਿੱਚ ਕੈਦ ਕੱਟ ਰਹੇ ਲੋਕਾਂ ਨਾਲ ਨਿਆਂ ਕਰਨ ਦੇ ਮਕਸਦ ਨਾਲ ਚੁੱਕਿਆ ਹੈ। ਜਿਨ੍ਹਾਂ 4 ਭਾਰਤੀ ਮੂਲ ਦੇ ਅਮਰੀਕੀਆਂ ਦਾ ਸਜ਼ਾ ਮੁਆਫ਼ ਕੀਤੀ ਗਈ ਹੈ ਉਨ੍ਹਾਂ ਵਿੱਚ ਡਾਕਟਰ ਮੀਰਾ ਸਚਦੇਵਾ, ਬਾਬੂਭਾਈ ਪਟੇਲ, ਕ੍ਰਿਸ਼ਨਾ ਮੋਟੇ ਤੇ ਵਿਕਰਮ ਦੱਤਾ ਸ਼ਾਮਿਲ ਹਨ।



50 ਸਾਲਾ ਡਾ. ਮੀਰਾ ਸਚਦੇਵਾ ਨੂੰ 2012 ਵਿੱਚ ਮੈਡੀਕੇਅਰ ਧੋਖਾਧੜੀ ਮਾਮਲੇ ਵਿੱਚ ਆਪਣਾ ਗੁਨਾਹ ਮੰਨ ਲੈਣ ਉਪਰੰਤ 20 ਸਾਲ ਜੇਲ੍ਹ ਦੀ ਸਜ਼ਾ ਹੋਈ ਸੀ। ਸਚਦੇਵਾ ਦਾ ਮਿਸੀਸਿੱਪੀ ਵਿੱਚ ਆਪਣਾ ਰੋਜ਼ ਕੈਂਸਰ ਸੈਂਟਰ ਹੈ। ਬਾਬੂਭਾਈ ਪਟੇਲ ਨੂੰ 2012 ਵਿੱਚ ਹੈਲਥ ਕੇਅਰ ਧੋਖਾਧੜੀ ਮਾਮਲੇ ਵਿੱਚ 17 ਸਾਲ ਕੈਦ ਦੀ ਸਜ਼ਾ ਹੋਈ ਸੀ। ਡੈਟਰਾਇਟ ਵਾਸੀ ਫ਼ਾਰਮਾਸਿਸਟ 5.7 ਕਰੋੜ ਡਾਲਰ ਦੀ ਹੈਲਥ ਕੇਅਰ ਫ਼ਰਾਡ ਸਕੀਮ ਵਿੱਚ ਦੋਸ਼ੀ ਪਾਇਆ ਗਿਆ ਸੀ। ਪਟੇਲ ਦੀਆਂ ਸਮੁੱਚੇ ਮੈਟਰੋ ਡੈਟਰਾਇਟ ਵਿੱਚ 26 ਫ਼ਾਰਮੇਸੀਆਂ ਹਨ। 43 ਸਾਲਾ ਕ੍ਰਿਸ਼ਨਾ ਮੋਟੇ ਨੂੰ 2005 ਤੋਂ 2007 ਤੱਕ ਪੈਨਸਿਲਵਾਨੀਆ ਵਿੱਚ ਡਰੱਗ ਵਿਤਰਨ ਨੈੱਟਵਰਕ ਚਲਾਉਣ ਦੇ

ਮਾਮਲੇ ਵਿੱਚ 2012 ਵਿੱਚ 20 ਸਾਲ ਕੈਦ ਦੀ ਸਜ਼ਾ ਹੋਈ ਸੀ। ਚੌਥੇ ਭਾਰਤੀ ਮੂਲ ਦੇ ਅਮਰੀਕੀ ਵਿਕਰਮ ਦੱਤਾ ਜਿਸ ਦਾ ਯੂ ਐਸ- ਮੈਕਸੀਕੋ ਬਾਰਡਰ ਦੇ ਨਾਲ ਪ੍ਰਚੂਨ ਪਰਫ਼ਿਊਮ ਸਟੋਰ ਹੈ, ਨੂੰ ਹਵਾਲਾ ਕਾਰੋਬਾਰ ਦੇ ਮਾਮਲੇ ਵਿੱਚ 2012 ਵਿੱਚ 20 ਸਾਲ ਕੈਦ ਹੋਈ ਸੀ। ਉਹ ਮੈਕਸੀਕਨ ਨਾਰਕੋਟਿਕਸ ਸੰਗਠਨ ਲਈ ਕੰਮ ਕਰਦਾ ਸੀ। ਦੱਤਾ ਨੇ ਮੰਨ ਲਿਆ ਸੀ ਕਿ ਉਸ ਨੇ ਆਪਣੇ ਕਾਰੋਬਾਰ ਰਾਹੀਂ

ਅਮਰੀਕਾ ਵਿੱਚ ਡਰੱਗ ਦੀ ਵਿਕਰੀ ਕਰਕੇ ਵੱਡੀ ਪੱਧਰ 'ਤੇ ਪੈਸਾ ਕਮਾਇਆ ਤੇ ਫਿਰ ਉਸ ਗੈਰਕਾਨੂੰਨੀ ਪੈਸੇ ਨੂੰ ਮੈਕਸੀਕੋ ਭੇਜਿਆ ਸੀ।

## ਪੜ੍ਹਾਈ ਲਈ ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 38% ਘਟੀ, ਨਹੀਂ ਮਿਲਿਆ ਵੀਜ਼ਾ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕੀ ਵਿਦੇਸ਼ ਵਿਭਾਗ ਵੱਲੋਂ 2024 ਦੌਰਾਨ ਪੜ੍ਹਾਈ ਲਈ ਅਮਰੀਕਾ ਆਉਣ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਨੂੰ ਵੱਡੀ ਪੱਧਰ 'ਤੇ ਵੀਜ਼ੇ ਦੇਣ ਤੋਂ ਨਾਂਹ ਕਰ ਦਿੱਤੀ ਗਈ ਹੈ ਜਿਸ ਕਾਰਨ ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਅੰਕੜਿਆਂ ਅਨੁਸਾਰ ਜਨਵਰੀ ਤੋਂ ਸਤੰਬਰ 2024 ਦੌਰਾਨ 2023 ਦੇ ਇਸੇ ਸਮੇਂ ਦੇ ਮੁਕਾਬਲੇ ਭਾਰਤੀ ਨਾਗਰਿਕਾਂ ਨੂੰ 38% ਐਫ 1 ਵੀਜ਼ੇ ਘੱਟ ਜਾਰੀ ਕੀਤੇ ਗਏ ਹਨ। ਇਸ ਸਾਲ ਕੇਵਲ 64008 ਭਾਰਤੀ ਵਿਦਿਆਰਥੀਆਂ ਨੂੰ ਹੀ ਵੀਜ਼ੇ ਜਾਰੀ ਕੀਤੇ ਗਏ ਹਨ ਜਦ ਕਿ ਪਿਛਲੇ ਸਾਲ 1,03,495 ਵਿਦਿਆਰਥੀਆਂ ਨੂੰ ਐਫ-1 ਵੀਜ਼ੇ ਮਿਲੇ ਸਨ। 2020, ਜਦੋਂ ਕੋਵਿਡ ਮਹਾਂਮਾਰੀ ਕਾਰਨ ਸਾਰੀ ਵਿਵਸਥਾ ਹੀ ਖਤਮ ਹੋ

ਗਈ ਸੀ, ਤੋਂ ਬਾਅਦ ਪਹਿਲੀ ਵਾਰ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਏਨੇ ਵੱਡੇ ਪੱਧਰ 'ਤੇ ਕਟੌਤੀ ਹੋਈ ਹੈ। 2020 ਵਿੱਚ ਉਕਤ ਸਮੇ" ਦੌਰਾਨ ਭਾਰਤੀ ਵਿਦਿਆਰਥੀਆਂ ਨੂੰ ਕੇਵਲ 6646 ਵੀਜ਼ੇ ਹੀ ਜਾਰੀ ਕੀਤੇ ਗਏ ਸਨ। 2021 ਵਿੱਚ 65,235 ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕੀਤੇ ਗਏ ਸਨ ਜਦ ਕਿ 2022 ਵਿੱਚ ਇਹ ਗਿਣਤੀ ਵਧ ਕੇ 93,181 ਹੋ ਗਈ ਸੀ। 2023 ਵਿੱਚ

ਜਾਰੀ ਹੋਏ ਵੀਜ਼ਿਆਂ ਦੀ ਗਿਣਤੀ ਵਧ ਕੇ 1,03,495 ਹੋ ਗਈ ਸੀ ਪਰੰਤੂ 2024 ਵਿੱਚ ਭਾਰਤੀ ਵਿਦਿਆਰਥੀਆਂ ਵੱਲੋਂ ਅਮਰੀਕਾ ਪੜ੍ਹਾਈ ਕਰਨ ਲਈ ਜਾਣ ਦੇ ਵਧ ਰਹੇ ਰੁਝਾਨ ਨੂੰ ਠੱਲ੍ਹ ਪੈ ਗਈ ਹੈ।

## ਦੋ ਪੰਜਾਬੀ ਗੁਰਸਿੱਖ ਬੱਚਿਆਂ ਅੰਤਰਪ੍ਰੀਤ ਸਿੰਘ ਅਤੇ ਹਰਜਾਪ ਸਿੰਘ ਦੀ ਮੋਟਰਸਾਈਕਲ ਹਾਦਸੇ 'ਚ ਮੌਤ

ਸੈਕਰਾਮੈਂਟੋ/ ਹੁਸਨ ਲੜੋਆ ਬੰਗਾ: ਫਰਿਜ਼ਨੋ ਸ਼ਹਿਰ ਵਿੱਚ ਹੋਈ ਮੰਦਭਾਗੀ ਘਟਨਾ ਨੇ ਪੰਜਾਬੀ ਭਾਈਚਾਰੇ ਨੂੰ ਗਹਿਰੇ ਸਦਮੇ ਵਿੱਚ ਉਦੋਂ ਪਾ ਦਿੱਤਾ, ਜਦੋਂ ਪਿਛਲੇ ਦਿਨੀਂ ਫਰਿਜ਼ਨੋ ਦੀ ਬਰਡ ਤੇ ਸਨੀਸਾਈਡ ਐਵੇਨਿਊ 'ਤੇ ਮੋਟਰਸਾਈਕਲ ਹਾਦਸੇ ਵਿੱਚ ਦੋ ਗੁਰਸਿੱਖ ਪੰਜਾਬੀਆਂ ਦੀ ਮੌਤ ਹੋ ਗਈ । ਇਸ ਘਟਨਾ 'ਚ ਮਾਰੇ ਗਏ ਅੰਤਰਪ੍ਰੀਤ ਸਿੰਘ ਪੁੱਤਰ ਸ. ਖ਼ੁਸ਼ਪਾਲ ਸਿੰਘ ਅਤੇ ਹਰਜਾਪ ਸਿੰਘ ਪੁੱਤਰ ਸ. ਰਾਜੂ ਸਿੰਘ ਦੀ ਉਮਰ 13 ਤੋਂ 15 ਸਾਲ ਦੱਸੀ ਜੀ ਰਹੀ ਹੈ। ਦੋਵੇਂ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਪਤਾ ਲੱਗਿਆ ਹੈ ਕਿ ਦੋਵੇਂ ਘਰੋਂ ਵੈਸੇ ਹੀ ਲੋਕਲ ਗੇੜਾ ਦੇਣ ਲਈ ਮੋਟਰਸਾਈਕਲ 'ਤੇ ਸਵਾਰ ਹੋ ਕੇ ਨਿਕਲੇ ਤੇ ਐਮਾਜੌਨ ਦੀ ਵੈਨ ਨਾਲ ਜਾ ਟਕਰਾਏ। ਬੱਚਿਆਂ ਨੇ ਹੈਲਮੇਟ ਵੀ ਨਹੀਂ ਪਾਏ ਹੋਏ ਸਨ।




ਦੋਵਾਂ ਦੀ ਮੌਕੇ 'ਤੇ ਮੌਤ ਹੋ ਗਈ। ਦੋਵੇ ਬੱਚੇ ਗੁਰਦੁਆਰਾ ਨਾਨਕ ਪ੍ਰਕਾਸ਼ ਦੀ ਗੱਤਕਾ ਟੀਮ ਦੇ ਹੋਣਹਾਰ ਮੈਂਬਰ ਸਨ। ਇਹਨਾਂ ਦੀ ਆਤਮਿਕ ਸ਼ਾਂਤੀ ਲਈ ਹਾਦਸੇ ਵਾਲੀ ਜਗ੍ਹਾ 'ਤੇ ਸਥਾਨਕ ਸੰਗਤਾਂ ਵੱਲੋਂ ਜਾਪ ਕੀਤਾ ਗਿਆ।

## ਓਪਨ ਏ.ਆਈ. ਵਿਰੁੱਧ ਆਵਾਜ਼ ਚੁੱਕਣ ਵਾਲੇ ਭਾਰਤੀ ਨੇ ਕੀਤੀ ਖ਼ੁਦਕੁਸ਼ੀ

ਨਿਊ ਯਾਰਕ/ਏ.ਟੀ.ਨਿਊਜ਼: ਆਰਟੀਫ਼ੀਸ਼ੀਅਲ ਇੰਟੈਲੀਜੈਂਸ ਕੰਪਨੀ ਓਪਨ ਏ.ਆਈ. ਦੇ ਭਾਰਤੀ ਮੂਲ ਦੇ 26 ਸਾਲਾ ਸਾਬਕਾ ਕਰਮਚਾਰੀ ਨੇ ਸੈਨ ਫ਼ਰਾਂਸਿਸਕੋ ਵਿੱਚ ਖ਼ੁਦਕੁਸ਼ੀ ਕਰ ਲਈ ਹੈ। ਸੈਨ ਫ਼ਰਾਂਸਿਸਕੋ ਪੁਲਿਸ ਅਤੇ ਚੀਫ਼ ਮੈਡੀਕਲ ਐਗਜ਼ਾਮੀਨਰ ਦੇ ਦਫ਼ਤਰ ਦੇ ਹਵਾਲੇ ਨਾਲ 'ਦ ਮਰਕਰੀ ਨਿਊਜ਼' ਨੇ ਕਿਹਾ ਸੁਚੀਰ ਬਾਲਾਜੀ 26 ਨਵੰਬਰ ਨੂੰ ਸੈਨ ਫ਼ਰਾਂਸਿਸਕੋ ਵਿੱਚ ਆਪਣੇ ਬੁਕਾਨਨ ਸਟ੍ਰੀਟ ਅਪਾਰਟਮੈਂਟ ਵਿੱਚ ਮ੍ਰਿਤਕ ਪਾਇਆ ਗਿਆ ਸੀ। ਉਧਰ ਮੈਡੀਕਲ ਜਾਂਚਕਰਤਾ ਦੇ ਦਫ਼ਤਰ ਨੇ ਮੌਤ ਦੇ ਢੰਗ ਨੂੰ ਆਤਮ ਹੱਤਿਆ ਮੰਨਿਆ ਅਤੇ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਹੈ ਕਿ ਮੌਜੂਦਾ ਸਮੇਂ ਵਿੱਚ ਕਿਸੇ ਵੀ ਤਰ੍ਹਾਂ ਦੇ ਸ਼ੱਕੀ ਵਰਤਾਰੇ ਦਾ ਸਬੂਤ ਨਹੀਂ ਹੈ।

**ਚੈਟ ਜੀਪੀਟੀ ਖ਼ਿਲਾਫ਼ ਕਾਪੀਰਾਈਟ ਦਾ ਚੁੱਕਿਆ ਸੀ ਬਹੁਚਰਚਿਤ ਮੁੱਦਾ**



ਬਾਲਾਜੀ ਬਲਾਕਬਸਟਰ ਆਰਟੀਫ਼ਿਸ਼ੀਅਲ ਇੰਟੈਲੀਜੈਂਸ ਕੰਪਨੀ ਖ਼ਿਲਾਫ਼ ਆਵਾਜ਼ ਉਠਾਉਣ ਲਈ ਚਰਚਾ ਵਿੱਚ ਆਇਆ ਸੀ। ਕੰਪਨੀ ਆਪਣੇ ਕਾਰੋਬਾਰੀ ਮਾਡਲ ਨੂੰ ਲੈ ਕੇ ਮੁਕੱਦਮਿਆਂ ਦਾ ਸਾਹਮਣਾ ਕਰ ਰਹੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬਾਲਾਜੀ ਦੀ ਮੌਤ ਤਿੰਨ ਮਹੀਨੇ ਬਾਅਦ ਹੋਈ ਹੈ, ਜਦੋਂ ਉਸਨੇ ਜਨਤਕ ਤੌਰ 'ਤੇ ਓਪਨ ਏ.ਆਈ. 'ਤੇ ਯੂ.ਐਸ. ਕਾਪੀਰਾਈਟ ਕਾਨੂੰਨ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਹੈ। ਜਦੋਂ ਕਿ ਚੈਟਜੀਪੀਟੀ ਇੱਕ ਉਤਪੱਤੀ ਨਕਲੀ ਖ਼ੁਫ਼ੀਆ ਪ੍ਰੋਗਰਾਮ, ਜੋ ਕਿ ਦੁਨੀਆਂ ਭਰ ਦੇ ਲੱਖਾਂ ਲੋਕਾਂ ਦੁਆਰਾ ਵਰਤਿਆ ਜਾਣ ਵਾਲਾ ਪੈਸਾ ਕਮਾਉਣ ਵਾਲੀ ਸੰਵੇਦਨਾ ਬਣ ਗਿਆ ਹੈ।

**ਸੁਚੀਰ ਵੱਲੋਂ ਜਾਰੀ ਰਿਪੋਰਟ**

2022 ਦੇ ਅਖੀਰ ਵਿੱਚ ਇਸਦੀ ਇੱਕ ਜਨਤਕ ਰਿਲੀਜ਼ ਨੇ ਲੇਖਕਾਂ, ਕੰਪਿਊਟਰ ਪ੍ਰੋਗਰਾਮਰਾਂ ਅਤੇ ਪੱਤਰਕਾਰਾਂ ਤੋਂ ਓਪਨ ਏ.ਆਈ. ਦੇ ਖ਼ਿਲਾਫ਼ ਮੁਕੱਦਮਿਆਂ ਦੀ ਇੱਕ ਤੇਜ਼ ਲਹਿਰ ਨੂੰ ਉਤਸ਼ਾਹਿਤ ਕੀਤਾ, ਜੋ ਕਹਿੰਦੇ ਹਨ ਕਿ ਕੰਪਨੀ ਨੇ ਆਪਣੇ ਪ੍ਰੋਗਰਾਮ ਨੂੰ ਸਿਖਲਾਈ ਦੇਣ ਲਈ ਗੈਰ-ਕਾਨੂੰਨੀ ਤੌਰ 'ਤੇ ਉਹਨਾਂ ਦੀ ਕਾਪੀਰਾਈਟ ਸਮੱਗਰੀ ਨੂੰ ਚੋਰੀ

## ਊਤਮ ਸਿੰਘ ਚੌਹਾਨ ਦਾ ਦੇਹਾਂਤ, ਅੰਤਿਮ ਅਰਦਾਸ 21 ਦਸੰਬਰ ਨੂੰ



ਸ੍ਰ. ਊਤਮ ਸਿੰਘ ਚੌਹਾਨ ਬੀਤੀ 13 ਦਸੰਬਰ 2024 ਨੂੰ ਅਕਾਲ ਚਲਾਣਾ ਕਰ ਗਏ ਹਨ, ਜਿਹਨਾਂ ਦਾ ਅੰਤਮ ਸੰਸਕਾਰ 21 ਦਸੰਬਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ SHANT BHAVAN FUNERAL HOME 4800 E.CLAYTON AVE FOWLER, CA 93625 ਕੀਤਾ ਜਾਵੇਗਾ। ਲੰਗਰ ਅਤੇ ਅੰਤਿਮ ਅਰਦਾਸ 21 ਦਸੰਬਰ ਨੂੰ ਦੁਪਹਿਰ 12.30 ਤੋਂ 2.30 ਵਜੇ SIKH INSTITUTE FRESNO 4827 N PARKWAY DR, FRESNO, CA 93722 ਵਿਖੇ ਹੋਵੇਗੀ।

## ਗੁ. ਸਿੰਘ ਸਭਾ ਫ਼ਰਿਜ਼ਨੋ ਨੇ ਸੈਂਟਰਲ ਵੈਲੀ ਦੇ ਸੀਨੀਅਰ ਅਥਲੀਟਾਂ ਨੂੰ 2024 'ਚ ਟਰੈਕ ਅਤੇ ਫ਼ੀਲਡ ਵਿੱਚ ਪ੍ਰਾਪਤੀਆਂ ਲਈ ਕੀਤਾ ਸਨਮਾਨਿਤ

ਫ਼ਰਿਜਨੋ, ਕੈਲੀਫ਼ੋਰਨੀਆ: ਪਿਛਲੇ ਲੰਮੇ ਅਰਸੇ ਤੋਂ ਫ਼ਰਿਜ਼ਨੋ ਏਰੀਏ ਦੇ ਸੀਨੀਅਰ ਐਥਲੀਟ ਦੁਨੀਆਂ ਭਰ ਵਿੱਚ ਸੀਨੀਅਰ ਖੇਡਾਂ ਵਿੱਚ ਭਾਗ ਲੈ ਕੇ ਮੈਡਲ ਜਿੱਤ ਕੇ ਭਾਈਚਾਰੇ ਦਾ ਮਾਣ ਵਧਾਉਂਦੇ ਆ ਰਹੇ ਹਨ। ਇਹਨਾਂ ਐਥਲੀਟਾਂ ਦਾ ਹੌਸਲਾ ਵਧਾਉਣ ਲਈ ਗੁਰਦੁਆਰਾ ਸਿੰਘ ਸਭਾ ਫ਼ਰਿਜ਼ਨੋ ਵੱਲੋਂ ਲੰਘੇ ਐਤਵਾਰ ਸਨਮਾਨਿਤ ਕੀਤਾ ਗਿਆ। ਇਹਨਾਂ ਐਥਲੀਟਾਂ ਵਿੱਚ ਗੁਰਬਖਸ਼ ਸਿੰਘ ਸਿੱਧੂ ਨੇ 20 ਸੋਨ



ਤਗ਼ਮੇ, 6 ਚਾਂਦੀ ਦੇ ਤਗ਼ਮੇ ਅਤੇ 4 ਕਾਂਸੀ ਦੇ ਤਗ਼ਮੇ, ਸੁਖਨੈਨ ਸਿੰਘ ਨੇ 2 ਸੋਨ ਤਗ਼ਮੇ ਅਤੇ 2 ਚਾਂਦੀ ਦੇ ਤਗ਼ਮੇ, ਸੁਖਦੇਵ ਸਿੰਘ ਸਿੱਧੂ ਨੇ 2 ਸੋਨ ਤਗ਼ਮੇ, ਰਾਜ ਬਰਾੜ ਨੇ 2 ਸੋਨ ਤਗ਼ਮੇ, ਰਣਧੀਰ ਸਿੰਘ ਵਿਰਕ ਨੇ 6 ਸੋਨ ਤਗ਼ਮੇ ਅਤੇ 2 ਚਾਂਦੀ ਦੇ ਤਗ਼ਮੇ, ਕਮਲਜੀਤ ਸਿੰਘ ਬੈਨੀਪਾਲ ਨੇ 3 ਸੋਨ ਤਗ਼ਮੇ, 3 ਚਾਂਦੀ ਦੇ ਤਗ਼ਮੇ, ਹਰਦੀਪ ਸਿੰਘ ਸੰਘੇੜਾ ਨੇ 4 ਸੋਨ ਤਗ਼ਮੇ ਅਤੇ 2 ਚਾਂਦੀ ਦੇ ਤਗ਼ਮੇ, ਚਰਨ ਸਿੰਘ ਗਿੱਲ ਨੇ 2 ਸੋਨ ਤਗ਼ਮੇ, 1 ਕਾਂਸੀ ਦਾ ਤਗ਼ਮਾ, ਪਵਿੱਤਰ ਸਿੰਘ ਕਲੇਰ ਨੇ 2 ਸੋਨ ਤਗ਼ਮੇ ਅਤੇ 1 ਚਾਂਦੀ ਦਾ ਤਗ਼ਮਾ, ਕਰਮ ਸਿੰਘ ਸੰਘਾ ਨੇ 1 ਸੋਨ ਤਗ਼ਮਾ ਅਤੇ ਕੁਲਵੰਤ ਸਿੰਘ ਲੰਬਰ ਨੇ 2 ਸੋਨ ਤਗ਼ਮੇ, 1 ਚਾਂਦੀ ਦਾ ਤਗ਼ਮਾ (ਬਾਕੀ ਸਫ਼ਾ 31 'ਤੇ)

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਟਰੂਡੋ ਨਾਲ ਮਤਭੇਦਾਂ ਨੂੰ ਲੈ ਕੇ ਕੈਨੇਡਾ ਦੀ ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੇ ਦਿੱਤਾ ਅਸਤੀਫ਼ਾ

ਓਟਾਵਾ/ਏ.ਟੀ.ਨਿਊਜ਼ : ਕੈਨੇਡਾ ਦੀ ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਦੇਸ਼ ਦੀ ਭਵਿੱਖ ਦੀ ਆਰਥਿਕ ਦਿਸ਼ਾ ਨੂੰ ਲੈ ਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਬੁਨਿਆਦੀ ਮਤਭੇਦਾਂ ਦਾ ਹਵਾਲਾ ਦਿੰਦੇ ਹੋਏ ਸੋਮਵਾਰ ਨੂੰ ਅਪਣੇ ਅਸਤੀਫੇ ਦਾ ਐਲਾਨ ਕੀਤਾ।

ਫ੍ਰੀਲੈਂਡ ਦਾ ਅਸਤੀਫਾ ਉਸੇ ਦਿਨ ਆਇਆ ਹੈ ਜਦੋਂ ਉਹ ਇੱਕ ਮਹੱਤਵਪੂਰਣ ਆਰਥਿਕ ਅਪਡੇਟ ਪੇਸ਼ ਕਰਨ ਲਈ ਤਿਆਰ ਸੀ, ਜਿਸ ਨਾਲ 2023/24 ਲਈ ਬਜਟ ਘਾਟੇ ਵਿੱਚ ਮਹੱਤਵਪੂਰਣ ਵਾਧਾ ਹੋਣ ਦੀ ਉਮੀਦ ਸੀ। ਫ੍ਰੀਲੈਂਡ ਅਤੇ ਟਰੂਡੋ ਵਿਚਾਲੇ ਅਸਹਿਮਤੀ ਕਥਿਤ ਤੌਰ 'ਤੇ ਅਸਥਾਈ ਟੈਕਸ ਛੋਟਾਂ ਅਤੇ ਨਵੇਂ ਖਰਚੇ ਦੇ ਉਪਾਵਾਂ ਦੇ ਪ੍ਰਸਤਾਵਿਤ ਸਰਕਾਰੀ ਪੈਕੇਜ ਦੇ ਆਲੇ-ਦੁਆਲੇ ਕੇਂਦਰਿਤ ਹੈ।



ਫਰੀਲੈਂਡ ਨੇ ਕੈਨੇਡਾ ਦੀ ਮਹਾਂਮਾਰੀ ਮਗਰੋਂ ਮੁੜ ਉਭਾਰ ਦੀ ਰਣਨੀਤੀ ਨੂੰ ਆਕਾਰ ਦੇਣ ਅਤੇ ਨਾਫਟਾ ਦੀ ਮੁੜ ਗੱਲਬਾਤ ਸਮੇਤ ਵਪਾਰ ਸਮਝੌਤਿਆਂ 'ਤੇ ਗੱਲਬਾਤ ਕਰਨ 'ਚ ਮਹੱਤਵਪੂਰਣ ਭੂਮਿਕਾ ਨਿਭਾਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਕੈਨੇਡਾ ਲਈ ਅੱਗੇ ਵਧਣ ਦੇ ਸੱਭ ਤੋਂ ਵਧੀਆ ਰਸਤੇ ਨੂੰ ਲੈ ਕੇ ਉਨ੍ਹਾਂ ਦਾ ਟਰੂਡੋ ਨਾਲ ਮਤਭੇਦ ਸੀ।

ਉਨ੍ਹਾਂ ਦੇ ਅਸਤੀਫੇ ਨੇ ਉਨ੍ਹਾਂ ਦੇ ਉੱਤਰਾਧਿਕਾਰੀ ਬਾਰੇ ਤੁਰਤ ਅਟਕਲਾਂ ਸ਼ੁਰੂ ਕਰ ਦਿਤੀਆਂ ਹਨ ਅਤੇ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੀ ਨੂੰ ਸੰਭਾਵਤ ਉਮੀਦਵਾਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਹਾਲਾਂਕਿ, ਕੈਨੇਡੀਅਨ ਪਰੰਪਰਾ ਅਨੁਸਾਰ ਕਾਰਨੀ ਨੂੰ ਕੈਬਨਿਟ ਦੀ ਭੂਮਿਕਾ ਸੰਭਾਲਣ ਤੋਂ ਪਹਿਲਾਂ ਹਾਊਸ ਆਫ ਕਾਮਨਜ਼ 'ਚ ਸੀਟ ਲੈਣ ਦੀ ਲੋੜ ਹੋਵੇਗੀ।

# ਕੈਨੇਡਾ ਸਰਕਾਰ ਵੱਲੋਂ ਕੌਮਾਂਤਰੀ ਵਿਦਿਆਰਥੀਆਂ 'ਤੇ ਹੋਰ ਸਖ਼ਤੀ

ਵੈਨਕੂਵਰ/ਏ.ਟੀ.ਨਿਊਜ਼:ਕੈਨੇਡਾ ਆਏ ਕੌਮਾਂਤਰੀ ਵਿਦਿਆਰਥੀਆਂ ਨੂੰ ਆਈ.ਆਰ.ਸੀ.ਸੀ. (ਆਵਾਸ ਵਿਭਾਗ) ਵੱਲੋਂ ਆਪਣੇ ਦਸਤਾਵੇਜ਼ਾਂ ਸਮੇਤ ਕਾਲਜ ਦੀਆਂ ਹਾਜ਼ਰੀਆਂ ਅਤੇ ਕੰਮ ਦੇ ਸਥਾਨ ਆਦਿ ਦੀ ਜਾਣਕਾਰੀ ਭੇਜਣ ਦੇ ਕੀਤੇ ਗਏ ਹੁਕਮਾਂ ਨੇ ਵਿਦਿਆਰਥੀਆਂ ਦੀ ਚਿੰਤਾ ਵਧਾ ਦਿੱਤੀ ਹੈ। ਬੇਸ਼ੱਕ ਵਿਭਾਗ ਦੇ ਬੁਲਾਰੇ ਜਾਂ ਮੰਤਰੀ ਨੇ ਇਸ ਬਾਰੇ ਹਾਲੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਪਰ ਵਿਭਾਗ ਦੇ ਸੂਤਰ ਨੇ ਗੈਰ-ਰਸਮੀ ਗੱਲਬਾਤ ਵਿੱਚ ਕਿਹਾ ਕਿ ਪੁੱਛ-ਪੜਤਾਲ ਆਮ ਰੁਟੀਨ ਦਾ ਹਿੱਸਾ ਹੈ।

ਉਸ ਨੇ ਕਿਹਾ ਕਿ ਆਵਾਸ ਵਿਭਾਗ ਸ਼ੱਕ ਦੂਰ ਕਰਨ ਲਈ ਕਿਸੇ ਦੇ ਵੀ ਦਸਤਾਵੇਜ਼ਾਂ ਦੀ ਜਾਂਚ ਕਰਨ ਦਾ ਹੱਕ ਰੱਖਦਾ ਹੈ ਤੇ ਦਸਤਾਵੇਜ਼ ਦੁਬਾਰਾ ਵੀ ਮੰਗੇ ਜਾ ਸਕਦੇ ਹਨ। ਉਸ ਅਨੁਸਾਰ ਕਰੋਨਾ ਤੋਂ ਬਾਅਦ ਵਿਦਿਆਰਥੀਆਂ ਦੀ ਇੱਕ ਦਮ ਵਧੀ ਭੀੜ ਦੌਰਾਨ ਫਾਈਲਾਂ ਚੰਗੀ ਤਰ੍ਹਾਂ ਘੋਖੀਆਂ ਨਹੀਂ ਗਈਆਂ, ਜਿਨ੍ਹਾਂ ਦੀ ਦੁਬਾਰਾ ਜਾਂਚ ਸ਼ੁਰੂ ਕੀਤੀ ਗਈ ਹੈ। ਉਸ ਨੇ ਕਿਹਾ ਕਿ ਗੈਰਕਾਨੂੰਨੀ ਦਸਤਾਵੇਜ਼ਾਂ ਸਹਾਰੇ ਇੱਥੇ ਪੁੱਜੇ ਲੋਕਾਂ ਦੇ ਮਨਾਂ 'ਚ ਡਰ ਹੋਣਾ ਜਾਇਜ਼ ਹੈ, ਪਰ ਸੱਚੇ, ਲਾਇਕ ਤੇ ਮਿਹਨਤੀ ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਉਨ੍ਹਾਂ ਨੂੰ ਕਿਸੇ ਝੰਜਟ ਵਿੱਚ ਪੈਣ ਤੋਂ ਬਿਨਾਂ ਮੰਗੇ ਗਏ ਦਸਤਾਵੇਜ਼ ਤੁਰੰਤ ਵਿਭਾਗ ਨੂੰ ਭੇਜਣੇ ਚਾਹੀਦੇ ਹਨ।

ਇਸ ਦੌਰਾਨ ਪਤਾ ਲੱਗਾ ਹੈ ਕਿ ਸਖ਼ਤੀ ਦੀ ਗਾਜ ਉਨ੍ਹਾਂ 'ਤੇ ਡਿੱਗਣ ਦੀ ਸੰਭਾਵਨਾ ਜ਼ਿਆਦਾ ਹੈ, ਜਿਨ੍ਹਾਂ ਨੇ ਏਜੰਟਾਂ ਦੀ ਮਦਦ ਨਾਲ ਕੈਨੇਡਾ ਪੁੱਜਣ ਲਈ ਸਟੱਡੀ ਪਰਮਿਟ ਨੂੰ ਸਾਧਨ ਵਜੋਂ ਵਰਤਿਆ। ਵਿਭਾਗੀ ਉੱਚ ਅਧਿਕਾਰੀ ਇਹ ਮੰਨ ਕੇ ਚੱਲ ਰਹੇ ਹਨ ਕਿ ਯੋਗਤਾ ਵਿਚਲੀਆਂ ਖਾਮੀਆਂ ਵਾਲੇ ਲੋਕ ਹੀ ਏਜੰਟਾਂ ਦਾ ਸਹਾਰਾ ਭਾਲਦੇ ਹਨ, ਜਦਕਿ ਕਈ ਸਾਲਾਂ ਤੋਂ ਸੌਖੀ ਕੀਤੀ ਗਈ ਵੀਜ਼ਾ ਪ੍ਰਕਿਰਿਆ ਦੇ ਫਾਰਮ ਆਮ ਵਿਅਕਤੀ ਸੌਖਿਆਂ ਹੀ ਭਰ ਸਕਦਾ ਹੈ।

# ਅਮਰੀਕਾ ਨਿਵਾਸੀ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਪੁਸਤਕ 'ਚਾਨਣ ਇਤਿਹਾਸ ਦਾ' ਹੋਈ ਲੋਕ ਅਰਪਣ




ਰਾਜਪੁਰਾ/ਏ.ਟੀ.ਨਿਊਜ਼: ਲੋਕ ਸਾਹਿਤ ਸੰਗਮ ਰਾਜਪੁਰਾ ਦੇ ਰੋਟਰੀ ਭਵਨ ਵਿਖੇ ਹੋਏ ਸਾਹਿਤਕ ਸਮਾਗਮ ਵਿੱਚ ਅਮਰੀਕਾ ਨਿਵਾਸੀ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਸੱਤਵੀਂ ਪੁਸਤਕ 'ਚਾਨਣ ਇਤਿਹਾਸ ਦਾ' ਲੋਕ ਅਰਪਣ ਹੋਈ। ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਡਾ. ਅਮਰਜੀਤ ਕੌਂਕੇ, ਗੁਰਦਰਸ਼ਨ ਗੁਸੀਲ ਤੇ ਡਾ. ਗੁਰਵਿੰਦਰ ਸਿੰਘ ਅਮਨ ਸ਼ਾਮਲ ਸਨ। ਇਸ ਮੌਕੇ ਡਾ. ਕੌਂਕੇ ਨੇ ਪੁਸਤਕ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਵਾਰਤਕ ਸਾਹਿਤ ਦੀ ਸੂਖਮ ਤੇ ਉੱਤਮ ਵੰਨਗੀ ਹੈ। ਜਿਸ ਉੱਪਰ ਪ੍ਰਵਾਨਾ ਵੱਲੋਂ ਬੜੇ ਚਿਰਾਂ ਤੋਂ ਕੰਮ ਕੀਤਾ ਜਾ ਰਿਹਾ ਹੈ। ਪ੍ਰਵਾਨਾ ਵੱਲੋਂ ਜੋ ਇਤਿਹਾਸ ਰਚਿਆ ਜਾ ਰਿਹਾ ਹੈ, ਦਾ ਕੰਮ ਯੂਨੀਵਰਸਿਟੀਆਂ ਜਾਂ ਅਕਾਦਮਿਕ ਸੰਸਥਾਵਾਂ ਦਾ ਹੈ। ਮੈਂ ਪ੍ਰਵਾਨਾ ਨੂੰ ਲਗਭਗ ਪਿਛਲੇ 24 ਸਾਲਾਂ ਤੋਂ ਲਿਖਦੇ ਵੇਖ ਰਿਹਾ ਹਾਂ। ਹਥਲੀ ਪੁਸਤਕ ਵਿੱਚ ਇਤਿਹਾਸ ਦੀਆਂ ਘਟਨਾਵਾਂ ਨੂੰ ਸੰਖੇਪ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਪ੍ਰਵਾਨਾ ਦਾ ਕਵਿਤਾ ਅਤੇ ਵਾਰਤਕ ਵਿੱਚ ਵੱਡਾ ਯੋਗਦਾਨ ਹੈ।

ਆਪਣੇ ਰੂ ਬ ਰੂ ਮੌਕੇ ਪ੍ਰਵਾਨਾ ਨੇ ਕਿਹਾ ਕਿ ਇਤਿਹਾਸਕਾਰ ਦੇ ਫ਼ਰਜ਼ਾਂ ਵਿੱਚ ਸ਼ਾਮਲ ਹੈ ਕਿ ਬੀਤੀਆਂ ਘਟਨਾਵਾਂ, ਲੋਕਾਂ, ਸਮਾਜ ਅਤੇ ਸੱਭਿਆਚਾਰ ਦਾ ਅਧਿਐਨ ਕਰਨਾ ਤੇ ਲਿਖਣਾ। ਇਤਿਹਾਸ ਦੇ ਲਿਖਤੀ ਅਤੀਤ ਦੀਆਂ ਘਟਨਾਵਾਂ ਦੀ ਜਾਂਚ ਹੁੰਦੀ ਹੈ। ਇਤਿਹਾਸਕਾਰ ਇਤਿਹਾਸਿਕ ਸਰੋਤਾਂ ਦੀ ਖੋਜ ਕਰਕੇ ਇਤਿਹਾਸਕ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਇਤਿਹਾਸਕ ਘਟਨਾਵਾਂ ਦੀ ਵਿਆਖਿਆ ਅਤੇ ਮੁਲਾਂਕਣ ਕਰਕੇ ਵਰਤਮਾਨ ਲਈ ਪ੍ਰੇਰਣਾ ਨਾਲ ਜੋੜ ਕੇ ਲਿਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਮੈਂ ਆਪਣੀ ਪੁਸਤਕ 'ਚਾਨਣ ਇਤਿਹਾਸ ਦਾ' ਵਿੱਚ ਇਤਿਹਾਸਕ ਘਟਨਾਵਾਂ 'ਤੇ ਰੋਸ਼ਨੀ ਪਾਈ ਹੈ। ਮੈਂ ਵਿਸ਼ੇ ਦੀ ਸੀਮਾ ਵਿੱਚ ਰਹਿ ਕੇ ਸੰਖੇਪ ਲਿਖਿਆ ਹੈ। ਵਿਸ਼ੇ ਨੂੰ ਹੋਰ ਸਪਸ਼ਟ ਕਰਨ ਵਿੱਚ ਅੰਤਿਕਾ ਰਾਹੀਂ ਆਪਣੇ ਵਿਚਾਰ ਅਤੇ ਲੋੜ ਅਨੁਸਾਰ ਗੁਰਬਾਣੀ ਦੇ ਹਵਾਲੇ ਦਿੱਤੇ ਹਨ ਤਾਂ ਜੋ ਸੁਨੇਹੇ ਨੂੰ ਹੋਰ ਰੋਸ਼ਨ ਕਰਦੇ ਹਨ।

ਇਸ ਮੌਕੇ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਨਾਲ ਖੂਬ ਰੰਗ ਬੰਨ੍ਹਿਆ। ਸ਼ੁਰੂ ਵਿੱਚ ਕਰਮ ਸਿੰਘ ਹਕੀਰ ਵੱਲੋਂ ਗੀਤ 'ਪ੍ਰਦੇਸਾਂ ਦੇ ਨਾ ਜਾਇਓ ਮੇਰੇ ਵੀਰ' ਸੁਣਾ ਕੇ ਪ੍ਰਦੇਸ਼ਾਂ ਦੇ ਦੁੱਖ ਵੰਡਾਏ। ਮਨਜੀਤ ਸਿੰਘ ਨਾਗਰਾ ਨੇ ਸੰਗੀਤਕ ਗੀਤ ਪੇਸ਼ ਕੀਤਾ। ਸੂਫ਼ੀ ਸ਼ਾਇਰਾ ਸੁਰਿੰਦਰ ਕੌਰ ਬਾੜਾ ਸਰਹਿੰਦ ਨੇ ਹਮੇਸ਼ਾ ਦੀ ਤਰ੍ਹਾਂ ਬੁਲੰਦ ਆਵਾਜ਼ ਵਿੱਚ ਸੂਫ਼ੀ ਕਲਾਮ ਗਾਇਆ। ਗੁਰਵਿੰਦਰਪਾਲ ਸਿੰਘ ਨੇ ਆਪਣੀ ਕਵਿਤਾ ਨਾਲ ਸੰਗਮ ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਅਮਨ ਨੂੰ ਜਨਮ ਦਿਨ ਦੀ ਵਧਾਈ ਦਿੱਤੀ। ਸੁਨੀਤਾ ਦੇਸ ਰਾਜ ਦੀ ਕਵਿਤਾ ਖੂਬ ਸੀ। ਨਵਦੀਪ ਸਿੰਘ ਮੂੰਡੀ ਨੇ ਕਵਿਤਾ ਵਿੱਚ ਸ਼ੱਕ ਭਰਾਤਰੀ ਰਿਸ਼ਤਿਆਂ ਨੂੰ ਉਜਾਗਰ ਕੀਤਾ। ਪੁਲਿਸ ਇੰਸਪੈਕਟਰ ਰਵਿੰਦਰ ਕ੍ਰਿਸ਼ਨ ਦੀ ਚਰਚਿਤ ਕਵਿਤਾ ਜ਼ਿੰਦਗੀ ਦਾ ਸੱਚ ਖਿੱਚ ਦਾ ਕੇਂਦਰ ਬਣੀ। ਦਲਜੀਤ ਸਿੰਘ ਸ਼ਾਂਤ ਦਾ ਮਧੁਰ ਆਵਾਜ਼ ਵਿੱਚ ਗੀਤ ਢੁੱਕਵਾਂ ਸੀ। ਗੁਰਦਰਸ਼ਨ ਭੱਟੀ ਦਾ ਗੀਤ ਤੇ ਅਮਰਜੀਤ ਸਿੰਘ ਲਾਭ ਦਾ ਗੀਤ ਵਧੀਆ ਸੀ। ਰਣਜੀਤ ਸਿੰਘ ਫ਼ਤਹਿਗੜ੍ਹ ਸਾਹਿਬ ਦੀ ਕਵਿਤਾ ਕਾਬਲੇ ਗੌਰ ਸੀ। ਕੁਲਵੰਤ ਸਿੰਘ ਜੱਸਲ ਦਾ ਗੀਤ ਭਾਵਿਕ ਸੀ। ਪ੍ਰਸਿੱਧ ਗਾਇਕ ਮੰਗਤ ਖਾਨ ਨੇ ਬੁਲੰਦ ਆਵਾਜ਼ ਵਿੱਚ ਗੀਤ ਸੁਣਾ ਕੇ ਮੰਤਰ ਮੁਗਧ ਕੀਤਾ। ਹਰਸ਼ੁਬੇਗ ਸਿੰਘ ਪੰਜਾਬੀ ਯੂਨੀਵਰਸਿਟੀ ਨੇ ਖੁੱਲ੍ਹੀ ਕਵਿਤਾ ਨਾਲ ਸਰੋਤਿਆ ਨੂੰ ਕੀਲਿਆ। ਲਵਲੀ ਸਲੂਜਾ ਪੰਨੂੰ ਦਾ ਪੁਆਧੀ ਗੀਤ ਰੌਚਿਕ ਸੀ। ਤ੍ਰਿਵੇਨੀ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਗੁਸੀਲ ਨੇ ਆਪਣੀ ਗ਼ਜ਼ਲ ਦੇ ਸ਼ੇਅਰ ਸੁਣਾ ਕੇ ਮਨ ਮੋਹ ਲਏ। ਪ੍ਰਸਿੱਧ ਕਵੀ ਡਾਕਟਰ ਅਮਰਜੀਤ ਸਿੰਘ ਕੋਂਕੇ ਨੇ ਆਪਣੀ ਮਕਬੂਲ ਕਵਿਤਾ 'ਪੰਜਾਬ' ਨਾਲ ਸਾਂਝ ਪਾਈ। ਡਾ. ਗੁਰਵਿੰਦਰ ਸਿੰਘ ਅਮਨ ਨੇ ਪ੍ਰਵਾਨਾ ਨੂੰ ਪੁਸਤਕ 'ਚਾਨਣ ਇਤਿਹਾਸ ਦਾ' ਦੇ ਲੋਕ ਅਰਪਣ ਹੋਣ 'ਤੇ ਵਧਾਈ ਦਿੱਤੀ ਅਤੇ ਆਪਣੀ ਮਿਨੀ ਕਹਾਣੀ 'ਜ਼ਿੰਦਾ ਸ਼ਹੀਦ' ਸੁਣਾਈ। ਬਲਦੇਵ ਸਿੰਘ ਖੁਰਾਣਾ ਨੇ ਹਮੇਸ਼ਾ ਦੀ ਤਰ੍ਹਾਂ ਮੰਚ ਸੰਚਾਲਨ ਕਰਦਿਆਂ ਆਪਣੇ ਰੋਚਕ ਟੋਟਕਿਆਂ ਨਾਲ ਰੰਗ ਬੰਨੀ ਰੱਖਿਆ। ਪ੍ਰਵਾਨਾ ਵੱਲੋਂ ਸਭਨਾਂ ਦਾ ਧੰਨਵਾਦ ਕਰਦਿਆਂ ਪੁਸਤਕਾਂ ਭੇਂਟ ਕੀਤੀਆਂ ਗਈਆਂ। ਇਸ ਮੌਕੇ ਤ੍ਰਿਪਤ ਕੌਰ, ਗੁਰਜੋਤ ਸਿੰਘ ਲਾਂਬਾ, ਅਮਰਜੀਤ ਸਿੰਘ ਲਾਂਬਾ, ਅਸ਼ੋਕ ਝਾਅ, ਰਤਨ ਸ਼ਰਮਾ, ਓਮ ਪ੍ਰਕਾਸ਼ ਮਦਾਨ, ਰਣਜੀਤ ਸਿੰਘ ਨਿਰੰਕਾਰੀ ਅਤੇ ਦਿਨੇਸ਼ ਕੁਮਾਰ ਵੀ ਹਾਜ਼ਰ ਸਨ।

# ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਕੁਰਸੀ ਖ਼ਤਰੇ 'ਚ, ਦੇ ਸਕਦੇ ਨੇ ਅਸਤੀਫ਼ਾ !

## ਨਿਊ ਡੈਮੋਕ੍ਰੇਟਿਕ ਪਾਰਟੀ ਦੇ ਜਗਮੀਤ ਸਿੰਘ ਨੇ ਖੋਲ੍ਹਿਆ ਮੋਰਚਾ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਮੁਸ਼ਕਿਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਜਿਵੇਂ ਹੀ ਟਰੂਡੋ ਇੱਕ ਝਟਕਾ ਝੱਲਣ ਲਈ ਤਿਆਰ ਹੁੰਦੇ ਹਨ, ਉਨ੍ਹਾਂ ਨੂੰ ਅਗਲਾ ਝਟਕਾ ਮਿਲ ਜਾਂਦਾ ਹੈ। ਕੈਨੇਡਾ ਦੇ ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫ਼੍ਰੀਲੈਂਡ ਦੇ ਕੈਬਨਿਟ ਤੋਂ ਅਸਤੀਫ਼ੇ ਦੇ ਸਦਮੇ ਤੋਂ ਟਰੂਡੋ ਅਜੇ ਉਭਰ ਵੀ ਨਹੀਂ ਸਕੇ ਸਨ ਕਿ ਇੱਕ ਵੱਡੇ ਆਗੂ ਜਗਮੀਤ ਸਿੰਘ ਨੇ ਵੱਡਾ ਝਟਕਾ ਦਿੱਤਾ ਹੈ। ਨਾਲ ਹੀ 23 ਸੰਸਦ ਮੈਂਬਰਾਂ ਨੇ ਟਰੂਡੋ ਦੇ ਅਸਤੀਫ਼ੇ ਦੀ ਮੰਗ ਕਰਦੇ ਹੋਏ ਪੱਤਰ ਲਿਖਿਆ ਹੈ।



ਖ਼ਾਲਿਸਤਾਨ ਸਮਰਥਕ ਅਤੇ ਨਿਊ ਡੈਮੋਕ੍ਰੇਟਿਕ ਪਾਰਟੀ ਨੇਤਾ ਜਗਮੀਤ ਸਿੰਘ ਨੇ ਟਰੂਡੋ ਨੂੰ ਲੈ ਕੇ ਕਿਹਾ ਹੈ ਕਿ ਕ੍ਰਿਸਟੀਆ ਫ਼੍ਰੀਲੈਂਡ ਦੇ ਵਿੱਤ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਹਾਲਾਂਕਿ ਉਨ੍ਹਾਂ ਨੇ ਚੋਣਾਂ ਦੀ ਮੰਗ ਨਹੀਂ ਕੀਤੀ ਅਤੇ ਨਾ ਹੀ ਇਹ ਕਿਹਾ ਕਿ ਉਨ੍ਹਾਂ ਦੀ ਪਾਰਟੀ ਘੱਟ ਗਿਣਤੀ ਸਰਕਾਰ ਨੂੰ ਸਮਰਥਨ ਦੇਣਾ ਬੰਦ ਕਰ ਦੇਵੇਗੀ। ਸੀਟੀਵੀ ਨੇ ਰਿਪੋਰਟ ਦਿੱਤੀ ਕਿ ਸੂਤਰਾਂ ਨੇ ਸੀਟੀਵੀ ਨਿਊਜ਼ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਕੈਬਨਿਟ ਨੂੰ ਦੱਸਿਆ ਹੈ ਕਿ ਉਹ ਅਸਤੀਫ਼ਾ ਦੇਣ ਬਾਰੇ ਵਿਚਾਰ ਕਰ ਰਹੇ ਹਨ ਅਤੇ ਸੰਭਾਵਤ ਤੌਰ 'ਤੇ ਸੰਸਦ ਨੂੰ ਸੰਬੋਧਨ ਕਰਨ ਦੀ ਯੋਜਨਾ ਬਣਾ ਰਹੇ ਹਨ।

### ਜਗਮੀਤ ਸਿੰਘ ਨੇ ਟਰੂਡੋ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆ

ਜਗਮੀਤ ਸਿੰਘ ਨੇ ਟਰੂਡੋ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਕਿਹਾ ਕਿ ਸਾਨੂੰ ਕਰਿਆਨੇ ਦਾ ਸਮਾਨ ਖਰੀਦਣ ਵਿੱਚ ਮੁਸ਼ਕਿਲ ਆ ਰਹੀ ਹੈ। ਨੌਜਵਾਨਾਂ ਨੂੰ ਕਿਫ਼ਾਇਤੀ ਰਿਹਾਇਸ਼ ਨਹੀਂ ਮਿਲ ਰਹੀ ਹੈ। ਇਸ ਤੋਂ ਇਲਾਵਾ, ਅਸੀਂ ਟਰੰਪ ਦੇ ਟੈਰਿਫ਼ ਦੇ ਖਤਰੇ ਦਾ ਸਾਹਮਣਾ ਕਰ ਰਹੇ ਹਾਂ, ਜਿਸ ਨਾਲ ਕੈਨੇਡਾ ਵਿੱਚ ਸੈਂਕੜੇ ਹਜ਼ਾਰਾਂ ਨੌਕਰੀਆਂ ਖਤਰੇ ਵਿੱਚ ਪੈ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਕੈਨੇਡੀਅਨਾਂ ਲਈ ਮਹੱਤਵਪੂਰਨ ਮੁੱਦਿਆਂ ਨਾਲ ਨਜਿੱਠਣ ਦੀ ਬਜਾਏ, ਪ੍ਰਧਾਨ ਮੰਤਰੀ ਆਪਣੀ ਹੀ ਪਾਰਟੀ ਦੇ ਅੰਦਰ ਲੜਾਈ ਨਾਲ ਨਜਿੱਠ ਰਹੇ ਹਨ। ਇਹ ਸਪੱਸ਼ਟ ਹੈ ਕਿ ਪ੍ਰਧਾਨ ਮੰਤਰੀ ਅਹੁਦੇ 'ਤੇ ਬਣੇ ਨਹੀਂ ਰਹਿ ਸਕਦੇ ਹਨ। ਟਰੂਡੋ ਨੇ ਇਹ ਵੀ ਮਹਿਸੂਸ ਕੀਤਾ ਹੈ ਕਿ ਉਨ੍ਹਾਂ ਦਾ ਅਹੁਦਾ ਜ਼ਿਆਦਾ ਦੇਰ ਤੱਕ ਜਾਰੀ ਨਹੀਂ ਰਹਿ ਸਕਦਾ ਹੈ। ਟਰੂਡੋ ਅਸਤੀਫ਼ਾ ਦੇਣ 'ਤੇ ਵਿਚਾਰ ਕਰ ਰਹੇ ਹਨ। ਉੱਥੇ ਹੀ ਅਮਰੀਕਾ ਵਿੱਚ ਟਰੰਪ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਦੇ ਸੱਤਾ ਵਿੱਚ ਆਉਂਦੇ ਹੀ ਉਹ ਕੈਨੇਡਾ 'ਤੇ ਟੈਕਸ ਵਧਾ ਦੇਣਗੇ। ਟਰੰਪ ਦੇ ਇਸ ਐਲਾਨ ਨੇ ਟਰੂਡੋ ਦੀਆਂ ਮੁਸ਼ਕਿਲਾਂ ਵੀ ਵਧਾ ਦਿੱਤੀਆਂ ਹਨ।

# ਕੈਨੇਡਾ 'ਚ ਪੰਜਾਬੀ ਨੌਜਵਾਨ ਨੂੰ ਮਿਲਿਆ ਗਾਰਡ ਆਫ਼ ਆਨਰ

## ਡਿਊਟੀ ਦੌਰਾਨ ਗੋਲੀ ਮਾਰ ਕੇ ਕਰ ਦਿਤਾ ਸੀ ਕਤਲ

ਐਡਮਿੰਟਨ/ਏ.ਟੀ.ਨਿਊਜ਼: ਕੈਨੇਡਾ ਦੇ ਐਡਮਿੰਟਨ 'ਚ 6 ਦਸੰਬਰ ਨੂੰ ਪੰਜਾਬ ਦੇ 20 ਸਾਲਾ ਵਿਦਿਆਰਥੀ ਹਰਸ਼ਦੀਪ ਸਿੰਘ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਘਟਨਾ ਤੋਂ ਬਾਅਦ ਹਰਸ਼ਦੀਪ ਸਿੰਘ ਦੀ ਮ੍ਰਿਤਕ ਦੇਹ ਐਤਵਾਰ ਨੂੰ ਭਾਰਤ ਪਹੁੰਚੀ, ਜਿੱਥੇ ਉਨ੍ਹਾਂ ਦਾ ਅੰਤਮ ਸਸਕਾਰ ਕਰ ਕੇ ਅੰਤਮ ਵਿਦਾਈ ਦਿਤੀ ਗਈ। ਕੈਨੇਡਾ ਸਰਕਾਰ ਨੇ ਉਨ੍ਹਾਂ ਦੀ ਡਿਊਟੀ ਨੂੰ ਦੇਖਦੇ ਹੋਏ ਆਪਣੇ ਵੱਲੋਂ ਗਾਰਡ ਆਫ਼ ਆਨਰ ਦਿੱਤਾ।



ਐਡਮਿੰਟਨ ਵਿੱਚ ਇੱਕ ਅਪਾਰਟਮੈਂਟ ਬਿਲਡਿੰਗ ਵਿੱਚ ਸੁਰੱਖਿਆ ਗਾਰਡ ਵਜੋਂ ਕੰਮ ਕਰਦੇ ਹਰਸ਼ਦੀਪ ਸਿੰਘ ਦਾ ਝਗੜੇ ਦੌਰਾਨ ਕਤਲ ਕਰ ਦਿੱਤਾ ਗਿਆ ਸੀ। ਸੀ.ਸੀ.ਟੀ.ਵੀ. ਫੁਟੇਜ ਵਿੱਚ ਦੇਖਿਆ ਜਾ ਸਕਦਾ ਹੈ ਕਿ ਇੱਕ ਕੈਨੇਡੀਅਨ ਨਾਗਰਿਕ ਨੇ ਹਰਸ਼ਦੀਪ ਸਿੰਘ 'ਤੇ ਹਮਲਾ ਕੀਤਾ ਅਤੇ ਉਸ ਨੂੰ ਗੋਲੀ ਮਾਰ ਦਿਤੀ। ਪੁਲਿਸ ਨੇ ਇਸ ਮਾਮਲੇ 'ਚ ਦੋ ਦੋਸ਼ੀਆਂ ਇਵਾਨ ਰੇਨ ਅਤੇ ਜੂਡਿਥ ਸਾਲਟੋ ਨੂੰ ਗ੍ਰਿਫ਼ਤਾਰ ਕੀਤਾ ਹੈ।

ਕੈਨੇਡਾ ਸਰਕਾਰ ਨੇ ਹਰਸ਼ਦੀਪ ਸਿੰਘ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਨੂੰ ਗਾਰਡ ਆਫ਼ ਆਨਰ ਦਿਤਾ ਹੈ। ਹਰਸ਼ਦੀਪ ਸਿੰਘ ਹੁਸ਼ਿਆਰ ਵਿਦਿਆਰਥੀ ਸੀ ਅਤੇ ਆਪਣੀ ਪੜ੍ਹਾਈ ਦਾ ਖ਼ਰਚਾ ਪੂਰਾ ਕਰਨ ਲਈ ਕੰਮ ਕਰਦਾ ਸੀ। ਉਨ੍ਹਾਂ ਦੀ ਮੌਤ ਨਾਲ ਉਨ੍ਹਾਂ ਦੇ ਪਰਵਾਰ 'ਚ ਹੀ ਨਹੀਂ ਸਗੋਂ ਪੂਰੇ ਸਮਾਜ 'ਚ ਸੋਗ ਦੀ ਲਹਿਰ ਹੈ।

### ਮਿਸਲ ਸਤਲੁਜ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚਿੱਠੀ

# ਅਕਾਲੀ ਦਲ ਨੂੰ ਮੁੜ-ਸੁਰਜੀਤ ਕਰਨ ਲਈ ਸੰਵਿਧਾਨ ਨੂੰ ਦੁਬਾਰਾ ਸਿੱਖ ਸਿਧਾਂਤ ਅਤੇ ਭਾਵਨਾ 'ਤੇ ਅਧਾਰਿਤ ਬਣਾਉਣ ਦੀ ਲੋੜ

## ਭਾਰਤ 'ਚ ਸਿੱਖਾਂ ਦੇ ਰਾਜਸੀ ਸੰਘਰਸ਼ ਲਈ ਮਨੋਰਥ ਤੇ ਟੀਚੇ ਤੈਅ ਕਰਨ ਲਈ ਇੱਕ ਰਾਜਸੀ ਕਮੇਟੀ ਬਣਾਉਣ ਦੀ ਮੰਗ



- ਬਾਦਲਾਂ ਨੇ 2004 ਵਿੱਚ ਅਕਾਲੀ ਦਲ ਦੇ ਸੰਵਿਧਾਨ ਵਿੱਚੋਂ ਅੰਮ੍ਰਿਤਧਾਰੀ, ਗੁਰਸਿੱਖ, ਪੰਥ ਵਰਗੇ ਸ਼ਬਦ ਕੱਢ ਕੇ ਇੱਕ ਕਾਰਪੋਰੇਸ਼ਨ ਦਾ ਸੰਵਿਧਾਨ ਬਣਾ ਦਿੱਤਾ ਜਿਸ ਵਿੱਚ ਗ਼ੈਰ-ਸਿੱਖ ਪੂਰਨ ਕਬਜ਼ਾ ਕਰ ਸਕਦੇ ਹਨ।
- ਪਰਿਵਾਰਕ ਕਬਜ਼ਾ ਕਰਨ ਲਈ 51 ਮੈਂਬਰੀ ਕਮੇਟੀ ਬਣਾਈ ਜਿਸ ਵਿੱਚ 31 ਮੈਂਬਰ ਪ੍ਰਧਾਨ ਨਿਯੁਕਤ ਕਰਦਾ ਤੇ 51 ਵਿੱਚੋਂ ਬਹੁਸਮਤੀ ਪ੍ਰਧਾਨ ਚੁਣਦੀ ਹੈ।
- ਪ੍ਰਧਾਨ ਦੀ ਮਿਆਦ 2 ਸਾਲ ਹੁੰਦੀ ਸੀ ਉਹ ਵੀ ਖ਼ਤਮ ਕਰ ਦਿੱਤੀ।

– ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਗੁਰਗੱਦੀ ਸਮੇਂ ਧਾਰਨ ਕੀਤੀਆਂ ਦੋ ਤਲਵਾਰਾਂ ਮੀਰੀ ਅਤੇ ਪੀਰੀ, ਅਜ਼ਮਤ (ਰੂਹਾਨੀਅਤ) ਅਤੇ ਰਾਜਸੱਤਾ ਦੀਆਂ ਪ੍ਰਤੀਕ ਦੋ ਤੇਗ਼ਾਂ ਇਸ ਧਾਰਨਾ ਦੇ ਅਲੰਬਰਦਾਰ ਦੀ ਰਾਖੀ ਦੀਆਂ ਸੂਚਕ ਹਨ। ਭਾਈ ਗੁਰਦਾਸ ਜੀ ਇਸ ਦੀ ਅਹਿਮੀਅਤ ਬਿਆਨ ਕਰਦੇ ਹਨ?

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟਾਂ ਚੰਨਣੈ, ਬੂਹੇ ਜੰਦ੍ਰਾ ਕੁਤਾ ਜਾਗੈ।

ਰਾਜਸੀ ਸੱਤਾ, ਧਰਮ ਸੱਤਾ ਦੀ ਖਿਦਮਤਦਾਰ ਹੈ। ਧਰਮ ਦੇ ਦੈਵੀ ਅਤੇ ਰੂਹਾਨੀ ਅੰਸ਼ ਦੀ ਰੱਖਿਆ ਦੀ ਸੂਚਕ ਹੈ, ਰਾਜਸੱਤਾ ਅਤੇ ਰਾਜ ਸ਼ਕਤੀ। ਧਰਮ ਦੀਆਂ ਨੈਤਿਕ ਅਤੇ ਰੂਹਾਨੀ ਕਦਰਾਂ ਕੀਮਤਾਂ ਦੀ ਰੱਖਿਆ ਲਈ ਰਾਜ ਸੱਤਾ ਸੁਹਾਵੀ ਹੈ। ਸਿੱਖ ਧਰਮ ਵਿੱਚ ਮੀਰੀ ਅਤੇ ਪੀਰੀ ਦੀ ਸਾਂਝ ਤਾਂ ਬੇਜੋੜ ਹੈ ਪਰ ਇਹ ਵੀ ਜ਼ਰੂਰੀ ਹੈ ਕਿ ਪੀਰੀ ਹਮੇਸ਼ਾਂ ਪ੍ਰਥਮ ਰਹੇ ਭਾਵ ਕਿ ਮੀਰੀ ਦੇ ਘੋੜੇ ਦਾ ਸਵਾਰ ਪੀਰੀ ਹੋਵੇ। ਜਦੋਂ ਵੀ ਮੀਰੀ, ਪੀਰੀ ਉੱਪਰ ਸਵਾਰ ਹੋਣ ਦਾ ਯਤਨ ਕਰੇਗੀ, ਧਰਮ ਦਾ ਸੰਸਥਾਗਤ ਢਾਂਚਾ ਜ਼ਰੂਰ ਪ੍ਰਭਾਵਿਤ ਹੋਵੇਗਾ। ਇਸੇ ਲਈ ਅਕਾਲੀ ਦਲ ਦੀ ਅਯੋਗਤਾ ਦਾ ਇਹ ਮੁੱਢਲਾ ਕਾਰਨ ਹੈ।

ਤੁਹਾਡੇ (ਸ੍ਰੀ ਅਕਾਲ ਤਖ਼ਤ ਸਾਹਿਬ) ਵੱਲੋਂ ਪੀਰੀ ਨੂੰ ਦੁਬਾਰਾ ਪ੍ਰਥਮ ਬਣਾਉਣ ਦਾ ਕਦਮ ਸਿਰਫ ਸ਼ਲਾਘਾਯੋਗ ਹੀ ਨਹੀਂ ਸਗੋਂ ਭਵਿੱਖ ਲਈ ਰਾਜਸੀ ਪਾਰਟੀਆਂ ਲਈ ਸਬਕ ਵੀ ਹੈ। ਇਸ ਨਾਲ ਦੁਨੀਆਂ ਵਿੱਚ ਖਾਸਕਰ ਭਾਰਤ ਵਿੱਚ ਇਹ ਵਿਚਾਰ ਚਰਚਾ ਸ਼ੁਰੂ ਹੋ ਗਈ ਹੈ ਕਿ ਧਰਮ ਦਾ ਰਾਜਨੀਤੀ 'ਤੇ ਕੁੰਡਾ ਕਿਵੇਂ ਲਾਹੇਵੰਦ ਹੈ। ਇਹ ਛੇਵੇਂ ਪਾਤਿਸ਼ਾਹ ਦਾ ਸਿਧਾਂਤ ਉਹਨਾਂ ਲਈ ਵੀ ਚਾਨਣ ਮੁਨਾਰਾ ਬਣੇਗਾ ਜਿਹਨਾਂ ਨੇ ਧਰਮ ਤੇ ਰਾਜਨੀਤੀ ਨੂੰ ਅਲੱਗ-ਅਲੱਗ ਕੀਤਾ ਹੈ। ਤੁਹਾਡਾ ਇਹ ਫੈਸਲਾ ਇਤਿਹਾਸ ਦੀ ਇੱਕ ਅਭੁੱਲ ਯਾਦਗਾਰ ਬਣੇਗਾ ਅਤੇ ਸਿੱਖਾਂ ਦੇ ਭਵਿੱਖ ਦੀ ਰਣਨੀਤੀ ਤਹਿ ਕਰੇਗਾ।

ਅਸੀਂ ਤੁਹਾਡੇ ਸਾਰੇ ਫੈਸਲਿਆਂ ਨਾਲ ਪੂਰਨ ਤੌਰ 'ਤੇ ਸਹਿਮਤ ਹਾਂ। ਉਹਨਾਂ ਵਿੱਚੋਂ ਇੱਕ ਮੈਂਬਰਸ਼ਿਪ ਵਾਲੇ ਬਾਰੇ ਕੁੱਝ ਗੱਲਾਂ ਸਾਂਝੀਆਂ ਕਰਨੀਆਂ ਚਾਹੁੰਦੇ ਹਾਂ। ਅਕਾਲੀ ਦਲ ਨੂੰ ਪੁਨਰ ਸੁਰਜੀਤ ਤੇ ਪੰਥਕ ਲੀਹਾਂ 'ਤੇ ਲਿਆਉਣ ਲਈ ਨਵੀਂ ਭਰਤੀ ਦਾ ਉਸ ਵੇਲੇ ਤੱਕ ਕੋਈ ਲਾਭ ਨਹੀਂ ਜਦੋਂ ਤੱਕ ਅਕਾਲੀ ਦਲ ਦੇ ਸੰਵਿਧਾਨ ਵਿੱਚ ਗੈਰ-ਇਖਲਾਕੀ ਅਤੇ ਗੈਰ-ਕਨੂੰਨੀ ਸੋਧਾਂ ਨੂੰ ਰੱਦ ਨਾ ਕੀਤਾ ਜਾਵੇ। ਇਸ ਸਬੰਧੀ ਅਸੀਂ ਤੁਹਾਨੂੰ ਕੁੱਝ ਉਦਾਹਰਣਾਂ ਦੇ ਕੇ ਆਪਣੀ ਗੱਲ ਸ਼ਪੱਸ਼ਟ ਕਰਨੀ ਚਾਹਾਂਗੇ।

ਅਕਾਲੀ ਦਲ ਵੱਲੋਂ ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਦੀ ਦੇਣ ਅਤੇ ਅਜ਼ਾਦੀ ਤੋਂ ਬਾਅਦ ਭਾਰਤ ਦੇ ਹਾਕਮਾਂ ਵੱਲੋਂ ਬੇਵਫ਼ਾਈ ਦੇ ਤਜ਼ਰਬੇ ਤੋਂ ਬਾਅਦ ਅਕਾਲੀ ਦਲ ਨੇ ਭਵਿੱਖ ਦੀ ਨੀਤੀ ਤਹਿ ਕਰਨ ਲਈ 1-10-1972 ਨੂੰ ਜਨਰਲ ਅਜਲਾਸ ਕਰਕੇ "ਵਿਧਾਨ ਅਰਥਾਤ ਨਿਯਮ ਉਪਨਿਯਮ" ਨਾਮ ਦਾ ਦਸਤਾਵੇਜ ਸਰਬਸੰਮਤੀ ਨਾਲ ਪਾਸ ਕਰਕੇ ਵਰਕਿੰਗ ਕਮੇਟੀ ਨੂੰ ਭੇਜਿਆ। ਉਹਨਾਂ ਨੇ ਸਰਬਸੰਮਤੀ ਨਾਲ 2-9-74 ਨੂੰ ਇਸਨੂੰ ਪਾਸ ਕੀਤਾ ਜਿਹੜਾ 1974 ਦੇ ਸੰਵਿਧਾਨ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਅਕਾਲੀ ਦਲ ਦੀ ਸਾਰੀ ਕਾਰਗੁਜ਼ਾਰੀ 1997 ਤੱਕ ਇਸ ਸੰਵਿਧਾਨ ਦੁਆਲੇ ਹੀ ਘੁੰਮਦੀ ਰਹੀ ਹੈ। (ਕਾਪੀ ਨਾਲ ਨੱਥੀ ਹੈ)

1989 ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਮ ਦੀ ਰਾਜਸੀ ਪਾਰਟੀ ਰਜਿਸਟਰ ਹੁੰਦੀ ਹੈ ਜੋ ਹਲਫੀਆ ਬਿਆਨ ਦਿੰਦੀ ਹੈ ਕਿ ਉਹ ਸੈਕੂਲਰ ਪਾਰਟੀ ਹੈ ਪਰ ਇਹ ਗੱਲ ਦੇ ਸੰਕੇਤ ਸ਼ਪੱਸ਼ਟ ਤੌਰ 'ਤੇ 1997 ਤੋਂ ਮਿਲਣੇ ਸ਼ੁਰੂ ਹੁੰਦੇ ਹਨ ਜਦੋਂ ਪ੍ਰਕਾਸ਼ ਸਿੰਘ ਬਾਦਲ ਵਲੋਂ ਅਕਾਲੀ ਦਲ ਨੂੰ ਪੰਥਕ ਪਾਰਟੀ ਤੋਂ ਪਰਿਵਾਰਕ ਪਾਰਟੀ ਬਨਾਉਣ ਦਾ ਸਫ਼ਰ ਸ਼ੁਰੂ ਹੁੰਦਾ ਹੈ। ਇਸੇ ਸਾਲ ਬੀ ਜੇ ਪੀ ਨਾਲ ਸਾਂਝ ਪਾਉਣ ਨਾਲ ਅਕਾਲੀ ਦਲ ਪੰਥਕ ਨਿਘਾਰ ਵੱਲ ਤੁਰਦਾ ਹੈ। ਇਸ ਸਾਂਝ ਨੂੰ ਹੋਰ ਪੱਕਾ ਕਰਣ ਲਈ ਅਕਾਲੀ ਦਲ ਦੇ 3-3-2000 ਦੇ ਜਰਨਲ ਇਜਲਾਸ ਵਿੱਚ ਇਹ ਮਤਾ ਪਾਸ ਕੀਤਾ ਜਾਂਦਾ ਹੈ ਕਿ "ਹਾਲਾਤ ਅਤੇ ਭਵਿੱਖ ਦੇ ਸਨਮੁੱਖ ਸ਼੍ਰੋਮਣੀ ਅਕਾਲੀ ਦਲ ਆਪਣਾ ਪਾਲਿਸੀ ਪ੍ਰੋਗਰਾਮ ਅਤੇ ਸੰਵਿਧਾਨ ਸਮੇਂ ਦਾ ਹਾਣੀ ਹੋਵੇ" ਲਈ ਦਲ ਦੇ ਸੰਵਿਧਾਨ ਦੀ ਸਮੀਖਿਆ ਕਰਨੀ ਜ਼ਰੂਰੀ ਹੋ ਗਈ ਹੈ। ਅੱਜ ਦਾ ਇਹ ਡੈਲੀਗੇਟ ਇਜਲਾਸ ਇਸ ਮੰਤਵ ਲਈ 5 ਮੈਂਬਰੀ ਕਮੇਟੀ ਨਾਮਜ਼ਦ ਕਰਨ ਦਾ ਅਧਿਕਾਰ ਦਲ ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਦਿੰਦਾ ਹੈ।

ਇਸ ਸੰਵਿਧਾਨਕ ਸੋਧ ਕਮੇਟੀ ਨੇ 26 ਮਈ 2004 ਨੂੰ 1974 ਵਾਲੇ ਸੰਵਿਧਾਨ ਵਿੱਚ ਕੁੱਝ ਖਾਸ ਤਰਮੀਮਾਂ ਕਰਕੇ ਅਕਾਲੀ ਦਲ ਦੀ ਕਾਰਗੁਜ਼ਾਰੀ ਇਸ ਤਹਿਤ ਸ਼ੁਰੂ ਹੋ ਜਾਂਦੀ ਹੈ। ਇਹ ਸੰਵਿਧਾਨ ਇਲੈਕਸ਼ਨ ਕਮਿਸ਼ਨ ਵਿੱਚ ਇੱਕ ਸੈਕੂਲਰ ਪਾਰਟੀ ਦੇ ਤੌਰ 'ਤੇ ਦਾਖ਼ਲ ਕੀਤਾ ਜਾਂਦਾ ਹੈ। ਇਸਤੋਂ ਬਾਅਦ ਹੀ ਘੋਨ-ਮੋਨ ਸਿੱਖ ਅਹੁਦਿਆਂ 'ਤੇ ਬਿਰਾਜਮਾਨ ਹੋਣੇ ਸ਼ੁਰੂ ਹੁੰਦੇ ਹਨ। ਇਸ ਤੋਂ ਬਾਅਦ ਹੀ ਬਾਦਲ ਪਰਿਵਾਰ ਵੱਲੋਂ ਅਕਾਲੀ ਦਲ 'ਤੇ ਪੂਰਨ ਤੌਰ 'ਤੇ ਕਾਬਜ਼ ਹੋਣ ਦਾ ਮੁੱਢ ਬੱਝਦਾ ਹੈ। ਜਿਹੜੀਆਂ ਤਰਮੀਮਾਂ ਨੇ ਅਕਾਲੀ ਦਲ ਦਾ ਅਸਲ ਖਾਸਾ ਤੇ ਮਨੋਰਥ ਬਦਲ ਕੇ ਰੱਖ ਦਿੱਤਾ ਉਹਨਾਂ ਦਾ ਸੰਖੇਪ ਵਰਨਣ ਹੇਠਾਂ ਲਿਖਿਆ ਜਾ ਰਿਹਾ ਹੈ:

1. 1974 ਵਾਲੇ ਸੰਵਿਧਾਨ ਵਿੱਚ ਅਕਾਲੀ ਦਲ ਦਾ ਮੈਂਬਰ ਬਨਣ ਲਈ ਅੰਮ੍ਰਿਤਧਾਰੀ, ਗੁਰਮੁਖੀ ਪੜ੍ਹਿਆ ਅਤੇ ਗੁਰਮਤਿ ਅਨੁਸਾਰ ਸੰਸਕਾਰ ਕਰਨ ਵਾਲਾ, ਬਾਣੀ ਦਾ ਨਿਤਨੇਮੀ ਤੇ ਪੰਜ ਕਕਾਰਾਂ ਦਾ ਧਾਰਨੀ ਹੋਣਾ ਜ਼ਰੂਰੀ ਹੋਵੇਗਾ। ਪਤਿਤ ਨਾ ਹੋਵੇ ਅਤੇ ਅਕਾਲੀ ਦਲ ਦੇ ਪ੍ਰੋਗਰਾਮ ਤੇ ਪਾਲਿਸੀ ਮੰਨਦਾ ਹੋਵੇ। 2005 ਵਾਲੇ ਸੰਵਿਧਾਨ ਵਿੱਚ ਅੰਮ੍ਰਿਤਧਾਰੀ, ਗੁਰਮੁਖੀ ਪੜ੍ਹਿਆ ਜਾਂ ਗੁਰਸਿੱਖ ਹੋਣ ਦੀ ਸ਼ਰਤ ਹਟਾ ਕੇ ਸਿਰਫ਼ ਇਹ ਕਰ ਦਿੱਤਾ ਗਿਆ ਕਿ ਮੈਂਬਰ ਅਕਾਲੀ ਦਲ ਦੇ ਪ੍ਰੋਗਰਾਮ ਤੇ ਪਾਲਿਸੀ ਵਿੱਚ ਭਰੋਸਾ ਪ੍ਰਗਟਾਉਂਦਾ ਹੋਵੇ।

2. 1984 ਵਾਲੇ ਸੰਵਿਧਾਨ ਵਿੱਚ "ਕੋਈ ਅਜਿਹਾ ਸੱਜਣ ਅਕਾਲੀ ਦਲ ਦੀ ਜੱਥੇਬੰਦੀ ਦਾ ਮੈਂਬਰ ਨਹੀਂ ਬਣ ਸਕੇਗਾ ਜੋ ਕਿਸੇ ਅਜਿਹੀ ਧਾਰਮਿਕ ਜਾਂ ਸਿਆਸੀ ਜਥੇਬੰਦੀ ਦਾ ਮੈਂਬਰ ਹੋਵੇ, ਜਿਸ ਦਾ ਸਿਧਾਂਤ ਸਿੱਖ ਧਰਮ ਦੇ ਵਿਰੁੱਧ ਹੋਵੇ ਜਾਂ ਸ਼੍ਰੋਮਣੀ ਅਕਾਲੀ ਦਲ ਦੇ ਵਿਰੁੱਧ ਹੋਵੇ ਜਾਂ ਜਿਸਨੂੰ ਅਕਾਲੀ ਦਲ ਨੇ ਪੰਥ ਵਿਰੋਧੀ ਜਮਾਤ ਕਰਾਰ ਦਿੱਤਾ ਹੋਵੇ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਮੈਂਬਰ ਵਰਕਿੰਗ ਕਮੇਟੀ ਦੀ ਆਗਿਆ ਬਿਨਾਂ ਕਿਸੇ ਹੋਰ ਸਿਆਸੀ ਜਥੇਬੰਦੀ ਦਾ ਮੈਂਬਰ ਨਹੀਂ ਬਣ ਸਕੇਗਾ। 2004 ਵਿੱਚ ਉਪਰਲਾ ਸਾਰਾ ਹਿੱਸਾ ਕੱਟ ਕੇ ਸਿਰਫ਼ ਅਖੀਰਲੀ ਲਾਈਨ ਕਿ "ਸ਼੍ਰੋਮਣੀ ਅਕਾਲੀ ਦਲ ਦਾ ਕੋਈ ਮੈਂਬਰ ਵਰਕਿੰਗ ਕਮੇਟੀ ਦੀ ਆਗਿਆ ਬਿਨਾਂ ਕਿਸੇ ਹੋਰ ਸਿਆਸੀ ਜਥੇਬੰਦੀ ਦਾ ਮੈਂਬਰ ਨਹੀਂ ਬਣ ਸਕੇਗਾ" ਰੱਖ ਲਈ ਗਈ।

3. 1974 ਵਿੱਚ "ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਮੰਤਵ" ਦੇ ਸਿਰਲੇਖ ਹੇਠ 5 ਖਾਸ ਮੰਤਵ ਸਨ ਜੋ ਇਸ ਪ੍ਰਕਾਰ ਸਨ: ੳ) ਗੁਰਮਤਿ ਤੇ ਸਿੱਖ ਰਹਿਤ ਮਰਿਆਦਾ ਦਾ ਪ੍ਰਚਾਰ ਅਤੇ ਨਾਸਤਕਤਾ ਅਤੇ ਮਨ ਮੱਤ ਤੇ ਪ੍ਰਹਾਰ ਤੇ ਗੁਰਦੁਆਰਿਆਂ ਦੇ ਪ੍ਰਬੰਧ ਦੇ ਸੁਧਾਰ ਅਤੇ ਸੇਵਾ ਸੰਭਾਲ ਲਈ ਉੱਦਮ ਕਰਨਾ। ਅ) ਸਿੰਘਾਂ ਵਿੱਚ ਅਡਰੀ ਪੰਥਕ ਹਸਤੀ ਦਾ ਇਤਿਹਾਸ ਕਾਇਮ ਰੱਖਣਾ ਅਤੇ ਅਜਿਹਾ ਦੇਸ਼ ਕਾਲ ਘੜਨਾ ਜਿਸ ਵਿੱਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਊ ਪੂਰਨ ਤੌਰ 'ਤੇ ਮੂਰਤੀਮਾਨ ਹੋ ਸਕੇ। ੲ) ਕੰਗਾਲੀ, ਥੁੜ ਅਤੇ ਭੁੱਖ ਨੰਗ ਨੂੰ ਦੂਰ ਕਰਨਾ ਅਤੇ ਵਧੇਰੇ ਨਿਆਂਕਾਰੀ ਆਰਥਕ ਨਿਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਨੂੰ ਵਧਾਉਣਾ ਤੇ ਮੌਜੂਦਾ ਕਾਣੀ ਵੰਡ ਤੇ ਲੁੱਟ ਖਸੁੱਟ ਨੂੰ ਦੂਰ ਕਰਨਾ। ਸ) ਗੁਰਮਤਿ ਦੇ ਆਸ਼ੇ ਅਨੁਸਾਰ ਅਨਪੜ੍ਹਤਾ, ਛੂਤ-ਛਾਤ ਤੇ ਜਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ। ਹ) ਮੰਦੀ ਸਿਹਤ ਅਤੇ ਬਿਮਾਰੀ ਨੂੰ ਦੂਰ ਕਰਨ ਦੇ ਉਪਾਊ, ਨਸ਼ਿਆਂ ਦੀ ਵਰਤੋਂ ਦੀ ਨਿਖੇਧੀ ਤੇ ਸਰੀਰਕ ਅਰੋਗਤਾ ਦਾ ਵਾਧਾ ਕਰਨਾ, ਜਿਸ ਨਾਲ ਕੌਮ ਵਿੱਚ ਉਤਸ਼ਾਹ ਜਾਗੇ ਅਤੇ ਉਹ ਕੌਮੀ ਬਚਾਉ ਲਈ ਤਿਆਰ ਹੋ ਸਕੇ। 2004 ਵਿੱਚ ਇਹ ਮੰਤਵ ਬਦਲ ਕੇ ਹੇਠ ਲਿਖਿਆ ਪਹਿਰਾ ਹੋਂਦ ਵਿੱਚ ਲਿਆਂਦਾ ਗਿਆ। ਸਿਰਲੇਖ "ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਮੰਤਵ" ਨੂੰ ਬਦਲ ਕੇ " ਦਲ ਦੇ ਰਾਜਨੀਤਿਕ ਸਿਧਾਂਤ" ਕਰ ਦਿੱਤਾ ਗਿਆ ਅਤੇ 5 ਮੰਤਵ ਬਦਲ ਕੇ ਹੇਠ ਲਿਖਿਆ ਇੱਕ ਪਹਿਰਾ ਕਰ ਦਿੱਤਾ ਗਿਆ, " ਸ਼੍ਰੋਮਣੀ ਅਕਾਲੀ ਦਲ ਇੱਕ ਰਾਜਨੀਤਿਕ ਪਾਰਟੀ ਹੈ, ਜਿਸ ਦਾ ਜਮੂਹਰੀ ਢੰਗ ਨਾਲ ਗਠਨ ਕੀਤਾ ਗਿਆ ਹੈ ਅਤੇ ਸਮਾਜ ਦੇ ਸਾਰੇ ਵਰਗਾਂ ਲਈ ਬਿਹਤਰ ਜੀਵਨ ਪੱਧਰ, ਸਮਾਨਤਾ ਅਤੇ ਨਿਆਂ ਨੂੰ ਸੁਰੱਖਿਅਤ ਕਰਨ ਅਤੇ ਖਾਸ ਤੌਰ 'ਤੇ ਰਾਸ਼ਟਰੀ ਘੱਟ ਗਿਣਤੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਦੇ ਹਿੱਤਾਂ ਦੀ ਰਾਖੀ ਲਈ ਜਮਹੂਰੀ ਅਤੇ ਸ਼ਾਂਤਮਈ ਸਾਧਨਾਂ ਰਾਹੀਂ ਮਾਹੌਲ ਸਿਰਜਣਾ। ਸ਼੍ਰੋਮਣੀ ਅਕਾਲੀ ਦਲ ਇਹ ਸਮਝਦਾ ਹੈ ਕਿ ਭਾਰਤ ਵੱਖ-ਵੱਖ ਭਾਸ਼ਾਵਾਂ, ਧਾਰਮਿਕ ਅਤੇ ਸੱਭਿਆਚਾਰਾਂ ਦੀ ਇੱਕ ਸੰਘੀ ਅਤੇ ਗਣਤੰਤਰ ਭੂਗੋਲਿਕ ਹਸਤੀ ਹੈ। ਧਾਰਮਿਕ ਅਤੇ ਭਾਸ਼ਾਈ ਘੱਟ ਗਿਣਤੀਆਂ ਦੇ ਮੌਲਿਕ ਅਧਿਕਾਰਾਂ ਦੀ ਰਾਖੀ, ਜਮਹੂਰੀ ਪਰੰਪਰਾਵਾਂ ਦੀਆਂ ਮੰਗਾਂ ਦੀ ਪੂਰਤੀ ਅਤੇ ਆਰਥਿਕ ਤਰੱਕੀ ਲਈ ਰਾਹ ਪੱਧਰਾ ਕਰਨ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਭਾਰਤੀ ਸੰਵਿਧਾਨਕ ਢਾਂਚੇ ਨੂੰ ਕੇਂਦਰ ਰਾਜ ਸਬੰਧਾਂ ਅਤੇ ਅਧਿਕਾਰਾਂ ਦੀ ਮੁੜ ਪਰਿਭਾਸ਼ਾ ਦੇ ਕੇ ਅਸਲ ਸੰਘੀ ਰੂਪ ਦਿੱਤਾ ਜਾਵੇ"

4. 2004 ਵਿੱਚ ਵਰਕਿੰਗ ਕਮੇਟੀ ਦਾ ਨੰਬਰ 21 ਤੋਂ 51 ਕਰ ਦਿੱਤਾ ਗਿਆ ਪਰ ਇਸ ਵੱਲੋਂ ਪ੍ਰਧਾਨ ਦੀ ਚੋਣ ਦਾ ਢੰਗ ਗੈਰ-ਜਮੂਹਰੀ ਕਰ ਦਿੱਤਾ ਭਾਵ ਪ੍ਰਧਾਨ ਕਦੇ ਵੀ ਪ੍ਰਧਾਨਗੀ ਤੋਂ ਲਾਹਿਆ ਨਹੀਂ ਜਾ ਸਕੇਗਾ ਕਿਉਂ ਕਿ 51 ਵਿੱਚੋਂ 31 ਬੰਦੇ ਪ੍ਰਧਾਨ ਨਾਮਜ਼ਦ ਕਰੇਗਾ ਅਤੇ ਸਿਰਫ 20 ਬੰਦੇ ਜਨਰਲ ਹਾਊਸ ਵਿੱਚੋਂ ਚੁਣ ਕੇ ਆਉਣਗੇ।

5. 1975 ਵਾਲੇ ਸੰਵਿਧਾਨ ਵਿੱਚ ਪ੍ਰਧਾਨ ਦੀ ਮਿਆਦ 2 ਸਾਲ ਸੀ ਅਤੇ ਉਹ ਦੋ ਵਾਰ ਪ੍ਰਧਾਨ ਰਹਿ ਸਕਦਾ ਸੀ। ਦੁਬਾਰਾ ਪ੍ਰਧਾਨ ਬਨਣ ਲਈ ਵਿੱਚਕਾਰ ਇੱਕ ਸਾਲ ਦਾ ਵਕਫ਼ਾ ਜ਼ਰੂਰੀ ਸੀ। ਪਰ 2004 ਵਿੱਚ ਇਹ ਮੱਦ ਕੱਢ ਦਿੱਤੀ ਗਈ ਭਾਵ ਪ੍ਰਧਾਨ ਜਿੰਨੀ ਮਰਜ਼ੀ ਦੇਰ ਅਹੁਦੇ 'ਤੇ ਰਹਿ ਸਕਦਾ ਹੈ।

6. 2005 ਦੇ ਜਨਰਲ ਇਜਲਾਸ ਨੇ ਮਤਾ ਨੰਬਰ 2, ਜਿਸ ਵਿੱਚ ਸੰਵਿਧਾਨ ਦੀ ਅਵੱਗਿਆ ਕਰਦੇ ਹੋਏ ਇਹ ਪਾਸ ਕੀਤਾ ਗਿਆ, "ਇਹ ਇਕੱਤਰਤਾ ਸਰਵ ਸੰਮਤੀ ਨਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਅਧਿਕਾਰ ਦਿੰਦੀ ਹੈ ਕਿ ਉਹ ਆਪਣੀ ਮਰਜ਼ੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਜਿਸਨੂੰ ਵੀ ਚਾਹੁਣ, ਦਲ ਦਾ ਅਹੁਦੇਦਾਰ ਬਣਾ ਦੇਣ। ਸਮੁੱਚੇ ਤੌਰ 'ਤੇ ਉਹਨਾਂ ਨੂੰ ਪੂਰਾ ਅਖ਼ਤਿਆਰ ਹੈ ਕਿ ਉਹ ਸਾਰੀ ਜਥੇਬੰਦੀ ਆਪਣੀ ਮਰਜ਼ੀ ਅਨੁਸਾਰ ਬਣਾ ਦੇਣ। ਜੋ ਸੰਵਿਧਾਨ ਵਿੱਚ ਅਹੁਦੇਦਾਰ ਨਿਯੁਕਤੀ ਦੀ ਪ੍ਰਕਿਰਿਆ ਦਿੱਤੀ ਗਈ ਹੈ ਉਸਨੂੰ ਛਿੱਕੇ ਟੰਗ ਇੱਕ ਕਾਰਪੋਰੇਸ਼ਨ ਵਾਂਗ ਉਸਦੇ ਸੀ ਈ ਓ ਨੂੰ ਸਾਰੇ ਅਧਿਕਾਰ ਦੇ ਦਿੱਤੇ। ਇਹ ਅਧਿਕਾਰ ਦੇਣ ਦੀ ਵੀ ਸੰਵਿਧਾਨ ਵਿੱਚ ਕੋਈ ਮੱਦ ਨਹੀਂ।

ਅਕਾਲੀ ਦਲ ਨੂੰ ਮੁੜ-ਸੁਰਜੀਤ ਕਰਨ ਲਈ ਸੰਵਿਧਾਨ ਨੂੰ ਦੁਬਾਰਾ ਸਿੱਖ ਸਿਧਾਂਤ ਅਤੇ ਭਾਵਨਾ 'ਤੇ ਅਧਾਰਿਤ ਬਨਾਉਣਾ ਪਵੇਗਾ। ਜੇ 2004 ਵਾਲਾ ਸੰਵਿਧਾਨ ਹੀ ਪ੍ਰਚਲਿਤ ਜਾਂ ਲਾਗੂ ਰਹਿੰਦਾ ਹੈ ਤਾਂ ਅਕਾਲੀ ਦਲ ਦੇ ਮਨੋਰਥ ਅਤੇ ਟੀਚਿਆਂ ਵਿੱਚ ਕੋਈ ਤਬਦੀਲੀ ਨਹੀਂ ਆਏਗੀ। ਹੋ ਸਕਦਾ ਥੋੜੀ ਦੇਰ ਲਈ ਕੁੱਝ ਨਵੇਂ ਚਿਹਰੇ ਸਾਹਮਣੇ ਆ ਜਾਣ ਪਰ ਅਮਲੀ ਤਬਦੀਲੀ ਅਸੰਭਵ ਹੈ। ਅਕਾਲੀ ਦਲ ਨੂੰ ਮੁੜ ਪੰਥਕ ਦਲ ਬਨਾਉਣ ਲਈ ਸਾਡੇ ਵੱਲੋਂ ਕੁੱਝ ਸੁਝਾਅ ਇਸ ਤਰ੍ਹਾਂ ਹਨ:

** 2004 ਦੀਆਂ ਸੋਧਾਂ ਦੋ ਹੀ ਨਿਸ਼ਾਨਿਆਂ ਨੂੰ ਮੁੱਖ ਰੱਖ ਕੇ ਕੀਤੀਆਂ ਗਈਆਂ – ਇੱਕ ਬਾਦਲ ਪਰਿਵਾਰ ਦਾ ਪੂਰਨ 'ਤੇ ਸਦੀਵੀ ਕਬਜ਼ਾ ਅਤੇ ਦੂਜਾ ਅਕਾਲੀ ਦਲ ਮਹਿਜ਼ ਇੱਕ ਸਿਆਸੀ ਪਾਰਟੀ, ਜਿਸਦਾ ਧਰਮ ਨਾਲ ਕੋਈ ਸਬੰਧ ਨਹੀਂ। ਇਹਨਾਂ ਸੋਧਾਂ ਨੂੰ ਰੱਦ ਕਰਕੇ 1974 ਵਾਲੇ ਸੰਵਿਧਾਨ ਦੇ ਲਾਗੂ ਹੋਏ ਬਿਨਾਂ ਅਕਾਲੀ ਦਲ ਪੁਨਰ-ਸੁਰਜੀਤ ਨਹੀਂ ਹੋ ਸਕਦਾ। ਇਹਨਾਂ ਸੋਧਾਂ ਨੇ ਬਾਦਲ ਪਰਿਵਾਰ ਨੂੰ ਪਾਰਟੀ ਦੇ ਡਿਕਟੇਟਰ ਬਣਾ ਦਿੱਤਾ। ਅੱਜ ਚਾਹੇ ਨਵੇਂ ਮੈਂਬਰਾਂ ਦੀ ਭਰਤੀ ਹੋ ਵੀ ਜਾਵੇ ਅਤੇ ਜਿਹੜਾ ਵੀ ਪ੍ਰਧਾਨ ਬਣੇਗਾ ਉਸ ਕੋਲ ਇੱਕ ਡਿਕਟੇਟਰ ਬਨਣ ਦੀ ਸ਼ਕਤੀ ਹੋਵੇਗੀ ਅਤੇ ਉਹ ਆਪਣੀ ਇੱਛਾ ਮੁਤਾਬਕ ਸਾਰੀ ਉਮਰ ਅਹੁਦ'ਤੇ ਰਹਿ ਸਕਦਾ ਹੋਏਗਾ।

* ਭਾਰਤ ਵਿੱਚ ਰਾਜਸੀ ਪਿੜ੍ਹ ਅੰਦਰ ਅਕਾਲੀ ਦਲ ਨੇ ਕਿਵੇਂ ਵਿਚਰਨਾ ਹੈ ? ਬਾਰੇ ਵੀ ਮਨੋਰਥ ਤੇ ਟੀਚੇ ਅਪਨਾਉਣੇ ਪੈਣਗੇ। 1984 ਅਤੇ 2004 ਦੇ ਸੰਵਿਧਾਨ ਮੁਤਾਬਕ ਅਕਾਲੀ ਦਲ ਫੈਡਰਲ ਢਾਂਚੇ ਦੀ ਲੜਾਈ ਲੜੇਗਾ ਜੋ ਬਾਦਲ ਪਰਿਵਾਰ ਨੇ ਮਿੱਟੀ ਘੱਟੇ ਰੋਲ ਦਿੱਤੀ ਹੈ। ਇਸ ਚਿੱਠੀ ਨਾਲ ਮਿਸਲ ਸਤਲੁਜ ਵੱਲੋਂ ਮਨੋਰਥ ਤੇ ਟੀਚੇ ਦਾ ਦਸਤਾਵੇਜ਼ ਲਾਇਆ ਗਿਆ ਹੈ ਜਿਹੜੇ ਅੱਜ ਦੇ ਹਾਲਾਤ ਵਿੱਚ ਅਕਾਲੀ ਦਲ ਵੱਲੋਂ ਅਪਨਾਉਣੇ ਬਣਦੇ ਹਨ।

**1974 ਵਾਲੇ ਸੰਵਿਧਾਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਰਮੀਮ ਕਰਨ ਲਈ ਇੱਕ ਪ੍ਰਕ੍ਰਿਆ ਲਿਖੀ ਗਈ ਹੈ ਜਿਸਨੂੰ 2004 ਵਿੱਚ ਬਿੱਲਕੁਲ ਵੀ ਵਰਤਿਆ ਨਹੀ ਗਿਆ। ਇਸ ਲਈ ਹਰ ਸੋਧ ਅਤੇ ਇੱਥੋਂ ਤੱਕ ਕਿ 2004 ਵਾਲਾ ਸੰਵਿਧਾਨ ਹੀ ਗ਼ੈਰ-ਕਾਨੂੰਨੀ ਹੈ। ਕੋਈ ਵੀ ਕਚਿਹਰੀ ਪਹਿਲੀ ਪੇਸ਼ੀ 'ਤੇ ਇਸ ਸੰਵਿਧਾਨ ਨੂੰ ਰੱਦ ਕਰ ਸਕਦੀ ਹੈ।

ਅਖੀਰ ਵਿੱਚ ਸਾਡੀ ਅਕਾਲ ਤਖ਼ਤ ਸਾਹਿਬ ਨੂੰ ਸਨਿਮਰ ਬੇਨਤੀ ਹੈ ਕਿ ਉਹ ਦੋ ਕਮੇਟੀਆਂ ਦਾ ਗਠਨ ਕਰੇ। 2005 ਦੀਆਂ ਸੋਧਾਂ ਨੂੰ ਪੂਰਨ ਤੌਰ 'ਤੇ ਰੱਦ ਕਰਕੇ 1974 ਵਾਲੇ ਸੰਵਿਧਾਨ ਵਿੱਚ ਲੋੜੀਂਦੀਆਂ ਸੋਧਾਂ ਲਈ ਇੱਕ ਸੰਵਿਧਾਨਕ ਸੋਧ ਕਮੇਟੀ ਦਾ ਗਠਨ ਕਰੇ। ਦੂਜਾ, ਇੱਕ ਰਾਜਸੀ ਕਮੇਟੀ ਬਨਾਉਣੀ ਚਾਹੀਦੀ ਹੈ ਜੋ ਭਾਰਤ ਵਿੱਚ ਸਿੱਖਾਂ ਦੇ ਰਾਜਸੀ ਸੰਘਰਸ਼ ਲਈ ਮਨੋਰਥ ਤੇ ਟੀਚੇ ਤਹਿ ਕਰੇ।

# ਟਰੰਪ ਪ੍ਰਸ਼ਾਸਨ 'ਚ ਕਾਨੂੰਨਦਾਨ ਹਰਮੀਤ ਕੌਰ ਢਿੱਲੋਂ ਦੀ ਨਿਯੁਕਤੀ ਤੋਂ ਭਗਵੇਂਵਾਦੀ ਕਿਉਂ ਪਰੇਸ਼ਾਨ ?

## ਭਾਰਤੀ ਮੇਨ ਸਟਰੀਮ ਦੇ ਮੀਡੀਆ 'ਚ ਹਰਮੀਤ ਖ਼ਿਲਾਫ਼ ਨਫ਼ਰਤ ਦੀ ਲਹਿਰ ਚਲਾਈ

## ਬੀਬੀ ਢਿੱਲੋਂ ਨੇ ਸਿੱਖਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਤੇ ਭਾਈ ਨਿੱਝਰ ਦੇ ਕਤਲ ਬਾਰੇ ਆਵਾਜ਼ ਉਠਾਈ





ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇੱਕ ਸਿੱਖ ਕਾਨੂੰਨਦਾਨ ਹਰਮੀਤ ਕੌਰ ਢਿੱਲੋਂ ਨੂੰ ਅਮਰੀਕਾ ਦੇ ਨਿਆਂ ਵਿਭਾਗ ਵਿੱਚ ਸਹਾਇਕ ਅਟਾਰਨੀ ਜਨਰਲ (ਨਾਗਰਿਕ ਅਧਿਕਾਰ) ਲਾਉਣ ਦਾ ਐਲਾਨ ਕਰਨ ਤੋਂ ਬਾਅਦ ਭਗਵੇਂਵਾਦੀ ਬੁਰੀ ਤਰ੍ਹਾਂ ਪਰੇਸ਼ਾਨ ਹਨ ਤੇ ਉਹ ਹਰਮੀਤ ਖ਼ਿਲਾਫ਼ ਜ਼ਹਿਰ ਦੇ ਬਿਛੂ ਸ਼ੋਸ਼ਲ ਮੀਡੀਆ ਉੱਪਰ ਹੀ ਨਹੀਂ ਉਗਲ ਰਹੇ, ਸਗੋਂ ਭਾਰਤੀ ਮੇਨ ਸਟਰੀਮ ਦੇ ਮੀਡੀਆ ਵਿੱਚ ਉਨ੍ਹਾਂ ਖ਼ਿਲਾਫ਼ ਇੱਕ ਤਰ੍ਹਾਂ ਨਾਲ ਨ.ਫਰਤ ਦੀ ਲਹਿਰ ਜਿਹੀ ਚਲਾ ਦਿੱਤੀ ਗਈ ਅਤੇ ਉਸ ਨੂੰ ਭਾਰਤ ਦਾ ਦੁਸ਼ਮਣ ਅਤੇ ਖ਼ਾਲਿਸਤਾਨ ਪੱਖੀ ਕਰਾਰ ਦਿੱਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਨਫਰਤੀ ਪਾਤਰਾਂ ਨੇ ਦੇਸ਼ ਵਿੱਚ ਫਿਰਕੂਵਾਦ ਤੇ ਦੰਗੇ ਫੈਲਾਉਣ ਤੋਂ ਇਲਾਵਾ ਕੁਝ ਨਹੀਂ ਕੀਤਾ ਜਦ ਕਿ ਜਿੰਨੀਆਂ ਕੁਰਬਾਨੀਆਂ ਇਸ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ ਕੀਤੀਆਂ ਹਨ, ਉਨੀਆਂ ਕਿਸੇ ਨੇ ਨਹੀਂ ਕੀਤੀਆਂ। ਇਹ ਫਿਰਕੂ ਲੋਕ ਨਹੀਂ ਚਾਹੁੰਦੇ ਕੋਈ ਸਖਸ਼ੀਅਤ ਭਾਰਤ ਵਿੱਚ ਹੋ ਰਹੇ ਸਿੱਖਾਂ ਖ਼ਿਲਾਫ਼ ਹੋ ਰਹੇ ਅਨਿਆਂ ਬਾਰੇ ਬੋਲੇ। ਇਹ ਭਗਵੇਂਵਾਦੀ ਸਿੱਖਾਂ ਦੇ ਹੱਕ ਵਿੱਚ ਆਵਾਜ਼ ਉਠਾਉਣ ਵਾਲੇ ਨੂੰ ਦੇਸ਼ ਵਿਰੋਧੀ ਸਮਝ ਰਹੇ ਹਨ। ਭਾਰਤੀ ਮੀਡੀਆ ਵੀ ਇਸੇ ਫਿਰਕੂਵਾਦੀ,ਧੌਂਸਵਾਦੀ ਅਸ਼ਵਮੇਘ ਯੱਗ ਵਿੱਚ ਸ਼ਾਮਲ ਹੈ।

ਗੌਰਤਲਬ ਹੈ ਹਰਮੀਤ ਕੌਰ ਢਿੱਲੋਂ ਉਹੀ ਸ਼ਖ਼ਸੀਅਤ ਹਨ ਜੋ ਪਹਿਲਾਂ ਵੀ ਅਮਰੀਕਾ ਵਿੱਚ ਮਨੁੱਖੀ ਅਧਿਕਾਰਾਂ ਲਈ ਆਵਾਜ਼ ਉਠਾਉਂਦੀ ਰਹੀ ਹੈ। ਉਸ ਨੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਿਆਂ ਉੱਤਰੀ ਅਮਰੀਕਾ ਵਿੱਚ ਹੋਏ ਸਿੱਖ ਖਾੜਕੂਆਂ ਦੇ ਕਤਲਾਂ ਖਾਸ ਕਰਕੇ ਭਾਈ ਹਰਦੀਪ ਸਿੰਘ ਦੇ ਕਤਲ ਬਾਰੇ ਤਲਖ਼ ਟਿੱਪਣੀਆਂ ਵੀ ਕੀਤੀਆਂ ਸਨ। ਪਰ ਇਹ ਟਿਪਣੀਆਂ ਜਾਇਜ਼ ਸਨ ਕਿ ਕਾਨੂੰਨ ਤੋਂ ਬਾਹਰ ਜਾ ਕੇ ਕਿਵੇਂ ਕਤਲ ਕੀਤੇ ਜਾ ਸਕਦੇ ਹਨ ? ਕਿਵੇਂ ਝੂਠੇ ਪੁਲਿਸ ਮੁਕਾਬਲੇ ਬਣਾਏ ਜਾ ਸਕਦੇ ਹਨ ਤੇ ਪੰਜਾਬ ਸੰਤਾਪ ਦੌਰਾਨ ਸਾਧਾਰਨ ਸਿੱਖਾਂ ਨੂੰ ਲਵਾਰਸ ਲਾਸ਼ਾਂ ਕਿਵੇਂ ਬਣਾਇਆ ਜਾ ਸਕਦਾ ਹੈ ?

ਸੋਸ਼ਲ ਮੀਡੀਆ ਐਕਸ 'ਤੇ ਢਿੱਲੋਂ ਨੇ ਕਿਸਾਨਾਂ ਦੇ ਅੰਦੋਲਨ ਦਾ ਸਮਰਥਨ ਕੀਤਾ ਸੀ। ਆਪਣੇ ਪਰਿਵਾਰ ਦਾ ਖੇਤੀ ਨਾਲ ਜੁੜੇ ਹੋਣ ਬਾਰੇ ਜ਼ਿਕਰ ਕਰਦੇ ਹੋਏ ਢਿੱਲੋਂ ਨੇ ਇੱਕ ਹੋਰ ਪੋਸਟ ਵਿੱਚ ਕਿਹਾ ਸੀ ਕਿ ਮੈਂ ਕਿਸਾਨੀ ਸੰਘਰਸ਼ ਦੇ ਨਾਲ ਖੜ੍ਹੀ ਹਾਂ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਦਰਸ਼ਨਕਾਰੀਆਂ ਨਾਲ ਮਿਲਣ ਅਤੇ ਸਮਝੌਤਾ ਕਰਨ ਦੀ ਅਪੀਲ ਵੀ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਪੰਜਾਬ ਵਿੱਚ ਪੈਦਾ ਹੋਣ ਦੇ ਨਾਤੇ, ਮੇਰਾ ਦਿਲ ਇਹ ਦੇਖ ਕੇ ਟੁੱਟਦਾ ਹੈ ਕਿ ਪੰਜਾਬੀ ਕਿਸਾਨਾਂ 'ਤੇ ਭਾਰਤੀ ਸਰਕਾਰ ਦੇ ਵੱਡੇ-ਕਾਰਪੋਰੇਸ਼ਨ ਪੱਖੀ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਲਈ ਹਮਲਾ ਕੀਤਾ ਗਿਆ ਹੈ। ਇਹ ਉਨ੍ਹਾਂ ਦੇ ਖੇਤਾਂ, ਜੀਵਨ ਢੰਗ ਅਤੇ ਸੱਭਿਆਚਾਰ ਨੂੰ ਤਬਾਹ ਕਰ ਦੇਵੇਗਾ। ਪ੍ਰਧਾਨ ਮੰਤਰੀ ਜੀ ਉਨ੍ਹਾਂ ਨੂੰ ਸੁਣੋ, ਉਨ੍ਹਾਂ ਨੂੰ ਮਿਲੋ, ਸਮਝੌਤਾ ਕਰੋ।

ਰਾਸ਼ਟਰਪਤੀ ਟਰੰਪ ਨੇ ਖੁਦ ਕਿਹਾ ਕਿ ਹਰਮੀਤ ਕੌਰ ਦੇਸ਼ (ਅਮਰੀਕਾ) ਦੇ ਚੋਟੀ ਦੇ ਵਕੀਲ ਹਨ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟ ਫਾਰਮ 'ਟਰੁੱਥ ਸੋਸ਼ਲ' 'ਤੇ ਕਿਹਾ ਸੀ ਕਿ ਨਿਆਂ ਵਿਭਾਗ ਵਿੱਚ ਆਪਣੀ ਨਵੀਂ ਭੂਮਿਕਾ ਵਿੱਚ ਸਾਡੇ ਸੰਵਿਧਾਨਕ ਅਧਿਕਾਰਾਂ ਦੀ ਅਣਥੱਕ ਰੱਖਿਅਕ ਹੋਵੇਗੀ ਅਤੇ ਸਾਡੇ ਨਾਗਰਿਕ ਅਧਿਕਾਰਾਂ ਅਤੇ ਚੋਣ ਕਾਨੂੰਨਾਂ ਨੂੰ ਨਿਰਪੱਖਤਾ ਅਤੇ ਦ੍ਰਿੜਤਾ ਨਾਲ ਲਾਗੂ ਕਰੇਗੀ। ਉਹ ਧਾਰਮਿਕ ਆਜ਼ਾਦੀ ਦੀ ਵਕਾਲਤ ਕਰਨ ਅਤੇ ਕਾਰਪੋਰੇਟ ਵਿਤਕਰੇ ਦਾ ਵਿਰੋਧ ਕਰਨ ਸਮੇਤ ਨਾਗਰਿਕ ਆਜ਼ਾਦੀਆਂ ਦੀ ਰੱਖਿਆ ਲਈ ਢਿੱਲੋਂ (ਹਰਮੀਤ) ਵਲੋਂ ਕੀਤੇ ਕੰਮਾਂ ਦੀ ਸ਼ਲਾਘਾ ਕਰਦੇ ਹਨ।

ਟਰੰਪ ਨੇ ਇਹ ਵੀ ਕਿਹਾ ਕਿ ਢਿੱਲੋਂ ਨੇ ਬੋਲਣ ਦੀ ਆਜ਼ਾਦੀ 'ਤੇ ਰੋਕ ਲਗਾਉਣ ਲਈ ਤਕਨੀਕੀ ਕੰਪਨੀਆਂ ਨੂੰ ਘੇਰਿਆ ਸੀ, ਜੋ ਈਸਾਈਆਂ ਦੀ ਨੁਮਾਇੰਦਗੀ ਕਰਦੇ ਹਨ ਜਿਨ੍ਹਾਂ ਨੂੰ ਕੋਵਿਡ -19 ਮਹਾਂਮਾਰੀ ਦੌਰਾਨ ਇਕੱਠੇ ਪ੍ਰਾਰਥਨਾ ਕਰਨ ਤੋਂ ਰੋਕਿਆ ਗਿਆ ਸੀ। ਡੋਨਾਲਡ ਟਰੰਪ ਨੇ ਅੱਗੇ ਕਿਹਾ ਕਿ ਹਰਮੀਤ ਸਿੱਖ ਭਾਈਚਾਰੇ ਦਾ ਸਤਿਕਾਰਤ ਮੈਂਬਰ ਹੈ। ਨਿਆਂ ਵਿਭਾਗ ਵਿਖੇ, ਹਰਮੀਤ ਸਾਡੇ ਸੰਵਿਧਾਨਕ ਅਧਿਕਾਰਾਂ ਦਾ ਅਣਥੱਕ ਰਖਵਾਲੀ ਹੋਵੇਗੀ ਅਤੇ ਸਾਡੇ ਨਾਗਰਿਕ ਅਧਿਕਾਰਾਂ ਅਤੇ ਚੋਣ ਕਾਨੂੰਨਾਂ ਨੂੰ ਨਿਰਪੱਖ ਅਤੇ ਜ਼ੋਰਦਾਰ ਢੰਗ ਨਾਲ ਲਾਗੂ ਕਰੇਗੀ।

ਇਸ ਤੋਂ ਬਾਅਦ, ਵਕੀਲ ਹਰਮੀਤ ਕੌਰ ਢਿੱਲੋਂ ਦਾ ਜਵਾਬ ਵੀ ਸਾਹਮਣੇ ਆਇਆ, ਉਨ੍ਹਾਂ ਨੇ ਜਵਾਬ ਦਿੱਤਾ ਕਿ ਮੈਂ ਨਾਮਜ਼ਦ ਹੋਣ ਅਤੇ ਟਰੰਪ ਦੇ ਅਟਾਰਨੀ ਜਨਰਲ-ਚੁਣੇ ਪੈਮ ਬੌਂਡੀ ਦੀ ਅਗਵਾਈ ਵਿੱਚ ਵਕੀਲਾਂ ਦੀ ਇੱਕ ਸ਼ਾਨਦਾਰ ਟੀਮ ਦਾ ਹਿੱਸਾ ਬਣ ਕੇ ਬਹੁਤ ਮਾਣ ਮਹਿਸੂਸ ਕਰ ਰਹੀ ਹਾਂ।


ਹੈਰਾਨੀ ਦੀ ਗੱਲ ਹੈ ਕਿ ਜਦੋਂ ਟਰੰਪ 3 ਹੋਰ ਭਾਰਤੀ ਮੂਲ ਦੇ ਵਿਅਕਤੀਆਂ ਕਾਸ਼ ਪਟੇਲ, ਵਿਵੇਕ ਰਾਮਾਸਵਾਮੀ ਅਤੇ ਡਾ. ਭੱਟਾਚਾਰੀਆ ਨੂੰ ਅਮਰੀਕੀ ਪ੍ਰਸ਼ਾਸਨ ਵਿਚ ਉੱਚ ਅਹੁਦਿਆਂ 'ਤੇ ਨਿਯੁਕਤ ਕਰਦੇ ਹਨ ਤਾਂ ਇਹੀ ਭਾਰਤੀ ਮੀਡੀਆ ਇਸ ਦਾ ਸਵਾਗਤ ਕਰਦਾ ਨਹੀਂ ਥੱਕਦਾ। ਇਸ ਤੋਂ ਸਪਸ਼ਟ ਹੈ ਕਿ ਸਿੱਖਾਂ ਵਿਰੁੱਧ ਨ.ਫਰਤ ਜਾਣ ਬੁਝਕੇ ਫੈਲਾਈ ਜਾ ਰਹੀ ਹੈ।

ਇਹ ਠੀਕ ਹੈ ਕਿ ਅਮਰੀਕੀ ਰਾਜਨੀਤੀ ਵਿੱਚ ਖ਼ਾਸ ਕਰ ਰਿਪਬਲਿਕਨ ਪਾਰਟੀ ਵਿੱਚ ਸਿੱਖ ਲਾਬੀ ਨੂੰ ਕਾਫੀ ਕਮਜ਼ੋਰ ਮੰਨਿਆ ਜਾਂਦਾ ਸੀ ਤੇ ਇਹ ਕੋਈ ਸੋਚਦਾ ਵੀ ਨਹੀਂ ਸੀ ਕਿ ਟਰੰਪ ਕਿਸੇ ਸਿੱਖ ਨੂੰ ਏਨਾ ਵੱਡਾ ਅਹੁਦਾ ਦੇ ਕੇ ਨਿਵਾਜ ਦੇਣਗੇ, ਜੋ ਦੁਨੀਆਂ ਭਰ ਵਿੱਚ ਰਾਜਨੀਤੀਵਾਨਾਂ ਵੱਲੋਂ ਖੇਡੀ ਜਾ ਰਹੀ ਨ.ਫਰਤ ਦੀ ਖੇਡ ਤੇ ਮਨੁੱਖੀ ਅਧਿਕਾਰਾਂ ਦੇ ਸੋਸ਼ਣ ਖ਼ਿਲਾਫ਼ ਬੋਲਣ ਦੇ ਸਮਰੱਥ ਹੋਵੇਗਾ।

ਪਰ ਇਸ ਨਿਯੁਕਤੀ ਨੇ ਭਾਰਤੀ ਮੀਡੀਆ ਜੋ ਸਾਫ਼ ਤੌਰ 'ਤੇ ਫਿਰਕੂ ਲੀਹਾਂ 'ਤੇ ਨ.ਫਰਤ ਦੀ ਮੁਹਿੰਮ ਚਲਾ ਰਿਹਾ ਹੈ, ਲਈ ਇਹ ਫ਼ਿਕਰ ਦੀ ਗੱਲ ਹੈ ਕਿ ਕੋਈ ਭਾਰਤੀ ਮੂਲ ਦੀ ਸਿੱਖ, ਮਨੁੱਖੀ ਅਧਿਕਾਰਾਂ ਸੰਬੰਧੀ ਅਮਰੀਕਾ ਦੇ ਇਸ ਵੱਡੇ ਅਹੁਦੇ 'ਤੇ ਬੈਠ ਗਈ ਹੈ ਪਰ ਸਿੱਖ ਜਗਤ ਨੂੰ ਹਰਮੀਤ ਕੌਰ ਢਿੱਲੋਂ ਦੀ ਇਸ ਨਿਯੁਕਤੀ 'ਤੇ ਮਾਣ ਹੈ। ਗੌਰਤਲਬ ਹੈ ਕਿ ਹਰਮੀਤ ਕੌਰ ਉਹ ਪਹਿਲੀ ਸਿੱਖ ਸ਼ਖ਼ਸੀਅਤ ਹੈ, ਜਿਸ ਨੇ ਟਰੰਪ 'ਤੇ ਹੋਏ ਜਾਨ ਲੇਵਾ ਹਮਲੇ ਤੋਂ ਬਚ ਜਾਣ 'ਤੇ ਮਿਲਵਾਕੀ (ਅਮਰੀਕਾ) ਦੀ ਰਿਪਬਲਿਕਨ ਪਾਰਟੀ ਦੇ ਸਮਾਰੋਹ ਵਿੱਚ ਟਰੰਪ ਦੇ ਬਚ ਜਾਣ ਦੇ ਸ਼ੁਕਰਾਨੇ ਵਜੋਂ ਸਟੇਜ ਤੋਂ ਸਿੱਖ ਅਰਦਾਸ ਕੀਤੀ ਸੀ। ਹਾਲਾਂ ਕਿ ਇਸ ਅਰਦਾਸ ਦੇ ਮਾਮਲੇ 'ਤੇ ਵੀ ਜੋ ਵਿਰੋਧ ਦੀਆਂ ਆਵਾਜ਼ਾਂ ਉਠੀਆਂ ਸਨ, ਉਨ੍ਹਾਂ ਨੂੰ ਵੀ ਭਾਰਤੀ ਮੇਨ ਸਟਰੀਮ ਦੇ ਮੀਡੀਆ ਨੇ ਵਿਸ਼ੇਸ਼ ਸਥਾਨ ਹੀ ਦਿੱਤਾ ਸੀ।

ਇਥੇ ਜ਼ਿਕਰਯੋਗ ਹੈ ਕਿ 55 ਸਾਲਾਂ ਦੀ ਹਰਮੀਤ ਕੌਰ ਢਿੱਲੋਂ ਦਾ ਜਨਮ ਚੰਡੀਗੜ੍ਹ ਵਿੱਚ ਹੋਇਆ ਸੀ। ਉਹ 2 ਸਾਲ ਦੀ ਉਮਰ ਵਿੱਚ ਹੀ ਆਪਣੇ ਪਿਤਾ ਤੇਜਪਾਲ ਸਿੰਘ ਤੇ ਮਾਤਾ ਪਰਮਿੰਦਰ ਕੌਰ ਨਾਲ ਅਮਰੀਕਾ ਚਲੀ ਗਈ ਸੀ। ਉਨ੍ਹਾਂ ਦਾ ਪਾਲਣ-ਪੋਸ਼ਣ ਸਿੱਖ ਧਾਰਮਿਕ ਰਹੁ-ਰੀਤਾਂ ਅਨੁਸਾਰ ਹੋਇਆ। ਉਨ੍ਹਾਂ ਨੇ ਦੱਸਿਆ, 'ਮੇਰੇ ਘਰ ਵਿੱਚ ਕਾਫੀ ਧਾਰਮਿਕ ਮਾਹੌਲ ਸੀ ਅਤੇ ਇਹ ਮੇਰੇ ਜੀਵਨ ਦੇ ਪਹਿਲੇ ਦਿਨ ਤੋਂ ਹੀ ਕਾਫੀ ਅਹਿਮ ਹਿੱਸਾ ਸੀ।' ਉਸ ਨੇ ਡਾਰਟਮਾਊਥ ਕਾਲਜ ਤੋਂ ਪਹਿਲਾਂ ਕਲਾਸੀਕਲ ਸਾਹਿਤ ਵਿੱਚ ਗਰੈਜੂਏਸ਼ਨ (ਬਾਕੀ ਸਫ਼ਾ 31 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਕੁਕੜੂੰ ਕੂੰ... ਏ ਹੰਗਾਮਾ ਏ ਕਿਉਂ ਬਰਪਾ?

## ਬਰਫ਼ੀਲੇ ਮੌਸਮ 'ਚ 'ਜੰਗਲੀ ਮੁਰਗੇ' ਕਾਰਨ ਗਰਮਾਈ ਹਿਮਾਚਲ ਦੀ ਸਿਆਸਤ

## ਕੁਝ ਸਮਾਂ ਪਹਿਲਾਂ 'ਸਮੋਸਿਆਂ' ਕਾਰਨ ਵੀ ਪੈ ਚੁੱਕਿਆ ਹੈ ਸਿਆਸੀ ਘਮਸਾਣ

ਜਗਮੋਹਨ ਸਿੰਘ ਲੱਕੀ
ਮੋਬਾ. 9463819174

ਪਹਾੜੀ ਸੂਬੇ ਹਿਮਾਚਲ ਪ੍ਰਦੇਸ਼ 'ਚ ਇਸ ਸਮੇਂ 'ਸਿਆਲਾਂ ਦੀ ਰੁੱਤ' ਦੌਰਾਨ ਬਰਫ਼ਬਾਰੀ ਹੋ ਰਹੀ ਹੈ, ਜਿਸ ਕਰਕੇ ਹਰ ਪਾਸੇ ਕੜਾਕੇ ਦੀ ਠੰਡ ਨੇ ਠਾਰੀ ਫ਼ੈਲਾਈ ਹੋਈ ਹੈ ਪਰ ਇਸ ਬਰਫ਼ੀਲੇ ਮੌਸਮ ਵਿੱਚ 'ਜੰਗਲੀ ਮੁਰਗੇ' ਦੀ 'ਕੂਕੜੂੰ ਕੂੰ' ਕਾਰਨ ਹਿਮਾਚਲ ਪ੍ਰਦੇਸ਼ ਦੀ ਸਿਆਸਤ ਪੂਰੀ ਤਰ੍ਹਾਂ 'ਗਰਮਾਅ' ਗਈ ਹੈ। ਅਜੇ ਹਿਮਾਚਲ ਪ੍ਰਦੇਸ਼ ਵਿੱਚ ਕੁਝ ਦਿਨ ਪਹਿਲਾਂ ਹੀ 'ਸਮੋਸਿਆਂ' ਕਾਰਨ ਵੀ ਸਿਆਸੀ ਘਮਸਾਣ ਪਿਆ ਰਿਹਾ, ਜਿਸ ਦੀਆਂ ਖ਼ਬਰਾਂ ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਹੁਣ ਉਥੇ 'ਜੰਗਲੀ ਮੁਰਗੇ' ਕਾਰਨ ਸਿਆਸਤ ਵਿੱਚ ਭੂਚਾਲ ਆ ਗਿਆ ਹੈ। ਮੀਡੀਆ ਵਿੱਚ ਵੀ 'ਜੰਗਲੀ ਮੁਰਗੇ' ਦੇ ਮਾਮਲੇ ਨੂੰ ਕਾਫ਼ੀ ਉਛਾਲਿਆ ਜਾ ਰਿਹਾ ਹੈ, ਜਿਸ ਕਾਰਨ ਹਰ ਪਾਸੇ ਇਸ ਮਾਮਲੇ ਦੀ ਹੀ ਚਰਚਾ ਹੋ ਰਹੀ ਹੈ। ਇੱਥੋਂ ਤੱਕ ਕਿ ਹਿਮਾਚਲ ਪ੍ਰਦੇਸ਼ ਵਿੱਚ ਹੋਰਨਾਂ ਰਾਜਾਂ ਤੋਂ ਘੁੰਮਣ ਆਏ ਸੈਲਾਨੀ ਵੀ 'ਜੰਗਲੀ ਮੁਰਗੇ ਦੀ ਸਿਆਸਤ' ਸਬੰਧੀ ਸੁਆਦ ਲੈ ਕੇ ਗੱਲਾਂ ਕਰਦੇ ਨਜ਼ਰ ਆ ਰਹੇ ਹਨ।

ਹੁਣ ਵੱਡਾ ਸਵਾਲ ਇਹ ਪੈਦਾ ਹੋ ਰਿਹਾ ਹੈ ਕਿ ਕੀ ਹਿਮਾਚਲ ਪ੍ਰਦੇਸ਼ ਦੀ ਸਿਆਸਤ ਵਿੱਚ ਇਸ ਸਮੇਂ ਏਨਾ ਨਿਘਾਰ ਆ ਚੁੱਕਿਆ ਹੈ ਕਿ ਉਥੇ 'ਜੰਗਲੀ ਮੁਰਗੇ' ਅਤੇ 'ਸਮੋਸਿਆਂ' ਕਾਰਨ ਹੀ ਸਿਆਸਤ ਭੜਕ ਜਾਂਦੀ ਹੈ। 'ਸਮੋਸਿਆਂ' ਵਾਂਗ ਹੀ ਇਸ ਸਮੇਂ 'ਜੰਗਲੀ ਮੁਰਗਾ' ਵੀ ਵੱਡਾ ਸਿਆਸੀ ਮੁੱਦਾ ਬਣਿਆ ਹੋਇਆ ਹੈ। ਇਹਨਾਂ ਦੋਵੇਂ ਮਾਮਲਿਆਂ ਨੂੰ ਵੇਖ ਕੇ ਇੰਝ ਮਹਿਸੂਸ ਹੋ ਰਿਹਾ ਹੈ ਕਿ ਜਿਵੇਂ ਹਿਮਾਚਲ ਪ੍ਰਦੇਸ਼ ਦੇ ਸਿਆਸੀ ਆਗੂਆਂ ਕੋਲ ਸਿਆਸੀ ਮੁੱਦੇ ਹੀ ਮੁੱਕ ਗਏ ਹੋਣ। ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੇ ਸਿਆਸੀ ਆਗੂਆਂ ਨੂੰ ਆਮ ਲੋਕਾਂ ਦੇ ਮਸਲੇ ਉਠਾਉਣੇ ਚਾਹੀਦੇ ਸਨ ਉਹੋ ਸਿਆਸੀ ਆਗੂ ਪੂਰੀ ਤਰ੍ਹਾਂ 'ਜੰਗਲੀ ਮੁਰਗਾ ਸਿਆਸਤ' ਵਿੱਚ ਡੁੱਬੇ ਹੋਏ ਹਨ। ਹਰ ਦਿਨ ਹੀ 'ਜੰਗਲੀ ਮੁਰਗੇ' ਸਬੰਧੀ ਬਿਆਨ ਤੇ ਮੋੜਵਾਂ ਪ੍ਰਤੀਕਰਮ ਸਾਹਮਣੇ ਆ ਰਹੇ ਹਨ। ਇਸ ਵਾਰ ਮਾਮਲਾ ਹੋਰ ਵੀ ਗੰਭੀਰ ਹੈ, ਕਿਉਂਕਿ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਸਨਮਾਨ ਵਿੱਚ ਰੱਖੇ ਗਏ ਡਿਨਰ ਵਿੱਚ ਕਥਿਤ ਤੌਰ 'ਤੇ ਪਰੋਸਿਆ ਗਿਆ 'ਜੰਗਲੀ ਮੁਰਗਾ' 'ਖ਼ਤਰੇ ਵਿੱਚ ਪਈਆਂ ਨਸਲਾਂ' ਵਿੱਚ ਸ਼ਾਮਲ ਹੈ।

ਇਸ ਮਾਮਲੇ ਦੀ ਗੰਭੀਰਤਾ ਨੂੰ ਇਸ ਗੱਲ ਤੋਂ ਹੀ ਸਮਝਿਆ ਜਾ ਸਕਦਾ ਹੈ ਕਿ ਇਸ ਮਾਮਲੇ ਸਬੰਧੀ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਵੀ ਬਿਆਨ ਦੇਣਾ ਪਿਆ ਹੈ। ਅਸਲ ਵਿੱਚ ਇਹ ਮੁੱਦਾ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨਾਲ ਹੀ ਜੁੜਿਆ ਹੋਇਆ ਹੈ।

ਹਿਮਾਚਲ ਪ੍ਰਦੇਸ਼ ਦੇ ਇੱਕ ਪਹਾੜੀ ਇਲਾਕਾ ਹੋਣ ਕਾਰਨ ਸਿਆਲਾਂ ਦੀ ਰੁੱਤ ਵਿੱਚ ਇੱਥੋਂ ਦਾ ਜਨ ਜੀਵਨ ਅਸਤ- ਵਿਅਸਤ ਹੋ ਜਾਂਦਾ ਹੈ। ਇਹ ਠੀਕ ਹੈ ਕਿ ਹਿਮਾਚਲ ਪ੍ਰਦੇਸ਼ ਵਿੱਚ ਅਸਮਾਨ ਤੋਂ ਡਿੱਗਦੀ ਬਰਫ਼ ਦੇਖਣ ਲਈ ਭਾਰਤ ਦੇ ਵੱਖ- ਵੱਖ ਰਾਜਾਂ ਤੋਂ ਵੱਡੀ ਗਿਣਤੀ ਸੈਲਾਨੀ ਹਿਮਾਚਲ ਪ੍ਰਦੇਸ਼ ਵਿੱਚ ਆਉਂਦੇ ਹਨ ਅਤੇ ਉਥੇ ਖੁੱਲ੍ਹਾ ਪੈਸਾ ਖ਼ਰਚਦੇ ਹਨ, ਜਿਸ ਨਾਲ ਹਿਮਾਚਲ ਪ੍ਰਦੇਸ਼ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ। ਪਰ ਇਹ ਵੀ ਅਸਲੀਅਤ ਹੈ ਕਿ ਇਹ ਸੈਲਾਨੀ ਜ਼ਿਆਦਾਤਰ ਹਿਮਾਚਲ ਪ੍ਰਦੇਸ਼ ਦੇ ਸ਼ਹਿਰੀ ਇਲਾਕਿਆਂ ਅਤੇ ਪ੍ਰਸਿੱਧ ਇਲਾਕਿਆਂ ਤੱਕ ਹੀ ਸੀਮਿਤ ਰਹਿੰਦੇ ਹਨ, ਜਿਸ ਕਾਰਨ ਹਿਮਾਚਲ ਪ੍ਰਦੇਸ਼ ਦੇ ਪੇਂਡੂ ਖੇਤਰਾਂ ਵਿੱਚ ਬਰਫ਼ਬਾਰੀ ਦੇ ਮੌਸਮ ਵਿੱਚ ਦੋ ਵੇਲੇ ਦੀ ਰੋਟੀ ਕਮਾਉਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਅਜਿਹੇ ਲੋਕਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਦੀ ਥਾਂ ਹਿਮਾਚਲ ਪ੍ਰਦੇਸ਼ ਦੇ ਵੱਡੀ ਗਿਣਤੀ ਸਿਆਸੀ ਆਗੂ 'ਜੰਗਲੀ ਮੁਰਗੇ ਅਤੇ ਸਮੋਸਿਆਂ ਦੀ ਸਿਆਸਤ' ਵਿੱਚ ਉਲਝੇ ਹੋਏ ਹਨ, ਜਿਸ ਨੂੰ ਇਸ ਪਹਾੜੀ ਸੂਬੇ ਦੀ ਸਿਆਸਤ ਵਿੱਚ ਆਇਆ ਨਿਘਾਰ ਹੀ ਕਿਹਾ ਜਾ ਸਕਦਾ ਹੈ। ਹਿਮਾਚਲ ਪ੍ਰਦੇਸ਼ ਦੇ ਲੋਕਾਂ ਦੀਆਂ ਅਨੇਕਾਂ ਸਮੱਸਿਆਵਾਂ ਲੰਬੇ ਸਮੇਂ ਤੋਂ ਮੌਜੂਦ ਹਨ ਪਰ ਇੱਥੋਂ ਦੀ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਸਮੇਤ ਹੋਰਨਾਂ ਸਿਆਸੀ ਪਾਰਟੀਆਂ ਆਮ ਲੋਕਾਂ ਦੇ ਮਸਲੇ ਹੱਲ ਕਰਨ ਦੀ ਥਾਂ ਬੇਲੋੜੇ ਮੁੱਦਿਆਂ ਵਿੱਚ ਹੀ ਉਲਝੀਆਂ ਪਈਆਂ ਹਨ। ਹਿਮਾਚਲ ਪ੍ਰਦੇਸ਼ ਵਿੱਚ ਇਸ ਸਮੇਂ ਕਾਂਗਰਸ ਦੀ ਸਰਕਾਰ ਰਾਜ ਕਰ ਰਹੀ ਹੈ ਅਤੇ ਸੱਤਾਧਾਰੀ ਕਾਂਗਰਸੀ ਆਗੂ ਦੋਸ਼ ਲਗਾ ਰਹੇ ਹਨ ਕਿ ਹਿਮਾਚਲ ਪ੍ਰਦੇਸ਼ ਦੇ ਭਾਜਪਾ ਆਗੂਆਂ ਕੋਲ ਕੋਈ ਮੁੱਦਾ ਹੀ ਨਹੀਂ ਹੈ ਇਸ ਕਾਰਨ ਹੀ ਹਿਮਾਚਲ ਪ੍ਰਦੇਸ਼ ਦੇ ਭਾਜਪਾ ਆਗੂ ਕਦੇ ਸਮੋਸਿਆਂ 'ਤੇ ਸਿਆਸਤ ਕਰਨ ਲੱਗ ਪੈਂਦੇ ਹਨ ਅਤੇ ਕਦੇ ਜੰਗਲੀ ਮੁਰਗੇ 'ਤੇ ਸਿਆਸੀ ਰੋਟੀਆਂ ਸੇਕਣ ਲੱਗ ਪੈਂਦੇ ਹਨ। ਕਾਂਗਰਸੀ ਆਗੂ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ ਹਿਮਾਚਲ ਪ੍ਰਦੇਸ਼ ਵਿੱਚ ਕਾਂਗਰਸ ਸਰਕਾਰ ਦੀ ਹੋਂਦ ਭਾਜਪਾ ਨੂੰ ਸਹਿਣ ਨਹੀਂ ਹੋ ਰਹੀ, ਜਿਸ ਕਾਰਨ ਭਾਜਪਾ ਵੱਲੋਂ ਬੇਲੋੜੇ ਅਤੇ ਬੇਤੁਕੇ ਮੁੱਦੇ ਖੜ੍ਹੇ ਕਰਕੇ ਫ਼ੋਕੀ ਵਾਹ- ਵਾਹ ਖੱਟਣ ਦਾ ਯਤਨ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਭਾਜਪਾ ਆਗੂ ਦੋਸ਼ ਲਗਾ ਰਹੇ ਹਨ ਕਿ ਹਿਮਾਚਲ ਪ੍ਰਦੇਸ਼ ਦੀ ਮੌਜੂਦਾ ਕਾਂਗਰਸ ਸਰਕਾਰ ਹਰ ਫ਼ਰੰਟ 'ਤੇ ਫ਼ੇਲ ਹੋ ਗਈ ਹੈ। ਭਾਜਪਾ ਆਗੂ ਇਹ ਵੀ ਦਾਅਵਾ ਕਰ ਰਹੇ ਹਨ ਕਿ ਹਿਮਾਚਲ ਪ੍ਰਦੇਸ਼ ਵਿੱਚ ਜਿਸ ਜੰਗਲੀ ਮੁਰਗੇ ਦੇ ਸ਼ਿਕਾਰ ਕਰਨ 'ਤੇ ਪਾਬੰਦੀ ਹੈ, ਉਸੇ ਜੰਗਲੀ ਮੁਰਗੇ ਨੂੰ ਮੁੱਖ ਮੰਤਰੀ ਲਈ ਬਣਾਏ ਭੋਜਨ ਵਿੱਚ ਪਰੋਸਿਆ ਗਿਆ। ਇਸ ਸਬੰਧੀ ਇੱਕ ਵੀਡੀਓ ਵੀ ਵਾਇਰਲ ਹੋ ਰਹੀ ਹੈ, ਜਿਸ ਵਿੱਚ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਆਪਣੇ ਸਾਥੀਆਂ ਨਾਲ ਭੋਜਨ ਖਾਂਦੇ ਨਜ਼ਰ ਆ ਰਹੇ ਹਨ। ਇਸ ਸਬੰਧੀ ਕਈ ਤਸਵੀਰਾਂ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਹੁਣ ਇਸ ਮਾਮਲੇ ਦੀ ਪੂਰੀ ਸੱਚਾਈ ਕੀ ਹੈ? ਇਹ ਤਾਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ ਉਹਨਾਂ ਦੇ ਸਾਥੀ ਹੀ ਚੰਗੀ ਤਰ੍ਹਾਂ ਜਾਣਦੇ ਹੋਣਗੇ ਪਰ ਇਸ ਸਮੇਂ ਇਹ ਪੂਰਾ ਮਾਮਲਾ ਅਖ਼ਬਾਰਾਂ ਦੀਆਂ ਸੁਰਖ਼ੀਆਂ ਅਤੇ 'ਪਹਾੜੀ ਲੋਕਾਂ ਦੀਆਂ ਸੱਥਾਂ' 'ਚ ਚਰਚਾ ਦਾ ਵਿਸ਼ਾ ਜ਼ਰੂਰ ਬਣਿਆ ਹੋਇਆ ਹੈ।





### ਮੁੱਖ ਮੰਤਰੀ ਸੁੱਖੂ ਦਾ ਸਪੱਸ਼ਟੀਕਰਨ

ਇਸ ਪੂਰੇ ਵਿਵਾਦ 'ਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁੱਖੂ ਨੇ ਸਪੱਸ਼ਟੀਕਰਨ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਥਾਨਕ ਮੁਰਗੇ ਨੂੰ ਪਿੰਡ ਵਾਸੀਆਂ ਨੇ ਪਕਾਇਆ ਸੀ ਅਤੇ ਉਹਨਾਂ ਨੇ ਇਸ ਨੂੰ ਨਹੀਂ ਖਾਧਾ। ਉਹਨਾਂ ਕਿਹਾ ਕਿ ਮਾਸਾਹਾਰੀ ਭੋਜਨ ਪਹਾੜੀ ਜੀਵਨ ਦਾ ਹਿੱਸਾ ਹੈ। ਉਹਨਾਂ ਕਿਹਾ ਕਿ ਸਿਹਤ ਕਾਰਨਾਂ ਕਰਕੇ ਮੈਂ ਤੇਲ ਵਾਲੇ ਅਤੇ ਮਾਸਾਹਾਰੀ ਪਕਵਾਨਾਂ ਤੋਂ ਪਰਹੇਜ਼ ਕਰਦਾ ਹਾਂ, ਪਰ ਜਦੋਂ ਜੈ ਰਾਮ ਜੀ ਨੂੰ ਕੋਈ ਮੁੱਦਾ ਨਹੀਂ ਮਿਲਿਆ ਤਾਂ ਉਨ੍ਹਾਂ ਨੇ ਸਾਡੇ ਪਿੰਡ ਵਾਸੀਆਂ ਨੂੰ ਬਦਨਾਮ ਕਰਨ ਦਾ ਰਾਹ ਚੁਣਿਆ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਦੇ ਆਗੂਆਂ ਕੋਲ ਹੁਣ ਕੋਈ ਮੁੱਦਾ ਨਹੀਂ ਰਿਹਾ, ਉਹ ਸਿਰਫ਼ ਪਿੰਡ ਵਾਸੀਆਂ ਦਾ ਅਕਸ ਖਰਾਬ ਕਰਨ ਦਾ ਕੰਮ ਕਰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਜੇ ਮੈਨੂੰ ਛਿੱਕ ਵੀ ਆਉਂਦੀ ਹੈ ਤਾਂ ਇਹ ਲੋਕ ਗਿਣਦੇ ਹਨ।

### ਕੀ ਹੈ ਮਾਮਲਾ ?

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਪਿਛਲੇ ਦਿਨੀਂ ਸ਼ਿਮਲਾ ਦੇ ਚੌਪਾਲ ਦੇ ਕੁਪਵੀ ਪਿੰਡ ਦੇ ਦੌਰੇ 'ਤੇ ਸਨ। ਇੱਥੇ ਮੁੱਖ ਮੰਤਰੀ ਦੇ ਡਿਨਰ ਪ੍ਰੋਗਰਾਮ ਦੌਰਾਨ 'ਜੰਗਲੀ ਮੁਰਗੇ' ਦਾ ਮੀਟ ਪਰੋਸਿਆ ਗਿਆ। ਹਾਲਾਂਕਿ, ਮੁੱਖ ਮੰਤਰੀ ਨੇ ਜੰਗਲੀ ਮੁਰਗੇ ਦਾ ਮਾਸ ਨਹੀਂ ਖਾਧਾ ਪਰ ਦੂਜਿਆਂ ਨੂੰ ਪਰੋਸਣ ਦੀ ਗੱਲ ਕਰਦੇ ਨਜ਼ਰ ਆਏ। ਇਸ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਖਾਸ ਗੱਲ ਇਹ ਹੈ ਕਿ ਕਿਸੇ ਨੇ ਮੁੱਖ ਮੰਤਰੀ ਦੇ ਖਾਣੇ ਦੇ ਮੀਨੂ ਦੀ ਲਿਸਟ ਵਾਇਰਲ ਕਰ ਦਿੱਤੀ।

ਵੀਡੀਓ 'ਚ ਮੁੱਖ ਮੰਤਰੀ ਇਹ ਪੁੱਛਦੇ ਨਜ਼ਰ ਆ ਰਹੇ ਹਨ ਕਿ ਕੀ ਇਹ ਜੰਗਲੀ ਮੁਰਗਾ ਹੈ ? ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਉਹ ਪਹਿਲਾਂ ਮੀਟ ਖਾਂਦੇ ਸਨ ਪਰ ਹੁਣ ਨਹੀਂ। ਉਹ ਆਪਣੇ ਨਾਲ ਬੈਠੇ ਮੰਤਰੀ ਧਨੀ ਰਾਮ ਸ਼ਾਂਡਿਲ ਨੂੰ ਵੀ ਪੁੱਛਦੇ ਹਨ ਕਿ ਕੀ ਉਹ ਮੀਟ ਖਾਂਦੇ ਹਨ ? ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਇਸ ਦੌਰਾਨ ਨੇੜੇ ਬੈਠੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲਬਾਤ ਵੀ ਕੀਤੀ।


### ਭਾਜਪਾ ਨੇ ਬਣਾਇਆ ਮੁੱਦਾ

ਭਾਜਪਾ ਨੇ ਪਾਬੰਦੀਸ਼ੁਦਾ ਜਾਨਵਰਾਂ ਦੀ ਸੇਵਾ ਨੂੰ ਮੁੱਦਾ ਬਣਾਇਆ ਅਤੇ ਸਾਬਕਾ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਇਸ ਸਬੰਧੀ ਸਰਕਾਰ 'ਤੇ ਵੱਡੇ ਦੋਸ਼ ਲਗਾਏ। ਇਸੇ ਤਰ੍ਹਾਂ ਭਾਜਪਾ ਦੇ ਸੂਬਾ ਬੁਲਾਰੇ ਅਤੇ ਸੋਸ਼ਲ ਮੀਡੀਆ ਵਿਭਾਗ ਦੇ ਇੰਚਾਰਜ਼ ਚੇਤਨ ਬਰਗਟਾ ਨੇ ਜੰਗਲੀ ਮੁਰਗੇ ਦੇ ਮੁੱਦੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜੰਗਲੀ ਕੁੱਕੜ ਸੁਰੱਖਿਅਤ ਸ਼੍ਰੇਣੀ 'ਚ ਆਉਂਦਾ ਹੈ ਅਤੇ ਮੁੱਖ ਮੰਤਰੀ ਨੂੰ ਮੀਡੀਆ ਦੇ ਸਾਹਮਣੇ ਆ ਕੇ ਮੁਆਫ਼ੀ ਮੰਗਣੀ ਚਾਹੀਦੀ ਹੈ।

### ਤਿੰਨ ਤੋਂ ਸੱਤ ਸਾਲ ਦੀ ਕੈਦ

ਹਿਮਾਚਲ ਪ੍ਰਦੇਸ਼ ਵਿੱਚ ਜੰਗਲੀ ਜੀਵ ਕਾਨੂੰਨ ਦੇ ਤਹਿਤ ਜੰਗਲੀ ਮੁਰਗੇ ਨੂੰ ਮਾਰਨਾ ਇੱਕ ਅਪਰਾਧ ਹੈ। ਇਸ ਨੂੰ ਮਾਰਨ 'ਤੇ 3 ਤੋਂ 7 ਸਾਲ ਦੀ ਕੈਦ ਅਤੇ 10,000 ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਜੰਗਲੀ ਮੁਰਗੇ ਨੂੰ ਜੰਗਲੀ ਜੀਵ (ਸੁਰੱਖਿਆ) ਐਕਟ, 1972 ਅਤੇ ਜੰਗਲੀ ਜੀਵ (ਸੁਰੱਖਿਆ) ਸੋਧ ਐਕਟ 2022 ਦੀ ਅਨੁਸੂਚੀ 1 ਵਿੱਚ ਇੱਕ ਖ਼ਤਰੇ ਵਿੱਚ ਪੈ ਰਹੀ ਪ੍ਰਜਾਤੀ ਵਜੋਂ ਸੂਚੀਬੱਧ ਕੀਤਾ ਗਿਆ ਹੈ।

## ਜ਼ਾਕਿਰ ਹੁਸੈਨ ਦਾ ਅਮਰੀਕਾ ਦੇ ਹਸਪਤਾਲ 'ਚ ਦੇਹਾਂਤ




ਨਵੀਂ ਦਿੱਲੀ/ਏ.ਟੀ.ਨਿਊਜ਼: ਮਸ਼ਹੂਰ ਤਬਲਾ ਵਾਦਕ ਜ਼ਾਕਿਰ ਹੁਸੈਨ ਦਾ ਅਮਰੀਕਾ ਦੇ ਸੈਨ ਫ਼ਰਾਂਸਿਸਕੋ ਦੇ ਇੱਕ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਇਸ ਬਾਰੇ ਪਰਿਵਾਰ ਨੇ ਜਾਣਕਾਰੀ ਦਿੱਤੀ। ਉਹ 73 ਸਾਲ ਦੇ ਸਨ। ਹੁਸੈਨ ਦੀ ਮੌਤ ਇਡੀਓਪੈਥਿਕ ਪਲਮਨਰੀ ਫ਼ਾਈਬਰੋਸਿਸ ਕਾਰਨ ਹੋਈ। ਉਹ ਪਿਛਲੇ ਦੋ ਹਫ਼ਤਿਆਂ ਤੋਂ ਹਸਪਤਾਲ ਵਿੱਚ ਸਨ ਅਤੇ ਉਸਦੀ ਹਾਲਤ ਵਿਗੜਨ ਤੋਂ ਬਾਅਦ ਉਸਨੂੰ ਇੰਟੈਂਸਿਵ ਕੇਅਰ ਯੂਨਿਟ (ਆਈ.ਸੀ.ਯੂ.) ਵਿੱਚ ਸ਼ਿਫ਼ਟ ਕੀਤਾ ਗਿਆ ਸੀ। ਪਰਿਵਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਵੈਂਟੀਲੇਸ਼ਨ ਮਸ਼ੀਨ ਦੇ ਬੰਦ ਹੋਣ ਤੋਂ ਬਾਅਦ ਉਹ ਬਹੁਤ ਸ਼ਾਂਤੀ ਨਾਲ ਚਲਾ ਗਿਆ। ਇਹ ਸਾਨ ਫ਼ਰਾਂਸਿਸਕੋ ਦਾ ਸਮਾਂ ਸ਼ਾਮ 4 ਵਜੇ ਦਾ ਸੀ। ਆਪਣੀ ਪੀੜ੍ਹੀ ਦੇ ਸਭ ਤੋਂ ਮਹਾਨ ਤਬਲਾ ਵਾਦਕ ਵਜੋਂ ਜਾਣੇ ਜਾਂਦੇ ਹੁਸੈਨ ਦੇ ਪਿੱਛੇ ਉਸਦੀ ਪਤਨੀ ਐਂਟੋਨੀਆ ਮਿਨੇਕੋਲਾ ਅਤੇ ਉਹਨਾਂ ਦੀਆਂ ਧੀਆਂ, ਅਨੀਸਾ ਕੁਰੈਸ਼ੀ ਅਤੇ ਇਜ਼ਾਬੇਲਾ ਕੁਰੈਸ਼ੀ ਹਨ।

9 ਮਾਰਚ 1951 ਨੂੰ ਜਨਮੇ ਉਹ ਪ੍ਰਸਿੱਧ ਤਬਲਾ ਮਾਸਟਰ ਉਸਤਾਦ ਅੱਲਾ ਰਾਖਾ ਦੇ ਪੁੱਤਰ ਸਨ। ਪਰਿਵਾਰ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਜ਼ਾਕਿਰ ਦੁਨੀਆਂ ਭਰ ਦੇ ਅਣਗਿਣਤ ਸੰਗੀਤ ਪ੍ਰੇਮੀਆਂ ਦੁਆਰਾ ਪਾਲੀ ਗਈ ਇੱਕ ਅਸਾਧਾਰਣ ਵਿਰਾਸਤ ਛੱਡ ਗਿਆ ਹੈ, ਜਿਸਦਾ ਪ੍ਰਭਾਵ ਆਉਣ ਵਾਲੀਆਂ ਪੀੜ੍ਹੀਆਂ ਲਈ ਗੂੰਜਦਾ ਰਹੇਗਾ। ਛੇ ਦਹਾਕਿਆਂ ਦੇ ਕੈਰੀਅਰ ਵਿੱਚ ਹੁਸੈਨ ਨੇ ਕਈ ਮਸ਼ਹੂਰ ਕੌਮਾਂਤਰੀ ਅਤੇ ਭਾਰਤੀ ਕਲਾਕਾਰਾਂ ਨਾਲ ਕੰਮ ਕੀਤਾ।

**ਦਰਪਣ ਝੂਠ ਨਹੀਂ ਬੋਲਦਾ**

# ਬਾਦਲ ਅਕਾਲੀ ਲੀਡਰਸ਼ਿਪ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਕਿਉਂ ਨਹੀਂ ਹੋ ਰਹੀ ?

## ਅਕਾਲੀਆਂ ਨੇ ਇਸ਼ਤਿਹਾਰਾਂ ਦੇ 94 ਲੱਖ ਦੇ ਕਰੀਬ ਕਰਵਾਏ ਜਮ੍ਹਾਂ

## ਹਾਲ ਦੀ ਘੜੀ ਅਕਾਲੀ ਦਲ ਦੀ ਨਵ ਉਸਾਰੀ ਹੋਣੀ ਅਸੰਭਵ

## ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਕੀਤੇ ਗੁਰਮਤੇ ਕਿਉਂ ਬਦਲੇ ਜਾ ਰਹੇ ਨੇ ?

ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਗੁਨਾਹਗਾਰ ਤੇ ਬਾਗ਼ੀ ਧੜਿਆਂ ਨਾਲ ਸੰਬੰਧਿਤ ਲੀਡਰਸ਼ਿਪ ਵਿਚਾਲੇ ਚੱਲ ਰਹੇ ਵਿਵਾਦ ਅਤੇ ਦੋਸ਼ੀ ਪਾਏ ਜਾਣ ਵਾਲਿਆਂ ਨੂੰ ਸੁਣਾਈਆਂ ਧਾਰਮਿਕ ਤਨਖ਼ਾਹਾਂ, ਭਾਵੇਂ ਬਜ਼ੁਰਗ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੂੰ ਛੱਡ ਕੇ ਮੁਕੰਮਲ ਹੋ ਚੁੱਕੀਆਂ ਹਨ ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਮੁਤਾਬਿਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸੁੱਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ, ਬਲਵਿੰਦਰ ਸਿੰਘ ਭੂੰਦੜ, ਗੁਲਜ਼ਾਰ ਸਿੰਘ ਰਣੀਕੇ ਅਤੇ ਦਲਜੀਤ ਸਿੰਘ ਚੀਮਾ ਨੇ ਆਪਣੇ 'ਤੇ ਲੱਗੀ ਰਕਮ 15 ਲੱਖ 78 ਹਜ਼ਾਰ 685 ਰੁਪਏ ਪ੍ਰਤੀ ਵਿਅਕਤੀ ਨੇ ਚੈੱਕ ਰਾਹੀਂ ਸ੍ਰੀ ਦਰਬਾਰ ਸਾਹਿਬ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੀ ਸੀ। ਸੁਖਬੀਰ ਸਿੰਘ ਬਾਦਲ ਨੇ ਹੋਰਨਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲੱਗੀਆਂ ਸਾਰੀਆਂ ਸੇਵਾਵਾਂ ਭੁਗਤ ਲੈਣ ਤੋਂ ਬਾਅਦ ਅਰਦਾਸ ਤੋਂ ਪਹਿਲਾਂ ਇਹ ਰਕਮ ਜਮ੍ਹਾਂ ਕਰਵਾ ਦਿੱਤੀ ਸੀ। ਚੀਫ਼ ਅਕਾਊਂਟੈਂਟ ਮਿਲਖਾ ਸਿੰਘ ਨੇ ਦੱਸਿਆ ਕਿ ਸੁਖਦੇਵ ਸਿੰਘ ਢੀਂਡਸਾ ਦੀ 15 ਲੱਖ 78 ਹਜ਼ਾਰ 685 ਰੁਪਏ ਰਕਮ ਜਮ੍ਹਾਂ ਹੋਣੀ ਬਾਕੀ ਹੈ। ਉਪਰੋਕਤ 6 ਆਗੂਆਂ ਨੇ 94 ਲੱਖ 78 ਹਜ਼ਾਰ 110 ਰੁਪਏ ਜਮ੍ਹਾਂ ਕਰਵਾ ਦਿੱਤੇ ਹਨ, ਜਦਕਿ ਢੀਂਡਸਾ ਦੀ ਰਕਮ ਜੋੜ ਕੇ ਕੁੱਲ ਰਕਮ 1 ਕਰੋੜ 10 ਲੱਖ 50 ਹਜ਼ਾਰ 795 ਰੁਪਏ ਬਣਦੀ ਹੈ। ਇਸ਼ਤਿਹਾਰਾਂ ਦੀ ਰਕਮ ਕਰੀਬ 81 ਲੱਖ 25 ਹਜ਼ਾਰ ਬਣਦੀ ਸੀ, ਜਿਸ 'ਤੇ ਬਚਤ ਵਿਆਜ ਦਰ 4 ਫ਼ੀਸਦੀ ਜੋੜ ਕੇ ਰਕਮ ਵਸੂਲੀ ਗਈ ਹੈ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ



ਵਿਖੇ ਇਸ ਸਬੰਧੀ ਉਪਰੋਕਤਾਂ ਨੇ ਲਿਖਤੀ ਪੱਤਰ ਦੇ ਦਿੱਤਾ ਹੈ। ਲਗਭਗ ਸਾਰੇ ਆਗੂਆਂ ਨੇ ਆਪਣੀ ਧਾਰਮਿਕ ਸਜ਼ਾ ਭੁਗਤ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਖਿਮਾ ਯਾਚਨਾ ਦੀ ਅਰਦਾਸ ਕਰਵਾ ਕੇ ਸਕੱਤਰੇਤ ਤੋਂ ਐਨ.ਓ.ਸੀ. ਵੀ ਲੈ ਲਿਆ ਹੈ, ਪਰ ਚਰਚਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਜਾਰੀ ਦੋ ਆਦੇਸ਼ਾਂ ਦਾ ਪਾਲਣ ਅਜੇ ਅਕਾਲੀ ਲੀਡਰਸ਼ਿਪ ਵੱਲੋਂ ਕੀਤਾ ਜਾਣਾ ਬਾਕੀ ਹੈ । ਜਦ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਾਰੇ ਫ਼ੈਸਲੇ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਵੱਲੋਂ ਪੂਰੇ ਨਹੀਂ ਕੀਤੇ ਗਏ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਤੋਂ ਇਸ ਲੀਡਰਸ਼ਿਪ ਨੂੰ ਐਨ.ਓ.ਸੀ ਕਿਵੇਂ ਦੇ ਦਿੱਤਾ ? ਪੰਥਕ ਹਲਕਿਆਂ ਵਿਚ ਇਸ ਬਾਰੇ ਸੁਆਲ ਉਠਾਏ ਜਾ ਰਹੇ ਹਨ।

ਫ਼ਸੀਲ ਹੋਇਆ ਹਰ ਹੁਕਮ ਪੱਥਰ 'ਤੇ ਲਕੀਰ ਵਾਂਗ ਹੁੰਦਾ ਹੈ ਜਿਸ ਨੂੰ ਬਦਲਿਆ ਨਹੀਂ ਜਾ ਸਕਦਾ। ਪਰ ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ ਪੰਜ ਸਿੰਘ ਸਾਹਿਬਾਨ ਨੇ ਫ਼ਸੀਲ ਤੋਂ ਆਦੇਸ਼ ਜਾਰੀ ਕੀਤੇ, ਉਨ੍ਹਾਂ ਨੂੰ ਹੀ ਸਕੱਤਰੇਤ ਤੋਂ ਹੇਰ-ਫ਼ੇਰ ਕਰਕੇ ਬਦਲ ਦਿੱਤਾ ਗਿਆ। ਇਸ ਕਾਰਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸੁਆਲ ਉਠ ਰਹੇ ਹਨ।

ਪੰਥਕ ਸਫ਼ਾਂ ਵਿੱਚ ਚਰਚਾ ਹੈ ਕਿ ਅਕਾਲੀ ਦਲ ਲੀਡਰਸ਼ਿਪ ਦੀ ਤਨਖਾਹ ਉਦੋਂ ਤੱਕ ਅਧੂਰੀ ਹੋਵੇਗੀ, ਜਦੋਂ ਤੱਕ ਸੁਖਬੀਰ ਸਮੇਤ ਬਾਕੀ ਅਸਤੀਫ਼ੇ ਦੇਣ ਵਾਲਿਆਂ ਦੇ ਅਸਤੀਫ਼ੇ ਵਰਕਿੰਗ ਕਮੇਟੀ ਵਲੋਂ ਮਨਜ਼ੂਰ ਨਹੀਂ ਕਰ ਲਏ ਜਾਂਦੇ ਅਤੇ ਸਿੰਘ ਸਾਹਿਬਾਨ ਵੱਲੋਂ ਗਠਿਤ ਸੱਤ ਮੈਂਬਰੀ ਕਮੇਟੀ ਵਲੋਂ ਦਲ ਦੀ ਨਵੀਂ ਭਰਤੀ ਦੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਜਾਂਦੀ।

**ਮਾਮਲਾ ਜੱਜ ਦਾ ਮੁਸਲਮਾਨ ਭਾਈਚਾਰੇ ਵਿਰੁੱਧ ਨਸਲਵਾਦੀ ਬਿਆਨ ਦਾ**

# ਸੁਪਰੀਮ ਕੋਰਟ ਨੇ ਜੱਜ ਦੇ ਭਾਸ਼ਣ ਦਾ ਨੋਟਿਸ ਲੈਂਦਿਆਂ ਹਾਈ ਕੋਰਟ ਤੋਂ ਰਿਪੋਰਟ ਕੀਤੀ ਤਲਬ

ਇਲਾਹਾਬਾਦ ਹਾਈ ਕੋਰਟ ਦੇ ਜੱਜ ਸ਼ੇਖਰ ਯਾਦਵ ਦੇ ਪੂਰੇ 35 ਮਿੰਟ ਦੇ ਭਾਸ਼ਣ ਦਾ ਮੁਸਲਮਾਨ ਭਾਈਚਾਰੇ ਖ਼ਿਲਾਫ਼ ਇੱਕ-ਇੱਕ ਵਾਕ ਨਫ਼ਰਤੀ ਅਤੇ ਸੰਵਿਧਾਨ ਵਿਰੋਧੀ ਹੈ, ਜਿਸ ਲਈ ਉਨ੍ਹਾਂ ਦੀ ਵਿਆਪਕ ਆਲੋਚਨਾ ਹੋ ਰਹੀ ਹੈ ਅਤੇ ਸੁਪਰੀਮ ਕੋਰਟ ਨੇ ਵੀ ਉਨ੍ਹਾਂ ਦੇ ਭਾਸ਼ਣ ਦਾ ਸਵੈ-ਨੋਟਿਸ ਲੈਂਦਿਆਂ ਇਲਾਹਾਬਾਦ ਹਾਈ ਕੋਰਟ ਤੋਂ ਰਿਪੋਰਟ ਤਲਬ ਕੀਤੀ ਹੈ। ਪਰ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਜਸਟਿਸ ਸ਼ੇਖਰ ਯਾਦਵ ਦੇ ਸਮਰਥਨ ਵਿੱਚ ਖੁੱਲ੍ਹ ਕੇ ਅੱਗੇ ਆਏ ਹਨ। ਉਨ੍ਹਾਂ ਕਿਹਾ ਕਿ ਜਸਟਿਸ ਸ਼ੇਖਰ ਯਾਦਵ ਨੇ ਜੋ ਕੁਝ ਕਿਹਾ ਉਸ ਵਿੱਚ ਕੁਝ ਵੀ ਗ਼ਲਤ ਨਹੀਂ ਹੈ। ਸਮੂਹਿਕ ਜ਼ਿੰਮੇਵਾਰੀ ਦੇ ਸਿਧਾਂਤ ਤਹਿਤ ਮੰਤਰੀ ਦਾ ਬਿਆਨ ਇੱਕ ਤਰ੍ਹਾਂ ਨਾਲ ਪੂਰੀ ਸਰਕਾਰ ਦਾ ਬਿਆਨ ਸਮਝਿਆ ਹੈ, ਇਸ ਲਈ ਪ੍ਰਧਾਨ ਮੰਤਰੀ ਵੀ ਜੇਕਰ ਜਸਟਿਸ ਯਾਦਵ ਦੇ ਬਿਆਨ ਨੂੰ ਇਤਰਾਜ਼ਯੋਗ ਮੰਨਦੇ ਹਨ, ਤਾਂ ਉਨ੍ਹਾਂ ਨੂੰ ਗਿਰੀਰਾਜ ਸਿੰਘ ਤੋਂ ਅਸਤੀਫ਼ਾ ਲੈ ਲੈਣਾ ਚਾਹੀਦਾ ਹੈ।

ਜੱਜ ਅਤੇ ਮੰਤਰੀ ਦੋਵਾਂ ਨੂੰ ਰਾਸ਼ਟਰਪਤੀ ਹੀ ਨਿਯੁਕਤ ਕਰਦਾ ਹੈ। ਜੱਜ ਦੇ ਖ਼ਿਲਾਫ਼ ਤਾਂ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਸਿੱਧੀ ਕੋਈ ਕਾਰਵਾਈ ਨਹੀਂ ਕਰ ਸਕਦੇ, ਕਿਉਂਕਿ ਸੰਵਿਧਾਨਕ




ਵਿਵਸਥਾ ਮੁਤਾਬਿਕ ਉਸ ਨੂੰ ਮਹਾਂਦੋਸ਼ ਰਾਹੀਂ ਹੀ ਹਟਾਇਆ ਜਾ ਸਕਦਾ ਹੈ, ਪਰ ਕੇਂਦਰੀ ਮੰਤਰੀ ਨੂੰ ਤਾਂ ਪ੍ਰਧਾਨ ਮੰਤਰੀ ਦੀ ਸਿਫ਼ਾਰਸ਼ 'ਤੇ ਰਾਸ਼ਟਰਪਤੀ ਹੀ ਨਿਯੁਕਤ ਕਰਦੇ ਹਨ, ਇਸ ਲਈ ਜੇਕਰ ਪ੍ਰਧਾਨ ਮੰਤਰੀ ਆਪਣੇ ਮੰਤਰੀ ਤੋਂ ਅਸਤੀਫ਼ਾ ਨਹੀਂ ਲੈਂਦੇ ਹਨ ਤਾਂ ਰਾਸ਼ਟਰਪਤੀ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਉਸ ਮੰਤਰੀ ਨੂੰ ਬਰਖ਼ਾਸਤ ਕਰ ਦੇਣਾ ਚਾਹੀਦਾ ਹੈ। ਇਹੀ ਸੰਵਿਧਾਨਕ ਵਿਵਸਥਾ ਹੈ।

ਜੇਕਰ ਅਜਿਹਾ ਨਹੀਂ ਹੁੰਦਾ ਹੈ ਤਾਂ ਇਹੀ ਮੰਨਿਆ ਜਾਵੇਗਾ ਕਿ ਜਸਟਿਸ ਸ਼ੇਖਰ ਯਾਦਵ ਅਤੇ ਮੰਤਰੀ ਗਿਰੀਰਾਜ ਸਿੰਘ ਨੇ ਜੋ ਕੁਝ ਕਿਹਾ ਹੈ, ਉਸ ਨਾਲ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਵੀ ਪੂਰੀ ਤਰ੍ਹਾਂ ਸਹਿਮਤ ਹਨ।

ਵਿਰੋਧੀ ਧਿਰ ਦੀਆਂ ਪਾਰਟੀਆਂ ਨੇ ਆਖਿਆ ਹੈ ਕਿ ਜੱਜ ਦਾ ਭਾਸ਼ਣ ਨਫ਼ਰਤ ਪੈਦਾ ਕਰਨ ਅਤੇ ਦੇਸ਼ ਦੇ ਸਮਾਜਿਕ ਭਾਈਚਾਰੇ ਨੂੰ ਕਮਜ਼ੋਰ ਕਰਨ ਵਾਲਾ ਹੈ ਜਿਸ ਕਰ ਕੇ 55 ਮੈਂਬਰਾਂ ਨੇ ਜੱਜ ਖ਼ਿਲਾਫ਼ ਮਹਾਂਦੋਸ਼ ਦੀ ਕਾਰਵਾਈ ਲਈ ਰਾਜ ਸਭਾ ਵਿੱਚ ਨੋਟਿਸ ਦੇ ਦਿੱਤਾ ਹੈ। ਜਸਟਿਸ ਯਾਦਵ ਨੇ ਸਾਂਝੇ ਸਿਵਲ ਕੋਡ ਬਾਰੇ ਆਪਣੇ ਭਾਸ਼ਣ ਵਿੱਚ ਅਜਿਹੀਆਂ ਕਈ ਗੱਲਾਂ ਆਖੀਆਂ ਸਨ ਜੋ ਨਾ ਕੇਵਲ ਧਰਮ ਨਿਰਪੱਖਤਾ ਦੇ ਸੰਕਲਪ ਦੇ ਉਲਟ ਸਨ ਸਗੋਂ ਸਮਾਜਿਕ ਇੱਕਸੁਰਤਾ ਨੂੰ ਤੋੜਨ ਲਈ ਉਕਸਾਹਟ ਪੈਦਾ ਕਰ ਸਕਦੀਆਂ ਹਨ।

# ਡਿਜੀਟਲ ਠੱਗੀ ਨੂੰ ਰੋਕਣ ਲਈ ਸਰਕਾਰ ਨੇ 1,500 ਸਕਾਈਪ ਆਈ. ਡੀਜ਼ ਨੂੰ ਕੀਤਾ ਬਲਾਕ

## ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ ਨੇ 6 ਲੱਖ ਮੋਬਾਈਲ ਫ਼ੋਨ ਨੰਬਰ ਤੇ 3.25 ਲੱਖ ਜਾਅਲੀ ਖ਼ਾਤੇ ਕੀਤੇ ਜ਼ਬਤ

ਹਾਲ ਹੀ ਵਿੱਚ ਭਾਰਤ ਸਰਕਾਰ ਨੇ ਸਾਈਬਰ ਠੱਗੀ ਨੂੰ ਰੋਕਣ ਲਈ 1,500 ਸਕਾਈਪ ਆਈ. ਡੀਜ਼ ਨੂੰ ਬਲਾਕ ਕੀਤਾ ਹੈ। ਗ੍ਰਹਿ ਵਿਭਾਗ ਦੇ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ, ਜਿਹੜਾ 14 ਸੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਨੇ ਸਾਰੇ ਸੂਬਿਆਂ ਨੂੰ ਇਨ੍ਹਾਂ ਵਧ ਰਹੇ ਅਪਰਾਧਾਂ ਬਾਰੇ ਚੇਤੰਨ ਰਹਿਣ ਲਈ ਕਿਹਾ ਹੈ। ਸੈਂਟਰ ਨੇ ਕੋਈ 6 ਲੱਖ ਮੋਬਾਈਲ ਫ਼ੋਨ ਨੰਬਰ ਅਤੇ 3.25 ਲੱਖ ਜਾਅਲੀ ਖਾਤੇ ਜ਼ਬਤ ਕੀਤੇ ਜਾ ਚੁੱਕੇ ਹਨ। ਮੋਬਾਈਲ ਲਈ 709 ਨਵੀਆਂ ਅਰਜ਼ੀਆਂ ਰੱਦ ਕੀਤੀਆਂ ਜਾ ਚੁੱਕੀਆਂ ਹਨ। ਕੇਂਦਰੀ ਸਰਕਾਰ ਦੀ ਇੱਕ ਹੋਰ ਏਜੰਸੀ ਕੰਪਿਊਟਰ ਐਮਰਜੈਂਸੀ ਰਿਸਪਾਂਸ ਟੀਮ ਨੇ ਵੀ ਇੱਕ ਦਰਜਨ ਤੋਂ ਵੱਧ ਕਿਸਮ ਦੀਆਂ ਔਨਲਾਈਨ ਠੱਗੀਆਂ ਦੀ ਸੂਚੀ ਜਾਰੀ ਕੀਤੀ ਹੈ। ਨੈਸ਼ਨਲ ਕ੍ਰਾਈਮ ਰਿਪੋਰਟਿੰਗ ਪੋਰਟਲ ਅਨੁਸਾਰ 2021 ਵਿੱਚ 4.5 ਲੱਖ ਠੱਗੀਆਂ ਦੇ ਕੇਸ ਹੋਏ ਸਨ ਜਿਹੜੇ 2022 ਵਿੱਚ ਵਧ ਕੇ 9.6 ਲੱਖ ਹੋ ਗਏ। 2023 ਵਿੱਚ ਇਨ੍ਹਾਂ ਦੀ ਗਿਣਤੀ 15 ਲੱਖ ਹੋ ਗਈ ਸੀ ਅਤੇ 2024 ਦੇ ਸਿਰਫ਼ ਪਹਿਲੇ 4 ਮਹੀਨਿਆਂ ਵਿੱਚ 7.4 ਲੱਖ ਘਟਨਾਵਾਂ ਵਾਪਰ ਚੁੱਕੀਆਂ ਹਨ। 14 ਸੀ ਸੈਂਟਰ ਅਨੁਸਾਰ ਲੋਕਾਂ ਤੋਂ ਡਿਜੀਟਲ ਅਰੈਸਟ ਰਾਹੀਂ 120.3 ਕਰੋੜ, ਟਰੇਡਿੰਗ ਸਕੈਮ ਵਿੱਚ 1420.48 ਕਰੋੜ, ਇਨਵੈਸਟਮੈਂਟ ਸਕੈਮ ਵਿੱਚ 225.58 ਕਰੋੜ ਅਤੇ ਰੋਮਾਂਸ ਸਕੈਮ ਰਾਹੀਂ 13.23 ਕਰੋੜ ਰੁਪਏ ਲੁੱਟੇ ਜਾ ਚੁੱਕੇ ਹਨ।



ਇਸ ਵਰ੍ਹੇ ਵਿੱਚ ਹੁਣ ਤੱਕ ਡਿਜੀਟਲ ਗ੍ਰਿਫ਼ਤਾਰੀ ਦੀਆਂ ਕੋਈ 6000 ਸ਼ਿਕਾਇਤਾਂ ਆ ਚੁੱਕੀਆਂ ਹਨ। ਡਿਜੀਟਲ ਗ੍ਰਿਫ਼ਤਾਰੀ ਫ਼ਰਾਡ ਵਿੱਚ ਇਸ ਵਰ੍ਹੇ ਦੇ ਸਿਰਫ਼ ਪਹਿਲੇ ਤਿੰਨ ਮਹੀਨਿਆਂ ਵਿੱਚੋਂ ਲੋਕਾਂ ਦੇ 120.3 ਕਰੋੜ ਰੁਪਏ ਲੁੱਟੇ ਜਾ ਚੁੱਕੇ ਹਨ। ਡਿਜੀਟਲ ਗ੍ਰਿਫ਼ਤਾਰੀ ਨਾਂ ਦੀ ਕਾਨੂੰਨ ਵਿੱਚ ਕਿਸੇ ਵੀ ਭਾਂਤ ਦੀ ਵਿਵਸਥਾ ਨਹੀਂ ਹੈ। ਡਿਜੀਟਲ ਠੱਗੀ ਦਾ ਮੱਕੜਜਾਲ ਜ਼ਿਆਦਾਤਰ ਮਿਆਂਮਾਰ, ਲਾਓਸ ਅਤੇ ਕੰਬੋਡੀਆ ਤੋਂ ਚਲਾਇਆ ਜਾ ਰਿਹਾ ਹੈ ਭਾਵੇਂ ਬਹੁਤ ਸਾਰੇ ਡਿਜੀਟਲ ਠੱਗ ਸਥਾਨਕ ਪੱਧਰ 'ਤੇ ਵੀ ਇਸ ਅਪਰਾਧ ਨਾਲ ਜੁੜੇ ਹੋਏ ਹਨ। ਇਹ ਲੋਕ ਵੀਡੀਓ ਕਾਲ ਦੇ ਹਿਸਾਬ ਨਾਲ ਸੈੱਟਅਪ ਬਣਾਉਂਦੇ ਹਨ। ਪਲੋਸਣਾ, ਡਰਾਉਣਾ, ਧਮਕਾਉਣਾ, ਸਬਜ਼ਬਾਗ਼ ਦਿਖਾਉਣਾ, ਲਗਾਤਾਰ ਦਬਾਅ ਬਣਾਉਣਾ ਆਦਿ ਤਫ਼ਤੀਸ਼ ਦੀਆਂ ਤਕਨੀਕਾਂ ਹਨ। ਇਹ ਠੱਗ ਆਪਣੇ ਸ਼ਿਕਾਰ 'ਤੇ ਇਹ ਸਾਰੇ ਫ਼ਾਰਮੂਲੇ ਅਜ਼ਮਾਉਂਦੇ ਹਨ।

ਇਹ ਡਿਜੀਟਲ ਠੱਗ ਐੱਸ.ਐਮ.ਐੱਸ., ਵਟਸਐਪ, ਈ-ਮੇਲ ਰਾਹੀਂ ਤੁਹਾਨੂੰ ਸੀ.ਬੀ.ਆਈ, ਆਈ.ਬੀ., ਈ.ਡੀ., ਕਸਟਮਜ਼, ਨਾਰਕੋਟਿਕਸ ਬਿਊਰੋ, ਟੀ.ਆਰ.ਏ.ਆਈ., ਆਰ.ਬੀ.ਆਈ.ਦੇ ਅਫ਼ਸਰ ਬਣਕੇ ਸੰਪਰਕ ਕਰਦੇ ਹਨ ਕਿ ਤੁਹਾਡਾ ਕਿਸੇ ਫ਼ਰਾਡ ਵਿੱਚ ਜ਼ਿਕਰ ਆ ਰਿਹਾ ਹੈ। ਸੁਨੇਹੇ 'ਤੇ ਸਰਕਾਰੀ ਨਾਂ, ਮੋਹਰ, ਦਸਤਖ਼ਤ ਆਦਿ ਸਭ ਇੰਝ ਦੇ ਹਨ ਕਿ ਤੁਹਾਨੂੰ ਉਸ ਦੇ ਗ਼ਲਤ ਹੋਣ ਬਾਰੇ ਕੋਈ ਸ਼ੱਕ ਨਹੀਂ ਹੁੰਦਾ। ਵੀਡੀਓ ਕਾਲ ਦੌਰਾਨ ਧੋਖੇਬਾਜ਼ ਆਪਣੇ ਬੈਕਗਰਾਊਂਡ ਨੂੰ ਥਾਣੇ ਵਾਂਗ ਬਣਾ ਲੈਂਦੇ ਹਨ, ਜਿਸ ਨੂੰ ਦੇਖ ਕੇ ਪੀੜਤ ਡਰ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਗੱਲਾਂ ਵਿੱਚ ਆ ਜਾਂਦਾ ਹੈ ਤੇ ਠੱਗੀ ਦਾ ਸ਼ਿਕਾਰ ਹੋ ਜਾਂਦਾ ਹੈ।

# ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਨੂੰ ਲਾਹੁਣ ਦੀਆਂ ਤਿਆਰੀਆਂ ?

## ਬਾਦਲ ਦਲ ਦੇ ਨਿਸ਼ਾਨੇ 'ਤੇ ਗਿ. ਹਰਪ੍ਰੀਤ ਸਿੰਘ, ਸ਼ੋਸ਼ਲ ਮੀਡੀਆ ਉੱਪਰ ਹੋਣ ਲੱਗੀ ਕਿਰਦਾਰਕੁਸ਼ੀ

ਅੰਮ੍ਰਿਤਸਰ/ਏ.ਟੀ.ਨਿਊਜ਼: ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਖਤ ਫ਼ੈਸਲਿਆਂ ਕਾਰਣ ਬਾਦਲ ਅਕਾਲੀ ਦਲ ਦੀ ਹਿਟਲਿਸਟ ਉੱਪਰ ਹਨ। ਸ਼ੋਸ਼ਲ ਮੀਡੀਆ ਉੱਪਰ ਉਨ੍ਹਾਂ ਦੀ ਕਿਰਦਾਰਕੁਸ਼ੀ ਬਾਦਲ ਦਲ ਦੀ ਟਰੋਲ ਆਰਮੀ ਰਾਹੀਂ ਚਲ ਰਹੀ ਹੈ ਤਾਂ ਜੋ ਮਾਨਸਿਕ ਹਮਲੇ ਕਾਰਨ ਜਥੇਦਾਰ ਦਮਦਮਾ ਸਾਹਿਬ ਅਸਤੀਫ਼ਾ ਦੇ ਜਾਣ ਜਾਂ ਉਨ੍ਹਾਂ ਵਿਰੁੱਧ ਦੋਸ਼ ਲਗਾਕੇ ਜਥੇਦਾਰੀ ਤੋਂ ਖਾਰਜ ਕਰ ਦਿੱਤਾ ਜਾਵੇ।

ਇਥੇ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਖ਼ਿਲਾਫ਼ ਇੱਕ ਸ਼ਿਕਾਇਤ ਮਿਲੀ ਹੈ। ਇਹ ਸ਼ਿਕਾਇਤ ਪੱਤਰ ਉਸ ਵਿਅਕਤੀ ਵੱਲੋਂ ਦਿੱਤਾ ਗਿਆ ਹੈ, ਜੋ ਖ਼ੁਦ ਨੂੰ ਜਥੇਦਾਰ ਦਾ ਸਾਬਕਾ ਸਾਂਢੂ ਹੋਣ ਦਾ ਦਾਅਵਾ ਕਰ ਰਿਹਾ ਹੈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸ਼ਿਕਾਇਤ ਮਿਲਣ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਸ਼ਿਕਾਇਤ ਪੱਤਰ ਦਿੱਤਾ ਗਿਆ ਹੈ। ਪਹਿਲਾਂ ਸ਼ਿਕਾਇਤ ਦੀ ਘੋਖ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਇਸ ਸਬੰਧੀ ਅਗਲੇ ਕਦਮ ਬਾਰੇ ਵਿਚਾਰ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਮੁਕਤਸਰ ਸਾਹਿਬ ਦੇ ਇੱਕ ਵਿਅਕਤੀ ਗੁਰਪ੍ਰੀਤ ਸਿੰਘ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਜਥੇਦਾਰ ਦੇ ਸਾਬਕਾ ਸਾਂਢੂ ਹਨ। ਸ਼੍ਰੋਮਣੀ ਕਮੇਟੀ ਨੂੰ ਦਿੱਤੇ ਪੱਤਰ ਵਿੱਚ ਉਸ ਨੇ ਜਥੇਦਾਰ ਦੇ ਖ਼ਿਲਾਫ਼ ਗੰਭੀਰ ਦੋਸ਼ ਲਾਏ ਤੇ ਦਾਅਵਾ ਕੀਤਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਸੀ ਪਰ ਨੌਕਰੀ ਛੱਡ ਕੇ ਉਹ ਡਿਪਰੈਸ਼ਨ ਵਿੱਚ ਚਲਾ ਗਿਆ ਹੈ,ਕਿਉਂਕਿ ਉਸ ਦੀ ਸਾਬਕਾ ਘਰਵਾਲੀ ਦੇ ਜਥੇਦਾਰ ਹਰਪ੍ਰੀਤ ਸਿੰਘ ਦੇ ਸਬੰਧ ਸਨ। ਉਸ ਵੱਲੋਂ ਸ਼੍ਰੋਮਣੀ ਕਮੇਟੀ ਕੋਲੋਂ ਇਨਸਾਫ਼ ਦੀ ਮੰਗ ਕੀਤੀ ਗਈ ਹੈ। ਇਸ ਵਿਅਕਤੀ ਦੀਆਂ ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਵੀ ਹੋ ਰਹੀਆਂ ਹਨ।



ਹੈਰਾਨੀ ਇਸ ਗੱਲ ਦੀ ਹੈ ਕਿ ਇਹ 12 ਸਾਲ ਪੁਰਾਣਾ ਮਾਮਲਾ ਹੈ। ਗਿਆਨੀ ਹਰਪ੍ਰੀਤ ਸਿੰਘ ਦੀ ਸਾਲੀ ਆਪਣੇ ਘਰਵਾਲੇ ਦੀ ਕੁੱਟਮਾਰ ਤੋਂ ਤੰਗ ਹੋਕੇ ਤਲਾਕ ਲੈ ਲਿਆ ਸੀ। ਗਿਆਨੀ ਹਰਪ੍ਰੀਤ ਸਿੰਘ ਨੇ ਸਾਲੀ ਦੀਆਂ ਦੋਵੇਂ ਲੜਕੀਆਂ ਆਪਣੇ ਕੋਲ ਪਾਲਣ ਪੋਸਣ ਲਈ ਰੱਖ ਲਈਆਂ ਸਨ।ਆਪਣੀ ਸਾਲੀ ਦਾ ਵਿਆਹ ਕਰ ਦਿੱਤਾ ਸੀ।

ਸੁਆਲ ਇਹ ਹੈ ਕਿ 12 ਸਾਲ ਬਾਅਦ ਇਹ ਦੋਸ਼ ਗਿਆਨੀ ਹਰਪ੍ਰੀਤ ਸਿੰਘ ਉੱਪਰ ਕਿਉਂ ਲਗਾਏ ਗਏ ? ਜੇਕਰ ਗਿਆਨੀ ਹਰਪ੍ਰੀਤ ਸਿੰਘ ਗਲਤ ਸਨ ਤਾਂ ਸ਼੍ਰੋਮਣੀ ਕਮੇਟੀ ਨੇ ਜਥੇਦਾਰ ਕਿਉਂ ਬਣਾਇਆ ? ਇਸ ਦਾ ਸਾਫ਼ ਅਰਥ ਹੈ ਕਿ ਸ਼੍ਰੋਮਣੀ ਕਮੇਟੀ ਬਾਦਲ ਹਾਈਕਮਾਂਡ ਦੇ ਹੁਕਮ ਮੁਤਾਬਿਕ ਕਾਰਵਾਈ ਕਰਨਾ ਚਾਹੁੰਦੀ ਹੈ। ਪੰਥਕ ਹਲਕਿਆਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਕੋਈ ਥਾਣਾ ਨਹੀਂ ਕਿ ਉਹ ਇਸ ਕਨੂੰਨੀ ਮਾਮਲੇ ਵਿੱਚ ਘੋਖ ਕਰੇ ਤੇ ਅਦਾਲਤ ਬਣਕੇ ਫ਼ੈਸਲਾ ਦੇਵੇ। ਜੇਕਰ ਕਾਨੂੰਨ ਅਨੁਸਾਰ ਜਥੇਦਾਰ ਹਰਪ੍ਰੀਤ ਸਿੰਘ ਦੋਸ਼ੀ ਹੈ ਤਾਂ ਸ਼੍ਰੋਮਣੀ ਕਮੇਟੀ ਕਾਰਵਾਈ ਕਰੇ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜੇਕਰ ਜਥੇਦਾਰ ਦਾ ਸਾਂਢੂ ਸਹੀ ਕਿਰਦਾਰ ਦਾ ਵਿਅਕਤੀ ਸੀ ਤਾਂ ਉਸਨੇ ਆਪਣੀਆਂ ਧੀਆਂ ਦੀ ਪਾਲਣਾ ਕਿਉਂ ਨਹੀਂ ਕੀਤੀ ?

**ਜਥੇਦਾਰ ਦੇ ਨਾਂ 'ਤੇ ਬਣਿਆ ਫ਼ੇਕ ਅਕਾਊਂਟ, ਗਿਆਨੀ ਹਰਪ੍ਰੀਤ ਸਿੰਘ ਨੇ ਦਿੱਤਾ ਜਵਾਬ**

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ 'ਤੇ ਫ਼ੇਕ ਅਕਾਊਂਟ ਬਣਾਏ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਨੇ ਰੋਸ ਪ੍ਰਗਟਾਇਆ ਅਤੇ ਉਨ੍ਹਾਂ ਨੇ ਫ਼ੇਕ ਅਕਾਊਂਟ ਬਣਾਉਣ ਵਾਲਿਆਂ ਨੂੰ ਜਵਾਬ ਵੀ ਦਿੱਤਾ ਹੈ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਫ਼ੇਕ ਅਕਾਊਂਟ ਦੀਆਂ ਪੋਸਟਾਂ ਸਾਂਝੀਆਂ ਕੀਤੀਆਂ ਹਨ ਅਤੇ ਲਿਖਿਆ ਹੈ ਕਿ ਇੰਨੀਆਂ ਡਿਗੀਆਂ ਤੇ ਨੀਚ ਹਰਕਤਾਂ 'ਤੇ ਉੱਤਰ ਆਉਗੇ ਕਦੇ ਕਿਸੇ ਸਿੱਖ ਦੇ ਚਿੱਤ ਚੇਤੇ ਵੀ ਨਹੀਂ ਹੋਣਾ। ਮੰਨਦੇ ਆ ਤੁਹਾਡੇ ਕੋਲ ਪੈਸਾ ਹੈ, ਇੱਕ ਪੂਰਾ ਨੈੱਟਵਰਕ ਸਿਸਟਮ ਹੈ, ਚਾਰ ਚਾਪਲੂਸ ਵੀ ਹਨ। ਇੰਨਾ ਡਿਗਨਾ ਨੈਤਿਕਤਾ ਤੋਂ ਹੀਣੇ ਹੋਣ ਦਾ ਸਬੂਤ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਨਾਮ ਦਾ ਜਾਅਲੀ ਪੇਜ ਬਣਾ ਕੇ ਉਸ ਤੋਂ ਅਲੱਗ-ਅਲੱਗ ਪੋਸਟਾਂ ਤੇ ਹਲਕੇ ਪੱਧਰ ਦੇ ਕੁਮੈਂਟ ਕੀਤੇ ਜਾ ਰਹੇ ਹਨ। ਇੰਨਾ ਥੱਲੇ ਤਾਂ ਸਮੁੰਦਰ ਵਿੱਚ ਟਾਇਟੈਨਿਕ ਨਹੀਂ ਡਿੱਗਿਆ ਜਿੰਨੇ ਤੁਸੀਂ ਡਿੱਗ ਪਏ। ਬੱਸ ਇੰਨਾ ਹੀ ਆਖਾਂਗੇ ਗੁਰੂ ਤੁਹਾਡਾ ਭਲਾ ਕਰੇ। ਗੁਰੂ ਪਿਆਰਿਓ ਇੰਨਾ ਨਕਲੀ ਪੇਜਾਂ ਤੋਂ ਸਾਵਧਾਨ ਰਹੋ। (**ਬਾਕੀ ਸਫ਼ਾ 31 'ਤੇ**)

**ਮਾਮਲਾ ਗਿਆਨੀ ਹਰਪ੍ਰੀਤ ਸਿੰਘ ਦੀ ਕਿਰਦਾਰਕੁਸ਼ੀ ਦਾ**

# ਵਲਟੋਹਾ ਦੀ ਵੀਡੀਓ 'ਤੇ ਗਿਆਨੀ ਹਰਪ੍ਰੀਤ ਸਿੰਘ ਦਾ ਠੋਕਵਾਂ ਜਵਾਬ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵੀਡੀਓ ਜਨਤਕ ਕਰਨ ਲਈ ਕਿਹਾ



ਮੋਹਾਲੀ/ਏ.ਟੀ.ਨਿਊਜ਼ : ਵਿਰਸਾ ਸਿੰਘ ਵਲਟੋਹਾ ਵੱਲੋਂ ਲਗਾਏ ਗਏ ਇਲਜ਼ਾਮਾਂ ਬਾਰੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਸੀਂ ਮਲਵਈ ਹੁੰਦੇ ਹਾਂ ਅਤੇ ਸਾਲਾ ਸ਼ਬਦ ਸਾਡੇ ਮੂੰਹੋ ਨਿਕਲਣਾ ਆਮ ਗੱਲ ਹੈ। ਉਨ੍ਹਾਂ ਨੇ ਵਿਰਸਾ ਸਿੰਘ ਵਲਟੋਹਾ ਦਾ ਨਾਮ ਲਏ ਬਿਨਾਂ ਕਿਹਾ ਕਿ ਉਹ 27 ਮਿੰਟ ਦੀ ਵੀਡੀਓ ਵੀ ਜਾਰੀ ਕਰਨ ਜੋ ਜਥੇਦਾਰ ਸਾਹਿਬਾਨਾਂ ਨੇ ਰਿਕਾਰਡ ਕਰਵਾਈ ਸੀ। ਉਨ੍ਹਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਵੀਡਿਓ ਜਾਰੀ ਕਰਨ।

ਉਨ੍ਹਾਂ ਨੇ ਕਿਹਾ ਕਿ ਮੈਨੂੰ ਨੀਵਾਂ ਦਿਖਾਉਣ ਦੇ ਲਈ 27 ਸਕਿੰਡ ਦਾ ਇੱਕ ਕਲਿੱਪ ਕੱਟ ਕੇ ਲੋਕਾਂ ਨੂੰ ਦਿਖਾ ਰਹੇ ਨੇ। ਜੇਕਰ ਹਿੰਮਤ ਹੈ ਤਾਂ ਪੂਰੀ ਵੀਡੀਓ ਦਿਖਾਉਣ। ਉਨ੍ਹਾਂ ਨੇ ਕਿਹਾ ਕਿ ਮੇਰਾ ਗੁਨਾਹ ਹੈ ਕਿ ਪੰਜ ਸਿੰਘ ਸਾਹਿਬਾਨਾਂ ਦੇ ਫ਼ੈਸਲੇ ਵਿੱਚ ਸ਼ਾਮਲ ਸੀ। ਇਸ ਲਈ ਮੇਰੇ ਪਰਿਵਾਰ ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਫ਼ੈਸਲਾ ਪੰਜ ਸਿੰਘ ਸਾਹਿਬਾਨਾਂ ਦਾ ਸੀ ਪਰ ਟਰੋਲ ਮੈਨੂੰ ਕੀਤਾ ਜਾ ਰਿਹਾ ਹੈ।

ਅਸਤੀਫ਼ਾ ਨਹੀਂ ਦੇਵਾਂਗਾ

ਉਨ੍ਹਾਂ ਨੇ ਕਿਹਾ ਕਿ ਮੈਂ ਕੋਈ ਅਸਤੀਫ਼ਾ ਨਹੀਂ ਦੇਵਾਂਗੇ ਪਰ ਜੇਕਰ ਮੈਨੂੰ ਕੱਢਣਾ ਹੈ ਤਾਂ ਕੱਢ ਦਿਓ। ਜਥੇਦਾਰ ਨੇ ਕਿਹਾ ਕਿ ਉਹ ਹੁਣ ਪੰਜ ਸਿੰਘ ਸਾਹਿਬਾਨਾਂ ਦੀ ਬੈਠਕ ਦੇ ਵਿੱਚ ਸ਼ਾਮਲ ਨਹੀਂ ਹੋਣਗੇ। ਉਨ੍ਹਾਂ ਨੇ ਕਿਹਾ ਕਿ ਕੁਝ ਨਕਲੀ ਪੇਜਾਂ ਤੋਂ ਮੈਨੂੰ ਟਰੋਲ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮੇਰੀ ਕਿਰਦਾਰ ਕੁਸ਼ੀ ਕੀਤੀ ਜਾ ਰਹੀ ਹੈ।

ਮੇਰੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ

ਉਨ੍ਹਾਂ ਨੇ ਕਿਹਾ ਕਿ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਿੰਘ ਸਾਹਿਬਾਨ ਵੱਲੋਂ ਸੁਣਾਏ ਗਏ ਫ਼ੈਸਲੇ ਵਿੱਚ ਸ਼ਾਮਿਲ ਹੋਣਾ ਮੇਰਾ ਗੁਨਾਹ ਹੋ ਨਿੱਬੜਿਆ ਅਤੇ ਉਸ ਦੇ ਬਾਅਦ ਤੋਂ ਲਗਾਤਾਰ ਮੈਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਮੇਰੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ। ਮੇਰਾ ਪਰਿਵਾਰ ਪਿਛਲੇ 15 ਦਿਨਾਂ ਤੋਂ ਸੌਂ ਨਹੀਂ ਸਕਿਆ ਅਤੇ ਇਸ ਸਭ ਦੇ ਪਿੱਛੇ ਇੱਕ ਅਕਾਲੀ ਆਗੂ ਹੈ।

ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਸ਼ਾਇਦ ਅਸਤੀਫ਼ਿਆਂ ਦੇ ਫ਼ੈਸਲੇ ਨੂੰ ਬਦਲਣ ਲਈ ਕੁਝ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਬੀ. ਜੇ. ਪੀ. ਨਾਲ ਸੰਬੰਧਾਂ ਦੇ ਦੋਸ਼ ਗਲਤ ਹਨ ਪਰ ਸਾਰੀਆਂ ਪਾਰਟੀਆਂ ਦੇ ਸਿੱਖ ਆਗੂ ਅਕਸਰ ਮਿਲਦੇ ਰਹਿੰਦੇ ਹਨ, ਉਸ ਨਾਲ ਮੈਂ ਕਿਸੇ ਪਾਰਟੀ ਨਾਲ ਨਹੀਂ ਜੁੜ ਜਾਂਦਾ।

ਆਪਣੇ ਸਾਢੂ ਵੱਲੋਂ ਲਗਾਏ ਗਏ ਇਲਜ਼ਾਮਾਂ 'ਤੇ ਬੋਲਦਿਆਂ ਉਨ੍ਹਾਂ ਨੇ ਕਿਹਾ ਕਿ ਕੁਝ ਮੀਡੀਆ ਚੈਨਲ ਗੁਰਪ੍ਰੀਤ ਨਾਮ ਦੇ ਇੱਕ ਵਿਅਕਤੀ ਨੂੰ ਲੈ ਕੇ ਆਏ, ਮੇਰੇ ਉੱਤੇ ਬੇਹਦ ਭੱਦੇ ਇਲਜ਼ਾਮ ਲਗਾਏ ਗਏ ਸਨ, ਜਿਨ੍ਹਾਂ ਦਾ ਜਵਾਬ ਅੱਜ ਪੰਜ ਪਿਆਰਿਆਂ ਸਾਹਮਣੇ ਦੇ ਕੇ ਆਇਆ ਹਾਂ। ਜਥੇਦਾਰ ਨੇ ਬਿਨਾਂ ਕਿਸੇ ਨਾਮ ਲੈਂਦਿਆਂ ਕਿਹਾ ਕਿ ਖਾਸ ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ ਦੇ ਲਈ 18 ਸਾਲਾਂ ਬਾਅਦ ਇੱਕ ਪਰਿਵਾਰਕ ਝਗੜੇ ਨੂੰ ਦੁਬਾਰਾ ਖੋਲਿਆ ਗਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਉਨ੍ਹਾਂ 'ਤੇ ਇਲਜ਼ਾਮ ਲਗਾਉਣ ਵਾਲੇ ਵਿਅਕਤੀ ਦੇ ਪਿੱਛੇ ਇੱਕ ਸਾਬਕਾ ਅਕਾਲੀ ਆਗੂ ਹੈ ਜੋ ਕਿ ਸਿਰਫ਼ ਨਾਮ ਦਾ ਹੀ ਸਾਬਕਾ ਹੈ ਪਰ ਤਾਲਮੇਲ ਵਿੱਚ ਪੂਰਾ ਬਾਦਲ ਅਕਾਲੀ ਦਲ ਦਾ ਆਗੂ ਹੈ।

# ਦਿਲਜੀਤ ਦੋਸਾਂਝ ਭਾਰਤ 'ਚ ਲਾਈਵ ਸ਼ੋਅ ਦੇ ਪ੍ਰਬੰਧਾਂ ਤੋਂ ਨਾਖ਼ੁਸ਼



ਮੁੰਬਈ/ਏ.ਟੀ.ਨਿਊਜ਼: ਪੰਜਾਬੀ ਸੁਪਰਸਟਾਰ ਦਿਲਜੀਤ ਦੋਸਾਂਝ ਨੇ ਕਿਹਾ ਹੈ ਕਿ ਉਹ ਭਾਰਤ ਵਿੱਚ ਕਨਸਰਟ ਦੌਰਾਨ ਕੀਤੇ ਜਾਣ ਵਾਲੇ ਪ੍ਰਬੰਧਾਂ ਤੋਂ ਨਾਖੁਸ਼ ਹੈ। ਉਸ ਨੇ ਕਿਹਾ ਜਦੋਂ ਤਕ ਲਾਈਵ ਸ਼ੋਅ ਦੇ ਪ੍ਰਬੰਧ ਠੀਕ ਨਹੀਂ ਕੀਤੇ ਜਾਣਗੇ, ਉਹ ਕੋਈ ਸ਼ੋਅ ਨਹੀਂ ਕਰੇਗਾ। ਜ਼ਿਕਰਯੋਗ ਹੈ ਕਿ ਗਾਇਕ ਅਤੇ ਅਦਾਕਾਰ ਦਿਲਜੀਤ ਨੇ ਹਾਲ ਹੀ ਵਿੱਚ ਮੁਲਕ ਭਰ ਵਿੱਚ ਲਾਈਵ ਸ਼ੋਅ ਕੀਤੇ ਹਨ। ਇਸ ਦੌਰਾਨ ਉਸ ਨੇ ਚੰਡੀਗੜ੍ਹ ਵਿੱਚ ਸ਼ੋਅ ਦੌਰਾਨ ਪ੍ਰਬੰਧਾਂ 'ਤੇ ਨਾਖੁਸ਼ੀ ਜ਼ਾਹਿਰ ਕੀਤੀ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਕਈ ਵੀਡੀਓ ਕਲਿੱਪ ਵਾਇਰਲ ਹੋ ਰਹੇ ਹਨ। ਇਨ੍ਹਾਂ ਵਿੱਚ ਉਹ ਆਖ ਰਿਹਾ ਹੈ ਕਿ ਭਾਰਤ ਵਿੱਚ ਲਾਈਵ ਸ਼ੋਅ ਲਈ ਪ੍ਰਬੰਧਾਂ ਵਿੱਚ ਸੁਧਾਰ ਦੀ ਲੋੜ ਹੈ। ਕਲਿੱਪ ਵਿੱਚ ਉਹ ਆਖ ਰਿਹਾ ਹੈ ਕਿ ਭਾਰਤ ਵਿੱਚ ਸਾਡੇ ਕੋਲ ਲਾਈਵ ਸ਼ੋਅ ਕਰਵਾਉਣ ਦੇ ਢੁਕਵੇਂ ਪ੍ਰਬੰਧ ਹੀ ਨਹੀਂ ਹਨ। ਉਸ ਨੇ ਕਿਹਾ ਕਿ ਇਹ ਲਾਈਵ ਸ਼ੋਅ ਆਮਦਨ ਦਾ ਵੱਡਾ ਸਰੋਤ ਹਨ। ਇਸ ਤੋਂ ਵੱਡੀ ਗਿਣਤੀ ਲੋਕਾਂ ਨੂੰ ਕੰਮ ਮਿਲਦਾ ਹੈ। ਉਸ ਨੇ ਕਿਹਾ ਕਿ ਉਹ ਅਗਲੀ ਵਾਰ ਇਹ ਕੋਸ਼ਿਸ਼ ਕਰੇਗਾ ਕਿ ਸਟੇਜ ਵਿਚਕਾਰ ਹੋਵੇ ਅਤੇ ਦਰਸ਼ਕ ਸਟੇਜ ਦੇ ਚਾਰੇ ਪਾਸੇ ਹੋਣ। ਦਿਲਜੀਤ ਦੋਸਾਂਝ ਨੇ ਕਿਹਾ ਕਿ ਜਦੋਂ ਤਕ ਅਜਿਹਾ ਨਹੀਂ ਹੋ ਜਾਂਦਾ, ਉਹ ਭਾਰਤ ਵਿੱਚ ਸ਼ੋਅ ਨਹੀਂ ਕਰੇਗਾ। ਚੰਡੀਗੜ੍ਹ ਵਿੱਚ ਕੀਤਾ ਸ਼ੋਅ ਦਿਲਜੀਤ ਨੇ ਵਿਸ਼ਵ ਸ਼ਤਰੰਜ ਚੈਂਪੀਅਨ ਡੀ. ਗੁਕੇਸ਼ ਦੇ ਨਾਮ ਕੀਤਾ। ਉਸ ਨੇ ਗੁਕੇਸ਼ ਦੀ ਮਿਹਨਤ ਦੀ ਸ਼ਲਾਘਾ ਕੀਤੀ। ਇਸ ਸਬੰਧੀ ਉਸ ਨੇ ਇੰਸਟਾਗ੍ਰਾਮ 'ਤੇ ਵੀਡੀਓ ਵੀ ਸਾਂਝੀ ਕੀਤੀ ਹੈ।

# ਸੰਸਦੀ ਕਮੇਟੀ ਵੱਲੋਂ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਦੀ ਸਿਫਾਰਸ਼



ਨਵੀਂ ਦਿੱਲੀ/ਏ.ਟੀ.ਨਿਊਜ਼: ਖੇਤੀ ਨਾਲ ਸਬੰਧਿਤ ਸੰਸਦ ਦੀ ਸਥਾਈ ਕਮੇਟੀ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਹੈ ਕਿ ਕਿਸਾਨਾਂ ਲਈ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਕਾਨੂੰਨੀ ਤੌਰ 'ਤੇ ਲਾਜ਼ਮੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਅਜਿਹੇ ਕਦਮਾਂ ਨਾਲ ਕਿਸਾਨ ਖ਼ੁਦਕੁਸ਼ੀ ਦੀਆਂ ਘਟਨਾਵਾਂ ਘੱਟ ਸਕਦੀਆਂ ਹਨ ਤੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਸਥਿਰਤਾ ਮਿਲ ਸਕਦੀ ਹੈ। ਕਾਂਗਰਸ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠਲੀ ਖੇਤੀ, ਪਸ਼ੂ ਪਾਲਣ ਤੇ ਫੂਡ ਪ੍ਰੋਸੈਸਿੰਗ ਸਬੰਧੀ ਕਮੇਟੀ ਨੇ ਇਸ ਸਬੰਧੀ ਰਿਪੋਰਟ ਸੰਸਦ 'ਚ ਪੇਸ਼ ਕੀਤੀ ਹੈ। ਰਿਪੋਰਟ ਅਨੁਸਾਰ, 'ਕਮੇਟੀ ਦ੍ਰਿੜ੍ਹਤਾ ਨਾਲ ਸਿਫਾਰਸ਼ ਕਰਦੀ ਹੈ ਕਿ ਖੇਤੀ ਤੇ ਕਿਸਾਨ ਭਲਾਈ ਵਿਭਾਗ ਜਲਦੀ ਤੋਂ ਜਲਦੀ ਐੱਮ.ਐੱਸ.ਪੀ. ਨੂੰ ਕਾਨੂੰਨੀ ਗਾਰੰਟੀ ਵਜੋਂ ਲਾਗੂ ਕਰਨ ਲਈ ਰੋਡਮੈਪ ਦਾ ਐਲਾਨ ਕਰੇ।' ਸਰਕਾਰ ਵੱਲੋਂ ਇਸ ਸਮੇਂ ਖੇਤੀ ਲਾਗਤ ਤੇ ਕੀਮਤਾਂ ਬਾਰੇ ਕਮਿਸ਼ਨ (ਸੀ.ਏ.ਸੀ.ਪੀ.) ਦੀਆਂ ਸਿਫਾਰਸ਼ ਅਨੁਸਾਰ 23 ਫਸਲਾਂ 'ਤੇ ਐੱਮ.ਐੱਸ.ਪੀ. ਦਿੱਤੀ ਜਾ ਰਹੀ ਹੈ। ਪੈਨਲ ਨੇ ਦਲੀਲ ਦਿੱਤੀ ਕਿ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਨਾ ਸਿਰਫ਼ ਕਿਸਾਨਾਂ ਦਾ ਰੁਜ਼ਗਾਰ ਸੁਰੱਖਿਅਤ ਕਰੇਗੀ ਬਲਕਿ ਇਸ ਨਾਲ ਦਿਹਾਤੀ ਅਰਥਚਾਰੇ ਦਾ ਵਿਕਾਸ ਹੋਵੇਗਾ ਤੇ ਕੌਮੀ ਖੁਰਾਕ ਸੁਰੱਖਿਆ ਮਜ਼ਬੂਤ ਹੋਵੇਗੀ। ਕਮੇਟੀ ਵੱਲੋਂ ਇਸ ਤੋਂ ਇਲਾਵਾ ਕਿਸਾਨ ਖੁਦਕੁਸ਼ੀਆਂ ਘਟਾਉਣ ਲਈ ਇੱਕ ਮਜ਼ਬੂਤ ਐੱਮ.ਐੱਸ.ਪੀ. ਪ੍ਰਣਾਲੀ ਲਾਗੂ ਕਰਨ, ਪਰਾਲੀ ਦੇ ਨਿਬੇੜੇ ਲਈ ਕਿਸਾਨਾਂ ਨੂੰ ਮੁਆਵਜ਼ਾ ਦੇਣ, ਖੇਤ ਮਜ਼ਦੂਰਾਂ ਦੀ ਘੱਟੋ ਘੱਟ ਉਜਰਤ ਲਈ ਕੌਮੀ ਕਮਿਸ਼ਨ ਸਥਾਪਤ ਕਰਨ, ਕਿਸਾਨਾਂ ਦੇ ਖੇਤ ਮਜ਼ਦੂਰਾਂ ਲਈ ਕਰਜ਼ਾ ਮੁਆਫ਼ੀ ਯੋਜਨਾ ਲਿਆਉਣ ਅਤੇ ਖੇਤੀਬਾੜੀ ਵਿਭਾਗ ਦੇ ਨਾਂ 'ਚ ਖੇਤ ਮਜ਼ਦੂਰਾਂ ਨੂੰ ਵੀ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

# ਪਾਕਿਸਤਾਨ ਦੇ ਰੋਹਤਾਸ ਕਿਲ੍ਹੇ ਦੇ ਅੰਦਰ ਸਥਿਤ ਗੁਰਦੁਆਰਾ ਸਾਹਿਬ 'ਚ 77 ਸਾਲਾਂ ਬਾਅਦ ਨਿਸ਼ਾਨ ਸਾਹਿਬ ਕੀਤੇ ਗਏ ਸਥਾਪਿਤ

ਲਾਹੌਰ/ਏ.ਟੀ.ਨਿਊਜ਼: ਪਾਕਿਸਤਾਨ ਦੇ ਜ਼ਿਲ੍ਹਾ ਜਿਹਲਮ ਵਿਖੇ ਇਤਿਹਾਸਕ ਰੋਹਤਾਸ ਕਿਲ੍ਹੇ ਦੇ ਅੰਦਰ ਮੌਜੂਦ ਗੁਰਦੁਆਰਾ ਜਨਮ ਅਸਥਾਨ ਮਾਤਾ ਸਾਹਿਬ ਕੌਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਚੋਹਾ (ਚਸ਼ਮਾ) ਸਾਹਿਬ ਵਿਖੇ ਦੇਸ਼ ਦੀ ਵੰਡ ਤੋਂ ਬਾਅਦ ਪਿਛਲੇ ਦਿਨੀਂ ਪਹਿਲੀ ਵਾਰ ਨਿਸ਼ਾਨ ਸਾਹਿਬ ਸਥਾਪਿਤ ਕੀਤੇ ਗਏ।

ਇਸ ਸੰਬੰਧੀ ਲਾਹੌਰ ਤੋਂ ਜਾਣਕਾਰੀ ਦਿੰਦਿਆ ਬਾਬਰ ਜਲੰਧਰੀ ਨੇ ਦੱਸਿਆ ਕਿ ਜਿਹਲਮ ਦੇ ਇਤਿਹਾਸਕਾਰ ਮਿਰਜ਼ਾ ਸਫਦਾਰ ਬੇਗ ਅਨੁਸਾਰ ਦੋਵੇਂ ਗੁਰਦੁਆਰਿਆਂ ਸਾਹਿਬਾਨ ਦੇ ਨਿਸ਼ਾਨ ਸਾਹਿਬ ਸਥਾਪਿਤ ਕਰਕੇ ਚੋਲੇ ਬਦਲਣ ਦੀ ਸੇਵਾ ਸੰਗਤ ਵੱਲੋਂ ਅਰਦਾਸ ਕਰਨ ਉਪਰੰਤ ਪੂਰਨ ਸਿੱਖ ਮਰਿਆਦਾ ਨਾਲ ਕੀਤੀ ਗਈ। ਇਸ ਮੌਕੇ ਪਿਸ਼ਾਵਰ ਦੇ ਗੁਰਦੁਆਰਾ ਭਾਈ ਜੋਗਾ ਸਿੰਘ ਦੇ ਜਥੇ ਨੇ ਕੀਰਤਨ ਕੀਤਾ।




ਇਸ ਮੌਕੇ ਧਾਰਮਿਕ ਸਮਾਗਮ 'ਚ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਵਧੀਕ ਸਕੱਤਰ (ਸ਼ਰਾਈਨਜ਼) ਸੈਫ਼ਉੱਲ੍ਹਾ ਖੋਖਰ, ਡਿਪਟੀ ਸਕੱਤਰ ਤਨਵੀਰ ਅਹਿਮਦ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਡਾ. ਮਿਮਪਾਲ ਸਿੰਘ, ਬਾਬਾ ਗੁਰਪਾਲ ਸਿੰਘ, ਨਿਸ਼ਾਨ ਸਾਹਿਬ ਦੀ ਸੇਵਾ ਕਰਵਾਉਣ ਵਾਲੀ ਮਨਟੀਕਾ, ਕੈਲੇਫੋਰਨੀਆ (ਯੂ. ਐੱਸ. ਏ.) ਆਧਾਰਿਤ ਸੰਸਥਾ ਰਣਜੀਤ ਨਗਾਰਾ ਦੇ ਮੁਖੀ ਡਾ: ਸਤਪ੍ਰੀਤ ਸਿੰਘ, ਸਕੱਤਰ ਰਣਜੀਤ ਸਿੰਘ, ਹਰਦਿਆਲ ਸਿੰਘ, ਕੁਲਬੀਰ ਸਿੰਘ, ਮੋਹਕਮ ਸਿੰਘ, ਅਮਰਦੀਪ ਸਿੰਘ ਹੁੰਦਲ, ਜਗਮੀਤ ਸਿੰਘ ਭਿੰਡਰ, ਪਾਕਿਸਤਾਨੀ ਪ੍ਰਤੀਨਿਧੀ ਰਾਜਾ ਹਸਨ ਵੱਕਾਰ, ਰਾਜਾ ਹੈਦਰ ਵੱਕਾਰ, ਆਰਕੀਟੈਕਟ ਅਦੀਲ ਕੁਰੈਸ਼ੀ, ਖ਼ਾਲਿਦ ਸਰਵਰ, ਸਾਦੀਆ ਡੋਗਰ, ਸੰਤੋਖ ਸਿੰਘ, ਗੁਰਬੀਰ ਸਿੰਘ, ਜਸਵੰਤ ਸਿੰਘ, ਹੀਰਾ ਸਿੰਘ, ਤਲਵਿੰਦਰ ਸਿੰਘ, ਜਨਮ ਸਿੰਘ, ਮਦਾਨ ਸਿੰਘ, ਵਿਨੋਦ ਸਿੰਘ ਡੀਗਰਾ, ਰੋਹਨ ਸਿੰਘ, ਅਮਰਜੀਤ ਸਿੰਘ, ਪ੍ਰੀਤਮ ਸਿੰਘ, ਸਤਪਾਲ ਸਿੰਘ, ਮਿਰਜ਼ਾ ਬੈਗ, ਸ਼ਾਹਿਦ ਸ਼ਬੀਰ ਆਦਿ ਸਮੇਤ ਪਿਸ਼ਾਵਰ, ਲਾਹੌਰ, ਸ੍ਰੀ ਨਨਕਾਣਾ ਸਾਹਿਬ, ਸਿਆਲਕੋਟ, ਫੈਸਲਾਬਾਦ, ਜਿਹਲਮ, ਹਸਨ ਅਬਦਾਲ ਆਦਿ ਦੀ ਸੰਗਤ ਵੀ ਹਾਜ਼ਰ ਸੀ।

## ਸ਼ਹੀਦੀ ਸਭਾ: ਗੁਰਦੁਆਰਾ ਭੱਠਾ ਸਾਹਿਬ 'ਚ ਜੋੜ ਮੇਲ ਸਮਾਗਮ



ਰੂਪਨਗਰ/ਏ.ਟੀ.ਨਿਊਜ਼: ਇੱਥੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਸਾਲਾਨਾ ਸ਼ਹੀਦੀ ਜੋੜ ਮੇਲ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਮਨਾਏ ਜਾ ਰਹੇ ਸ਼ਹੀਦੀ ਪੰਦਰਵਾੜੇ ਤਹਿਤ ਸ਼ਹੀਦੀ ਸਭਾ ਦੇ ਦੂਜੇ ਪੜਾਅ ਦੀ ਸ਼ੁਰੂਆਤ ਹੋ ਗਈ। ਗੁਰਦੁਆਰਾ ਭੱਠਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਅਧੀਨ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸਦਾਬਰਤ ਤੋਂ ਸ਼ੁਰੂ ਹੋ ਕੇ ਰੂਪਨਗਰ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਹੁੰਦਾ ਹੋਇਆ ਬਾਅਦ ਦੁਪਹਿਰ ਗੁਰਦੁਆਰਾ ਭੱਠਾ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਇਆ।

ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸੰਗਤ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਘੁੰਗਰਾਲੀ ਸਿੱਖਾਂ ਨੇ ਦੱਸਿਆ ਕਿ ਸੰਗਤ ਲਈ ਰਿਹਾਇਸ਼ ਅਤੇ ਲੰਗਰ ਦੇ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇੱਥੇ ਦੂਰ-ਦੂਰ ਤੋਂ ਪੁੱਜ ਰਹੀ ਸੰਗਤ ਲਈ ਇਲਾਕੇ ਦੀ ਸੰਗਤ ਵੱਲੋਂ ਵੀ ਗੁਰਦੁਆਰਾ ਸਾਹਿਬ ਸਣੇ ਹੋਰ ਥਾਵਾਂ 'ਤੇ ਲੰਗਰ ਲਗਾਏ ਗਏ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਰਣਜੀਤ ਸਿੰਘ ਗੁਡਵਿਲ, ਪਰਮਜੀਤ ਸਿੰਘ, ਗੁਰਦੀਪ ਸਿੰਘ ਕੋਟਲਾ ਨਿਹੰਗ ਸਣੇ ਹੋਰ ਬਹੁਤ ਸਾਰੀਆਂ ਸ਼ਖ਼ਸੀਅਤਾਂ ਹਾਜ਼ਰ ਸਨ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸੰਗਤ ਨੂੰ 8 ਪੋਹ ਤੇ 13 ਪੋਹ ਨੂੰ ਸਵੇਰੇ 10 ਵਜੇ ਮੂਲ ਮੰਤਰ ਤੇ ਗੁਰ ਮੰਤਰ ਦੇ ਜਾਪ ਦੀ ਅਪੀਲ

### ਇੱਕ ਪੋਹ ਤੋਂ 14 ਪੋਹ ਦੇ ਸ਼ਹੀਦੀ ਪੰਦਰਵਾੜੇ ਦੌਰਾਨ ਗੁਰੂ ਕੇ ਲੰਗਰਾਂ 'ਚ ਮਿੱਠੇ ਪਦਾਰਥ ਨਾ ਬਣਾਏ ਜਾਣ

ਅੰਮ੍ਰਿਤਸਰ/ਏ.ਟੀ.ਨਿਊਜ਼: ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸਿੱਖ ਸੰਗਤਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਅਪੀਲ ਕੀਤੀ ਕਿ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਅਤੇ ਪੰਜ ਪਿਆਰਿਆਂ 'ਚੋਂ ਤਿੰਨ ਪਿਆਰਿਆਂ ਦੀ ਸ਼ਹਾਦਤ ਮੌਕੇ 8 ਪੋਹ ਅਤੇ 13 ਪੋਹ ਨੂੰ ਸਵੇਰੇ 10 ਵਜੇ 10 ਮਿੰਟ ਲਈ ਮੂਲ ਮੰਤਰ



ਤੇ ਗੁਰਮੰਤਰ ਦੇ ਜਾਪ ਕਰਨ ਅਤੇ ਇੱਕ ਪੋਹ ਤੋਂ 14 ਪੋਹ ਦੇ ਸ਼ਹੀਦੀ ਪੰਦਰਵਾੜੇ ਦੌਰਾਨ ਗੁਰੂ ਕੇ ਲੰਗਰਾਂ ਵਿੱਚ ਮਿੱਠੇ ਪਦਾਰਥ ਨਾ ਬਣਾਏ ਜਾਣ।

ਉਹਨਾਂ ਕਿਹਾ ਕਿ ਸੰਗਤਾਂ ਹਰ ਸਾਲ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ 'ਤੇ ਸਤਿਕਾਰ ਭੇਟ ਕਰਦੀਆਂ ਹਨ। ਉਹਨਾਂ ਕਿਹਾ ਕਿ ਇਸ ਸ਼ਹੀਦੀ ਦਿਹਾੜੇ ਵਿੱਚ ਸੰਗਤਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਅਪੀਲ ਹੈ ਕਿ ਉਹ ਲੰਗਰ ਵਿੱਚ ਮਿੱਠੇ ਪਕਵਾਨ ਨਾ ਬਣਾਉਣ। ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਵੀ ਅਪੀਲ ਹੈ ਕਿ ਉਹ ਵੱਧ ਤੋਂ ਵੱਧ ਗੁਰੂ ਘਰਾਂ ਦੇ ਵਿੱਚ ਜਾ ਕੇ ਮੱਥਾ ਟੇਕਣ ਅਤੇ ਫ਼ਤਿਹਗੜ੍ਹ ਸਾਹਿਬ ਦੀ ਧਰਤੀ 'ਤੇ ਜਾ ਕੇ ਨਤਮਸਤਕ ਹੋਣ। ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਦੌਰਾਨ ਆਪਣੇ ਟਰੈਕਟਰਾਂ ਦੇ ਉੱਪਰ ਸਪੀਕਰ ਅਤੇ ਕਿਸੇ ਵੀ ਤਰੀਕੇ ਦੇ ਗੀਤ ਨਾ ਵਜਾਉਣ।

## ਭੰਗ ਹੋ ਚੁਕੀ ਅਕਾਲੀ ਸੁਧਾਰ ਲਹਿਰ ਦੇ ਆਗੂਆਂ ਨੇ ਮੁੜ ਸੁਖਬੀਰ ਸਿੰਘ ਬਾਦਲ 'ਤੇ ਵਿੰਨ੍ਹਿਆ ਨਿਸ਼ਾਨਾ

ਚੰਡੀਗੜ੍ਹ/ਏ.ਟੀ.ਨਿਊਜ਼ : ਭੰਗ ਹੋ ਚੁਕੀ ਅਕਾਲੀ ਸੁਧਾਰ ਲਹਿਰ ਨਾਲ ਸੰਬੰਧਿਤ ਰਹੇ ਬਾਗੀ ਅਕਾਲੀ ਆਗੂਆਂ ਨੇ ਇੱਕ ਵਾਰ ਫਿਰ ਸੁਖਬੀਰ ਬਾਦਲ ਨੂੰ ਨਿਸ਼ਾਨੇ 'ਤੇ ਲਿਆ ਹੈ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਸਮਰਥਨ 'ਚ ਬਿਆਨ ਜਾਰੀ ਕੀਤਾ ਹੈ। ਇਸ ਤੋਂ ਲਗਦਾ ਹੈ ਕਿ ਭਾਵੇਂ ਦੋਵੇਂ ਧੜਿਆਂ ਦੇ ਆਗੂਆਂ ਨੇ ਧਾਰਮਿਕ ਸਜ਼ਾ ਤਾਂ ਪੂਰੀ ਕਰ ਲਈ ਹੈ ਪਰ ਪਾਰਟੀ ਦੇ ਸਿਆਸੀ ਮਾਮਲਿਆ 'ਚ ਅਕਾਲ ਤਖ਼ਤ ਸਾਹਿਬ ਦੇ ਹੁਕਮ ਲਾਗੂ ਹੁੰਦੇ ਨਹੀਂ ਦਿਸ ਰਹੇ ਅਤੇ ਇਸ ਤਰ੍ਹਾਂ ਅਕਾਲੀ ਦਲ 'ਚ ਏਕਤਾ ਹੋਣੀ ਮੁਸ਼ਕਲ ਜਾਪਦੀ ਹੈ।

ਬਾਗੀ ਧੜੇ ਦੇ ਆਗੂਆਂ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਹੁਣ ਜੋ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਉਸ ਨਾਲ ਨਾ ਹੀ ਉਨ੍ਹਾਂ ਦਾ ਅਤੇ ਨਾ ਹੀ ਪੰਥ ਦਾ ਕੋਈ ਭਲਾ ਹੋਣ ਵਾਲਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਅਤੇ ਦਮਦਮਾ ਸਾਹਿਬ ਵਿਖੇ ਅਪਣੀ ਵਧੀਆ ਕਾਰਜਸ਼ੈਲੀ ਨਾਲ ਸੇਵਾ ਨਿਭਾਈ ਹੈ ਜਿਸ ਤੋਂ ਪੂਰੀ ਸਿੱਖ ਕੌਮ ਸੰਤੁਸ਼ਟ ਹੈ।

ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸਾਬਕਾ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ , ਸਾਬਕਾ ਐਸ.ਜੀ.ਪੀ.ਸੀ. ਪ੍ਰਧਾਨ ਬੀਬੀ



ਜਗੀਰ ਕੌਰ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਸੁੱਚਾ ਸਿੰਘ ਛੋਟੇਪੁੱਰ, ਸੁਰਿੰਦਰ ਸਿੰਘ ਭੁਲੇਵਾਲ ਅਤੇ ਸੰਤਾ ਸਿੰਘ ਉਮੈਦਪੁੱਰ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਕੌਮ ਅਤੇ ਪੰਥਕ ਮਸਲਿਆਂ ਦੀ ਹਮੇਸ਼ਾ ਸਿੰਘ ਸਾਹਿਬਾਨ ਨੇ ਪਹਿਰੇਦਾਰੀ ਕੀਤੀ ਹੈ।

ਇੰਨਾ ਆਗੂਆਂ ਨੇ ਕਿਹਾ ਕਿ ਬਾਦਲ ਦਲ ਦੇ ਕਰੀਬੀਆਂ ਵੱਲੋਂ ਜਥੇਦਾਰ ਸਾਹਿਬ ਦੇ ਕਈ ਸਾਲ ਪੁਰਾਣੇ ਮਸਲੇ ਨੂੰ ਉਛਾਲਣ ਲਈ ਇੱਕ ਇਨਸਾਨ ਨੂੰ ਲਿਆ ਕੇ ਉਸ ਨੂੰ ਅਪਣੇ ਵਲੋਂ ਪਹਿਲਾਂ ਤੋਂ ਤਿਆਰ ਕੀਤੀ ਸਕ੍ਰਿਪਟ ਦੇ ਕੇ ਅਪਣੇ ਮੀਡੀਆ ਕਰਮੀਆਂ ਤੋਂ ਕੂੜ ਪ੍ਰਚਾਰ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇੱਕ ਧਾਰਮਿਕ ਸਖਸ਼ੀਅਤ 'ਤੇ ਇਸ ਤਰ੍ਹਾਂ ਚਿੱਕੜ ਸੁੱਟ ਕੇ ਉਹ ਸਾਰੀ ਕੌਮ ਨੂੰ ਸਰਮਸ਼ਾਰ ਕਰ ਰਹੇ ਹਨ।

ਆਗੂਆਂ ਨੇ ਜਾਰੀ ਆਪਣੇ ਬਿਆਨ ਵਿੱਚ ਕਿਹਾ ਕਿ ਸੁਖਬੀਰ ਸਿੰਘ ਬਾਦਲ ਇੱਕ ਪਾਸੇ ਤਾਂ ਇਹ ਦਰਸਾ ਰਹੇ ਹਨ ਕਿ ਉਨ੍ਹਾਂ ਨੇ ਇੱਕ ਨਿਮਾਣਾ ਸਿੱਖ ਬਣ ਕਿ ਸਾਰੇ ਗੁਨਾਹਾਂ ਨੂੰ ਕਬੂਲ ਕੀਤਾ ਅਤੇ ਉਸ ਦੀ ਸਜ਼ਾ ਨੂੰ ਵੀ ਮੰਨ ਲਿਆ ਹੈ। ਉਨ੍ਹਾਂ ਵੱਲੋਂ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹਨ ਪਰ ਦੂਜੇ ਇਹ ਜੋ ਸਾਰਾ ਬਿਰਤਾਂਤ ਉਨ੍ਹਾਂ ਵੱਲੋਂ ਸਿਰਜਿਆ ਜਾ ਰਿਹਾ ਹੈ ਉਸ ਤੋਂ ਲਗਦਾ ਹੈ ਇਹ ਸਭ ਉਹ ਕ੍ਰੋਧ ਅਤੇ ਬਦਲੇ ਦੀ ਭਾਵਨਾ ਨਾਲ ਕਰ ਰਹੇ ਹਨ, ਜਿਸ ਨਾਲ ਜਥੇਦਾਰ ਸਹਿਬਾਨ ਨੂੰ ਨੀਵਾਂ ਦਿਖਾਇਆ ਜਾ ਸਕੇ।

ਪਰ ਉਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਇਸ ਨਾਲ ਜੋ ਇਹ ਕਰਵਾ ਰਹੇ ਹਨ ਉਨਾਂ ਦਾ ਭਲਾ ਨਹੀਂ ਹੋਣਾ ਅਤੇ ਨਾ ਹੀ ਪੰਥ ਦੀਆਂ ਕਦਰਾਂ ਕੀਮਤਾਂ ਇਹ ਦਰਸਾਉਂਦੀਆਂ ਹਨ ਅਤੇ ਇਹ ਸਿੱਖੀ ਸੋਚ ਦੇ ਵੀ ਉਲਟ ਹੈ। ਆਗੂਆਂ ਨੇ ਕਿਹਾ ਕਿ ਸਾਰੇ ਫੈਸਲੇ ਸਿੱਖ ਪ੍ਰੰਪਰਾ ਅਤੇ ਮਰਿਆਦਾ ਅਨੁਸਾਰ ਹੋਏ ਹਨ ਅਤੇ ਇਹ ਸਾਰੇ ਫੈਸਲੇ ਸਾਰੇ ਜਥੇਦਾਰ ਸਾਹਿਬਾਨਾਂ ਦੀ ਸਹਿਮਤੀ ਨਾਲ ਹੋਏ ਹਨ। ਪਰ ਜਿਸ ਤਰ੍ਹਾਂ ਦਾ ਹੁਣ ਬਿਰਤਾਂਤ ਸਿਰਜਿਆ ਜਾ ਰਿਹਾ ਉਹ ਸਿੱਖ ਕੌਮ ਨੂੰ ਹਨੇਰੇ ਵੱਲ ਧੱਕਣ ਦੀ ਕੋਸ਼ਿਸ਼ ਹੈ।

*1984 ਸਿੱਖ ਨਸਲਕੁਸ਼ੀ ਮਾਮਲਾ*

## ਸੱਜਣ ਕੁਮਾਰ ਖ਼ਿਲਾਫ਼ ਕੇਸ ਦਾ ਫ਼ੈਸਲਾ 8 ਜਨਵਰੀ ਨੂੰ

ਨਵੀਂ ਦਿੱਲੀ/ਏ.ਟੀ.ਨਿਊਜ਼: ਸੰਨ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਿਤ ਕੇਸ 'ਚ ਦਿੱਲੀ ਦੀ ਇਥੋਂ ਦੀ ਅਦਾਲਤ ਵੱਲੋਂ ਸਾਬਕਾ ਕਾਂਗਰਸੀ ਐੱਮ.ਪੀ. ਸੱਜਣ ਕੁਮਾਰ ਖ਼ਿਲਾਫ਼ ਫ਼ੈਸਲਾ ਅਗਲੇ ਵਰ੍ਹੇ 8 ਜਨਵਰੀ ਨੂੰ ਸੁਣਾਇਆ ਜਾ ਸਕਦਾ ਹੈ। ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਵੱਲੋਂ ਫ਼ੈਸਲਾ ਸੁਣਾਇਆ ਜਾਣਾ ਸੀ, ਜਿਨ੍ਹਾਂ ਇਸ ਨੂੰ ਅੱਗੇ ਪਾ ਦਿੱਤਾ ਹੈ। ਉਨ੍ਹਾਂ ਕਿਹਾ,'8 ਜਨਵਰੀ ਅਗਲੀ ਤਰੀਕ ਹੈ।' ਸਾਬਕਾ



ਕਾਂਗਰਸੀ ਐੱਮ.ਪੀ. ਇਸ ਸਮੇਂ ਤਿਹਾੜ ਜੇਲ੍ਹ 'ਚ ਬੰਦ ਹੈ, ਜਿਸ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ। ਇਸ ਕੇਸ ਦਾ ਸਬੰਧ ਸਰਸਵਤੀ ਵਿਹਾਰ ਇਲਾਕੇ ਵਿੱਚ ਸਿੱਖ ਵਿਰੋਧੀ ਦੰਗਿਆਂ 'ਚ ਦੋ ਵਿਅਕਤੀਆਂ ਦੀ ਹੱਤਿਆ ਨਾਲ ਹੈ। ਅਦਾਲਤ ਨੇ 1 ਨਵੰਬਰ 1984 ਨੂੰ ਜਸਵੰਤ ਸਿੰਘ ਤੇ ਉਸ ਦੇ ਪੁੱਤਰ ਤਰੁਨਦੀਪ ਸਿੰਘ ਦੇ ਕਤਲ ਨਾਲ ਸਬੰਧਿਤ ਕੇਸ ਵਿੱਚ ਆਖ਼ਰੀ ਜਿਰ੍ਹਾ ਸੁਣਨ ਤੋਂ ਬਾਅਦ ਫ਼ੈਸਲਾ ਰਾਖਵਾਂ ਰੱਖ ਲਿਆ।

# ਸੰਪਾਦਕੀ

## ਪੰਜਾਬ ਦੀ ਭਲਾਈ ਲਈ ਖੇਤਰੀ ਪਾਰਟੀ ਦਾ ਮਜ਼ਬੂਤ ਹੋਣਾ ਜ਼ਰੂਰੀ

ਪੰਜਾਬ ਵਿੱਚ ਇਸ ਸਮੇਂ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਸ਼ੋ੍ਮਣੀ ਅਕਾਲੀ ਦਲ ਸਮੇਤ ਹੋਰ ਕਈ ਸਿਆਸੀ ਪਾਰਟੀਆਂ ਸਰਗਰਮ ਹਨ, ਜਿਨ੍ਹਾਂ ਵਿਚੋਂ ਸਿਰਫ਼ ਸ਼ੋ੍ਮਣੀ ਅਕਾਲੀ ਦਲ ਹੀ ਖੇਤਰੀ ਪਾਰਟੀ ਹੈ, ਜਦੋਂ ਕਿ ਦੂਜੀਆਂ ਸਾਰੀਆਂ ਸਿਆਸੀ ਪਾਰਟੀਆਂ ਰਾਸ਼ਟਰੀ ਸਿਆਸੀ ਪਾਰਟੀਆਂ ਹਨ, ਜੋ ਕਿ ਹਮੇਸ਼ਾ ਰਾਸ਼ਟਰੀ ਸਿਆਸਤ ਨੂੰ ਮੁੱਖ ਰੱਖ ਕੇ ਹੀ ਆਪਣੀਆਂ ਨੀਤੀਆਂ ਅਤੇ ਯੋਜਨਾਵਾਂ ਬਣਾਉਂਦੀਆਂ ਹਨ ਅਤੇ ਉਹਨਾਂ ਦਾ ਵੱਡਾ ਨਿਸ਼ਾਨਾ ਦੇਸ਼ ਦੀ ਸੱਤਾ ਪ੍ਰਾਪਤ ਕਰਨਾ ਹੁੰਦਾ ਹੈ। ਸਿਰਫ਼ ਅਕਾਲੀ ਦਲ ਹੀ ਹੈ, ਜੋ ਕਿ ਖੇਤਰੀ ਪਾਰਟੀ ਹੋਣ ਕਰਕੇ ਪੰਜਾਬ ਨੂੰ ਹਰ ਪੱਖੋਂ ਮੁੱਖ ਰੱਖਦਾ ਆਇਆ ਹੈ ਪਰ ਇਸ ਸਮੇਂ ਅਕਾਲੀ ਦਲ ਦੀ ਜੋ ਹਾਲਤ ਹੈ, ਉਹ ਸਭ ਦੇ ਸਾਹਮਣੇ ਹੈ। ਇਸੇ ਕਾਰਨ ਕਿਹਾ ਜਾ ਰਿਹਾ ਹੈ ਕਿ ਅਕਾਲੀ ਦਲ ਵਿੱਚ ਆਇਆ ਨਿਘਾਰ ਪੰਜਾਬ ਦੇ ਹਿੱਤ ਵਿੱਚ ਨਹੀਂ ਹੈ ਕਿਉਂਕਿ ਪੰਜਾਬ ਦੀ ਮੁੱਖ ਖੇਤਰੀ ਪਾਰਟੀ ਹੋਣ ਕਾਰਨ ਪੰਜਾਬ ਦੇ ਲੋਕਾਂ ਨੂੰ ਅਕਾਲੀ ਦਲ ਤੋਂ ਬਹੁਤ ਆਸਾਂ ਤੇ ਉਮੀਦਾਂ ਹਨ।

ਪੰਜਾਬ ਇਸ ਸਮੇਂ ਅਨੇਕਾਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਵਿਚੋਂ ਕਈ ਸਮੱਸਿਆਵਾਂ ਦਾ ਸਬੰਧ ਪੰਜਾਬ ਦੇ ਗੁਆਂਢੀ ਸੂਬਿਆਂ ਨਾਲ ਵੀ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦਾ ਰੇੜਕਾ, ਨਹਿਰੀ ਪਾਣੀ ਦੀ ਵਰਤੋਂ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਅਤੇ ਕੁਝ ਹੋਰ ਅਜਿਹੇ ਮਸਲੇ ਹਨ, ਜੋ ਕਿ ਲੰਬੇ ਸਮੇਂ ਤੋਂ ਪੰਜਾਬ ਦੇ ਆਪਣੇ ਗੁਆਂਢੀ ਸੂਬਿਆਂ ਨਾਲ ਚੱਲ ਰਹੇ ਹਨ। ਪੰਜਾਬ ਦੇ ਇਹਨਾਂ ਮੁੱਖ ਮਸਲਿਆਂ ਵਿੱਚ ਪੰਜਾਬ ਦਾ ਪੱਖ ਮਜ਼ਬੂਤੀ ਨਾਲ ਪੰਜਾਬ ਦੀ ਖੇਤਰੀ ਪਾਰਟੀ ਹੀ ਰੱਖ ਸਕਦੀ ਹੈ, ਕਿਉਂਕਿ ਉਹ ਸਿਰਫ਼ ਪੰਜਾਬ ਤੱਕ ਸੀਮਿਤ ਹੁੰਦੀ ਹੈ ਅਤੇ ਪੰਜਾਬ ਦੇ ਲੋਕਾਂ ਦੀ ਮੁੱਖ ਆਵਾਜ਼ ਹੁੰਦੀ ਹੈ। ਜਦੋਂ ਕਿ ਰਾਸ਼ਟਰੀ ਪਾਰਟੀਆਂ ਦਾ ਪੰਜਾਬ ਦੇ ਨਾਲ-ਨਾਲ ਪੰਜਾਬ ਦੇ ਗੁਆਂਢੀ ਸੂਬਿਆਂ ਵਿੱਚ ਵੀ ਆਧਾਰ ਹੁੰਦਾ ਹੈ ਅਤੇ ਉਹਨਾਂ ਸਿਆਸੀ ਪਾਰਟੀਆਂ ਨੇ ਪੰਜਾਬ ਦੇ ਗੁਆਂਢੀ ਸੂਬਿਆਂ ਦੇ ਵੋਟਰਾਂ ਤੋਂ ਵੀ ਵੋਟਾਂ ਲੈਣੀਆਂ ਹੁੰਦੀਆਂ ਹਨ, ਇਸੇ ਕਾਰਨ ਇਹ ਰਾਸ਼ਟਰੀ ਸਿਆਸੀ ਪਾਰਟੀਆਂ ਜਾਂ ਤਾਂ ਪੰਜਾਬ ਦੇ ਮਸਲਿਆਂ ਨੂੰ ਉਠਾਉਂਦੀਆਂ ਹੀ ਨਹੀਂ ਅਤੇ ਪੰਜਾਬ ਵਿੱਚ ਆਪਣੀ ਸਰਕਾਰ ਹੋਣ ਦੇ ਬਾਵਜੂਦ ਇਹਨਾਂ ਮਸਲਿਆਂ ਨੂੰ ਠੰਡੇ ਬਸਤੇ ਵਿੱਚ ਪਾਈ ਰਖਦੀਆਂ ਹਨ ।

ਪੰਜਾਬ ਵਿੱਚ ਭਾਵੇਂ ਵੱਖ- ਵੱਖ ਸਮੇਂ ਅਨੇਕਾਂ ਹੀ ਖੇਤਰੀ ਸਿਆਸੀ ਪਾਰਟੀਆਂ ਹੋਂਦ ਵਿੱਚ ਆਈਆਂ ਪਰ ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਸਿਆਸੀ ਪਾਰਟੀ ਸ਼ੋ੍ਮਣੀ ਅਕਾਲੀ ਦਲ ਹੀ ਹੈ। ਸ਼ੋ੍ਮਣੀ ਅਕਾਲੀ ਦਲ ਲੰਬਾ ਸਮਾਂ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਤਰਜਮਾਨੀ ਕਰਦਾ ਆਇਆ ਹੈ ਅਤੇ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ 'ਤੇ ਭਰੋਸਾ ਕਾਇਮ ਕਰਦਿਆਂ ਅਨੇਕਾਂ ਵਾਰ ਅਕਾਲੀ ਦਲ ਨੂੰ ਪੰਜਾਬ ਦੀ ਸੱਤਾ ਸੌਂਪੀ ਹੈ ਪਰ ਦੁੱਖ ਦੀ ਗੱਲ ਹੈ ਕਿ ਅਕਾਲੀ ਦਲ ਸੱਤਾ ਵਿੱਚ ਰਹਿੰਦਿਆਂ ਵੀ ਪੰਜਾਬ ਦੇ ਮੁੱਖ ਮਸਲੇ ਹਲ਼ ਨਹੀਂ ਕਰ ਸਕਿਆ ਜਾਂ ਅਕਾਲੀ ਆਗੂਆਂ ਨੇ ਪੰਜਾਬ ਦੇ ਹਿੱਤਾਂ ਦੀ ਥਾਂ ਨਿੱਜੀ ਹਿੱਤ ਅੱਗੇ ਰੱਖੇ, ਜਿਸ ਕਾਰਨ ਹੋਲੀ ਹੋਲੀ ਪੰਜਾਬ ਦੇ ਲੋਕ ਅਕਾਲੀ ਦਲ ਤੋਂ ਦੂਰ ਹੁੰਦੇ ਗਏ ਤੇ ਅਕਾਲੀ ਦਲ ਹਾਸ਼ੀਏ 'ਤੇ ਪਹੁੰਚ ਗਿਆ। ਸ਼ੋ੍ਮਣੀ ਅਕਾਲੀ ਦਲ ਦੇ ਹਾਸ਼ੀਏ 'ਤੇ ਚਲੇ ਜਾਣ ਦਾ ਨੁਕਸਾਨ ਪੰਜਾਬ ਨੂੰ ਵੀ ਹੋ ਰਿਹਾ ਹੈ ਕਿਉਂਕਿ ਹੁਣ ਪੰਜਾਬ ਵਿੱਚ ਅਜਿਹੀ ਕੋਈ ਵੀ ਖੇਤਰੀ ਸਿਆਸੀ ਪਾਰਟੀ ਨਹੀਂ ਰਹੀ ਜੋ ਕਿ ਪੰਜਾਬੀਆਂ ਦੀ ਆਵਾਜ਼ ਬਣ ਸਕੇ ਅਤੇ ਪੰਜਾਬ ਦੇ ਮੁੱਖ ਮਸਲੇ ਪਹਿਲ਼ ਦੇ ਆਧਾਰ 'ਤੇ ਹਲ਼ ਕਰਵਾਏ। ਭਾਵੇਂ ਕਿ ਆਮ ਆਦਮੀ ਪਾਰਟੀ ਨੇ ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਆਪਣੇ ਆਪ ਨੂੰ ਪੰਜਾਬ ਦੇ ਤੀਜੇ ਸਿਆਸੀ ਬਦਲ ਵਜੋਂ ਪੇਸ਼ ਕੀਤਾ ਸੀ ਅਤੇ ਪੰਜਾਬੀਆਂ ਨਾਲ ਵਾਅਦਾ ਕੀਤਾ ਸੀ ਕਿ ਇੱਕ ਵਾਰ ਸੱਤਾ ਵਿੱਚ ਆਉਣ ਤੋਂ ਬਾਅਦ ਪੰਜਾਬ ਦੀ ਆਮ ਆਦਮੀ ਪਾਰਟੀ ਪੰਜਾਬ ਅਤੇ ਪੰਜਾਬੀਆਂ ਦੇ ਸਾਰੇ ਮਸਲੇ ਹੱਲ ਕਰ ਦੇਵੇਗੀ। ਜਿਸ ਕਰਕੇ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਦੀਆਂ ਗੱਲਾਂ 'ਤੇ ਭਰੋਸਾ ਕਰਦਿਆਂ ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੀ ਸੱਤਾ ਆਮ ਆਦਮੀ ਪਾਰਟੀ ਨੂੰ ਸੌਂਪ ਦਿੱਤੀ ਪਰ ਹੁਣ ਕਰੀਬ ਤਿੰਨ ਸਾਲ ਹੋ ਗਏ ਹਨ ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਰਾਜ ਕਰਦਿਆਂ ਪਰ ਆਮ ਆਦਮੀ ਪਾਰਟੀ ਵੀ ਅਜੇ ਤੱਕ ਪੰਜਾਬ ਅਤੇ ਪੰਜਾਬੀਆਂ ਦੇ ਮੁੱਖ ਮਸਲੇ ਹੱਲ ਨਹੀਂ ਕਰ ਸਕੀ।

ਅਸਲ ਵਿੱਚ ਇਹ ਪਾਰਟੀ ਵੀ ਹੋਰਨਾਂ ਰਾਸ਼ਟਰੀ ਸਿਆਸੀ ਪਾਰਟੀਆਂ ਦੇ ਰਾਹ 'ਤੇ ਤੁਰ ਪਈ ਹੈ, ਜਿਸ ਕਰਕੇ ਇਸ ਪਾਰਟੀ ਵੱਲੋਂ ਹੋਰਨਾਂ ਸੂਬਿਆਂ ਵਿੱਚ ਆਪਣਾ ਆਧਾਰ ਕਾਇਮ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਇਸੇ ਕਾਰਨ ਇਹ ਪਾਰਟੀ ਪੰਜਾਬ ਦੇ ਗੁਆਂਢੀ ਸੂਬਿਆਂ ਨਾਲ ਲਮਕ ਰਹੇ ਮਸਲਿਆਂ ਨੂੰ ਛੇੜਨ ਵਿੱਚ ਅਵੇਸਲੀ ਹੋ ਰਹੀ ਹੈ ਕਿਉਂਕਿ ਇਸ ਪਾਰਟੀ ਨੂੰ ਵੀ ਇਹ ਮਹਿਸੂਸ ਹੋ ਰਿਹਾ ਹੈ ਕਿ ਜੇ ਇਸ ਨੇ ਇਹਨਾਂ ਮਸਲਿਆਂ ਨੂੰ ਪੰਜਾਬ ਦੇ ਹੱਕ ਵਿੱਚ ਹੱਲ ਕਰ ਲਿਆ ਤਾਂ ਪੰਜਾਬ ਦੇ ਗੁਆਂਢੀ ਸੂਬਿਆਂ ਦੇ ਵੋਟਰ ਉਸ ਨਾਲ ਨਾਰਾਜ਼ ਹੋ ਜਾਣਗੇ। ਰਾਸ਼ਟਰੀ ਸਿਆਸੀ ਪਾਰਟੀਆਂ ਦੀ ਅਜਿਹੀ ਸੋਚ ਕਾਰਨ ਹੀ ਪੰਜਾਬ ਦੇ ਗੁਆਂਢੀ ਸੂਬਿਆਂ ਨਾਲ ਲਮਕਦੇ ਆ ਰਹੇ ਮਸਲੇ ਪਿਛਲੇ ਕਈ ਸਾਲਾਂ ਤੋਂ ਲਮਕਦੇ ਹੀ ਆ ਰਹੇ ਹਨ ਅਤੇ ਦਿਨੋਂ ਦਿਨ ਹੋਰ ਉਲਝਦੇ ਜਾ ਰਹੇ ਹਨ।

ਉਪਰੋਕਤ ਤਬਸਰੇ ਤੋਂ ਸਪਸ਼ਟ ਹੈ ਕਿ ਇਸ ਸਮੇਂ ਵੀ ਪੰਜਾਬ ਨੂੰ ਇੱਕ ਮਜ਼ਬੂਤ ਖੇਤਰੀ ਪਾਰਟੀ ਦੀ ਵੱਡੀ ਲੋੜ ਹੈ, ਜੋ ਕਿ ਸਾਰੇ ਪੰਜਾਬੀਆਂ ਦੀ ਆਵਾਜ਼ ਬਣ ਕੇ ਪੰਜਾਬ ਦੇ ਮੁੱਖ ਮਸਲੇ ਹੱਲ ਕਰਨ ਲਈ ਯਤਨ ਕਰੇ। ਪੰਜਾਬ ਵਿੱਚ ਇਸ ਸਮੇਂ ਸ਼ੋ੍ਮਣੀ ਅਕਾਲੀ ਦਲ ਹੀ ਮੁੱਖ ਖੇਤਰੀ ਸਿਆਸੀ ਪਾਰਟੀ ਹੈ, ਜਿਸ ਕਰਕੇ ਪੰਜਾਬ ਦੀ ਭਲਾਈ ਅਤੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸ਼ੋ੍ਮਣੀ ਅਕਾਲੀ ਦਲ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ।

# ਪੰਥਕ ਸੰਗਠਨਾਂ ਤੇ ਸੰਸਥਾਵਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ

**ਸਤਨਾਮ ਸਿੰਘ ਮਾਣਕ**




ਇਸ ਸਮੇਂ ਪੰਜਾਬ ਅਸਥਿਰਤਾ ਅਤੇ ਬੇਵਿਸ਼ਵਾਸੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਲੋਕਾਂ ਦੇ ਵੱਖ-ਵੱਖ ਵਰਗ ਅਨੇਕਾਂ ਪ੍ਰਕਾਰ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਆਪਣੀ ਸਮਰੱਥਾ ਮੁਤਾਬਕ ਆਪੋ-ਆਪਣੇ ਮੁੱਦਿਆਂ ਲਈ ਸੰਘਰਸ਼ ਦੇ ਰਾਹ ਵੀ ਪਏ ਹੋਏ ਹਨ। ਹਰਿਆਣੇ ਨਾਲ ਲੱਗਦੀ ਖਨੌਰੀ ਦੀ ਸਰਹੱਦ 'ਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵਲੋਂ ਕਿਸਾਨੀ ਜਿਣਸਾਂ ਦੇ ਸਮਰਥਨ ਮੁੱਲ ਅਤੇ ਕਿਸਾਨਾਂ ਦੀਆਂ ਹੋਰ ਮੰਗਾਂ ਨੂੰ ਲੈ ਕੇ ਸਾਢੇ 9 ਮਹੀਨਿਆਂ ਤੋਂ ਸੰਘਰਸ਼ ਵਿੱਢਿਆ ਹੋਇਆ ਹੈ ਅਤੇ ਇਸ ਸਮੇਂ ਬਜ਼ੁਰਗ ਕਿਸਾਨ ਆਗੂ ਜਗਜੀਤ ਸਿੰਘ ਡੱਲਾ ਮਰਨ ਵਰਤ 'ਤੇ ਬੈਠੇ ਹਨ ਇਸ ਦੇ ਨਾਲ ਹੀ ਉਪਰੋਕਤ ਕਿਸਾਨ ਸੰਗਠਨਾਂ ਨੇ ਜਥਿਆਂ ਦੇ ਰੂਪ ਵਿੱਚ ਪੈਦਲ ਦਿੱਲੀ ਜਾਣ ਦਾ ਪ੍ਰੋਗਰਾਮ ਵੀ ਐਲਾਨਿਆ ਹੋਇਆ ਹੈ। ਦਿੱਲੀ ਜਾ ਕੇ ਉਹ ਜੰਤਰ-ਮੰਤਰ ਜਾਂ ਰਾਮ ਲੀਲ੍ਹਾ ਗਰਾਊਂਡ ਵਿੱਚ ਕਿਸਾਨੀ ਮੰਗਾਂ ਵਲ ਧਿਆਨ ਨਾ ਦੇਣ ਕਾਰਨ ਕੇਂਦਰ ਸਰਕਾਰ ਦੇ ਖ਼ਿਲਾਫ਼ ਧਰਨੇ ਦੇ ਰੂਪ ਵਿੱਚ ਆਪਣਾ ਰੋਸ ਪ੍ਰਗਟ ਕਰਨਾ ਚਾਹੁੰਦੇ ਹਨ। ਦੂਜੇ ਪਾਸੇ ਲੁਧਿਆਣੇ ਵਿੱਚ ਫ਼ਿਲਮ ਨਿਰਦੇਸ਼ਕ ਅਤੇ ਕਲਾਕਾਰ ਅਮਿਤੋਜ ਮਾਨ, ਲੱਖਾ ਸਿਧਾਣਾ ਅਤੇ ਹੋਰ ਵਾਤਾਵਰਨ ਪ੍ਰੇਮੀਆਂ ਵਲੋਂ ਕਾਲੇ ਪਾਣੀਆਂ ਦਾ ਮੋਰਚਾ ਆਰੰਭ ਕੀਤਾ ਹੋਇਆ ਹੈ। ਪਿਛਲੇ ਲੰਮੇ ਸਮੇਂ ਤੋਂ ਇਹ ਵਾਤਾਵਰਨ ਪ੍ਰੇਮੀ ਲੁਧਿਆਣੇ ਦੇ ਬੁੱਢੇ ਨਾਲੇ ਵਿੱਚ ਲੁਧਿਆਣੇ ਦੀਆਂ ਸਨਅਤਾਂ ਦੇ ਪੈ ਰਹੇ ਗੰਦੇ ਪਾਣੀ ਵਿਰੁੱਧ ਰੋਸ ਪ੍ਰਗਟ ਕਰਦੇ ਆ ਰਹੇ ਹਨ। ਪਰ ਪੰਜਾਬ ਦੀ ਕੋਈ ਵੀ ਸਰਕਾਰ ਇਸ ਮਸਲੇ ਦਾ ਹੱਲ ਨਹੀਂ ਕੱਢ ਸਕੀ। ਬੀਤੇ ਦਿਨ ਇਨ੍ਹਾਂ ਵਾਤਾਵਰਨ ਪ੍ਰੇਮੀਆਂ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਲੋਕ ਵੇਰਕਾ ਮਿਲਕ ਪਲਾਂਟ ਨੇੜੇ ਇਕੱਤਰ ਹੋਏ ਅਤੇ ਉਨ੍ਹਾਂ ਨੇ ਉਨ੍ਹਾਂ ਟ੍ਰੀਟਮੈਂਟ ਪਲਾਂਟਾਂ ਨੂੰ ਬੰਦ ਕਰਨ ਲਈ ਉਸ ਪਾਸੇ ਵੱਲ ਵਧਣ ਦੀ ਅਸਫ਼ਲ ਕੋਸ਼ਿਸ਼ ਕੀਤੀ, ਜਿਨ੍ਹਾਂ ਰਾਹੀਂ ਰੰਗਾਈ ਸਨਅਤਾਂ ਦਾ ਦੂਸ਼ਿਤ ਪਾਣੀ ਬੁੱਢੇ ਨਾਲੇ ਵਿੱਚ ਪੈ ਰਿਹਾ ਹੈ। ਇਨ੍ਹਾਂ ਵਾਤਾਵਰਨ ਪ੍ਰੇਮੀਆਂ ਦਾ ਦੋਸ਼ ਹੈ ਕਿ ਇਨ੍ਹਾਂ ਟ੍ਰੀਟਮੈਂਟ ਪਲਾਂਟਾਂ ਦੇ ਬਾਵਜੂਦ ਬੁੱਢੇ ਨਾਲੇ ਵਿੱਚ ਪਾਇਆ ਜਾ ਰਿਹਾ ਪਾਣੀ ਬੇਹੱਦ ਗੰਦਾ ਅਤੇ ਤੇਜ਼ਾਬੀ ਹੈ ਤੇ ਇਸ ਨੂੰ ਪੰਜਾਬ ਦੇ ਮਾਲਵੇ ਇਲਾਕੇ ਅਤੇ ਰਾਜਸਥਾਨ ਦੇ ਜੋ ਲੋਕ ਪੀਣ ਲਈ ਅਤੇ ਹੋਰ ਲੋੜਾਂ ਲਈ ਵਰਤਦੇ ਹਨ, ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਦਾ ਰੋਸ ਹੈ ਕਿ ਪੰਜਾਬ ਦੀਆਂ ਦੂਜੀਆਂ ਸਰਕਾਰਾਂ ਦੀ ਤਰ੍ਹਾਂ ਮੌਜੂਦਾ ਪੰਜਾਬ ਸਰਕਾਰ ਵੀ ਇਸ ਮਸਲੇ ਨੂੰ ਹੱਲ ਕਰਨ ਲਈ ਕੋਈ ਠੋਸ ਪਹਿਲਕਦਮੀ ਕਰਨ ਵਿਚ ਅਸਫ਼ਲ ਰਹੀ ਹੈ। ਦੂਜੇ ਪਾਸੇ ਰੰਗਾਈ ਸਨਅਤਾਂ ਚਲਾਉਣ ਵਾਲੇ ਕਾਰੋਬਾਰੀਆਂ ਨੇ ਵੱਡੀ ਗਿਣਤੀ ਵਿੱਚ ਉਨ੍ਹਾਂ ਦੀਆਂ ਫ਼ੈਕਟਰੀਆਂ ਵਿੱਚ ਕੰਮ ਕਰਦੇ ਪ੍ਰਵਾਸੀ ਮਜ਼ਦੂਰਾਂ ਨੂੰ ਲਾਮਬੰਦ ਕਰ ਕੇ ਇਨ੍ਹਾਂ ਵਾਤਾਵਰਨ ਪ੍ਰੇਮੀਆਂ ਦੇ ਵਿਰੋਧ ਵਿੱਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੇਕਰ ਇਸ ਮਸਲੇ ਨੂੰ ਠੀਕ ਤਰ੍ਹਾਂ ਸੁਲਝਾਇਆ ਨਹੀਂ ਜਾਂਦਾ ਤਾਂ ਇਹ ਆਉਣ ਵਾਲੇ ਸਮੇਂ ਵਿੱਚ ਰਾਜ 'ਚ ਵੱਡੇ ਟਕਰਾਅ ਨੂੰ ਜਨਮ ਦੇ ਸਕਦਾ ਹੈ।

ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਮੁਲਾਜ਼ਮ ਵਰਗ ਆਪੋ-ਆਪਣੀਆਂ ਮੰਗਾਂ ਲਈ ਵੱਖ-ਵੱਖ ਥਾਵਾਂ 'ਤੇ ਧਰਨੇ ਅਤੇ ਮੁਜ਼ਾਹਰੇ ਕਰ ਰਹੇ ਹਨ। ਇਨ੍ਹਾਂ ਵਿੱਚ ਨਿਯੁਕਤੀਆਂ ਦੀ ਉਡੀਕ ਕਰ ਰਹੇ ਅਧਿਆਪਕ ਤੇ ਲਾਇਬ੍ਰੇਰੀਅਨ ਤੇ ਪੱਕੇ ਹੋਣ ਲਈ ਤਰਸ ਰਹੇ ਕੰਪਿਊਟਰ ਟੀਚਰ ਤੇ ਹੋਰ ਸ਼੍ਰੇਣੀਆਂ ਦੇ ਮੁਲਾਜ਼ਮ ਸ਼ਾਮਿਲ ਹਨ। ਸਰਕਾਰ ਇਨ੍ਹਾਂ ਮੁਲਾਜ਼ਮ ਵਰਗਾਂ ਨਾਲ ਗੱਲਬਾਤ ਕਰ ਕੇ ਕਦੋਂ ਤੱਕ ਉਨ੍ਹਾਂ ਦੇ ਮਸਲੇ ਹੱਲ ਕਰਨ ਵਿੱਚ ਸਫ਼ਲ ਹੋਵੇਗੀ, ਇਸ ਸੰਬੰਧੀ ਅਜੇ ਕੁਝ ਕਿਹਾ ਨਹੀਂ ਜਾ ਸਕਦਾ। ਰਾਜ ਦਾ ਨੌਜਵਾਨ ਵਰਗ ਪਿਛਲੇ ਕਈ ਦਹਾਕਿਆਂ ਤੋਂ ਇਥੇ ਆਪਣਾ ਕੋਈ ਵੀ ਭਵਿੱਖ ਨਾ ਦੇਖ ਕੇ ਸਿੱਖਿਆ ਹਾਸਲ ਕਰਨ ਦੇ ਨਾਂਅ 'ਤੇ ਇਥੋਂ ਵਿਦੇਸ਼ਾਂ ਨੂੰ ਹਿਜਰਤ ਕਰੀ ਜਾ ਰਿਹਾ ਹੈ। ਪਰ ਹੁਣ ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਆਦਿ ਦੀਆਂ ਸਰਕਾਰਾਂ ਵਲੋਂ ਪ੍ਰਵਾਸ ਸੰਬੰਧੀ ਨਿਯਮ ਸਖ਼ਤ ਕੀਤੇ ਜਾਣ ਨਾਲ ਵਿਦੇਸ਼ਾਂ ਵਿੱਚ ਵੀ ਨੌਜਵਾਨਾਂ ਦੀਆਂ ਸੰਭਾਵਨਾਵਾਂ ਸੁੰਗੜਦੀਆਂ ਜਾ ਰਹੀਆਂ ਹਨ। ਇਹ ਵੀ ਚਿੰਤਾ ਵਾਲੀ ਗੱਲ ਹੈ ਕਿ ਪੰਜਾਬ ਦੇ ਨੌਜਵਾਨਾਂ ਦਾ ਇਕ ਵੱਡਾ ਵਰਗ ਅਪਰਾਧਾਂ ਦੀ ਦੁਨੀਆ ਵਿੱਚ ਦਾਖ਼ਲ ਹੋ ਚੁੱਕਾ ਹੈ, ਜਿਨ੍ਹਾਂ ਵਲੋਂ ਗੈਂਗਸਟਰਾਂ ਦੇ ਨਾਂਅ 'ਤੇ ਆਪਣੇ ਵੱਖ-ਵੱਖ ਗਿਰੋਹ ਬਣਾਏ ਹੋਏ ਹਨ ਅਤੇ ਇਨ੍ਹਾਂ ਗਿਰੋਹਾਂ ਵੱਲੋਂ ਲੋਕਾਂ ਨੂੰ ਡਰਾ ਧਮਕਾ ਕੇ ਫ਼ਿਰੌਤੀਆਂ ਵਸੂਲੀਆਂ ਜਾ ਰਹੀਆਂ ਹਨ। ਅਜਿਹੇ ਅਪਰਾਧੀ ਗਿਰੋਹਾਂ ਵੱਲੋਂ ਨਸ਼ਿਆਂ ਦੀ ਤਸਕਰੀ, ਝਪਟਮਾਰੀ, ਪੈਟਰੋਲ ਪੰਪ ਲੁੱਟਣ ਅਤੇ ਬੈਂਕ ਲੁੱਟਣ ਵਰਗੇ ਅਪਰਾਧ ਵੀ ਕੀਤੇ ਜਾ ਰਹੇ ਹਨ। ਇਥੋਂ ਤੱਕ ਕਿ ਘਰਾਂ ਵਿੱਚ ਦਿਨ-ਦਿਹਾੜੇ ਦਾਖਲ ਹੋ ਕੇ ਵੀ ਅਜਿਹੇ ਲੋਟੂ ਟੋਲਿਆਂ ਵਲੋਂ ਲੋਕਾਂ ਨੂੰ ਹਿੰਸਾ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਮੇਂ ਦੀ ਕੇਂਦਰੀ ਸਰਕਾਰ ਵੱਲੋਂ ਵੀ ਕਿਸਾਨੀ ਅਤੇ ਪੰਜਾਬ ਦੇ ਹੋਰ ਭਖਦੇ ਮਸਲਿਆਂ ਪ੍ਰਤੀ ਨਾਂਹਪੱਖੀ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ।

ਅਜਿਹੀ ਬੇਵਿਸ਼ਵਾਸੀ ਵਾਲੀ ਸਥਿਤੀ ਵਿੱਚ ਰਾਜ ਦੇ ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ ਕਿ ਪੰਜਾਬ ਦੀ ਖੇਤਰੀ ਪਾਰਟੀ ਸ਼ੋ੍ਮਣੀ ਅਕਾਲੀ ਦਲ ਜਿਹੜੀ ਕਦੇ ਪੰਜਾਬ ਦੇ ਹੱਕਾਂ-ਹਿਤਾਂ ਲਈ ਡੱਟ ਕੇ ਸੰਘਰਸ਼ ਕਰਦੀ ਸੀ, ਕਿਸਾਨਾਂ, ਮਜ਼ਦੂਰਾਂ ਅਤੇ ਲੋਕਾਂ ਦੇ ਹੋਰ ਵਰਗਾਂ ਦੇ ਹਿਤਾਂ ਦੀ ਰਾਖੀ ਕਰਦੀ ਰਹੀ ਹੈ, ਸਿੱਖ ਪੰਥ ਵਿੱਚ ਏਕਤਾ ਤੇ ਉਤਸ਼ਾਹ ਬਣਾਈ ਰੱਖਦੀ ਰਹੀ ਹੈ, ਉਹ ਮੁੜ ਮਜ਼ਬੂਤ ਹੋਵੇ ਅਤੇ ਦੁਬਾਰਾ ਤੋਂ ਆਪਣਾ ਪ੍ਰਭਾਵਸ਼ਾਲੀ ਰੋਲ ਅਦਾ ਕਰੇ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਜੇਕਰ ਪੰਜਾਬ ਦੇ ਰਾਜਨੀਤਕ ਇਤਿਹਾਸ ਨੂੰ ਦੇਖੀਏ ਤਾਂ ਸ਼ੋ੍ਮਣੀ ਅਕਾਲੀ ਦਲ ਹੀ ਇਕ ਅਜਿਹੀ ਪਾਰਟੀ ਰਹੀ ਹੈ ਜਿਸ ਨੇ ਪੰਜਾਬ ਲਈ ਨਿਰੰਤਰ ਲੜਾਈਆਂ ਲੜੀਆਂ ਹਨ। ਪਰ ਅੱਜ ਸ਼ੋ੍ਮਣੀ ਅਕਾਲੀ ਦਲ ਜਿਸ ਤਰ੍ਹਾਂ ਦੀ ਸਥਿਤੀ ਵਿਚੋਂ ਗੁਜ਼ਰ ਰਿਹਾ ਹੈ, ਉਹ ਬੇਹੱਦ ਦੁਖਦਾਈ ਹੈ। 2007 ਤੋਂ ਲੈ ਕੇ 2017 ਦਰਮਿਆਨ ਸ਼ੋ੍ਮਣੀ ਅਕਾਲੀ ਦਲ ਤੇ ਭਾਜਪਾ ਦੀ ਜੋ 10 ਸਾਲਾਂ ਤੱਕ ਸਰਕਾਰ ਰਹੀ ਹੈ, ਉਸ ਦੌਰਾਨ ਸ਼ੋ੍ਮਣੀ ਅਕਾਲੀ ਦਲ ਦੇ ਆਗੂਆਂ ਵਲੋਂ ਕੁੱਝ ਅਜਿਹੀਆਂ ਗ਼ਲਤੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਕਾਰਨ ਲੋਕਾਂ ਵਿੱਚ ਰੋਹ ਤੇ ਰੋਸ ਪੈਦਾ ਹੋਇਆ ਅਤੇ ਅਕਾਲੀ ਦਲ ਆਪਣਾ ਜਨਤਕ ਆਧਾਰ ਗੁਆ ਬੈਠਾ ਹੈ। ਇਨ੍ਹਾਂ ਹੋਈਆਂ ਵੱਡੀਆਂ ਗ਼ਲਤੀਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦਿਆਂ ਨਾਲ ਠੀਕ ਤਰ੍ਹਾਂ ਨਾ ਨਿਪਟ ਸਕਣਾ, ਝੂਠੇ ਪੁਲਿਸ ਮੁਕਾਬਲੇ ਬਣਾਉਣ ਲਈ ਬਦਨਾਮ ਰਹੇ ਪੁਲਿਸ ਅਧਿਕਾਰੀ ਸੁਮੇਧ ਸੈਣੀ ਨੂੰ ਰਾਜ ਦਾ ਡਾਇਰੈਕਟਰ ਜਨਰਲ ਪੁਲਿਸ ਨਿਯੁਕਤ ਕਰਨਾ ਅਤੇ ਵੋਟਾਂ ਹਾਸਿਲ ਕਰਨ ਲਈ ਡੇਰਾ ਸੌਦਾ ਦੇ ਮੁਖੀ ਰਾਮ ਰਹੀਮ ਨੂੰ ਮੁਆਫ਼ੀ ਦੁਆਉਣਾ ਅਤੇ ਕੇਂਦਰ ਵਲੋਂ 2020 ਵਿੱਚ ਬਣਾਏ ਗਏ ਖੇਤੀ ਵਿਰੋਧੀ ਕਾਨੂੰਨਾਂ ਵਿਰੁੱਧ ਕਈ ਮਹੀਨਿਆਂ ਤੱਕ ਸਪੱਸ਼ਟ ਸਟੈਂਡ ਨਾ ਲੈਣਾ ਆਦਿ ਸ਼ਾਮਿਲ ਹਨ। ਇਸ ਦਾ ਹੀ ਇਹ ਸਿੱਟਾ ਨਿਕਲਿਆ ਕਿ 2017 ਤੋਂ ਬਾਅਦ ਹੋਈਆਂ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਸਾਰੀਆਂ ਚੋਣਾਂ ਵਿੱਚ ਪਾਰਟੀ ਨੂੰ ਨਿਰੰਤਰ ਹਾਰਾਂ ਦਾ ਸਾਹਮਣਾ ਕਰਨਾ ਪਿਆ। ਅੱਜ ਦੀ ਸਥਿਤੀ ਇਹ ਹੈ ਕਿ ਸ਼ੋ੍ਮਣੀ ਅਕਾਲੀ ਦਲ ਦੇ 2022 ਵਿੱਚ ਚੁਣੀ ਗਈ ਵਿਧਾਨ ਸਭਾ ਵਿੱਚ ਸਿਰਫ਼ 3 ਮੈਂਬਰ ਚੁਣੇ ਗਏ ਸਨ ਤੇ ਉਨ੍ਹਾਂ ਵਿਚੋਂ ਵੀ ਇੱਕ ਦਲ-ਬਦਲੀ ਕਰ ਗਿਆ ਹੈ। ਇਸ ਸਾਲ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਵੀ ਸ਼ੋ੍ਮਣੀ ਅਕਾਲੀ ਦਲ ਨੂੰ ਸਿਰਫ਼ 1 ਹੀ ਸੀਟ ਪ੍ਰਾਪਤ ਹੋਈ ਹੈ। ਸ਼ੋ੍ਮਣੀ ਅਕਾਲੀ ਦਲ ਦੇ ਇਸ ਘਟਨਾਕ੍ਰਮ ਨੂੰ ਮੁੱਖ ਰੱਖਦਿਆਂ ਹੀ ਬਹੁਤ ਸਾਰੇ ਅਕਾਲੀ ਆਗੂ ਇਸ ਨੂੰ ਛੱਡ ਗਏ ਅਤੇ ਬਾਹਰ ਨਿਕਲ ਕੇ ਉਨ੍ਹਾਂ ਵੱਲੋਂ 'ਸ਼ੋ੍ਮਣੀ ਅਕਾਲੀ ਦਲ ਸੁਧਾਰ ਲਹਿਰ' ਦੇ ਨਾਂਅ ਹੇਠ ਅਕਾਲੀ ਦਲ ਦੀ ਮੁੜ ਬਹਾਲੀ ਲਈ ਯਤਨ ਸ਼ੁਰੂ ਕੀਤੇ ਗਏ ਸਨ। ਇਨ੍ਹਾਂ ਲੀਡਰਾਂ ਨੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂਆਂ ਦੀਆਂ ਪਿਛਲੀਆਂ ਗ਼ਲਤੀਆਂ ਦੇ ਸੰਦਰਭ ਵਿੱਚ ਜਵਾਬਦੇਹੀ ਕਰਨ ਲਈ ਲਿਖਤੀ ਰੂਪ ਵਿੱਚ ਪਹੁੰਚ ਕੀਤੀ ਸੀ। ਇਸ ਨੂੰ ਮੁੱਖ ਰੱਖਦਿਆਂ ਹੀ ਸਿੰਘ ਸਾਹਿਬਾਨ ਨੇ ਲੰਮੇ ਇੰਤਜ਼ਾਰ ਤੋਂ ਬਾਅਦ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਤਿਹਾਸਕ ਫ਼ੈਸਲਾ ਸੁਣਾਇਆ ਹੈ, ਜਿਸ ਵਿੱਚ 2007 ਤੋਂ ਲੈ ਕੇ 2017 ਤੱਕ ਸੱਤਾਧਾਰੀ ਹੁੰਦਿਆਂ ਸ਼ੋ੍ਮਣੀ ਅਕਾਲੀ ਦਲ ਦੇ ਆਗੂਆਂ ਵਲੋਂ ਕੀਤੀਆਂ ਗਈਆਂ ਗ਼ਲਤੀਆਂ ਲਈ ਉਨ੍ਹਾਂ ਦੀ ਜਵਾਬਦੇਹੀ ਕਰਦਿਆਂ ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਧਾਰਮਿਕ ਸਜ਼ਾਵਾਂ (ਸੇਵਾਵਾਂ) ਲਾਈਆਂ ਗਈਆਂ ਹਨ। ਇਨ੍ਹਾਂ ਤੋਂ ਇਲਾਵਾ ਸਿਆਸੀ ਦਬਾਅ ਅਧੀਨ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਵਾਲੇ ਸਾਬਕ ਸਿੰਘ ਸਾਹਿਬਾਨ ਵਿਰੁੱਧ ਵੀ ਕਾਰਵਾਈ ਕੀਤੀ ਗਈ ਹੈ। ਇਸ ਤੋਂ ਇਲਾਵਾ ਸ਼ੋ੍ਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ਼ੋ੍ਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇੱਕ ਕਮੇਟੀ ਵੀ ਬਣਾਈ ਗਈ ਹੈ, ਜਿਸ ਨੂੰ 6 ਮਹੀਨਿਆਂ ਦੇ ਅੰਦਰ-ਅੰਦਰ ਸ਼ੋ੍ਮਣੀ ਅਕਾਲੀ ਦਲ ਦੀ ਨਵੀਂ ਭਰਤੀ ਕਰ ਕੇ ਨਵੇਂ ਡੈਲੀਗੇਟਾਂ ਰਾਹੀਂ ਸ਼ੋ੍ਮਣੀ ਅਕਾਲੀ ਦਲ ਦੇ ਨਵੇਂ ਪ੍ਰਧਾਨ ਦੀ ਚੋਣ ਕਰਵਾਉਣ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਮੌਜੂਦਾ ਸਿੰਘ ਸਾਹਿਬਾਨ ਗਿਆਨੀ ਰਘਬੀਰ ਸਿੰਘ, ਗਿਆਨੀ ਹਰਪ੍ਰੀਤ ਸਿੰਘ ਅਤੇ ਬਾਕੀ ਸਿੰਘ ਸਾਹਿਬਾਨ ਵਲੋਂ ਸਮੂਹਿਕ ਤੌਰ 'ਤੇ ਜਿਸ ਤਰ੍ਹਾਂ ਹੌਂਸਲੇ, ਦ੍ਰਿੜ੍ਹਤਾ, ਸਪੱਸ਼ਟਤਾ ਅਤੇ ਪਾਰਦਰਸ਼ੀ ਢੰਗ ਨਾਲ ਇਸ ਵੱਡੇ ਪੰਥਕ ਸੰਕਟ ਨਾਲ ਨਜਿੱਠਣ ਦਾ ਉਪਰਾਲਾ ਕੀਤਾ ਗਿਆ ਹੈ, ਉਸ ਦੀ ਦੇਸ਼-ਵਿਦੇਸ਼ ਵਿੱਚ ਵੱਡੀ ਪ੍ਰਸੰਸਾ ਹੋਈ ਹੈ। ਹੁਣ ਇਹ ਦੇਖਣਾ ਬਣਦਾ ਹੈ ਹੈ ਕਿ ਅਕਾਲੀ ਨੇਤਾਵਾਂ ਨੂੰ 11 ਦਿਨਾਂ ਤੱਕ ਚੱਲਣ ਵਾਲੀ ਲਾਈ ਗਈ ਧਾਰਮਿਕ ਸੇਵਾ ਤੋਂ ਬਾਅਦ ਇਹ ਆਗੂ ਸੁਰਖਰੂ ਹੋ ਕੇ ਮੁੜ ਤੋਂ ਸਿੱਖ ਪੰਥ ਦੇ ਧਾਰਮਿਕ ਅਤੇ ਰਾਜਨੀਤਕ ਖੇਤਰਾਂ ਵਿੱਚ ਵਿਚਰਦੇ ਹੋਏ ਅਤੇ ਪਿਛਲੀਆਂ ਗ਼ਲਤੀਆਂ ਤੋਂ ਸਬਕ ਸਿਖਦੇ ਹੋਏ, ਕਿਸ ਤਰ੍ਹਾਂ ਦਾ ਰੋਲ ਅਦਾ ਕਰਦੇ ਹਨ, ਰਾਜ ਦੇ ਪੰਥਕ ਅਤੇ ਗੈਰ-ਪੰਥਕ ਹਲਕਿਆਂ ਨੂੰ ਇਸ ਗੱਲ ਦੀ ਵੀ ਵੱਡੀ ਉਡੀਕ ਰਹੇਗੀ ਕਿ ਰਾਜ ਦੀ ਇਕੋ-ਇੱਕ ਖੇਤਰੀ ਪਾਰਟੀ ਸ਼ੋ੍ਮਣੀ ਅਕਾਲੀ ਦਲ ਆਉਣ ਵਾਲੇ ਸਮੇਂ ਵਿੱਚ ਕਿਸ ਤਰ੍ਹਾਂ ਆਪਣੇ ਆਪ ਨੂੰ ਮੁੜ ਉਭਾਰਦੀ ਹੈ ਅਤੇ ਕਿਸ ਤਰ੍ਹਾਂ ਪੰਥ ਤੇ ਪੰਜਾਬ ਨੂੰ ਦਰਪੇਸ਼ ਵੱਡੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਆਪਣਾ ਬਣਦਾ ਇਤਿਹਾਸਕ ਰੋਲ ਅਦਾ ਕਰਨ ਵਿੱਚ ਕਾਮਯਾਬ ਹੁੰਦੀ ਹੈ। ਦੇਸ਼ ਦੀਆਂ ਅਜੋਕੀਆਂ ਰਾਜਨੀਤਕ ਸਥਿਤੀਆਂ, ਜਿਨ੍ਹਾਂ ਵਿੱਚ ਜਮਹੂਰੀਅਤ, ਧਰਮ ਨਿਰਪੱਖਤਾ ਤੇ ਸੰਘੀ ਸੰਵਿਧਾਨਿਕ ਵਿਵਸਥਾ ਖ਼ਤਰੇ ਵਿੱਚ ਪਈ ਹੋਈ ਹੈ, ਵੀ ਮੰਗ ਕਰਦੀਆਂ ਹਨ ਕਿ ਜਮਹੂਰੀਅਤ, ਮਨੁੱਖੀ ਅਧਿਕਾਰਾਂ ਤੇ ਸਰਬੱਤ ਦੇ ਭਲੇ ਆਦਿ ਮੁੱਲਾਂ ਲਈ ਕੰਮ ਕਰਦੀ ਰਹੀ ਅਕਾਲੀ ਪਾਰਟੀ ਮੁੜ ਮਜ਼ਬੂਤ ਹੋਵੇ। ਕੌਮੀ ਤੇ ਕੌਮਾਂਤਰੀ ਪੱਧਰ 'ਤੇ ਸਿੱਖ ਭਾਈਚਾਰੇ ਨੂੰ ਦਿਸ਼ਾ ਤੇ ਅਗਵਾਈ ਦੇਣ, ਉਨ੍ਹਾਂ ਦੇ ਸਰੋਕਾਰਾਂ ਲਈ ਆਵਾਜ਼ ਬੁਲੰਦ ਕਰਨ ਲਈ ਵੀ ਸ਼ੋ੍ਮਣੀ ਅਕਾਲੀ ਦਲ ਤੇ ਸ਼ੋ੍ਮਣੀ ਕਮੇਟੀ ਆਦਿ ਪੰਥਕ ਸੰਗਠਨਾਂ ਤੇ ਸੰਸਥਾਵਾਂ ਦਾ ਮਜ਼ਬੂਤ ਤੇ ਪ੍ਰਭਾਵੀ ਹੋਣਾ ਜ਼ਰੂਰੀ ਹੈ।

# ਭਾਰਤ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਲਾਗੂ ਕਰੇ



ਡਾ. ਦਰਸ਼ਨ ਪਾਲ




ਦੇਸ਼ ਦੇ ਉਪ-ਰਾਸ਼ਟਰਪਤੀ ਜਗਦੀਪ ਧਨਕਰ ਨੇ ਕੇਂਦਰੀ ਖੇਤੀਬਾੜੀ ਮੰਤਰੀ ਨੂੰ ਇੱਕ ਸਮਾਗਮ ਦੌਰਾਨ ਪੁੱਛਿਆ ਕਿ ਕਿਸਾਨਾਂ ਨਾਲ ਪਿਛਲੇ ਸਾਲ ਦੇ ਕੀਤੇ ਵਾਅਦੇ ਅਜੇ ਤੱਕ ਪੂਰੇ ਕਿਉਂ ਨਹੀਂ ਹੋਏ ? ਸੰਯੁਕਤ ਕਿਸਾਨ ਮੋਰਚੇ ਦੀਆਂ ਮੰਗਾਂ ਵਿਚੋਂ ਸਭ ਤੋਂ ਵੱਡੀ ਮੰਗ ਦੇਸ਼ ਵਿੱਚ ਪੈਦਾ ਕੀਤੀਆਂ ਸਭਨਾਂ ਫ਼ਸਲਾਂ ਦੀ ਕਾਨੂੰਨੀ ਗਰੰਟੀ ਦੀ ਹੈ। ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦਾ ਮੁੱਦਾ ਦੇਸ਼ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਤਾਣੇ-ਬਾਣੇ ਨਾਲ ਡੂੰਘਾਈ ਨਾਲ ਜੁੜਿਆ ਹੋਇਆ ਹੈ। ਲੋਕਾਂ ਦੇ ਰੋਹ ਅੱਗੇ ਝੁਕਦਿਆਂ ਮੋਦੀ ਸਰਕਾਰ ਨੇ 2021 ਵਿੱਚ ਖੇਤੀ ਸੈਕਟਰ ਵਿੱਚ ਲਿਆਂਦੇ ਤਿੰਨ ਕਾਲੇ ਕਾਨੂੰਨ ਵਾਪਿਸ ਲੈਣ ਦੇ ਨਾਲ-ਨਾਲ ਮੋਰਚੇ ਦੀ ਅਹਿਮ ਮੰਗ ਦੇ ਮੱਦੇਨਜ਼ਰ ਐਮ.ਐਸ.ਪੀ. ਦੀ ਸਮੀਖਿਆ ਕਰਨ ਅਤੇ ਇਸ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਇੱਕ ਕਮੇਟੀ ਦੀ ਸਥਾਪਨਾ ਵੀ ਕੀਤੀ ਸੀ। ਪਰ ਢਾਈ ਸਾਲ ਬੀਤ ਜਾਣ ਦੇ ਬਾਵਜੂਦ ਕਮੇਟੀ ਨੇ ਕਿਸਾਨਾਂ ਦੇ ਆਸ਼ੰਕਿਆਂ ਨੂੰ ਸਹੀ ਸਾਬਿਤ ਕਰਦੇ ਹੋਏ ਕੁਝ ਵੀ ਨਹੀਂ ਕੀਤਾ। ਆਖਿਰ ਕਿਸਾਨ ਐਮ.ਐਸ.ਪੀ. ਦੇ ਕਾਨੂੰਨੀ ਅਧਿਕਾਰ ਦੀ ਮੰਗ ਕਿਉਂ ਕਰਦੇ ਹਨ ? ਦੇਸ਼ ਵਿੱਚ 86 ਪ੍ਰਤੀਸ਼ਤ ਛੋਟੇ ਕਿਸਾਨ ਹਨ ਜੋ 5 ਏਕੜ ਤੋਂ ਘੱਟ ਜ਼ਮੀਨ ਉੱਪਰ ਖੇਤੀ ਕਰਦੇ ਹਨ। ਇਨ੍ਹਾਂ ਨੂੰ ਯਕੀਨਨ ਮੰਡੀ ਲਈ ਐਮ.ਐਸ.ਪੀ. ਦੀ ਬੇਹੱਦ ਜ਼ਰੂਰਤ ਹੈ। ਇੱਕ ਪਾਸੇ ਤਾਂ ਜਿੱਥੇ ਉੱਚੀਆਂ ਅਤੇ ਵੱਧ ਰਹੀਆਂ ਖੇਤੀ ਲਾਗਤਾਂ ਅਤੇ ਮੌਸਮ ਦੇ ਉਤਰਾਅ-ਚੜ੍ਹਾਅ ਦੇ ਕਾਰਨ ਖੇਤੀ ਪੈਦਾਵਾਰ ਲਗਾਤਾਰ ਡਾਵਾਂਡੋਲ ਹੋ ਰਹੀ ਹੈ, ਉਥੇ ਫ਼ਸਲਾਂ ਦੀਆਂ ਯਕੀਨੀ ਕੀਮਤਾਂ ਦੀ ਅਣਹੋਂਦ ਕਰਜ਼ੇ ਦੇ ਚੱਕਰ ਵਿੱਚ ਧਸੀ ਕਿਸਾਨੀ ਲਈ ਭਿਅੰਕਰ ਸਿੱਟੇ ਸਾਹਮਣੇ ਲਿਆ ਰਹੀ ਹੈ। ਛੋਟੇ ਕਿਸਾਨਾਂ ਕੋਲ ਭੰਡਾਰਨ ਦੀ ਸਹੂਲਤ ਨਾ ਹੋਣ ਕਾਰਨ ਅਤੇ ਅਗਲੀ ਫ਼ਸਲ ਬੀਜਣ ਲਈ ਸੀਮਤ ਸਮਾਂ ਹੋਣ ਕਾਰਨ ਉਨ੍ਹਾਂ ਨੂੰ ਫ਼ਸਲਾਂ ਦੀ ਵਾਢੀ ਦੇ ਨਾਲ ਹੀ ਮੰਡੀ ਵਿੱਚ ਫ਼ਸਲ ਵੇਚਣੀ ਪੈਂਦੀ ਹੈ, ਜਿਸ ਕਾਰਨ ਉਨ੍ਹਾਂ ਦੀ ਸੌਦਾ ਸ਼ਕਤੀ ਨਾ ਬਰਾਬਰ ਰਹਿ ਜਾਂਦੀ ਹੈ। ਅਜਿਹੀਆਂ ਹਾਲਤਾਂ ਵਿੱਚ ਐਮ.ਐਸ.ਪੀ. ਦੀ ਅਣਹੋਂਦ ਵਿੱਚ ਕਿਸਾਨਾਂ ਨੂੰ ਅਨਿਸਚਿਤ ਬਜ਼ਾਰੀ ਕੀਮਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਕਈ ਵਾਰ ਉਤਪਾਦਨ ਲਾਗਤਾਂ ਤੋਂ ਵੀ ਹੇਠਾਂ ਆ ਜਾਂਦੀਆਂ ਹਨ। ਐਮ.ਐਸ.ਪੀ. ਸਿਸਟਮ ਇੱਕ ਸੁਰੱਖਿਆ ਪ੍ਰਣਾਲੀ ਹੈ, ਜਿਸ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਗਾਰੰਟੀਸ਼ੁਦਾ ਕੀਮਤ ਮਿਲੇਗੀ। ਕਾਨੂੰਨੀ ਐਮ.ਐਸ.ਪੀ. ਕਿਸਾਨਾਂ ਨੂੰ ਜਿੱਥੇ ਵਾਜਬ ਅਤੇ ਸਥਿਰ ਕੀਮਤ ਪ੍ਰਦਾਨ ਕਰੇਗੀ ਉੱਥੇ ਵਿਚੋਲਿਆਂ ਦੁਆਰਾ ਹੋਣ ਵਾਲੀ ਲੁੱਟ ਤੋਂ ਵੀ ਬਚਾਵੇਗੀ।

ਫ਼ਸਲੀ ਵੰਨ-ਸੁਵੰਨਤਾ ਲਈ ਵੀ ਐਮ.ਐਸ.ਪੀ. ਦਾ ਹੋਣਾ ਬਹੁਤ ਜ਼ਰੂਰੀ ਹੈ। ਐਮ.ਐਸ.ਪੀ. ਦੀ ਮੌਜੂਦਾ ਪ੍ਰਣਾਲੀ, ਮੁੱਖ ਤੌਰ ’ਤੇ ਕੁਝ ਫ਼ਸਲਾਂ ਅਤੇ ਕੁਝ ਖੇਤਰਾਂ ਤੱਕ ਹੀ ਸੀਮਿਤ ਹੈ। ਇਹ ਬਹੁਤ ਸਾਰੇ ਕਿਸਾਨਾਂ, ਖਾਸ ਕਰਕੇ ਗੈਰ-ਐਮ.ਐਸ.ਪੀ. ਫ਼ਸਲਾਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਵੱਲ ਧੱਕਦੀ ਹੈ, ਕਿਉਂਕਿ ਕਣਕ-ਝੋਨੇ ਦੇ ਫ਼ਸਲੀ ਚੱਕਰ ਕਰਕੇ ਜ਼ਮੀਨਾਂ ਦੇ ਠੇਕੇ ਦੇ ਰੇਟ ਕਾਫ਼ੀ ਉੱਚੇ ਹਨ। ਇਸ ਪ੍ਰਣਾਲੀ ਨੂੰ ਕਣਕ ਅਤੇ ਝੋਨੇ ’ਤੇ ਕੇਂਦਰਿਤ ਕਰਕੇ ਇਹਨਾਂ ਫ਼ਸਲਾਂ ’ਤੇ ਨਿਰਭਰਤਾ ਬਣਾ ਦਿੱਤਾ ਗਿਆ ਹੈ, ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਕਮੀ ਅਤੇ ਵਾਤਾਵਰਨ ਸੰਬੰਧੀ ਚਿੰਤਾਵਾਂ ਪੈਦਾ ਹੋ ਗਈਆਂ ਹਨ। ਕਿਸਾਨਾਂ ਬਾਰੇ ਅਕਸਰ ਇਹ ਗਲਤ ਧਾਰਨਾ ਬਣਾਈ ਜਾਂਦੀ ਹੈ ਕਿ ਕਿਸਾਨ ਕਣਕ-ਝੋਨੇ ਦੇ ਫ਼ਸਲੀ ਚੱਕਰ ’ਚੋਂ ਬਾਹਰ ਨਹੀਂ ਨਿਕਲਣਾ ਚਾਹੁੰਦੇ ਜਦਕਿ ਸੱਚਾਈ ਇਹ ਹੈ ਕਿ ਐਮ.ਐਸ.ਪੀ. ਅਤੇ ਯਕੀਨੀ ਮੰਡੀਕਰਨ ਦੀ ਅਣਹੋਂਦ ਕਾਰਨ ਕਿਸਾਨਾਂ ਲਈ ਬਾਕੀ ਫ਼ਸਲਾਂ ਘਾਟੇ ਦਾ ਸੌਦਾ ਸਾਬਤ ਹੁੰਦੀਆਂ ਹਨ। ਬਿਲਕੁਲ ਇਵੇਂ ਹੀ ਪਰਾਲੀ ਦਾ ਮੁੱਦਾ ਹੈ, ਜਿੱਥੇ ਸਰਕਾਰ ਵੱਲੋਂ ਵਿਤੀ ਸਹਾਇਤਾ ਦੀ ਅਣਹੋਂਦ, ਲੋੜੀਦੀ ਮਸ਼ੀਨਰੀ ਦੀ ਘਾਟ ਅਤੇ ਕੋਈ ਢੁੱਕਵੀਂ ਤਕਨੀਕ ਨਾ ਹੋਣ ਕਾਰਨ ਕਿਸਾਨ ਪਰਾਲੀ ਨੂੰ ਅੱਗ ਲਾਉਣ ਲਈ ਮਜਬੂਰ ਹਨ। ਕਿਸਾਨਾਂ ਨੂੰ ਨਾ ਤਾਂ ਝੋਨੇ ਦਾ ਬਦਲ ਦਿੱਤਾ ਜਾ ਰਿਹਾ ਹੈ ਅਤੇ ਨਾ ਹੀ ਪਰਾਲੀ ਵਾਲੇ ਮਸਲੇ ਦਾ ਕੋਈ ਹੱਲ। ਇਸ ਲਈ ਬਦਲਵੀਆਂ ਫ਼ਸਲਾਂ (ਦਾਲਾਂ, ਤੇਲ ਬੀਜਾਂ ਆਦਿ) ਲਈ ਐਮ.ਐਸ.ਪੀ. ਦੀ ਖਰੀਦ ਦਾ ਵਿਸਤਾਰ ਕਰਨਾ ਵਿਭਿੰਨਤਾ ਅਤੇ ਸਿਹਤਮੰਦ ਖੇਤੀ ਅਮਲਾਂ ਨੂੰ ਉਤਸ਼ਾਹਿਤ ਕਰਨ ਲਈ ਇਕ ਜ਼ਰੂਰੀ ਕਦਮ ਹੈ। ਕੋਲਡ ਸਟੋਰੇਜ, ਵੇਅਰਹਾਊਸਿੰਗ, ਪ੍ਰੋਸੈਸਿੰਗ ਯੂਨਿਟਾਂ, ਅਤੇ ਆਵਾਜਾਈ ਪ੍ਰਣਾਲੀਆਂ ਵਿੱਚ ਸਰਕਾਰੀ ਨਿਵੇਸ਼ ਦੀ ਜ਼ਰੂਰਤ ਹੈ, ਜਿਸ ਨਾਲ ਪੇਂਡੂ ਰੋਜ਼ਗਾਰ ਵਿੱਚ ਵਾਧਾ ਹੋਵੇਗਾ ਜੋ ਕਿ ਸ਼ਹਿਰੀ ਅਤੇ ਵਿਦੇਸ਼ੀ ਪ੍ਰਵਾਸ ਨੂੰ ਠੱਲ ਪਾਵੇਗਾ।

ਐਮ.ਐਸ.ਪੀ. ਦਾ ਕਿਸਾਨੀ ਸਿਰ ਚੜ੍ਹ ਰਹੇ ਕਰਜ਼ੇ ਨਾਲ ਸਿੱਧਾ ਸੰਬੰਧ ਹੈ। ਬੀਜਾਂ, ਖਾਦਾਂ, ਕੀਟਨਾਸ਼ਕਾਂ ਅਤੇ ਮਸ਼ੀਨਰੀ ਦੀਆਂ ਉੱਚ ਲਾਗਤਾਂ ਅਤੇ ਮਿੱਟੀ ਦੇ ਨਿਘਾਰ ਕਾਰਨ ਡਾਵਾਂਡੋਲ ਹੋ ਰਹੀ ਪੈਦਾਵਾਰ ਦੇ ਨਾਲ, ਖੇਤੀ ਮੁਨਾਫ਼ੇ ਵਿੱਚ ਹੋ ਰਹੀ ਗਿਰਾਵਟ ਕਿਸਾਨਾਂ ਨੂੰ ਕਰਜ਼ਾ ਲੈਣ ਲਈ ਮਜਬੂਰ ਕਰਦੀ ਹੈ। ਅਕਸਰ, ਇਹ ਕਰਜ਼ੇ ਸ਼ਾਹੂਕਾਰਾਂ ਅਤੇ ਮਾਈਕਰੋ ਫ਼ਾਈਨੈਂਸ ਕੰਪਨੀਆਂ ਤੋਂ ਉੱਚ-ਵਿਆਜ ਦਰਾਂ ’ਤੇ ਲਏ ਜਾਂਦੇ ਹਨ, ਜੋ ਕਿਸਾਨਾਂ ਨੂੰ ਕਰਜ਼ੇ ਦੇ ਕੁਚੱਕਰ ਵੱਲ ਧੱਕਦੇ ਹਨ। ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਰੂਪ ਦੇਣ ਨਾਲ ਇੱਕ ਸਥਿਰ ਅਤੇ ਕਾਨੂੰਨੀ ਤੌਰ ’ਤੇ ਗਾਰੰਟੀਸ਼ੁਦਾ ਆਮਦਨ ਪ੍ਰਦਾਨ ਹੋਵੇਗੀ, ਜਿਸ ਨਾਲ ਕਿਸਾਨਾਂ ਨੂੰ ਸ਼ੋਸ਼ਣ ਵਾਲੇ ਕਰਜ਼ਿਆਂ ਤੋਂ ਬਚਣ ਅਤੇ ਕਰਜ਼ੇ ਦੇ ਜਾਲ ਨੂੰ ਤੋੜਨ ਵਿੱਚ ਮਦਦ ਮਿਲੇਗੀ।

ਭਾਰਤ ਸਰਕਾਰ ਦੁਆਰਾ ਆਪਣੇ ਹੀ ਰਾਸ਼ਟਰੀ ਕਿਸਾਨ ਕਮਿਸ਼ਨ ਦੀ 2006 ਵਿੱਚ ਦਿੱਤੀ ਰਿਪੋਰਟ (ਸਵਾਮੀਨਾਥਨ ਰਿਪੋਰਟ) ਦੁਆਰਾ ਸਿਫ਼ਾਰਸ਼ ਕੀਤੇ 32+50% ਫ਼ਾਰਮੂਲੇ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰਕੇ ਐਮ.ਐਸ.ਪੀ. ਦਾ ਨਿਰਧਾਰਨ ਅਜੇ ਵੀ 12+6* ਫ਼ਾਰਮੂਲੇ ਨਾਲ ਹੀ ਕੀਤਾ ਜਾਂਦਾ ਹੈ। ਜੇਕਰ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕੀਤਾ ਜਾਵੇ ਤਾਂ 2023-24 ਵਿਚ ਝੋਨੇ ਦੀ ਐਮ.ਐਸ.ਪੀ. 684 ਰੁਪਏ ਪ੍ਰਤੀ ਕੁਇੰਟਲ ਵੱਧ ਹੁੰਦੀ, ਜੋ ਸੰਕਟਗ੍ਰਤ ਕਿਸਾਨੀ ਲਈ ਵਰਦਾਨ ਸਾਬਿਤ ਹੋ ਸਕਦੀ ਸੀ। ਕਈ ਮਾਹਿਰਾਂ ਦਾ ਮੰਨਣਾ ਹੈ ਕਿ ਜਿੰਨਾ ਘਾਟਾ ਪਿਛਲੇ 20 ਸਾਲਾਂ ਵਿੱਚ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਲਾਗੂ ਨਾ ਹੋਣ ਕਾਰਨ ਹੋਇਆ ਹੈ, ਪੰਜਾਬ ਦੇ ਕਿਸਾਨਾਂ ਉਪਰ ਉਨਾ ਕੁ ਹੀ ਕਰਜ਼ਾ ਹੈ। ਜੇਕਰ ਇਹ ਰਿਪੋਰਟ ਲਾਗੂ ਹੋ ਗਈ ਹੁੰਦੀ ਤਾਂ ਪੰਜਾਬ ਦੇ ਕਿਸਾਨਾਂ ’ਤੇ ਕਰਜ਼ੇ ਦੀ ਪੰਡ ਨਾ ਹੁੰਦੀ। ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਕੇਂਦਰ ਨੂੰ ਝੋਨੇ ਦੀ ਐਮ.ਐਸ.ਪੀ. 3234 ਰੁਪਏ ਪ੍ਰਤੀ ਕੁਇੰਟਲ ਅਤੇ ਨਾਲ ਹੀ ਬਾਕੀ ਸਾਉਣੀ ਦੀਆਂ ਫ਼ਸਲਾਂ ਦੀ ਐਮ.ਐਸ.ਪੀ. ਵਧਾਉਣ ਦੀ ਸਿਫ਼ਾਰਸ਼ ਕੀਤੀ ਹੈ, ਜੋ ਕਿ ਕੇਂਦਰ ਨੂੰ ਲਾਗੂ ਕਰਨੀ ਚਾਹੀਦੀ ਹੈ। ਕਈ ਵਾਰ ਇਹ ਖਦਸ਼ਾ ਪੈਦਾ ਕੀਤਾ ਜਾਂਦਾ ਹੈ ਕਿ ਸਾਰੀਆਂ ਫ਼ਸਲਾਂ ਦੀ ਖਰੀਦ ਲਈ ਬਹੁਤ ਵੱਡੀ ਧਨ ਰਾਸ਼ੀ ਦੀ ਜ਼ਰੂਰਤ ਹੋਣ ਕਰਕੇ ਸਰਕਾਰ ਸਾਰੀਆਂ ਫ਼ਸਲਾਂ ਦੀ ਖਰੀਦ ਨਹੀਂ ਕਰ ਸਕਦੀ। ਪਰ ਇਹ ਸਰਾਸਰ ਭੁਲੇਖਾ ਪੈਦਾ ਕੀਤਾ ਜਾਂਦਾ ਹੈ। ਇੱਕ ਅਧਿਐਨ ਅਨੁਸਾਰ 2018-19 ਦੌਰਾਨ ਦੇਸ਼ ਵਿੱਚ ਉਗਾਈਆਂ ਜਾਣ ਵਾਲੀਆਂ ਸਾਰੀਆਂ ਫ਼ਸਲਾਂ ਦੇ ਕੁੱਲ ਉਤਪਾਦਨ ਦਾ ਐਮ.ਐਸ.ਪੀ. ’ਤੇ 8.50 ਲੱਖ ਕਰੋੜ ਰੁਪਏ ਦਾ ਉਤਪਾਦਨ ਸੀ। ਹਾਲਾਂਕਿ, ਸਾਰਾ ਉਤਪਾਦਨ ਵਿਕਰੀਯੋਗ ਨਹੀਂ ਹੈ। ਕਿਸਾਨ ਫ਼ਸਲਾਂ ਦਾ ਕੁਝ ਹਿੱਸਾ ਘਰੇਲੂ ਖਪਤ, ਅਗਲੀ ਬਿਜਾਈ ਲਈ ਬੀਜ ਅਤੇ ਪਸ਼ੂਆਂ ਨੂੰ ਚਾਰੇ ਲਈ ਆਪਣੇ ਕੋਲ ਰੱਖਦੇ ਹਨ। ਇਸ ਤਰ੍ਹਾਂ, ਮੰਡੀ ਦੀ ਆਮਦ ਦਾ ਕੁੱਲ ਮੁੱਲ 7.18 ਲੱਖ ਕਰੋੜ ਰੁਪਏ ਬਣਦਾ ਹੈ। ਇਹ ਰਕਮ ਦੇਸ਼ ਦੀ 74 ਦਾ ਮਾਮੂਲੀ ਹਿੱਸਾ (2.4%) ਬਣਦੀ ਹੈ। ਇਹ ਕੋਈ ਵੱਡੀ ਰਕਮ ਨਹੀਂ ਹੈ, ਕਿਉਂਕਿ ਕੁਝ ਪੂੰਜੀ ਪਹਿਲਾਂ ਹੀ ਬਾਜ਼ਾਰ ਵਿੱਚ ਹੈ, ਅਤੇ ਇਹ ਦੋ ਸੀਜਨਾਂ ਵਿੱਚ ਲਗਾਉਣੀ ਹੁੰਦੀ ਹੈ। ਜਦ ਤੱਕ ਦੂਸਰੀ ਫ਼ਸਲ ਖਰੀਦਣੀ ਹੁੰਦੀ ਹੈ, ਉਦੋਂ ਤੱਕ ਪਹਿਲੀ ਫ਼ਸਲ ਵਿਕ ਚੁੱਕੀ ਹੁੰਦੀ ਹੈ। ਸਰਕਾਰ ਫ਼ਸਲ ਹੀ ਖਰੀਦਦੀ ਹੈ, ਮਿੱਟੀ ਨਹੀਂ। ਆਮ ਤੌਰ ’ਤੇ ਫ਼ਸਲ ਦਾ ਮੁੱਲ ਸੀਜ਼ਨ ਵਿੱਚ ਘੱਟ ਹੁੰਦਾ ਹੈ ਅਤੇ ਬਾਅਦ ਵਿੱਚ ਜ਼ਿਆਦਾ। ਫ਼ਸਲਾਂ ਦੀਆਂ ਕੀਮਤਾਂ ਨੂੰ ਠੀਕ ਰੱਖਣ ਲਈ ਖੇਤੀ ਲਾਗਤਾਂ ਦੀਆਂ ਕੀਮਤਾਂ ਨੂੰ ਘਟਾਉਣਾ ਚਾਹੀਦਾ ਹੈ। ਇਸ ਕਾਰਜ ਲਈ ਸਰਕਾਰ ਨੂੰ ਖੇਤੀ ਦੇ ਪਿਛਾਊਂ ਸੰਬੰਧਾਂ (ਬੀਜਾਂ, ਰਸਾਇਣਾਂ ਤੇ ਮਸ਼ੀਨਾਂ) ਅਤੇ ਖੇਤੀ ਦੇ ਅਗਾਊਂ ਸੰਬੰਧਾਂ (ਮੰਡੀਕਰਨ, ਪ੍ਰੋਸੈਸਿਗ) ਨੂੰ ਕਾਰਪੋਰੇਟਾਂ ਤੋਂ ਦੂਰ ਕਰਕੇ ਸਰਕਾਰੀ ਖੇਤਰ ਵਿੱਚ ਹੀ ਰੱਖਣਾ ਚਾਹੀਦਾ ਹੈ। ਇਸ ਨਾਲ ਕਿਸਾਨਾਂ ਦਾ ਮੁਨਾਫ਼ਾ ਵੀ ਵਧੇਗਾ ਅਤੇ ਗਰੀਬਾਂ ਨੂੰ ਸਸਤਾ ਅਨਾਜ ਵੀ ਮਿਲੇਗਾ। ਅਸਲ ਵਿੱਚ ਐਮ.ਐਸ.ਪੀ. ਦੇਸ਼ ਲਈ ਬਫ਼ਰ ਸਟਾਕ ਨੂੰ ਬਣਾਈ ਰੱਖਣ, ਭੋਜਨ ਸਪਲਾਈ ਦੀ ਸਥਿਰਤਾ ਨੂੰ ਯਕੀਨੀ ਬਣਾਉਣ ਅਤੇ ਜਨਤਕ ਵੰਡ ਪ੍ਰਣਾਲੀ ਦੇ ਧੁਰੇ ਵਜੋਂ ਕੰਮ ਕਰਦੀ ਹੈ।

ਸਰਕਾਰਾਂ ਨੂੰ ਮੁਲਕ ਦੇ ਮਿਹਨਤੀ ਕਿਸਾਨਾਂ, ਮਜ਼ਦੂਰਾਂ ਅਤੇ ਜਨਤਕ ਵੰਡ ਪ੍ਰਣਾਲੀ ’ਤੇ ਨਿਰਭਰ ਲੋਕਾਈ ਦੇ ਹਿਤਾਂ ਨੂੰ ਮੁੱਖ ਰੱਖ ਕੇ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ ਨਾ ਕਿ ਚੰਦ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ।

(ਬਾਕੀ ਸਫ਼ਾ 31 ’ਤੇ)

# ਬੰਗਲਾਦੇਸ਼ ਨੂੰ ਬਦਲਣਾ ਹੋਵੇਗਾ ਭਾਰਤ ਪ੍ਰਤੀ ਵਤੀਰਾ

ਹਰਸ਼ ਵੀ. ਪੰਤ
(ਲੇਖਕ ਅਬਜ਼ਰਵਰ ਰਿਸਰਚ ਫ਼ਾਊਂਡੇਸ਼ਨ ’ਚ ਉਪ ਮੁਖੀ ਹੈ)

ਰਾਜਨੀਤੀ ਬਹੁਤ ਹੀ ਸੰਵੇਦਨਸ਼ੀਲ ਵਿਸ਼ਾ ਹੈ ਤਾਂ ਕੌਮਾਂਤਰੀ ਰਾਜਨੀਤੀ ਦਾ ਮੁੱਦਾ ਉਸ ਤੋਂ ਵੀ ਕਿਤੇ ਜ਼ਿਆਦਾ ਨਾਜ਼ੁਕ ਹੈ। ਬੰਗਲਾਦੇਸ਼ ਦੇ ਨਾਲ ਭਾਰਤ ਦੇ ਰਿਸ਼ਤਿਆਂ ਦੀ ਦਸ਼ਾ-ਦਿਸ਼ਾ ਇਸ ਦੀ ਜਿਉਂਦੀ-ਜਾਗਦੀ ਮਿਸਾਲ ਹੈ ਕਿ ਕੌਮਾਂਤਰੀ ਸਬੰਧਾਂ ਦਾ ਮੁਹਾਂਦਰਾ ਇਕਦਮ ਕਿਵੇਂ ਪੂਰੀ ਤਰ੍ਹਾਂ ਬਦਲ ਜਾਂਦਾ ਹੈ। ਬਦਲੇ ਹੋਏ ਹਾਲਾਤ ਵਿੱਚ ਦੁਵੱਲੇ ਸਬੰਧਾਂ ’ਤੇ ਮੰਡਰਾਉਂਦੇ ਸੰਸੇ ਦੇ ਬੱਦਲਾਂ ਦੌਰਾਨ ਬੀਤੇ ਦਿਨੀਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਬੰਗਲਾਦੇਸ਼ ਦਾ ਦੌਰਾ ਕੀਤਾ।

ਇਸ ਦੌਰਾਨ ਉਨ੍ਹਾਂ ਨੇ ‘ਹਾਂ-ਪੱਖੀ, ਰਚਨਾਤਮਕ ਅਤੇ ਪਰਸਪਰ ਲਾਭ ਵਾਲੇ ਸਬੰਧਾਂ’ ਦੀ ਵਕਾਲਤ ਕੀਤੀ। ਬੰਗਲਾਦੇਸ਼ ਵਿੱਚ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਵੀ ਮਿਸਰੀ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਈ। ਹਾਲਾਂਕਿ ਅਜਿਹੀਆਂ ਰਸਮੀ ਗੱਲਾਂ ਦਾ ਉਦੋਂ ਤੱਕ ਕੋਈ ਮਤਲਬ ਨਹੀਂ ਨਿਕਲਦਾ, ਜਦ ਤੱਕ ਕਿ ਉਹ ਜ਼ਮੀਨੀ ਪੱਧਰ ’ਤੇ ਹਕੀਕਤ ਵਿੱਚ ਨਾ ਬਦਲ ਜਾਣ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ੇਖ਼ ਹਸੀਨਾ ਦੇ ਤਖਤਾਪਲਟ ਤੋਂ ਬਾਅਦ ਭਾਰਤ-ਬੰਗਲਾਦੇਸ਼ ਸਬੰਧਾਂ ਵਿੱਚ ਅੜਿੱਕੇ ਦਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਸੀ ਅਤੇ ਉਹੋ ਜਿਹਾ ਹੀ ਕੁਝ ਦੇਖਣ ਨੂੰ ਮਿਲ ਰਿਹਾ ਹੈ। ਸ਼ੇਖ਼ ਹਸੀਨਾ ਦੇ ਕਾਰਜਕਾਲ ਵਿੱਚ ਦੋਵਾਂ ਦੇਸ਼ਾਂ ਨੇ ਸੁਰੱਖਿਆ ਤੋਂ ਲੈ ਕੇ ਆਰਥਿਕ ਮੁਹਾਜ਼ ’ਤੇ ਸਹਿਯੋਗ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਅਤੇ ਲੋਕਾਂ ਦਾ ਆਪਸੀ ਸੰਪਰਕ-ਤਾਲਮੇਲ ਵੀ ਬਿਹਤਰ ਹੋਇਆ। ਯਾਦ ਰਹੇ ਕਿ 2009 ਵਿੱਚ ਸ਼ੇਖ਼ ਹਸੀਨਾ ਦੇ ਹੁਕਮਰਾਨ ਹੋਣ ਤੋਂ ਪਹਿਲਾਂ ਦੁਵੱਲੇ ਸਬੰਧ ਬਹੁਤ ਖ਼ਰਾਬ ਹੋ ਚੱਲੇ ਸਨ। ਹਸੀਨਾ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਸਬੰਧਾਂ ਨੇ ਜੋ ਗਤੀ ਫੜੀ, ਉਸ ਨੂੰ ਦੇਖਦੇ ਹੋਏ ਇਸ ਦੌਰ ਨੂੰ ‘ਸੁਨਹਿਰੀ ਕਾਲ’ ਕਿਹਾ ਜਾਣ ਲੱਗਾ।

ਕਿਉਂਕਿ ਹਸੀਨਾ ਦੀ ਵਿਦਾਈ ਤੋਂ ਬਾਅਦ ਬੰਗਲਾਦੇਸ਼ੀ ਰਾਜਨੀਤੀ ਦੀ ਰੰਗਤ ਬਦਲ ਗਈ ਹੈ, ਇਸ ਲਈ ਭਾਰਤ ਨੂੰ ਵੀ ਨਵੀਆਂ ਹਕੀਕਤਾਂ ਅਨੁਸਾਰ ਨਵੇਂ ਸਿਰੇ ਤੋਂ ਕਦਮ ਅੱਗੇ ਵਧਾਉਣੇ ਹੋਣਗੇ। ਅਸਲ ਵਿੱਚ ਇਹ ਬਦਲਿਆ ਹੋਇਆ ਰੁਝਾਨ ਹੀ ਦੱਖਣੀ ਏਸ਼ੀਆ ਦੀ ਇਸ ਮਹੱਤਵਪੂਰਨ ਸਾਂਝੇਦਾਰੀ ਨੂੰ ਭਾਰੀ ਦਬਾਅ ਵਿੱਚ ਪਾ ਰਿਹਾ ਹੈ। ਬੰਗਲਾਦੇਸ਼ ਵਿੱਚ ਅੰਤਰਿਮ ਪ੍ਰਸ਼ਾਸਨ ਦੇ ਅੰਦਰ ਭਾਰਤ ਵਿਰੋਧੀ ਮਾਹੌਲ ਜ਼ੋਰ ਫੜ ਰਿਹਾ ਹੈ ਜਿਸ ਕਾਰਨ ਸਰਕਾਰਾਂ ਦੇ ਪੱਧਰ ’ਤੇ ਰਚਨਾਤਮਕ ਸਰਗਰਮੀ ਲਈ ਅਨੁਕੂਲ ਮਾਹੌਲ ਨਹੀਂ ਬਣ ਪਾ ਰਿਹਾ ਹੈ। ਹਿੰਦੂਆਂ ਅਤੇ ਉਨ੍ਹਾਂ ਦੇ ਪੂਜਾ ਅਸਥਾਨਾਂ ’ਤੇ ਵਧਦੇ ਹਮਲਿਆਂ ਨੇ ਵੀ ਦੋਵਾਂ ਦੇਸ਼ਾਂ ਵਿੱਚ ਇੰਟਰਨੈੱਟ ਮੀਡੀਆ ਨੂੰ ਲੜਾਈ ਦਾ ਇੱਕ ਨਵਾਂ ਅਖਾੜਾ ਬਣਾ ਦਿੱਤਾ ਹੈ।



ਇਸਕਾਨ ਨਾਲ ਜੁੜੇ ਧਰਮ ਗੁਰੂ ਚਿਨਮਯ ਕ੍ਰਿਸ਼ਨ ਦਾਸ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਗ੍ਰਿਫ਼ਤਾਰੀ ਨੇ ਦੁਵੱਲੇ ਸਬੰਧਾਂ ਦੀ ਹਵਾ ਹੋਰ ਜ਼ਹਿਰੀਲੀ ਕਰ ਦਿੱਤੀ ਹੈ। ਤ੍ਰਿਪੁਰਾ ਵਿੱਚ ਬੰਗਲਾਦੇਸ਼ ਕੌਂਸਲੇਟ ਕਾਂਡ ਵਿੱਚ ਇਸ ਦਾ ਪ੍ਰਤੀਕਰਮ ਵੀ ਦਿਸਿਆ। ਦੋਵਾਂ ਦੇਸ਼ਾਂ ਦੇ ਇੰਟਰਨੈੱਟ ਮੀਡੀਆ ਮਹਾਰਥੀਆਂ ਨੇ ਵੀ ਡਿਪਲੋਮੈਟਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ।

ਜਿੱਥੇ ਬੰਗਲਾਦੇਸ਼ ਦਾ ਘਰੇਲੂ ਮਾਹੌਲ ਭਾਰਤ ਲਈ ਚਿੰਤਤ ਕਰਨ ਵਾਲਾ ਪਹਿਲੂ ਹੈ, ਓਥੇ ਹੀ ਭਾਰਤ ਵਿੱਚ ਸ਼ੇਖ਼ ਹਸੀਨਾ ਦੀ ਮੌਜੂਦਗੀ ਬੰਗਲਾਦੇਸ਼ ਨੂੰ ਨਾਗਵਾਰ ਗੁਜ਼ਰ ਰਹੀ ਹੈ ਜਿਨ੍ਹਾਂ ਨੂੰ ਦੇਸ਼ ਵਿੱਚ ਵਾਪਸ ਲਿਆ ਕੇ ਉਨ੍ਹਾਂ ’ਤੇ ਤਰ੍ਹਾਂ-ਤਰ੍ਹਾਂ ਦੇ ਮੁਕੱਦਮੇ ਚਲਾਉਣ ਦੀ ਮੰਗ ਤੇਜ਼ੀ ਨਾਲ ਜ਼ੋਰ ਫੜਦੀ ਜਾ ਰਹੀ ਹੈ। ਪਿਛਲੇ ਕੁਝ ਮਹੀਨਿਆਂ ਵਿੱਚ ਘਰੇਲੂ ਰਾਜਨੀਤਕ ਮਾਹੌਲ ਜਿਸ ਤਰ੍ਹਾਂ ਨਾਲ ਰਿਸ਼ਤਿਆਂ ਦੇ ਧੁਰੇ ਨੂੰ ਪ੍ਰਭਾਵਿਤ ਕਰਨ ਵਿੱਚ ਲੱਗਾ ਹੈ, ਉਸ ਨੂੰ ਦੇਖਦੇ ਹੋਏ ਵਿਦੇਸ਼ ਸਕੱਤਰ ਦਾ ਬੰਗਲਾਦੇਸ਼ ਦੌਰਾ ਬਹੁਤ ਹੀ ਮਹੱਤਵਪੂਰਨ ਸਮੇਂ ’ਤੇ ਹੋਇਆ। ਇਸ ਦੌਰਾਨ ਆਰਥਿਕ ਅਤੇ ਵਪਾਰਕ ਸਹਿਯੋਗ, ਊਰਜਾ ਦੇ ਪੱਧਰ ’ਤੇ ਤਾਲਮੇਲ ਅਤੇ ਸਰਗਰਮੀ, ਸੀਮਾ ਪ੍ਰਬੰਧਨ ਅਤੇ ਵਿਕਾਸ ਨਾਲ ਜੁੜੀਆਂ ਸਰਗਰਮੀਆਂ ’ਤੇ ਸਹਿਯੋਗ ਜਿਹੇ ਅਹਿਮ ਮੁੱਦੇ ਫ਼ਿਰ ਤੋਂ ਚਰਚਾ ਦੇ ਕੇਂਦਰ ਵਿੱਚ ਆਏ। ਇਨ੍ਹਾਂ ਮੁੱਦਿਆਂ ਦੇ ਨਾ ਸਿਰਫ਼ ਦੁਵੱਲੇ ਸਬੰਧਾਂ ਬਲਕਿ ਵਿਆਪਕ ਖੇਤਰੀ ਸਮੀਕਰਨਾਂ ਦੀ ਦ੍ਰਿਸ਼ਟੀ ਨਾਲ ਵੀ ਡੂੰਘੇ ਅਰਥ ਹਨ।

ਅਜਿਹੇ ਵਿੱਚ ਨਵੀਂ ਦਿੱਲੀ ਨੇ ਢਾਕਾ ਨਾਲ ਸੰਪਰਕ ਸੇਧ ਕੇ ਉੱਚਿਤ ਹੀ ਕੀਤਾ ਅਤੇ ਹੁਣ ਇਹ ਬੰਗਲਾਦੇਸ਼ ਦੀ ਨਵੀਂ ਸਰਕਾਰ ਦੇ ਉੱਪਰ ਹੈ ਕਿ ਉਹ ਇਸ ਪਹਿਲ ’ਤੇ ਸਾਰਥਕ ਰੂਪ ਨਾਲ ਪ੍ਰਤੀਕਰਮ ਜ਼ਾਹਰ ਕਰੇ ਅਤੇ ਉੱਚਿਤ ਕਦਮ ਚੁੱਕੇ। ਇਸ ਸਮੇਂ ਬੰਗਲਾਦੇਸ਼ ਕਈ ਚੁਣੌਤੀਆਂ ਨਾਲ ਜੂਝ ਰਿਹਾ ਹੈ ਤੇ ਅੰਤਰਿਮ ਸਰਕਾਰ ਮਹੀਨਿਆਂ ਮਗਰੋਂ ਵੀ ਲੋੜੀਂਦੀ ਸਥਿਰਤਾ ਨਹੀਂ ਦੇ ਸਕੀ ਹੈ। ਇੱਕ ਸਮੇਂ ਬੰਗਲਾਦੇਸ਼ ਦੀ ਆਰਥਿਕਤਾ ਨੂੰ ਲੈ ਕੇ ਤਮਾਮ ਉਮੀਦਾਂ ਲਗਾਈਆਂ ਜਾ ਰਹੀਆਂ ਸਨ। ਹੁਣ ਉਨ੍ਹਾਂ ਉਮੀਦਾਂ ’ਤੇ ਗ੍ਰਹਿਣ ਲੱਗਦਾ ਦਿਖਾਈ ਦੇ ਰਿਹਾ ਹੈ ਕਿਉਂਕਿ ਇਹ ਮੁਲਕ ਸਿਆਸੀ ਉਥਲ-ਪੁਥਲ ਦੇ ਹਿੰਸਕ ਦੌਰ ’ਚੋਂ । ਸ਼ਾਸਨ-ਪ੍ਰਸ਼ਾਸਨ ਦਾ ਪੂਰਾ ਢਾਂਚਾ ਲੜਖੜਾ ਗਿਆ ਹੈ ਤੇ ਉਸ ਦੇ ਲਈ ਸਿਰਫ਼ ਭਾਰਤ ਨੂੰ ਦੋਸ਼ ਦੇਣ ਨਾਲ ਕੋਈ ਹੱਲ ਨਹੀਂ ਨਿਕਲਣ ਵਾਲਾ। ਬੰਗਲਾਦੇਸ਼ ਦੇ ਅੱਗੇ ਇਸ ਸਮੇਂ ਸਭ ਤੋਂ ਵੱਡਾ ਸੰਕਟ ਇਹੀ ਹੈ ਕਿ ਜੇ ਰਾਜਨੀਤਕ ਲੀਡਰਸ਼ਿਪ ਨੇ ਕਾਰਗਰ ਕਦਮ ਨਹੀਂ ਚੁੱਕੇ ਤਾਂ ਨਾ ਸਿਰਫ਼ ਹਾਲੀਆ ਸਾਰੀਆਂ ਉਪਲਬਧੀਆਂ ਮਿੱਟੀ ਵਿੱਚ ਮਿਲ ਜਾਣਗੀਆਂ ਬਲਕਿ ਭਵਿੱਖ ਨੂੰ ਲੈ ਕੇ ਵੀ ਨਵੇਂ ਸਵਾਲ ਉੱਠ ਖੜ੍ਹੇ ਹੋਣਗੇ।

ਇਹ ਅਫ਼ਸੋਸ ਦੀ ਗੱਲ ਹੈ ਕਿ ਸੱਤਾ ਅਦਾਰੇ ਦੀ ਕਮਾਨ ਸੰਭਾਲਣ ਵਾਲੇ ਕੁਝ ਚੋਟੀ ਦੇ ਲੋਕ ਉਸ ਪਾਕਿਸਤਾਨ ਨੂੰ ਆਪਣੇ ਸਾਥੀ ਦੇ ਰੂਪ ਵਿੱਚ ਦੇਖ ਰਹੇ ਹਨ ਜਿਸ ਦੇ ਦਿੱਤੇ ਜ਼ਖ਼ਮਾਂ ਕਾਰਨ ਸ਼ਾਇਦ ਬੰਗਲਾਦੇਸ਼ ਦਾ ਧੁਰ ਅੰਦਰ ਹਾਲੇ ਤੱਕ ਪੀੜਾ ਮਹਿਸੂਸ ਕਰ ਰਿਹਾ ਹੋਵੇਗਾ।

ਜੇ ਬੰਗਲਾਦੇਸ਼ ਦੀ ਸਿਆਸੀ ਲੀਡਰਸ਼ਿਪ ਤੇ ਲੋਕ ਉਸ ਪਾਕਿਸਤਾਨ ’ਤੇ ਭਰੋਸਾ ਕਰਨਗੇ ਜਿਸ ਨੇ ਕਿਸੇ ਦੌਰ ’ਚ ਉਨ੍ਹਾਂ ਦੇ ਪੁਰਖਿਆਂ ’ਤੇ ਬੇਹੱਦ ਜ਼ੁਲਮੋ-ਸਿਤਮ ਕੀਤਾ ਸੀ ਤਾਂ ਇਹ ਉਨ੍ਹਾਂ ਦੀ ਬਹੁਤ ਵੱਡੀ ਭੁੱਲ ਹੋਵੇਗੀ। ਬੰਗਲਾਦੇਸ਼ ਦੇ ਹਿੱਤ ਇਸੇ ਵਿਚ ਸੁਰੱਖਿਅਤ ਹਨ ਕਿ ਉਹ ਆਪਣੇ ਮਹੱਤਵਪੂਰਨ ਗੁਆਂਢੀ ਮੁਲਕ ਭਾਰਤ ਨਾਲ ਸਬੰਧ ਹਰਗਿਜ਼ ਨਾਲ ਵਿਗਾੜੇ ਕਿਉਂਕਿ ਇਹ ਉਸ ਦੇ ਬਹੁਤ ਜ਼ਿਆਦਾ ਕੰਮ ਆਉਣ ਵਾਲਾ ਹੈ।

(ਬਾਕੀ ਸਫ਼ਾ 31 ’ਤੇ)

# ਪੱਛਮੀ ਦੇਸ਼ਾਂ ਦੇ ਰੁਖ ਨੂੰ ਪਛਾਣ ਕੇ ਪੰਜਾਬੀ ਸਹੀ ਰਸਤੇ ਇਖਤਿਆਰ ਕਰਨ

**ਸੁਖਪਾਲ ਸਿੰਘ ਗਿੱਲ**




ਪ੍ਰਵਾਸ ਦਾ ਚਾਅ ਪੰਜਾਬੀਆਂ ਵਿੱਚ ਇਸ ਕਦਰ ਵੱਧ ਚੁੱਕਾ ਹੈ, ਜਿਸ ਤਰ੍ਹਾਂ ਜੋਬਨ ਉੱਤੇ ਫ਼ਲਾਂ ਨਾਲ ਭਰੇ ਦਰਖਤਾਂ ਨੂੰ ਦੇਖ ਕੇ ਮਾਲੀ ਜਾਂ ਮਾਲਕ ਨੂੰ ਹੁੰਦਾ ਹੈ। ਫ਼ਲਾਂ ਨਾਲ ਭਰੇ ਦਰਖਤ ਨੂੰ ਜਦੋਂ ਕੋਈ ਹਲੂਣਾ ਦੇ ਦਿੰਦਾ ਹੈ, ਪੱਕੇ ਕੱਚੇ ਸਭ ਝੜ ਜਾਂਦੇ ਹਨ। ਇਸੇ ਤਰ੍ਹਾਂ ਪੱਛਮੀ ਮੁਲਕਾਂ ਨੇ ਪੰਜਾਬੀਆਂ ਦੇ ਪ੍ਰਵਾਸ ਨੂੰ ਹਲੂਣਾ ਦੇਣਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਸ਼ੰਕਾਵਾਂ ਅਤੇ ਚਿੰਤਾਵਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਪੰਜਾਬੀ 1950 ਵਿੱਚ ਹੀ ਬਾਹਰਲੇ ਮੁਲਕਾਂ ਵਿੱਚ ਜਾਣੇ ਸ਼ੁਰੂ ਹੋ ਗਏ ਸਨ। ਉਦੋਂ ਇਹ ਖਿਆਲ ਵੀ ਮਨ ਵਿੱਚ ਆਉਂਦਾ ਕਿ ਦੇਸ਼ ਦੀ ਅਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਦਾ ਕੀ ਫ਼ਾਇਦਾ ਹੋਇਆ ?, ਜੇ ਅੰਗਰੇਜ਼ਾਂ ਦੇ ਮਗਰ ਹੀ ਦੌੜਨਾ ਸੀ। ਪਿਛਲੇ ਢਾਈ ਤਿੰਨ ਦਹਾਕਿਆਂ ਤੋਂ ਤਾਂ ਤੜਾਗੀ ਬੰਨ੍ਹ ਹੀ ਪੰਜਾਬੀ ਪ੍ਰਵਾਸੀ ਬਣ ਰਹੇ ਹਨ। ਇਸਦਾ ਸਭ ਤੋਂ ਵੱਡਾ ਕਾਰਨ ਬੇਰੁਜ਼ਗਾਰੀ ਹੈ, ਜਿਸਦੀ ਦਰ 2019 ਵਿੱਚ 8.2 ਫ਼ੀਸਦੀ ਸੀ। ਇਸ ਤੋਂ ਇਲਾਵਾ ਨੌਕਰੀ ਦੀ ਅਸੁਰੱਖਿਆ ਅਤੇ ਹੁਨਰ ਦੀ ਕਮੀ ਵੀ ਪ੍ਰਵਾਸ ਦਾ ਕਾਰਨ ਬਣਿਆ। ਜਿਸ ਤਰਜ਼ ’ਤੇ ਆਈ.ਟੀ.ਆਈਜ਼ ਸਨ, ਉਸ ਦਾ ਮਤਲਬ ਹੀ ਹੁਨਰਮੰਦੀ ਪੈਦਾ ਕਰਕੇ ਰੁਜ਼ਗਾਰ ਦੇਣਾ ਸੀ। ਇਹ ਸੰਸਥਾਵਾਂ ਵੀ ਚੰਗੇ ਨਤੀਜੇ ਨਹੀਂ ਦੇ ਸਕੀਆਂ। ਪੰਜਾਬ ਸਰਕਾਰ ਨੇ ਸਕਿਲਡ ਸੈਂਟਰ ਖੋਲ੍ਹੇ, ਪਰ ਇਹ ਵੀ ਕੋਈ ਪਹੁੰਚ ਨਹੀਂ ਅਪਣਾ ਸਕੇ। ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਨੌਜਵਾਨੀ ਅਸਥਿਰ ਅਤੇ ਲਾਚਾਰ ਹੋਣ ਲੱਗੀ। ਵੇਲਾ ਬੀਤਣ ਤੋਂ ਬਾਅਦ ਜਾਗਣਾ ਨਿਸਫ਼ਲ ਹੁੰਦਾ ਹੈ। ਹੁਣ ਪੰਜਾਬੀ ਨੌਜਵਾਨ ਤਰੱਕੀ ਅਤੇ ਬਜ਼ੁਰਗ ਘਰਾਂ ਦੀ ਰੌਣਕ ਲੱਭ ਰਹੇ ਹਨ।

ਪ੍ਰਵਾਸ ਲਈ ਇੱਕ ਦੂਜੇ ਤੋਂ ਅੱਗੇ ਨੱਠ ਇਸ ਵਰਤਾਰੇ ਨੇ ਸੱਭਿਆਚਾਰ, ਸਿੱਖਿਆ ਅਤੇ ਪੰਜਾਬੀਅਤ ਨੂੰ ਭੁਲਾਉਣ ਲਈ ਨਾਂਹ ਪੱਖੀ ਰੋਲ ਨਿਭਾਇਆ ਹੈ। ਵਿਧਾਤਾ ਸਿੰਘ ਤੀਰ ਦੀਆਂ ਲਿਖੀਆਂ ਇਨ੍ਹਾਂ ਸਤਰਾਂ ਵਾਲਾ ਪੰਜਾਬੀ ਮੋਹ ਪਿਆਰ ਅੱਜ ਨਹੀਂ ਰਿਹਾ,

ਮੰਗਾਂ ਰੋਜ਼ ਮੁਰਾਦ ਮੈਂ ਰੱਬ ਕੋਲੋਂ, ਮੇਰੇ ਦਿਲ ਦਾ ਤਾਂ ਅਰਮਾਨ ਨਿਕਲੇ,

ਇਸ ਵਤਨ ਵਿੱਚ ਜੰਮਿਆਂ ਪਲਿਆਂ ਹਾਂ, ਵਤਨ ਵਿੱਚ ਹੀ ਮੇਰਾ ਬਬਾਨ ਨਿਕਲੇ।

ਹੈਰਾਨੀ ਉਦੋਂ ਵਧਦੀ ਹੈ ਜਦੋਂ ਅੰਕੜਾ ਆਉਂਦਾ ਹੈ ਕਿ ਹਰ ਸਾਲ 20 ਹਜ਼ਾਰ ਪੰਜਾਬੀ ਗੈਰਕਾਨੂੰਨੀ ਢੰਗ ਨਾਲ ਪ੍ਰਵਾਸ ਕਰਦੇ ਹਨ। 25 ਲੱਖ ਪੰਜਾਬੀ ਅਬਾਦੀ ਵਿਦੇਸ਼ਾਂ ਵਿੱਚ ਬੈਠੀ ਹੈ। ਕੈਨੇਡਾ ਦੀ ਅਬਾਦੀ ਦੀ 1.3% ਵਸੋਂ ਪੰਜਾਬੀ ਹੈ। ਅਮਰੀਕਾ, ਕੈਨੇਡਾ, ਪੰਜਾਬੀ ਵਸਦੇ ਹਨ। ਇਸੇ ਤਰ੍ਹਾਂ ਹੋਰ ਯੂਰਪੀ ਮੁਲਕਾਂ ਵਿੱਚ ਵੀ ਪੰਜਾਬੀ ਵਸਦੇ ਹਨ। ਪੰਜਾਬੀਆਂ ਦਾ ਵਿਦੇਸ਼ਾਂ ਵੱਲ ਪ੍ਰਵਾਸ ਉਸੇ ਰਫ਼ਤਾਰ ਨਾਲ ਜਾਰੀ ਹੈ। ਸਵੈ-ਜਲਵਤਨੀ ਨਾਲ ਪੰਜਾਬੀ ਆਪਣਾ ਦੇਸ਼, ਭਾਸ਼ਾ, ਖਿੱਤਾ ਅਤੇ ਕਿੱਤਾ ਛੱਡ ਕੇ ਜਾ ਰਹੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਰਿਪੋਰਟ ਮੁਤਾਬਕ ਪੰਜਾਬੀਆਂ ਨੇ ਵਿਦੇਸ਼ ਜਾਣ ਦੀ ਹੋੜ ਹੇਠ 14342 ਕਰੋੜ ਦਾ ਕਰਜ਼ਾ ਚੜ੍ਹਾ ਲਿਆ। ਲੜਕੀਆਂ ਲਈ ਖਤਰਾ ਅਤੇ ਏਜੰਟਾਂ ਦੀ ਲੁੱਟ ਵੀ ਇਸੇ ਲੜੀ ਦਾ ਹਿੱਸਾ ਹੈ। 2024 ਵਿੱਚ 1335678 ਭਾਰਤੀ ਵਿਦਿਆਰਥੀ ਬਾਹਰ ਪੜ੍ਹਨ ਗਏ। ਸਭ ਤੋਂ ਵੱਧ ਕੈਨੇਡਾ ਵਿੱਚ 42700 ਵਿਦਿਆਰਥੀ ਗਏ। ਗਏ। ਇਸੇ ਤਰ੍ਹਾਂ ਹੋਰ ਮੁਲਕਾਂ ਵਿੱਚ ਵੀ ਗਏ। ਪੰਜਾਬੀ ਨਿਯਮ ਤੋੜ ਕੇ ਵੀ ਖਤਰਿਆਂ ਦੇ ਖਿਲਾੜੀ ਬਣ ਜਾਂਦੇ ਹਨ। ਇਸ ਵਰਤਾਰੇ ਨੇ ਉਹਨਾਂ ਮੁਲਕਾਂ ਨੂੰ ਪ੍ਰਵਾਸ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਲਗਦਾ ਹੈ ਜਿਵੇਂ ਪੱਛਮੀ ਮੁਲਕਾਂ ਨੇ ਪ੍ਰਵਾਸੀਆਂ ਨੂੰ ਹਲੂਣਾ ਦਿੱਤਾ ਹੈ। ਅੱਗੇ ਕੀ ਕੁਝ ਹੁੰਦਾ ਹੈ, ਸਮਾਂ ਦੱਸੇਗਾ। ਅਮਰੀਕਾ ਵਿੱਚ ਫ਼ਿਰ ਤੋਂ ਟਰੰਪ ਕਾਰਡ ਚੱਲ ਗਿਆ ਹੈ। ਉਹ ਅਮਰੀਕਾ ਅੰਦਰ ਪ੍ਰਵਾਸ ਨੂੰ ਬੁਰਾ ਮੰਨਦਾ ਹੈ। ਆਸਟ੍ਰੇਲੀਆ ਵੀ ਕਾਫ਼ੀ ਸਖ਼ਤ ਹੋ ਗਿਆ। ਨਿਊਜ਼ੀਲੈਂਡ ਵੀ ਦੇਰ ਨਾਲ ਘਸਾ ਘਸਾ ਕੇ ਖੈਰ ਪਾਉਂਦਾ ਹੈ। ਇੰਗਲੈਂਡ ਅਤੇ ਜਰਮਨੀ ਵਿੱਚ ਵਿਆਹ ਤੋਂ ਬਿਨਾਂ ਜਾਂ ਹੀ ਨਹੀਂ ਸਕਦੇ। ਇਹ ਦੇਸ਼ ਮਾਂ ਪਿਓ ਲਿਜਾਣ ਬਾਰੇ ਵੀ ਨਿਯਮ ਘੜ ਰਹੇ ਹਨ।

ਕੈਨੇਡਾ ਦੀ ਗੱਲ ਕਰੀਏ ਤਾਂ ਉੱਥੇ ਟਰੂਡੋ ਫ਼ੈਕਟਰ ਵੀ ਦਾਅ ’ਤੇ ਲੱਗ ਚੁੱਕਾ ਹੈ। ਭਾਰਤ ਅਤੇ ਕੈਨੇਡਾ ਦੇ ਸੰਬੰਧ ਵਿਗੜ ਗਏ ਹਨ। ਕੈਨੇਡਾ ਆਪਣੇ ਦੇਸ਼ ਦੀਆਂ ਨਵੀਂਆਂ ਅਵਾਸ ਨੀਤੀਆਂ ਘੜ ਰਿਹਾ ਹੈ। ਅੱਜ ਲੱਖਾਂ ਵਿਦਿਆਰਥੀ ਅਤੇ ਰਿਫ਼ਿਊਜੀ ਪੱਛਮੀ ਮੁਲਕਾਂ ਵਿੱਚ ਵਾਰੀ ਦੀ ਉਡੀਕ ਵਿੱਚ ਲੱਗੇ ਹੋਏ ਹਨ। ਇਹਨਾਂ ਦਾ ਭਵਿੱਖ ਅਨਿਸ਼ਚਿਤ ਹੈ। ਪੰਜਾਬੀਆਂ ਨੂੰ ਆਏ ਹਲੂਣੇ ਪਿੱਛੇ ਖੁਦ ਸਹੇੜੀਆਂ ਆਦਤਾਂ ਵੀ ਹਨ। ਉੱਥੇ ਨਸ਼ਿਆਂ, ਵੀਜ਼ਾ ਦੁਰਵਰਤੋਂ, ਵਾਰਦਾਤਾਂ ਅਤੇ ਚੋਰ ਮੋਰੀਆਂ ਵੀ ਹਲੂਣੇ ਦਾ ਕਾਰਨ ਬਣੀਆਂ। ਮਾਰਕ ਮਿੱਲਰ ਦੇ ਬਿਆਨ ਇੱਥੇ, ਉੱਥੇ ਸਤਾ ਰਹੇ ਹਨ। ਕੈਨੇਡਾ ਨੇ ਆਪਣੀ ਅਵਾਸ ਨੀਤੀਆਂ ਵਿੱਚ ਕਈ ਸੋਧਾਂ ਕੀਤੀਆਂ, ਜਿਸ ਨਾਲ ਪੰਜਾਬੀ ਪ੍ਰਭਾਵਤ ਹੋਣਗੇ। ਮਲਟੀਪਲ ਵੀਜ਼ਾ ਸੀਮਤ ਕਰ ਦਿੱਤਾ ਗਿਆ ਹੈ। ਸਥਾਈ ਰਿਹਾਇਸ਼ ਲਈ ਸਖ਼ਤ ਨਿਯਮ ਘੜੇ ਗਏ ਹਨ। ਕੈਨੇਡਾ ਆਪਣੇ ਨਾਗਰਿਕਾਂ ਨੂੰ ਹੁਨਰ ਵਿੱਚ ਪਹਿਲ ਦੇਵੇਗਾ। ਛੋਟੇ ਕੋਰਸਾਂ ਵਾਲੇ ਸਪਾਊਸ ਵੀਜ਼ਾ ਨਹੀਂ ਲੈ ਸਕਣਗੇ। ਵਰਕ ਪਰਮਿਟ ਤੋਂ ਪਹਿਲਾਂ ਆਈਲੈਟ ਦੀ ਸ਼ਰਤ ਲਾ ਦਿੱਤੀ ਹੈ। ਜੀ. ਆਈ. ਸੀ. 10 ਹਜ਼ਾਰ ਡਾਲਰ ਤੋਂ ਵਧਾ ਕੇ 20 ਹਜ਼ਾਰ 675 ਡਾਲਰ ਕਰ ਦਿੱਤਾ ਹੈ। ਇਸ ਸਭ ਨੇ ਪੰਜਾਬੀਆਂ ਲਈ ਹੋਰ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਭਾਰਤ ਸਰਕਾਰ ਨੂੰ ਤੁਰੰਤ ਜਾਗਣ ਅਤੇ ਮੌਕਾ ਸਾਂਭਣ ਦੀ ਜ਼ਰੂਰਤ ਹੈ ਤਾਂ ਕੂਟਨੀਤਕ ਸੰਬੰਧਾਂ ਰਾਹੀਂ ਪੱਛਮੀ ਮੁਲਕਾਂ ਨੂੰ ਨਰਮ ਵਰਤਾਓ ਲਈ ਗੁਹਾਰ ਲਾਈ ਜਾ ਸਕੇ। ਪੱਛਮੀ ਮੁਲਕਾਂ ਦੇ ਰੁਖ ਨੂੰ ਪਛਾਣ ਕੇ ਪੰਜਾਬੀਆਂ ਨੂੰ ਵੀ ਸਹੀ ਰਸਤੇ ਇਖਤਿਆਰ ਕਰਨੇ ਚਾਹੀਦੇ ਹਨ ਤਾਂ ਜੋ ਭਵਿੱਖੀ ਚਿੰਤਾ ਤੋਂ ਛੁਟਕਾਰਾ ਮਿਲ ਸਕੇ।

# ਨਾਨਕਪੰਥੀ ਸਿੰਧੀਆਂ ’ਚ ਸਿੱਖ ਪੰਥ ਗੁਰਮਤਿ ਚੇਤਨਾ ਕਿਵੇਂ ਫ਼ੈਲਾਵੇ ?

**ਡਾ. ਚਮਕੌਰ ਸਿੰਘ**

ਪਿਛਲੇ ਦਿਨੀਂ ਮੱਧਪ੍ਰਦੇਸ਼ ’ਚ ਜਬਲਪੁਰ ਨੇੜੇ ਸ਼ਹਿਡੋਲ ਸ਼ਹਿਰ ਵਿੱਚ ਸਿੰਧੀ ਭਾਈਚਾਰੇ ਦੀ ਇੱਕ 13 ਸਾਲ ਦੀ ਨਾਬਾਲਗ ਬੱਚੀ ਵਲੋਂ ਅਗਿਆਨਤਾਵੱਸ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭੇਸ ਧਾਰਨ ਕਰਨ ਵਾਲੀ ਘਟਨਾ ਜਿਸ ਤਰੀਕੇ ਨਾਲ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ, ਉਸ ਨੇ ਹਰ ਇਕ ਸਿੱਖ ਦੇ ਹਿਰਦੇ ਨੂੰ ਝੰਜੋੜ ਕੇ ਰੱਖ ਦਿੱਤਾ। ਅਜਿਹੀਆਂ ਘਟਨਾਵਾਂ ਕਿਉਂ ਵਾਪਰਦੀਆਂ ਹਨ ? ਅਜਿਹੇ ਕਿਸੇ ਵਰਤਾਰੇ ਬਾਰੇ ਸਤਹੀ ਪੱਧਰ ਦਾ ਪ੍ਰਤੀਕਰਮ ਦੇ ਦੇਣਾ ਬਹੁਤ ਸੌਖਾ ਹੁੰਦਾ ਹੈ ਪਰੰਤੂ ਉਸ ਦੇ ਨਤੀਜੇ ਕਿੰਨੇ ਗੰਭੀਰ ਹੋ ਸਕਦੇ ਹਨ, ਇਸ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਿਲ ਹੈ।ਹਰ ਮਸਲੇ ਦੀ ਕੋਈ ਇੱਕ ਪਰਤ ਜਾਂ ਕੋਈ ਇੱਕ ਪਾਸਾਰ ਨਹੀਂ ਹੁੰਦਾ। ਸਿਆਣੀਆਂ ਕੌਮਾਂ ਅਤੇ ਉਨ੍ਹਾਂ ਦੇ ਆਗੂ ਅਜਿਹੇ ਮਸਲਿਆਂ ਨੂੰ ਗੰਭੀਰਤਾ ਨਾਲ ਘੋਖ-ਵਿਚਾਰ ਕੇ ਆਪਣਾ ਪ੍ਰਤੀਕਰਮ ਹੀ ਨਹੀਂ ਦਿੰਦੇ, ਬਲਕਿ ਉਨ੍ਹਾਂ ਦੇ ਹੱਲ ਬਾਰੇ ਦੂਰਅੰਦੇਸ਼ ਵਿਉਂਤਬੰਦੀ ਕਰ ਕੇ ਉਸ ਨੂੰ ਅਮਲੀ ਜਾਮਾ ਵੀ ਪਹਿਨਾਉਂਦੇ ਹਨ ।

ਅਸੀਂ ਪੰਜਾਬੀ, ਸਿੰਧੀ ਭਾਈਚਾਰੇ ਬਾਰੇ ਬਿਲਕੁਲ ਵੀ ਨਹੀਂ ਜਾਣਦੇ ਜਾਂ ਬਹੁਤ ਘੱਟ ਜਾਣਦੇ ਹਾਂ; ਇਹ ਸਾਨੂੰ ਮੰਨ ਲੈਣਾ ਚਾਹੀਦਾ ਹੈ। ਨਾਨਕਪੰਥੀ ਸੰਗਤਾਂ, ਜਿਨ੍ਹਾਂ ’ਚ ਕੇਵਲ ਸਿੰਧੀ ਹੀ ਸ਼ਾਮਿਲ ਨਹੀਂ, ਬਲਕਿ ਇਨ੍ਹਾਂ ਤੋਂ ਇਲਾਵਾ ਸਿਕਲੀਗਰ, ਵਣਜਾਰੇ, ਸਤਿਨਾਮੀਏ, ਲਾਮੇ ਅਤੇ ਹੋਰ ਬਹੁਤ ਸਾਰੇ ਕਬੀਲੇ ਵੀ ਸ਼ਾਮਿਲ ਹਨ ।ਇਨ੍ਹਾਂ ਨਾਨਕਪੰਥੀ ਸੰਗਤਾਂ ’ਚ ਵਰਤਣ ਵਾਲੇ ਵਰਤਾਰੇ, ਪੰਜਾਬ ਅਤੇ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ’ਚ ਵੱਸ ਰਹੇ ਮੁੱਖਧਾਰਾ ਦੇ ਸਿੱਖਾਂ ਨਾਲੋਂ ਬਹੁਤ ਸਾਰੇ ਮਾਮਲਿਆਂ ਵਿੱਚ ਵਿਲੱਖਣ ਹਨ । ਸਿੰਧੀ ਨਾਨਕਪੰਥੀ ਭਾਈਚਾਰਾ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਸਿੱਖੀ ਨਾਲ ਜੁੜਿਆ ਆ ਰਿਹਾ ਹੈ । ਦਸ ਗੁਰੂ ਸਾਹਿਬਾਨ, ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਤੱਕ ਸਿੰਧ ਅਤੇ ਪੰਜਾਬ ਦੇ ਲੋਕਾਂ ਵਿਚਕਾਰ ਬਹੁਤ ਹੀ ਗੂੜ੍ਹਾ ਰਿਸ਼ਤਾ ਰਿਹਾ ਹੈ; ਜਿਸ ਬਾਰੇ ਸਾਡਾ ਬਹੁਤਾ ਸਿੱਖ ਇਤਿਹਾਸ ਜਾਂ ਤਾਂ ਖਾਮੋਸ਼ ਹੈ ਜਾਂ ਕਿਤੇ-ਕਿਤੇ ਇਸ਼ਾਰੇ-ਮਾਤਰ ਖਿੰਡੇ-ਪੁੰਡੇ ਜ਼ਿਕਰ ਵਾਲੇ ਸਰੋਤ, ਸੰਤੋਸ਼ਜਨਕ ਜਾਣਕਾਰੀ ਮੁਹੱਈਆ ਨਹੀਂ ਕਰਵਾਉਂਦੇ। ਗੁਰੂ ਕਾਲ ਦੌਰਾਨ ਉਦਾਸੀ, ਨਿਰਮਲੇ, ਸੇਵਾਪੰਥੀ, ਸਿੱਖ ਸੰਪਰਦਾਵਾਂ/ਟਕਸਾਲਾਂ ਸਮੇਤ ਅਨੇਕ ਪੰਥਕ ਧਿਰਾਂ, ਸਿੰਧ ਵਿੱਚ ਵੱਖ-ਵੱਖ ਅਸਥਾਨਾਂ ਜਿਵੇਂ ਸੱਖਰ, ਭੱਖਰ, ਸ਼ਿਕਾਰਪੁਰ, ਹੈਦਰਾਬਾਦ, ਠੱਟਾ, ਕਰਾਚੀ ਆਦਿ ਥਾਵਾਂ ਉੱਤੇ ਸਿੰਧੀ ਨਾਨਕਪੰਥੀਆਂ ਵਿੱਚ ਸਿੱਖੀ ਦੀ ਖਸ਼ਬੂ ਫ਼ੈਲਾਉਂਦੇ ਰਹੇ । ਅੰਗਰੇਜ਼ੀ ਬਸਤੀਵਾਦ ਦੌਰਾਨ ਸਿੰਘ ਸਭਾ ਲਹਿਰ ਵੇਲੇ ਚੀਫ਼ ਖ਼ਾਲਸਾ ਦੀਵਾਨ, ਭਾਈ ਵੀਰ ਸਿੰਘ ਜੀ, ਸੰਤ ਬਾਬਾ ਥਾਹਰਿਆ ਸਿੰਘ ਜੀ, ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ, ਸੰਤ ਗੁਰਮੁਖ ਸਿੰਘ ਜੀ ਪਟਿਆਲਾ, ਬਾਬਾ ਬੁੱਢਾ ਸਿੰਘ ਜੀ ਨਿਰਮਲੇ ਅਤੇ ਅਨੇਕਾਂ ਉਦਾਸੀ ਮਹਾਂਪੁਰਖਾਂ ਵੱਲੋਂ ਸਿੰਧੀ ਸੰਗਤਾਂ ਵਿੱਚ ਵਿਚਰਦੇ ਹੋਇਆ ਸਿੱਖੀ ਦਾ ਪ੍ਰਸਾਰ ਵੱਡੀ ਪੱਧਰ ’ਤੇ ਹੋਇਆ ।



ਇਹ ਤੱਥ ਵਿਸ਼ੇਸ਼ ਰੂਪ ਵਿੱਚ ਧਿਆਨ ਦੇਣਯੋਗ ਹੈ ਕਿ 1947 ਦੇ ਬਟਵਾਰੇ ਅਤੇ ਉਜਾੜੇ ਨੇ ਪੰਜਾਬੀਆਂ ਅਤੇ ਸਿੰਧੀਆਂ ਵਿਚਕਾਰ ਭੂਗੋਲਿਕ, ਸੱਭਿਆਚਾਰਕ ਅਤੇ ਧਾਰਮਿਕ ਪੱਖੋਂ ਬਹੁਤ ਵੱਡੀਆਂ ਦੂਰੀਆਂ ਸਿਰਜ ਦਿੱਤੀਆਂ ।ਇਹ ਇੱਕ ਵੱਡੀ ਵਜ੍ਹਾ ਬਣੀ ਕਿ ਸਿੰਧੀ ਭਾਈਚਾਰਾ, ਸਿੱਖੀ ਦੇ ਰਵਾਇਤੀ ਧਰਮ-ਕੇਂਦਰਾਂ ਅਤੇ ਮਾਨਤਾਵਾਂ ਤੋਂ ਦੂਰ ਰਹਿ ਗਿਆ। ਸੰਤਾਲੀ ਦੇ ਬਟਵਾਰੇ ਅਤੇ ਉਜਾੜੇ ਤੋਂ ਬਾਅਦ ਵੱਡੀਆਂ ਪੰਥਕ ਸੰਸਥਾਵਾਂ ਨੇ ਸਿੰਧੀ ਨਾਨਕਪੰਥੀਆਂ ਦੀ ਸਾਰ ਵੀ ਨਹੀਂ ਲਈ, ਜਿਸ ਕਰਕੇ ਇਨ੍ਹਾਂ ਵਿਚੋਂ ਕਾਫ਼ੀ ਗਿਣਤੀ ਦਾ ਝੁਕਾਅ ਹੌਲੀ-ਹੌਲੀ ਸਨਾਤਨੀ ਪਰੰਪਰਾ ਵੱਲ ਵਧਣ ਲੱਗਾ। ਖ਼ਾਸ ਕਰਕੇ ਪਿਛਲੇ ਸੱਤ-ਅੱਠ ਦਹਾਕਿਆਂ ਤੋਂ ਪੈ ਰਹੀਆਂ ਦਰਾੜਾਂ ਨੇ ਦੋਵੇਂ ਸਮਾਜਾਂ ਦੀ ਸਾਂਝ ਨੂੰ ਵੱਡੀ ਪੱਧਰ ’ਤੇ ਪ੍ਰਭਾਵਿਤ ਕੀਤਾ ਹੈ ।ਮਰਹੂਮ ਜਥੇਦਾਰ ਗਿਆਨੀ ਫ਼ੌਜਾ ਸਿੰਘ ਜੀ ਤੋਂ ਬਾਅਦ ਸਰਦਾਰ ਸੁਖਦੇਵ ਸਿੰਘ ਜੀ ਲਾਜ ਵਰਗੀਆਂ ਪੰਥਪ੍ਰਸਤ ਸ਼ਖ਼ਸੀਅਤਾਂ ਅਤੇ ਕੁਝ ਸੰਸਥਾਵਾਂ ਦੇ ਉਪਰਾਲੇ ਨਾਲ ਪਿਛਲੇ ਦੋ ਕੁ ਦਹਾਕਿਆਂ ਤੋਂ ਨਾਨਕਪੰਥੀਆਂ ਬਾਰੇ ਸਿੱਖ ਪੰਥ ’ਚ ਕੁਝ ਚੇਤਨਾ ਵਧ ਰਹੀ ਹੈ। ਸਿਕਲੀਗਰਾਂ ਅਤੇ ਵਣਜਾਰਿਆਂ ਦੀਆਂ ਬਸਤੀਆਂ ਵਿੱਚ ਸਥਾਨਕ ਪੱਧਰਾਂ ਉੱਪਰ ਕਈ ਥਾਵਾਂ ਉੱਤੇ ਕੁਝ ਸੇਵਾ ਕਾਰਜ ਸ਼ੁਰੂ ਹੋਏ ਹਨ, ਜਿਨ੍ਹਾਂ ਦੀ ਪੁਰਜ਼ੋਰ ਸਰਾਹਣਾ ਕਰਨੀ ਬਣਦੀ ਹੈ, ਪਰੰਤੂ ਇਸ ਦੇ ਬਾਵਜੂਦ ਅਜੇ ਬਹੁਤ ਕੁਝ ਕਰਨਾ ਲੋੜੀਂਦਾ ਹੈ।


ਸ਼ਹਿਡੋਲ ਵਿੱਚ ਵਾਪਰੀ ਉਪਰੋਕਤ ਘਟਨਾ ਤੋਂ ਬਾਅਦ ਜੋ ਕੁਝ ਵੀ ਹੋ ਰਿਹਾ ਹੈ, ਉਹ ਬਹੁਤ ਵੱਡੇ ਪ੍ਰਸ਼ਨਾਂ ਦੇ ਘੇਰੇ ਵਿੱਚ ਹੈ। ਬਿਨਾਂ ਸ਼ੱਕ ਇਹ ਘਟਨਾ ਸਿੱਖੀ ਮਾਨਤਾਵਾਂ ਦੇ ਵਿਰੁੱਧ ਹੈ, ਜਿਸ ਬਾਰੇ ਬਹੁਤ ਸੁਚੇਤਤਾ ਅਤੇ ਚੌਕਸੀ ਦੀ ਲੋੜ ਹੈ ।ਪਰੰਤੂ ਇਹ ਬਿਲਕੁਲ ਵੀ ਠੀਕ ਨਹੀਂ ਕਿ ਸਿੰਧੀ ਭਾਈਚਾਰੇ ਨੂੰ ਜ਼ਿੰਮੇਵਾਰ ਠਹਿਰਾ ਕੇ ਸਿੱਖ ਪੰਥ ਦੇ ਬਾਕੀ ਹਿੱਸੇ ਜਾਂ ਧਿਰਾਂ ਆਪਣੇ ਆਪ ਨੂੰ ਸੁਰਖਰੂ ਸਮਝ ਲੈਣ। ਅਗਿਆਨਤਾ ਦੇ ਚੱਲਦਿਆਂ ਸਿੰਧੀ ਭਾਈਚਾਰੇ ਦੇ ਕਿਸੇ ਮੈਂਬਰ ਵੱਲੋਂ ਜੇਕਰ ਅਨਜਾਣੇ ਵਿੱਚ ਗਲਤੀ ਹੋ ਗਈ ਹੈ ਤਾਂ ਉਸ ਤੋਂ ਸੰਬੰਧਿਤ ਭਾਈਚਾਰੇ ਦੀ ਗਿਆਨਹੀਣਤਾ ਸਪੱਸ਼ਟ ਝਲਕਦੀ ਹੈ, ਪਰੰਤੂ ਉਸ ਤੋਂ ਬਾਅਦ ਪ੍ਰਤੀਕਰਮ ਵਜੋਂ ਜੋ ਕੁਝ ਵੀ ਹੋਇਆ ਜਾਂ ਹੋ ਰਿਹਾ ਹੈ, ਉਹ ਸਾਡੇ ਮਹਾਂ-ਅਗਿਆਨੀ ਹੋਣ ਦਾ ਸਬੂਤ ਬਣ ਰਿਹਾ ਹੈ।ਹਰ ਕੋਈ ਜਣਾ-ਖਣਾ ਆਪਣੇ ਆਪ ਨੂੰ ਸੰਵੇਦਨਸ਼ੀਲ ਮਸਲਿਆਂ ਨੂੰ ਨਜਿੱਠਣ ਅਤੇ ਬਿਆਨਬਾਜ਼ੀ ਕਰਨ ਦਾ ਅਧਿਕਾਰੀ ਸਮਝ ਰਿਹਾ ਹੈ ਜੋ ਕਿ ਬਹੁਤ ਖ਼ਤਰਨਾਕ ਰੁਝਾਨ ਹੈ । ਸੋਸ਼ਲ ਮੀਡੀਆ ਦੇ ਅਜੋਕੇ ਭੰਬਲਭੂਸੇ ਵਾਲੇ ਜ਼ਮਾਨੇ ’ਚ ਜਦੋਂ ਕੋਈ ਰੋਕਣ-ਟੋਕਣ ਵਾਲਾ ਕੁੰਡਾ ਨਾ ਹੋਵੇ; ਸਹੀ ਮਾਰਗਦਰਸ਼ਨ ਕਰਨ ਵਾਲਾ ਨਾ ਲੱਭੇ ਤਾਂ ਅਜਿਹੇ ਪ੍ਰਤੀਕਰਮਾਂ ਸਦਕਾ ਹੋਣ ਵਾਲੇ ਵੱਡੇ ਕੌਮੀ ਨੁਕਸਾਨਾਂ ਅਤੇ ਦੁਰਦਸ਼ਾ ਨੂੰ ਰੋਕਿਆ ਨਹੀਂ ਜਾ ਸਕਦਾ ।

ਸੋ ਸਿੱਖ ਪੰਥ ਦੇ ਵਾਰਸੋ ! ਜਾਗੋ ! ਜਾਗਣ ਦਾ ਵੇਲਾ ਹੈ ।ਵਰਤ ਰਹੇ ਵਰਤਾਰਿਆਂ ਨੂੰ ਠੱਲ੍ਹ ਨਾ ਪਈ ਤਾਂ ਏਡੇ ਵੱਡੇ ਨੁਕਸਾਨਾਂ ਦੇ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਚੁੱਕੀਆਂ ਹਨ ਕਿ ਆਉਣ ਵਾਲੀਆਂ ਨਸਲਾਂ ਸਾਨੂੰ ਮੁਆਫ਼ ਨਹੀਂ ਕਰਨਗੀਆਂ । ਅਜੋਕੇ ਹਾਲਾਤ ਦੇ ਮੱਦੇਨਜ਼ਰ ਇਹ ਕਹਿਣਾ ਗਲਤ ਨਹੀਂ ਕਿ ਬਹੁਤ ਵੱਡੇ ਨੁਕਸਾਨ ਕਰਵਾ ਕੇ ਜਦੋਂ ਤੱਕ ਸਾਨੂੰ ਥੋੜ੍ਹੀ ਬਹੁਤ ਸੁਰਤ ਆਉਂਦੀ ਹੈ, ਉਦੋਂ ਤੱਕ ਵੇਲਾ ਵਿਹਾਅ ਚੁੱਕਿਆ ਹੁੰਦਾ ਹੈ। ਵਿਚਾਰ-ਅਧੀਨ ਮਾੜੀਆਂ ਘਟਨਾਵਾਂ ਦੇ ਮੱਦੇਨਜ਼ਰ ਸਪੱਸ਼ਟ ਹੁੰਦਾ ਹੈ ਕਿ ਪਿਛਲੇ ਸਾਲ ਦੇ ਸ਼ੁਰੂ ’ਚ ਵਾਪਰੀ ਇੰਦੌਰ ਘਟਨਾ ਤੋਂ ਅਸੀਂ ਕੁਝ ਵੀ ਨਹੀਂ ਸਿੱਖ ਸਕੇ । ਪੜਤਾਲਾਂ ਲਈ ਸਬ-ਕਮੇਟੀਆਂ ਬਣਦੀਆਂ ਹਨ ਪਰ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਉਪਰ ਅਮਲ ਕਦੇ ਨਹੀਂ ਹੁੰਦਾ । ਵਿਚਾਰਵਾਨਾਂ ਦੀਆਂ ਰਾਵਾਂ-ਸੁਝਾਵਾਂ ਉੱਤੇ ਬਿਲਕੁਲ ਵੀ ਕੰਨ ਨਹੀਂ ਧਰੇ ਜਾਂਦੇ ਬਲਕਿ ਇਨ੍ਹਾਂ ਨੂੰ ਰੱਜ ਕੇ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ।ਇਸ ਲਈ ਪੰਥ ਦੀਆਂ ਸੁਹਿਰਦ ਧਿਰਾਂ ਅਤੇ ਸ਼ਖ਼ਸੀਅਤਾਂ ਵਲੋਂ ਬਿਨਾਂ ਦੇਰੀ ਆਤਮ-ਮੰਥਨ ਦੀ ਪ੍ਰਕਿਰਿਆ ਵਿਚ ਪੈ ਕੇ ਠੋਸ ਅਤੇ ਦੂਰਅੰਦੇਸ਼ ਵਿਉਂਤਬੰਦੀ ਕਰਨਾ ਸਮੇਂ ਦੀ ਲੋੜ ਬਣ ਚੁੱਕਾ ਹੈ ।

**ਕੀ ਕੀਤਾ ਜਾਵੇ ?**

1. ਸਿੰਧੀ ਭਾਈਚਾਰੇ ਸਮੇਤ ਨਾਨਕਪੰਥੀ ਸੰਗਤਾਂ ਅਤੇ ਕਬੀਲਿਆਂ ’ਚ ਜਿੱਥੇ-ਜਿੱਥੇ ਵੀ ਕਦੀ ਸਿੱਖੀ ਦੀ ਖਸ਼ਬੂ ਮਹਿਕਦੀ ਸੀ, ਉਨ੍ਹਾਂ ਨੂੰ ਸਿੱਖ ਪੰਥ ਦੀ ਮੁੱਖਧਾਰਾ ਨਾਲ ਜੋੜਨ ਲਈ ਵੱਡੇ ਉਪਰਾਲਿਆਂ ਦੀ ਲੋੜ ਹੈ ।

(ਬਾਕੀ ਸਫ਼ਾ 31 ’ਤੇ)



ਮੋਹਨ ਸ਼ਰਮਾ

# ਨਸ਼ਾ ਛਡਾਊ ਕੇਂਦਰ ਕਿਹੋ ਜਿਹੇ ਹੋਣ ?

ਮੋਗਾ ਜ਼ਿਲ੍ਹੇ ਦੇ ਕੋਟ ਈਸੇ ਖਾਂ ਕਸਬੇ ਦੇ ਨੇੜੇ ਚੀਮਾ ਪਿੰਡ ਵਿੱਚ 'ਆਸ ਦੀ ਕਿਰਨ' ਨਾਂ ਦਾ ਅਣਅਧਿਕਾਰਤ ਨਸ਼ਾ ਛਡਾਊ ਕੇਂਦਰ ਇਲਾਕੇ ਦੇ ਚਾਰ ਪੰਜ ਨੌਜਵਾਨ ਲੜਕਿਆਂ ਨੇ ਰਲਕੇ ਖੋਲ੍ਹਿਆ ਹੋਇਆ ਸੀ। ਕਿਸੇ ਵੀ ਨਸ਼ਾ ਛਡਾਊ ਕੇਂਦਰ ਜਾਂ ਮੁੜ ਵਸਾਊ ਕੇਂਦਰ ਨੂੰ ਚਲਾਉਣ ਲਈ ਪੰਜਾਬ ਦੇ ਹੈਲਥ ਵਿਭਾਗ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ ਅਤੇ ਇਹ ਮਨਜ਼ੂਰੀ ਨਿਰਧਾਰਤ ਸ਼ਰਤਾਂ ਉਪਰੰਤ ਹੀ ਦਿੱਤੀ ਜਾਂਦੀ ਹੈ। ਮਨੋਵਿਗਿਆਨਕ ਡਾਕਟਰ ਦਾ ਹੋਣਾ, ਸਿਹਤ ਕਰਮਚਾਰੀਆਂ ਦਾ ਹੋਣਾ, ਯੋਗ ਕਾਊਂਸਲਰ, ਨਰਸਾਂ, ਵਾਰਡ ਬੁਆਏ, ਸਾਫ ਸੁਥਰੀ ਹਵਾਦਾਰ ਇਮਾਰਤ ਅਤੇ ਸਾਫ ਸੁਥਰਾ ਵਾਤਾਵਰਣ ਇੱਕ ਨਸ਼ਾ ਛਡਾਊ ਕੇਂਦਰ ਵਿੱਚ ਹੋਣਾ ਜ਼ਰੂਰੀ ਹੈ। ਸਰਟੀਫਿਕੇਟ ਜਾਰੀ ਕਰਨ ਤੋਂ ਪਹਿਲਾਂ ਕਾਰਜਕਾਰੀ ਮੈਜਿਸਟਰੇਟ, ਸੀ.ਐੱਮ.ਓ. ਅਤੇ ਹੋਰ ਅਧਿਕਾਰੀ ਸੈਂਟਰ ਦਾ ਮੁਆਇਨਾ ਕਰਦੇ ਹਨ ਅਤੇ ਉਨ੍ਹਾਂ ਦੀ ਸਿਫਾਰਸ਼ ਉਪਰੰਤ ਸਿਹਤ ਵਿਭਾਗ ਸੈਂਟਰ ਚਾਲੂ ਕਰਨ ਲਈ ਤਿੰਨ ਸਾਲ ਵਾਸਤੇ ਲਾਇਸੰਸ ਜਾਰੀ ਕਰਦਾ ਹੈ। ਲਾਇਸੰਸਸ਼ੁਦਾ ਸੈਂਟਰ ਨੂੰ ਸੀ.ਐੱਮ.ਓ. ਸਮੇਂ ਸਮੇਂ ਸਿਰ ਚੈੱਕ ਵੀ ਕਰਦਾ ਹੈ ਅਤੇ ਦਾਖ਼ਲ ਨਸ਼ਈ ਮਰੀਜ਼ਾਂ ਦਾ ਹਾਲ-ਚਾਲ ਵੀ ਪੁੱਛਦਾ ਰਹਿੰਦਾ ਹੈ। ਊਣਤਾਈਆਂ ਸੰਬੰਧੀ ਨਿਰਦੇਸ਼ ਦੇਣੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਸਿਹਤ ਅਧਿਕਾਰੀ ਦੀ ਜ਼ਿੰਮੇਵਾਰੀ ਬਣਦੀ ਹੈ। ਪਰ ਚੀਮਾ ਪਿੰਡ ਵਿੱਚ ਖੋਲ੍ਹਿਆ ਗਿਆ ਨਸ਼ਾ ਛਡਾਊ ਕੇਂਦਰ ਸਾਰੇ ਨਿਯਮਾਂ ਨੂੰ ਛਿੱਕੇ ਤੇ ਟੰਗਕੇ ਆਪਣੀ ਮਰਜ਼ੀ ਨਾਲ ਖੋਲ੍ਹਿਆ ਗਿਆ। ਅਜਿਹੇ ਖੋਲ੍ਹੇ ਗਏ ਸੈਂਟਰਾਂ ਵਿੱਚ ਨਸ਼ਈਆਂ ਨੂੰ 'ਇਲਾਜ' ਲਈ ਦਾਖ਼ਲ ਕਰਕੇ ਮੋਟੀ ਰਕਮ ਵਸੂਲੀ ਜਾਂਦੀ ਹੈ। ਡਾਕਟਰੀ ਸਹੂਲਤਾਂ, ਰਹਿਣ ਸਹਿਣ ਦਾ ਪ੍ਰਬੰਧ, ਮਨੋਵਿਗਿਆਨਕ ਸੇਵਾਵਾਂ ਦੀ ਥਾਂ ਅਜਿਹੇ ਸੈਂਟਰਾਂ ਵਿੱਚ ਹਿੰਸਾਤਮਕ ਗਤੀਵਿਧੀਆਂ, ਭੁੱਖੇ ਰੱਖਣਾ, ਤਸੀਹੇ ਦੇਣੇ ਅਤੇ ਹੋਰ ਢੰਗ ਤਰੀਕਿਆਂ ਨਾਲ 'ਸੋਧਣ' ਨੂੰ ਹੀ ਸੈਂਟਰ ਦੇ ਸੰਚਾਲਕ ਸਭ ਤੋਂ ਵਧੀਆ ਇਲਾਜ ਸਮਝਦੇ ਹਨ। ਸਿਰਫ ਚੀਮਾ ਸੈਂਟਰ ਵਿੱਚ ਹੀ ਨਹੀਂ ਸਗੋਂ ਪੰਜਾਬ ਦੇ ਹੋਰ ਬਹੁਤ ਸਾਰੀਆਂ ਥਾਵਾਂ 'ਤੇ ਅਜਿਹੇ ਅਣਅਧਿਕਾਰਤ ਸੈਂਟਰ ਪੰਜਾਬ ਨੂੰ 'ਨਸ਼ਾ ਮੁਕਤ ਕਰਨ' ਵਿੱਚ 'ਆਪਣਾ ਬਣਦਾ ਯੋਗਦਾਨ' ਪਾ ਕੇ ਜਿੱਥੇ ਜਵਾਨੀ ਦਾ ਘਾਣ ਕਰ ਰਹੇ ਹਨ, ਉੱਥੇ ਹੀ ਬੇਵੱਸ ਮਾਪਿਆਂ ਤੋਂ ਹਰ ਮਹੀਨੇ ਮੋਟੀ ਰਕਮ ਵੀ ਵਸੂਲਦੇ ਹਨ। ਨਸ਼ਈ ਮਰੀਜ਼ ਦੇ ਮਾਪਿਆਂ ਵੱਲੋਂ ਪੁੱਛਣ 'ਤੇ ਉਨ੍ਹਾਂ ਦਾ ਘੜਿਆ ਘੜਾਇਆ ਜਵਾਬ ਹੁੰਦਾ ਹੈ, ਥੋਡਾ ਮੁੰਡਾ ਰਿਕਵਰੀ ਜ਼ੋਨ ਵਿੱਚ ਹੈ, ਕੋਈ ਫਿਕਰ ਨਾ ਕਰੋ। ਇਸ ਸੈਂਟਰ ਵਿੱਚ ਵੀਹ ਕੁ ਦਿਨ ਪਹਿਲਾਂ ਜਗਰਾਓਂ ਦਾ ਸਤਾਈ ਕੁ ਵਰ੍ਹਿਆਂ ਦਾ ਨੌਜਵਾਨ ਦਾਖ਼ਲ ਕਰਵਾਇਆ ਗਿਆ। ਉਸਦਾ ਵਿਆਹ ਵੀ ਪੰਜ-ਛੇ ਮਹੀਨੇ ਪਹਿਲਾਂ ਹੀ ਹੋਇਆ ਸੀ। ਹੋਰਾਂ ਮਾਪਿਆਂ ਦੀ ਤਰ੍ਹਾਂ ਉਸ ਨਸ਼ਈ ਨੌਜਵਾਨ ਦੇ ਮਾਪਿਆਂ ਨੂੰ ਨਸ਼ਾ ਮੁਕਤ ਕਰਕੇ ਵਧੀਆ ਇਨਸਾਨ ਬਣਾਉਣ ਦਾ ਝਾਂਸਾ ਦਿੱਤਾ ਗਿਆ। ਕੁੱਲ ਵੀਹ ਕੁ ਨੌਜਵਾਨ ਇੱਕ ਕਮਰੇ ਵਿੱਚ ਡੱਕ ਕੇ ਰੱਖੇ ਹੋਏ ਸਨ। ਉਨ੍ਹਾਂ ਵਿੱਚ ਜਗਰਾਓਂ ਵਾਲਾ ਲੜਕਾ ਵੀ ਸ਼ਾਮਲ ਹੋ ਗਿਆ।



ਉਸਦੀ ਬਦਕਿਸਮਤੀ ਕਿ 28.11.2024 ਦੀ ਰਾਤ ਨੂੰ ਉਹ ਰਸੋਈ ਵਿੱਚੋਂ ਪਾਣੀ ਲੈ ਰਿਹਾ ਸੀ। ਉਸ ਕੋਲੋਂ ਗਲਤੀ ਨਾਲ ਰਸੋਈ ਵਿੱਚ ਪਾਣੀ ਡੁੱਲ੍ਹ ਗਿਆ। ਨਸ਼ਾ ਛਡਾਊ ਕੇਂਦਰ ਦੇ ਸੰਚਾਲਕਾਂ ਨੇ ਉਸ ਨੂੰ ਲੋਹੇ ਦੀਆਂ ਰਾਡਾਂ ਨਾਲ ਅੰਨ੍ਹੇ ਵਾਹ ਕੁੱਟਿਆ। ਮਾਰ ਨਾ ਝੱਲਦਿਆਂ ਉਹ ਬੇਹੋਸ਼ ਹੋ ਗਿਆ। ਫਿਰ ਉਸ 'ਤੇ ਠੰਢਾ ਪਾਣੀ ਪਾਕੇ ਪਸ਼ੂਆਂ ਵਾਂਗ ਕੁੱਟਦੇ ਰਹੇ। ਅਜਿਹੇ ਅਣਮਨੁੱਖੀ ਤਸੀਹੇ ਨਾ ਝੱਲਦਿਆਂ ਉਹ ਦਮ ਤੋੜ ਗਿਆ। ਮਾਪਿਆਂ ਨੂੰ ਇਸ ਅਨਹੋਣੀ ਦੀ ਖਬਰ ਮਿਲਦਿਆਂ ਹੀ ਘਰ ਵਿੱਚ ਚੀਕ-ਚਿਹਾੜਾ ਪੈ ਗਿਆ। ਮੌਕੇ 'ਤੇ ਪੁਲਿਸ ਪਹੁੰਚ ਗਈ। ਸੰਚਾਲਕ ਫਰਾਰ ਹੋ ਗਏ। ਸਹਿਮੇ ਜਿਹੇ ਬੈਠੇ ਬਾਕੀ ਦਾਖ਼ਲ ਨਸ਼ਈਆਂ ਨੇ ਰੋਂਦਿਆਂ ਪ੍ਰਗਟਾਵਾ ਕੀਤਾ ਕਿ ਇਹ ਨਸ਼ਾ ਛਡਾਊ ਕੇਂਦਰ ਨਹੀਂ, ਤਸੀਹਾ ਕੇਂਦਰ ਹੈ। ਅਸੀਂ ਸਾਰੇ ਹੀ ਇਸ ਤਸ਼ੱਦਦ ਦਾ ਸ਼ਿਕਾਰ ਹੁੰਦੇ ਰਹੇ ਹਾਂ। ਬਿਨਾਂ ਸ਼ੱਕ ਅੰਦਾਜ਼ਨ 71% ਨੌਜਵਾਨਾਂ ਦੀ ਜ਼ਿੰਦਗੀ ਨਸ਼ਿਆਂ ਦੇ ਨਾਗਵਲ ਵਿੱਚ ਫਸ ਚੁੱਕੀ ਹੈ। ਉਹ ਨਸ਼ਾ ਖਰੀਦਣ ਲਈ ਚੋਰੀਆਂ ਕਰਦੇ ਹਨ, ਆਪਣਾ ਖ਼ੂਨ ਵੇਚਦੇ ਹਨ, ਭੀਖ ਮੰਗਦੇ ਹਨ। ਗੰਭੀਰ ਪ੍ਰਸ਼ਨ ਹੈ ਕਿ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੇ ਅਣਅਧਿਕਾਰਤ ਨਸ਼ਾ ਛਡਾਊ ਕੇਂਦਰ ਸਬੰਧੀ ਪ੍ਰਸ਼ਾਸਨ, ਸਿਹਤ ਵਿਭਾਗ ਅਤੇ ਪੁਲਿਸ ਵਿਭਾਗ ਨੂੰ ਸਿਰਫ ਉਦੋਂ ਹੀ ਪਤਾ ਲੱਗਾ ਜਦੋਂ ਇੱਕ ਨੌਜਵਾਨ ਤਸ਼ੱਦਦ ਦਾ ਸ਼ਿਕਾਰ ਹੋਕੇ ਦਮ ਤੋੜ ਗਿਆ ਅਤੇ ਬਾਕੀ ਦਾਖ਼ਲ ਨੌਜਵਾਨ ਸਾਹਾਂ ਦੀ ਭੀਖ਼ ਮੰਗ ਰਹੇ ਸਨ। ਅਜਿਹਾ ਇਹ ਪਹਿਲਾ ਕੇਸ ਨਹੀਂ, ਅਨੇਕਾਂ ਹੋਰ ਅਖਾਉਤੀ ਨਸ਼ਾ ਛਡਾਊ ਕੇਂਦਰ ਨਸ਼ਾ ਛੁਡਵਾਉਣ ਦੇ ਨਾਂ 'ਤੇ ਜਵਾਨੀ ਨੂੰ ਅੰਨ੍ਹੇ ਵਾਹ ਕੁੱਟ ਵੀ ਰਹੇ ਹਨ ਅਤੇ ਬੇਵੱਸ ਮਾਪਿਆਂ ਨੂੰ ਲੁੱਟ ਵੀ ਰਹੇ ਹਨ।

ਦਰਅਸਲ ਪੰਜਾਬ ਵਿੱਚ ਨਸ਼ਿਆਂ ਦੀ ਮਹਾਂਮਾਰੀ ਨੇ ਬਹੁਤ ਸਾਰੇ ਮੈਡੀਕਲ ਸਟੋਰਾਂ, ਜੇਲ੍ਹਾਂ ਦੇ ਬਹੁਤ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ, ਪੁਲਿਸ ਵਿਭਾਗ ਦੀਆਂ ਕੁਝ ਕਾਲੀਆਂ ਭੇਡਾਂ, ਨਸ਼ੇ ਦੇ ਤਸਕਰਾਂ, ਮਨੁੱਖੀ ਜ਼ਿੰਦਗੀ ਦਾ ਖਿਲਵਾੜ ਕਰਨ ਵਾਲੇ ਕੁਝ ਸਿਆਸਤਦਾਨਾਂ ਅਤੇ ਕੁਝ ਸਿਹਤ ਕਰਮਚਾਰੀਆਂ ਨੇ ਨਸ਼ੇ ਦੀ ਅੰਨ੍ਹੀ ਕਮਾਈ ਨਾਲ ਮਹਿਲਨੁਮਾ ਕੋਠੀਆਂ ਵੀ ਉਸਾਰੀਆਂ ਹਨ ਅਤੇ ਬੈਂਕ ਲਾਕਰਾਂ ਵਿੱਚ ਵੀ ਬਹੁਤ ਕੁਝ ਛੁਪਾ ਕੇ ਰੱਖਿਆ ਹੈ। ਹਾਈ ਕੋਰਟ ਦੀ ਮਾਣਯੋਗ ਜੱਜ ਸ਼੍ਰੀ ਮਤੀ ਮੰਜਰੀ ਨਹਿਰੂ ਕੌਲ ਅਤੇ ਮਾਣਯੋਗ ਜੱਜ ਸ਼੍ਰੀ ਸੇਖ਼ਾਵਤ ਦੀਆਂ ਸਖਤ ਟਿੱਪਣੀਆਂ ਨੇ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਈ.ਡੀ. ਦੇ ਸਾਬਕਾ ਅਧਿਕਾਰੀ ਨਿਰੰਜਨ ਸਿੰਘ ਨੇ ਇੰਟਰਨੈੱਟ ਮੀਡੀਆ ਪਲੇਟਫਾਰਮ 'ਤੇ ਪ੍ਰਗਟਾਵਾ ਕੀਤਾ ਹੈ ਕਿ ਈ.ਡੀ. ਦੇ ਉੱਚ ਅਧਿਕਾਰੀ ਨੇ ਡਰੱਗਜ਼ ਨਾਲ ਸੰਬੰਧਿਤ ਕਈ ਕੇਸ ਉਸ ਕੋਲੋਂ ਖੋਹ ਕੇ ਨਵੀਂ ਦਿਲੀ ਟਰਾਂਸਫਰ ਕਰ ਦਿੱਤੇ ਸਨ ਤਾਂ ਜੋ ਨਸ਼ੇ ਦਾ ਧੰਦਾ ਕਰਨ ਵਾਲੇ ਕਾਨੂੰਨ ਦੇ ਸ਼ਿਕੰਜੇ ਤੋਂ ਬਚ ਸਕਣ। ਇੱਥੇ ਹੀ ਬੱਸ ਨਹੀਂ 14 ਜੁਲਾਈ 2018 ਨੂੰ ਆਪਣੇ ਪੇਸ਼ੇ ਪ੍ਰਤੀ ਸਮਰਪਿਤ, ਇਮਾਨਦਾਰ ਅਤੇ ਬੇਦਾਗ ਸੀਨੀਅਰ ਡਰੱਗ ਇੰਸਪੈਕਟਰ ਨੇਹਾ ਸ਼ੋਰੀ ਨੇ ਆਪਣੇ ਵਿਭਾਗ ਦੇ ਡਰੱਗ ਕੰਟਰੌਲਰ ਨੂੰ ਇੱਕ ਰਿਪੋਰਟ ਸੌਂਪੀ ਸੀ, ਜਿਸ ਵਿੱਚ ਉਸ ਵੱਲੋਂ ਨਿੱਜੀ ਨਸ਼ਾ ਛਡਾਊ ਕੇਂਦਰਾਂ ਵਿੱਚ ਬੁਪਰੀਨੌਰਫੀਨ (ਜੀਭ ਤੇ ਰੱਖਣ ਵਾਲੀ ਗੋਲੀ) ਦਾ 100 ਕਰੋੜ ਰੁਪਏ ਦੇ ਘਪਲੇ ਦਾ ਪਰਦਾ ਫਾਸ ਕੀਤਾ ਸੀ। ਅਜਿਹੇ ਵੱਡੇ ਘਪਲੇ ਦੀਆਂ ਪਰਤਾਂ ਖੋਲ੍ਹਣ ਵਾਲੀ ਨੇਹਾ ਸ਼ੋਰੀ ਨੂੰ 31 ਮਾਰਚ 2019 ਨੂੰ ਉਸਦੇ ਦਫਤਰ ਵਿੱਚ ਹੀ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਗੋਲੀ ਮਾਰਨ ਵਾਲੇ ਬਲਵਿੰਦਰ ਸਿੰਘ ਨੇ ਭਾਵੇਂ ਬਾਅਦ ਵਿੱਚ ਆਪਣੇ ਆਪ ਨੂੰ ਗੋਲੀ ਮਾਰਕੇ ਆਤਮ ਹੱਤਿਆ ਕਰ ਲਈ, ਪਰ ਨੇਹਾ ਸ਼ੋਰੀ ਦਾ ਲੈਪਟਾਪ ਅਤੇ ਸਿੰਮ ਕਾਰਡ ਲੱਭੇ ਨਹੀਂ। ਸੌ ਕਰੋੜ ਦਾ ਘਪਲਾ ਵੀ ਫਾਈਲਾਂ ਦਾ ਸ਼ਿੰਗਾਰ ਬਣਕੇ ਰਹਿ ਗਿਆ। ਦੂਜੇ ਪਾਸੇ ਮੁਕਤਸਰ ਵਿਖੇ ਨਿਯੁਕਤ ਡਰੱਗ ਇੰਸਪੈਕਟਰ ਸ਼ਿਸ਼ਾਨ ਮਿੱਤਲ ਪੁਲਿਸ ਦੇ ਧੱਕੇ ਚੜ੍ਹਿਆ ਹੈ ਜੋ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਜੇਲ੍ਹਾਂ ਅਤੇ ਹੋਰ ਥਾਵਾਂ 'ਤੇ ਨਸ਼ਾ ਸਪਲਾਈ ਕਰਦਾ ਸੀ। ਆਪਣੇ ਇਸ ਅਹੁਦੇ ਦੀ ਆੜ ਵਿੱਚ 'ਚਿੱਟਾ' ਤਿਆਰ ਕਰਨ ਲਈ ਹਿਮਾਚਲ ਪ੍ਰਦੇਸ਼ ਦੀ ਬੱਦੀ ਵਿੱਚ ਲੱਗੀ ਫੈਕਟਰੀ ਤੋਂ 'ਸੁਡਰੋਫੈਡਰਿਨ' ਵੀ ਸਪਲਾਈ ਕਰਦਾ ਸੀ। ਤਲਾਸ਼ੀ ਦਰਮਿਆਨ ਬੇਪਨਾਹ ਇਕੱਠੀ ਕੀਤੀ ਕਾਲੀ ਕਮਾਈ ਹੁਣ ਪੁਲਿਸ ਦੇ ਕਬਜ਼ੇ ਵਿੱਚ ਹੈ। ਗੰਭੀਰ ਹੋ ਕੇ ਚਿੰਤਨ ਕਰਨ ਦੀ ਲੋੜ ਹੈ ਕਿ ਅਜਿਹੀ ਕਮਾਈ ਨਾਲ ਜ਼ਰੂਰੀ ਨਹੀਂ ਵਿਆਹ ਦਾ ਜੋੜਾ ਖਰੀਦਿਆ ਜਾਵੇ, ਕੱਫ਼ਣ ਵੀ ਹਿੱਸੇ ਆ ਸਕਦਾ ਹੈ। ਪੱਥਰਾਂ ਨੂੰ ਵੀ ਰੁਆਉਣ ਵਾਲਿਆਂ ਦੇ ਕੀਰਨੇ ਸੁਖ ਦੀ ਨੀਂਦ ਨਹੀਂ ਸੌਣ ਦੇਣਗੇ। ਦੁਖਾਂਤ ਹੈ ਕਿ ਇੱਕ ਪਾਸੇ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸ਼ਹੀਦ ਹੋਏ, ਦੂਜੇ ਪਾਸੇ ਹੁਣ ਚਿੱਟੇ ਦੀ ਰੋਕਥਾਮ ਲਈ ਅਵਾਜ਼ ਉਠਾਉਣ ਵਾਲੇ ਕਈ ਥਾਂਈਂ ਸ਼ਹੀਦ ਹੋਏ ਹਨ। ਹੁਣ ਸਾਡੀ ਸਰਕਾਰ ਨੂੰ ਅਪੀਲ ਹੈ ਕਿ ਥਾਂ ਥਾਂ ਖੁੰਬਾਂ ਵਾਂਗ ਖੁੱਲ੍ਹੇ ਅਜਿਹੇ ਨਸ਼ਾ ਛਡਾਊ ਕੇਂਦਰਾਂ ਨੂੰ ਤੁਰੰਤ ਬੰਦ ਕਰਕੇ ਜਵਾਨੀ ਨੂੰ ਇਸ ਹੋ ਰਹੇ ਘਾਣ ਤੋਂ ਬਚਾਇਆ ਜਾਵੇ। ਦੂਜੇ ਪਾਸੇ ਜਿਹੜੇ ਨਸ਼ਾ ਛਡਾਊ ਕੇਂਦਰਾਂ ਨੂੰ ਪੰਜਾਬ ਦੇ ਸਿਹਤ ਵਿਭਾਗ ਵੱਲੋਂ ਲਾਇਸੰਸ ਜਾਰੀ ਹੁੰਦਾ ਹੈ, ਉਸ ਸੰਬੰਧੀ ਸਖਤੀ ਨਾਲ ਪੜਤਾਲ ਕੀਤੀ ਜਾਵੇ ਤਾਂ ਕਿ ਨਸ਼ਾ ਛਡਾਉਣ ਦੀ ਥਾਂ ਮਾਪਿਆਂ ਦੀ ਲੁੱਟ ਨਾ ਹੋਵੇ ਅਤੇ ਜਵਾਨੀ ਤਸ਼ੱਦਦ ਦਾ ਸ਼ਿਕਾਰ ਨਾ ਹੋਵੇ। (ਬਾਕੀ ਸਫ਼ਾ 31 'ਤੇ)

# ਮਿੱਠੀ ਜ਼ਹਿਰ ਸੋਸ਼ਲ ਮੀਡੀਆ

ਭੁਪਿੰਦਰ ਫ਼ੌਜੀ

ਕੁਝ ਦਿਨ ਪਹਿਲਾਂ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਮਨ ਨੂੰ ਅੰਦਰ ਤੱਕ ਹਲੂਣ ਕੇ ਰੱਖ ਦਿੱਤਾ। ਸਾਰਾ ਦਿਨ ਇਹ ਹੀ ਸੋਚਦਾ ਰਿਹਾ ਕਿ ਕੀ ਹੋ ਰਿਹੈ, ਸਾਡੀ ਨਵੀਂ ਪੀੜ੍ਹੀ ਕਿੱਧਰ ਨੂੰ ਤੁਰ ਪਈ ਹੈ ? ਪਲਾਂ ਵਿੱਚ ਸਾਰੇ ਰਿਸ਼ਤੇ ਤਾਰ-ਤਾਰ ਹੋ ਰਹੇ ਨੇ। ਇਸ ਸਭ ਲਈ ਜ਼ਿੰਮੇਵਾਰ ਕੌਣ ਹੈ ? ਇਸ ਖਿੱਚ ਧੂਹ ਵਿੱਚ ਰਾਤੀ ਸੁੱਤੇ ਪਏ ਦੇ ਦਿਮਾਗ਼ ਵਿੱਚ ਕਈ ਸਵਾਲ ਹਥੌੜਿਆਂ ਵਾਂਗ ਵੱਜਦੇ ਰਹੇ। ਜਦੋਂ ਦਾ ਕਰੋਨਾ ਕਾਲ ਤੋਂ ਬੱਚਿਆਂ ਦੇ ਹੱਥ ਮੋਬਾਈਲ ਲੱਗਿਆ ਹੈ ਸੋਸ਼ਲ ਮੀਡੀਆ ਦੀਆਂ ਅਨੇਕਾਂ ਐਂਪ ਹੋਂਦ ਵਿੱਚ ਆਈਆਂ। ਇਸ ਨੂੰ ਬੱਚੇ ਚੋਰੀ ਛੁਪੇ ਵਰਤ ਰਹੇ ਹਨ, ਇਸ ਬਾਰੇ ਮਾਂ-ਬਾਪ ਨੂੰ ਵੀ ਪਤਾ ਨਹੀਂ ਲੱਗ ਰਿਹਾ।

ਮੈਂ ਹਰ ਰੋਜ਼ ਕਿੰਨੇ ਹੀ ਲੋਕਾਂ ਨੂੰ ਕੋਰਟ ਵਿੱਚ ਦੇਖਦਾ ਹਾਂ। ਕੁਝ ਜਾਣੇ ਪਛਾਣੇ ਚਿਹਰੇ ਹੁੰਦੇ ਹਨ ਤੇ ਕੁਝ ਨਵੇਂ। ਐਂਟਰੀਗੇਟ 'ਤੇ ਪੁਲਿਸ ਮੁਲਾਜ਼ਮਾਂ ਕੋਲ ਖੜ੍ਹਾ ਸੀ। ਲੋਕ ਆ ਜਾ ਰਹੇ ਸਨ। ਕੋਰਟ ਵਿੱਚ ਹਰ ਦਿਨ ਵਿਆਹ ਕਰਵਾ ਕੇ ਸੁਰੱਖਿਆ ਲੈਣ ਲਈ ਜੋੜੇ ਆਉਂਦੇ ਰਹਿੰਦੇ ਹਨ। ਇਸੇ ਤਰ੍ਹਾਂ ਕੱਲ੍ਹ ਮੇਰੇ ਬੈਠਿਆਂ ਇੱਕ ਜੋੜਾ ਆਇਆ। ਉਨ੍ਹਾਂ ਦੇ ਮੂੰਹ ਰੁਮਾਲ ਨਾਲ ਬੰਨ੍ਹੇ ਹੋਏ ਸਨ। ਉਨ੍ਹਾਂ ਦੇ ਵਕੀਲ ਦਾ ਮੁਨਸ਼ੀ ਉਨ੍ਹਾਂ ਨਾਲ ਸੀ। ਪੁਲਿਸ ਮੁਲਾਜ਼ਮ ਨੇ ਉਨ੍ਹਾਂ ਨੂੰ ਮੂੰਹ ਤੋਂ ਰੁਮਾਲ ਉਤਾਰਨ ਲਈ ਕਿਹਾ ਤੇ ਮਹਿਲਾ ਮੁਲਾਜ਼ਮ ਨੇ ਕੁੜੀ ਦੀ ਤਲਾਸ਼ੀ ਲਈ। ਨਾਲ ਹੀ ਸਵਾਲ ਕਰ ਦਿੱਤਾ। "ਕਿਵੇਂ ਆਏ ਹੋ ?"

"ਜੀ ਵਿਆਹ ਕਰਵਾਉਣ ਲਈ।" ਕੁੜੀ ਨੇ ਦੱਬੀ ਜਿਹੀ ਆਵਾਜ਼ ਵਿੱਚ ਕਿਹਾ। ਮੈਂ ਇਹ ਸੁਣ ਕੇ ਦੰਗ ਰਹਿ ਗਿਆ। ਕੁੜੀ ਇੰਝ ਲੱਗ ਰਹੀ ਸੀ ਜਿਵੇਂ ਅੱਠਵੀਂ ਨੌਵੀਂ ਜਮਾਤ ਦੀ ਵਿਦਿਆਰਥਣ ਹੋਵੇ। ਉਸ ਨਾਲ ਜਿਹੜਾ ਮੁੰਡਾ ਸੀ ਉਹ ਪੱਕੀ ਉਮਰ ਦਾ ਤੇ ਰੰਗ ਸਾਂਵਲਾ ਜਿਵੇਂ ਛੱਬੀ-ਸਤਾਈ ਸਾਲ ਦਾ ਲੱਗ ਰਿਹਾ ਸੀ। ਉਸ ਦੀਆਂ ਅੱਖਾਂ ਤੇ ਝਾਕਣੀ ਤੋਂ ਇੰਝ ਲੱਗ ਰਿਹਾ ਸੀ ਜਿਵੇਂ ਉਹ ਕੋਈ ਨਸ਼ਾ ਕਰਦਾ ਹੋਵੇ। ਉਸ ਦੇ ਮੁਕਾਬਲੇ ਕੁੜੀ ਦਾ ਕੋਈ ਵੀ ਮੇਲ ਨਹੀਂ ਸੀ, ਕੁੜੀ ਕਿਸੇ ਚੰਗੇ ਘਰ ਦੀ ਸੋਹਣੀ ਸੁਨੱਖੀ ਲੱਗਦੀ ਸੀ। ਮੇਰੇ ਮਨ ਅੰਦਰ ਹਲਚਲ ਜਿਹੀ ਪੈਦਾ ਹੋ ਗਈ। ਕੁੜੀ ਦਾ ਮੁੰਡੇ ਨਾਲ ਕੋਈ ਮੇਲ ਹੀ ਨਹੀਂ। ਕੁੜੀ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਕੋਰਟ ਵਿੱਚ ਵਿਆਹ ਨਹੀਂ ਹੁੰਦਾ ਸੁਰੱਖਿਆ ਹੀ ਮਿਲਦੀ ਹੈ। ਉਹ ਅਣਜਾਣ ਵਿਆਹ ਕਰਵਾਉਣ ਆਈ ਸੀ, ਨਾ ਵਕੀਲ ਉਨ੍ਹਾਂ ਨੂੰ ਕੁਝ ਦੱਸਦੇ ਨੇ। ਉਨ੍ਹਾਂ ਨੇ ਮੋਟੀਆਂ ਰਕਮਾਂ ਜੋ ਲੈਣੀਆਂ ਹੁੰਦੀਆਂ ਹਨ। ਅਨੇਕਾਂ ਸਵਾਲਾਂ ਨੇ ਮੇਰੇ ਦਿਮਾਗ਼ ਵਿੱਚ ਉਥਲ-ਪੁਥਲ ਮਚਾ ਦਿੱਤੀ। ਇਸ ਵਿਚਾਰੀ ਦੀ ਜ਼ਿੰਦਗੀ ਬਰਬਾਦ ਹੈ। ਇਸ ਉਮਰ ਦੀਆਂ ਬੱਚੀਆਂ ਕਦੇ ਵੀ ਸਹੀ ਫ਼ੈਸਲਾ ਨਹੀਂ ਲੈ ਸਕਦੀਆਂ। ਉਨ੍ਹਾਂ ਨੂੰ ਨਾ ਹੀ ਸਮਝ ਹੁੰਦੀ ਹੈ। ਉਹ ਅਣਭੋਲ ਜਿਹੀਆਂ ਜਲਦੀ ਝਾਂਸੇ ਵਿੱਚ ਆ ਜਾਂਦੀਆਂ ਹਨ। ਹਵਾ ਵਿੱਚ ਉਸਾਰੇ ਮਹਿਲਾਂ ਦੇ ਸੁਫ਼ਨੇ ਦੇਖਣ ਲੱਗ ਜਾਂਦੀਆਂ ਹਨ। ਉਨ੍ਹਾਂ ਨੂੰ ਸਭ ਕੁਝ ਸਹੀ ਦਿਖਾਈ ਦਿੰਦਾ ਹੈ। ਉਹ ਮਾਂ-ਬਾਪ ਦੀ ਇੱਜ਼ਤ ਨੂੰ ਪਲਾਂ ਵਿੱਚ ਰੋਲ ਜਾਂਦੀਆਂ ਹਨ। ਉਨ੍ਹਾਂ ਨੂੰ ਸਾਲ ਭਰ ਦੀ ਮੁਹੱਬਤ ਤਾਂ ਬਹੁਤ ਵੱਡੀ ਲੱਗਦੀ ਹੈ, ਪਰ ਮਾਂ-ਬਾਪ ਦਾ ਪਿਆਰ ਬੌਣਾ ਦਿਖਾਈ ਦਿੰਦਾ ਹੈ। ਸਾਡੇ ਧਾਰਮਿਕ ਸਥਾਨਾਂ 'ਤੇ ਬੈਠਾ ਵਰਗ ਵੀ ਘੱਟ ਜ਼ਿੰਮੇਵਾਰ ਨਹੀਂ। ਉਹ ਪੈਸਿਆਂ ਦੇ ਲਾਲਚ ਵਿੱਚ ਕੁਝ ਵੀ ਨਹੀਂ ਦੇਖਦੇ, ਬਸ ਚਾਰ ਸ਼ਬਦ ਪੜ੍ਹ ਕੇ ਵਿਆਹ ਦਾ ਸਰਟੀਫਿਕੇਟ ਦੇ ਦਿੰਦੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਦੋਵੇਂ ਧਿਰਾਂ ਦੇ ਮਾਂ-ਬਾਪ ਦੀ ਸਹਿਮਤੀ ਤੋਂ ਬਿਨਾਂ ਅਜਿਹਾ ਕਾਰਜ ਕਰਨ ਦੀ ਮਨਾਹੀ ਕਰਨ। ਇਸੇ ਸਰਟੀਫਿਕੇਟ ਜ਼ਰੀਏ ਉਹ ਸੁਰੱਖਿਆ ਲੈਣ ਲਈ ਕੋਰਟ ਪਹੁੰਚ ਜਾਂਦੇ ਹਨ। ਫਿਰ ਵਕੀਲਾਂ ਵੱਲੋਂ ਬਣਾਈਆਂ ਮਨਘੜਤ ਕਹਾਣੀਆਂ ਵਿੱਚ ਕੁੜੀ ਦੇ ਮਾਪੇ ਉਨ੍ਹਾਂ ਦੇ ਸਭ ਤੋਂ ਵੱਡੇ ਦੁਸ਼ਮਣ ਹੁੰਦੇ ਹਨ। ਇਹ ਖਰੜਾ ਜੱਜ ਕੋਲ ਲੈ ਜਾਂਦੇ ਹਨ। ਉਨ੍ਹਾਂ ਨੂੰ ਮਜਬੂਰਨ ਸੁਰੱਖਿਆ ਦੇਣੀ ਪੈਂਦੀ ਹੈ। ਉਸ ਜੋੜੇ ਨੂੰ ਲੱਗਦਾ ਹੈ ਕਿ ਸਾਡਾ ਤਾਂ ਕੋਰਟ ਵਿੱਚ ਵਿਆਹ ਹੋ ਗਿਆ ਹੈ। ਆਮ ਭੋਲੀ-ਭਾਲੀ ਜਨਤਾ ਵੀ ਸੁਰੱਖਿਆ ਨੂੰ ਵਿਆਹ ਸਮਝ ਲੈਂਦੀ ਹੈ। ਜਦੋਂ ਕਿ ਕੋਰਟ ਧਾਰਮਿਕ ਸਥਾਨਾਂ 'ਤੇ ਹੋਏ ਵਿਆਹ ਦੇ ਦਿੱਤੇ ਸਰਟੀਫਿਕੇਟ ਉੱਤੇ ਹੀ ਸੁਰੱਖਿਆ ਦਿੰਦਾ ਹੈ।

ਜਿਵੇਂ ਹੀ ਉਸ ਕੁੜੀ ਦੇ ਮਾਪਿਆਂ ਨੂੰ ਪਤਾ ਲੱਗਿਆ ਤਾਂ ਉਹ ਕੁੜੀ ਦੀ ਭਾਲ ਵਿੱਚ ਕੋਰਟ ਪਹੁੰਚ ਗਏ। ਥੋੜ੍ਹਾ ਹੰਗਾਮਾ ਹੋਇਆ। ਕੁੜੀ ਤੇ ਮੁੰਡੇ ਨੂੰ ਕੋਰਟ ਦੇ ਅੰਦਰ ਬੈਠਾ ਦਿੱਤਾ। ਮਾਂ-ਬਾਪ ਤੇ ਦਾਦੀ ਜੱਜ ਸਾਹਿਬ ਦੇ ਪੇਸ਼ ਹੋ ਗਏ। ਜੱਜ ਨੇ ਉਨ੍ਹਾਂ ਨੂੰ ਕਿਹਾ, "ਇਹ ਤਾਂ ਵਿਆਹ ਪਹਿਲਾਂ ਹੀ ਕਰਵਾਈ ਫਿਰਦੇ ਨੇ, ਆਹ ਗੁਰਦੁਆਰੇ ਦਾ ਸਰਟੀਫਿਕੇਟ ਹੈ। ਮੇਰੇ ਕੋਲ ਤਾਂ ਇਹ ਸੁਰੱਖਿਆ ਲੈਣ ਲਈ ਆਏ ਹਨ ਇਨ੍ਹਾਂ ਦੀ ਜਾਨ ਨੂੰ ਤੁਹਾਡੇ ਤੋਂ ਖ਼ਤਰਾ ਹੈ।" ਕੁੜੀ-ਮੁੰਡੇ ਦੀ ਜੱਜ ਨੇ ਕਾਫ਼ੀ ਝਾੜਝੰਬ ਵੀ ਕੀਤੀ ਅਤੇ ਵਕੀਲ ਦੀ ਵੀ। ਕੁੜੀ ਨੇ ਮਾਪਿਆਂ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਪਲਾਂ ਵਿੱਚ ਉਨ੍ਹਾਂ ਦੇ ਲਾਡ-ਪਿਆਰ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਸਾਰੇ ਰਿਸ਼ਤੇ-ਨਾਤੇ ਗ਼ੈਰ ਬਣ ਗਏ। ਕੁੜੀ ਦਾ ਪਰਿਵਾਰ ਰੋਂਦਾ ਹੋਇਆ ਕੋਰਟ ਰੂਮ ਵਿੱਚੋਂ ਬਾਹਰ ਨਿਕਲਿਆ। ਉਨ੍ਹਾਂ ਦੇ ਇਸ ਦੁੱਖ ਨੂੰ ਮੈਂ ਬਿਆਨ ਨਹੀਂ ਕਰ ਸਕਦਾ। ਉਨ੍ਹਾਂ ਨੂੰ ਦੇਖ




ਕੇ ਮੇਰਾ ਵੀ ਮਨ ਭਰ ਆਇਆ। ਜਿਵੇਂ ਮੇਰੇ ਆਪਣੇ ਹੀ ਬੱਚੇ ਨੇ ਕੋਈ ਗ਼ਲਤੀ ਕਰ ਦਿੱਤੀ ਹੋਵੇ। ਉੱਥੋਂ ਕਈ ਗੱਲਾਂ ਹੋਰ ਵੀ ਨਿਕਲ ਕੇ ਸਾਹਮਣੇ ਆਈਆਂ। ਮੁੰਡੇ ਦੀ ਉਮਰ ਬੱਤੀ ਸਾਲ ਅਤੇ ਕੁੜੀ ਦੀ ਉਮਰ ਸਾਢੇ ਅਠਾਰਾਂ ਸਾਲ। ਕੁੜੀ ਚੰਗੇ ਘਰ ਦੀ ਸੀ ਜੋ ਬੀ.ਕਾਮ ਦੇ ਪਹਿਲੇ ਸਾਲ ਦੀ ਵਿਦਿਆਰਥਣ ਸੀ। ਮੁੰਡਾ ਸੱਤ ਕਲਾਸਾਂ ਪੜ੍ਹਿਆ ਕਿਸੇ ਦੀ ਡਰਾਇਵਰੀ ਕਰਦਾ ਸੀ। ਇਨ੍ਹਾਂ ਦੇ ਇਸ ਪਿਆਰ-ਮੁਹੱਬਤ ਨੇ ਸੋਸ਼ਲ ਮੀਡੀਆ 'ਤੇ ਹੀ ਉਡਾਰੀ ਭਰੀ ਸੀ। ਉਸ ਕੁੜੀ ਦਾ ਮੁੰਡੇ ਨਾਲ ਕੋਈ ਮੇਲ ਨਹੀਂ ਜੋ ਮੈਨੂੰ ਪਹਿਲਾਂ ਹੀ ਰੜਕਿਆ ਸੀ। ਮੈਂ ਇਹ ਵੀ ਦੇਖਦਾ ਰਹਿੰਦਾ ਹਾਂ ਕਿ ਅਜਿਹੇ ਰਿਸ਼ਤੇ ਬਹੁਤ ਘੱਟ ਪ੍ਰਵਾਨ ਚੜ੍ਹਦੇ ਹਨ। ਦੋ-ਚਾਰ ਮਹੀਨਿਆਂ ਬਾਅਦ ਫਿਰ ਇਹ ਕੋਰਟ ਦੇ ਦਰ 'ਤੇ ਦਸਤਕ ਦਿੰਦੇ ਹਨ ਜਾਂ ਮੌਤ ਗਲੇ ਲਗਾ ਲੈਂਦੇ ਹਨ। ਅੱਜਕੱਲ੍ਹ ਜੋ ਅਜਿਹੇ ਕੇਸ ਆ ਰਹੇ ਹਨ ਇਨ੍ਹਾਂ ਵਿੱਚ ਕੁੜੀਆਂ ਅੱਲੜ ਉਮਰ ਦੀਆਂ ਹੀ ਹਨ, ਮੁੰਡੇ ਨਸ਼ੇੜੀ ਕਿਸਮ ਦੇ ਹੁੰਦੇ ਹਨ। ਮਾਪਿਆਂ ਨੂੰ ਬੱਚਿਆਂ ਨਾਲ ਬੈਠ ਕੇ ਹਰ ਪੱਖ ਤੋਂ ਉਨ੍ਹਾਂ ਨਾਲ ਗੱਲਾਂ ਕਰਨੀਆਂ ਚਾਹੀਦੀਆਂ ਹਨ। ਸੋਸ਼ਲ ਮੀਡੀਆ 'ਤੇ ਹੁੰਦੇ ਝੂਠ-ਫਰੇਬ ਬਾਰੇ ਵੀ ਜਾਣਕਾਰੀ ਦੇਣੀ ਬਣਦੀ ਹੈ। ਉਨ੍ਹਾਂ ਨੂੰ ਮੋਬਾਈਲਾਂ ਵਿੱਚੋਂ ਆਪ ਨਿਕਲਕੇ ਬੱਚਿਆਂ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਇਕੱਲਾਪਣ ਦੂਰ ਹੋ ਸਕੇ। ਦਰਅਸਲ, ਹੁੰਦਾ ਇਹ ਹੈ ਕਿ ਜੇਕਰ ਘਰ ਦੇ ਚਾਰ ਮੈਂਬਰ ਹਨ ਤਾਂ ਚਾਰਾਂ ਦੇ ਹੱਥ ਵਿੱਚ ਮੋਬਾਈਲ ਹੁੰਦੇ ਹਨ। ਸਭ ਆਪਣੇ-ਆਪਣੇ ਐਂਪ ਖੋਲ੍ਹ ਕੇ ਠੂੰਗਾਂ ਮਾਰ ਰਹੇ ਹੁੰਦੇ ਹਨ ਜਿਵੇਂ ਮੋਬਾਈਲ ਹੀ ਹੁਣ ਉਨ੍ਹਾਂ ਦੇ ਰਿਸ਼ਤੇਦਾਰ ਹੋਣ। ਅੱਜਕੱਲ੍ਹ ਸਭ ਉੱਤੇ ਰੀਲਾਂ ਬਣਾਉਣ ਦਾ ਭੂਤ ਚੜ੍ਹਿਆ ਹੋਇਆ ਹੈ ਜੋ ਹਾਦਸਿਆਂ ਦਾ ਕਾਰਨ ਵੀ ਬਣ ਰਿਹਾ ਹੈ।

ਅਜਿਹੇ ਹਾਲਾਤ ਦਾ ਟਾਕਰਾ ਕਰਨ ਲਈ ਸਾਨੂੰ ਬੱਚਿਆਂ ਨੂੰ ਵੱਧ ਤੋਂ ਵੱਧ ਸਾਹਿਤਕ ਕਿਤਾਬਾਂ ਨਾਲ ਜੋੜਨਾ ਜ਼ਰੂਰੀ ਹੈ ਤਾਂ ਕਿ ਉਹ ਭਵਿੱਖ ਤੋਂ ਜਾਣੂ ਹੋ ਸਕਣ। ਇਸ ਲਈ ਪਹਿਲਾਂ ਸਾਨੂੰ ਆਪ ਨੂੰ ਵੀ ਕਿਤਾਬਾਂ ਨਾਲ ਜੁੜਨਾ ਪਵੇਗਾ ਤਾਂ ਹੀ ਬੱਚੇ ਕਿਤਾਬਾਂ ਨੂੰ ਹੱਥ ਪਾਉਣਗੇ। ਬੱਚਿਆਂ ਨੂੰ ਖੇਡਾਂ ਦੇ ਮੈਦਾਨ ਵੱਲ ਵੀ ਲਿਜਾਣਾ ਜ਼ਰੂਰੀ ਬਣ ਗਿਆ ਹੈ। ਜਿੱਥੇ ਉਨ੍ਹਾਂ ਨੇ ਮੈਦਾਨ ਵਿੱਚ ਖੇਡਾਂ-ਖੇਡਣੀਆਂ ਸਨ, ਹੁਣ ਉਹ ਮੋਬਾਈਲ 'ਤੇ ਖੇਡਦੇ ਹਨ। ਮੋਬਾਈਲ ਦੀ ਗ੍ਰਿਫ਼ਤ ਤੋਂ ਬੱਚਿਆਂ ਨੂੰ ਆਜ਼ਾਦ ਕਰਵਾਉਣਾ ਸਮੇਂ ਦੀ ਲੋੜ ਹੈ। ਸੋਸ਼ਲ ਮੀਡੀਆ ਜ਼ਹਿਰ ਪੀਣ ਦੇ ਬਰਾਬਰ ਹੈ। ਸਰਕਾਰਾਂ ਨੂੰ ਵੀ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਆਸਟ੍ਰੇਲੀਆ ਦੀ ਤਰ੍ਹਾਂ ਸੋਲ੍ਹਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪੂਰਨ ਤੌਰ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ ਤਾਂ ਜੋ ਨਵੀਂ ਪੀੜ੍ਹੀ ਦਾ ਘਾਣ ਨਾ ਹੋਵੇ।



# ਇੱਕ ਪੋਹ ਮਹੀਨਾ ਉੱਤੋਂ ਕੱਕਰ ਵਰ੍ਹਦਾ...

## ਠੰਡ, ਕੱਕਰ ਅਤੇ ਧੁੰਦ ਦਾ ਮਹੀਨਾ ਪੋਹ



ਪੰਜਾਬ ਡਾਇਰੀ
ਜਗਮੋਹਨ ਸਿੰਘ 'ਲੱਕੀ'
9463819174





ਸਿੱਖ ਧਰਮ ਵਿੱਚ ਪੋਹ ਦਾ ਮਹੀਨਾ ਕੁਰਬਾਨੀਆਂ ਦਾ ਮਹੀਨਾ ਮੰਨਿਆਂ ਜਾਂਦਾ ਹੈ। ਪੋਹ ਮਹੀਨੇ ਹੀ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਧਰਮ ਦੀ ਰਾਖੀ ਲਈ ਆਪਣੀਆਂ ਕੁਰਬਾਨੀਆਂ ਦੇ ਗਏ ਸਨ। ਇਸ ਲਈ ਵੱਡੀ ਗਿਣਤੀ ਸਿੱਖ ਅਜੇ ਵੀ ਪੋਹ ਮਹੀਨੇ ਖਾਸ ਤੌਰ 'ਤੇ ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲਿਆਂ (ਸਭਾ) ਦੇ ਦਿਨਾਂ ਵਿੱਚ ਕੋਈ ਖੁਸ਼ੀ ਦਾ ਸਮਾਗਮ ਅਤੇ ਵਿਆਹ ਆਦਿ ਨਹੀਂ ਕਰਦੇ। ਵੱਡੀ ਗਿਣਤੀ ਸਿੱਖ ਅਜੇ ਵੀ ਪੋਹ ਮਹੀਨੇ ਨੂੰ ਸੋਗ ਦਾ ਮਹੀਨਾ ਮੰਨਦੇ ਹਨ।

ਪੋਹ ਮਹੀਨੇ ਨੂੰ ਪੋਖ, ਪੋਖਿ, ਪੋਖੁ ਵੀ ਕਿਹਾ ਤੇ ਲਿਖਿਆ ਜਾਂਦਾ ਹੈ। ਪੋਹ ਮਹੀਨੇ ਦੌਰਾਨ ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਹੀ ਕੜਾਕੇ ਦੀ ਠੰਡ, ਕੱਕਰ, ਧੁੰਦ ਤੇ ਕੋਰਾ ਪੈਂਦੇ ਹਨ। ਪੋਹ ਦੇ ਮਹੀਨੇ ਰਾਤਾਂ ਕਾਲੀਆਂ ਅਤੇ 14-14 ਘੰਟੇ ਲੰਬੀਆਂ ਹੁੰਦੀਆਂ ਹਨ ਅਤੇ ਇਹਨਾਂ ਬਰਫ਼ੀਲੀਆਂ



ਰਾਤਾਂ ਨੂੰ ਭਰਵੀਂ ਤ੍ਰੇਲ ਪੈਂਦੀ ਹੈ। ਫੁੱਲਾਂ ਉਪਰ ਪਈ ਤ੍ਰੇਲ ਦੀਆਂ ਬੂੰਦਾਂ 'ਅਨਮੋਲ ਮੋਤੀ' ਦਾ ਭੁਲੇਖਾ ਪਾਉਂਦੀਆਂ ਹਨ। ਪੋਹ ਦੀ ਸੂਹੀ ਸਵੇਰ ਨੂੰ ਜਦੋਂ ਸੂਰਜ ਚੜ੍ਹਦਾ ਹੈ ਤਾਂ ਖੇਤਾਂ ਵਿੱਚ ਪਸਰੀ ਕਣਕ ਦੀ ਫਸਲ ਅਤੇ ਹੋਰ ਫਸਲਾਂ ਉੱਪਰ ਪਸਰੀ ਧੁੱਪ ਬਹੁਤ ਹੀ ਸੋਹਣੀ ਅਤੇ ਮਨਮੋਹਣੀ ਲੱਗਦੀ ਹੈ। ਪੋਹ ਮਹੀਨੇ ਅਕਸਰ ਹੀ ਕਈ ਦਿਨ ਸੂਰਜ ਦੇਵਤੇ ਦੇ ਦਰਸ਼ਨ ਹੀ ਨਹੀਂ ਹੁੰਦੇ, ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਸ ਮਹੀਨੇ ਸੂਰਜ ਵੀ ਕਿਤੇ ਛੁੱਟੀਆਂ ਮਨਾਉਣ ਚਲਾ ਗਿਆ ਹੋਵੇ। ਪੋਹ ਮਹੀਨੇ ਸੂਰਜ ਦਾ ਤੇਜ਼ ਵੀ ਮੱਠਾ ਪਿਆ ਲੱਗਦਾ ਹੁੰਦਾ ਹੈ। ਪੋਹ ਮਹੀਨੇ ਸਾਰਾ ਦਿਨ ਹੀ ਲੋਕ ਧੂਣੀਆਂ ਸੇਕਦੇ ਅਤੇ ਲੋਈ/ ਕੰਬਲ ਦੀ ਬੁੱਕਲ ਵਲ੍ਹੇਟੀ ਰੱਖਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਪਵਿੱਤਰ ਬਾਣੀ ਵਿੱਚ ਲਿਖਿਆ ਹੈ

ਦਰਸਨੁ ਦੇਹੁ ਦਇਆਪਤਿ ਦਾਤੇ
ਗਤਿ ਪਾਵਉ ਮਤਿ ਦੇਹੋ
ਨਾਨਕ ਰੰਗਿ ਰਵੈ ਰਸਿ ਰਸੀਆ
ਹਰਿ ਸਿਉ ਪ੍ਰੀਤਿ ਸਨੇਹੋ

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਪੋਹ ਮਹੀਨੇ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਪੋਹ ਵਿੱਚ ਕੱਕਰ ਪੈਂਦਾ ਹੈ ਜੋ ਕਿ ਹਰ ਇੱਕ ਘਾਹ ਬੂਟੇ ਦੇ ਅੰਦਰੋਂ ਰਸ ਨੂੰ ਸੁਕਾ ਦਿੰਦਾ ਹੈ। ਗੁਰੂ ਜੀ ਅੱਗੇ ਕਹਿੰਦੇ ਹਨ ਕਿ ਪਰਮਾਤਮਾ ਅਕਾਲ ਪੁਰਖ ਮਨ, ਤਨ ਅਤੇ ਮੁੱਖ ਵਿੱਚ ਆ ਕੇ ਕਿਉਂ ਨਹੀਂ ਵੱਸਦਾ ਤਾਂ ਕਿ ਜਿੰਦਗੀ ਵਿਚੋਂ ਪ੍ਰੇਮ ਰਸ ਨਾ ਸੁੱਕੇ।

ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿੱਚ ਪੋਹ ਮਹੀਨੇ ਬਾਰੇ ਲਿਖਿਆ ਹੈ

ਸਰਮ ਪਈ ਨਾਰਾਇਣੈ
ਨਾਨਕ ਦਰਿ ਪਈਆਹੁ
ਪੋਖੁ ਸੋਹੰਦਾ ਸਰਬ ਸੁਖ
ਜਿਸੁ ਬਖਸੇ ਵੇਪਰਵਾਹੁ ॥

ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ ਹੈ ਕਿ ਜਿਸ ਉੱਪਰ ਉਸ ਬੇ-ਪਰਵਾਹ ਦੀ ਨਦਰਿ ਹੋ ਜਾਂਦੀ ਹੈ, ਜਿਸ ਉੱਪਰ ਉਹ ਮਿਹਰ ਕਰਦਾ ਹੈ, ਉਸ ਮਨੁੱਖ ਨੂੰ ਪੋਹ ਦਾ ਮਹੀਨਾ ਬਹੁਤ ਸੋਹਣਾ ਲੱਗਦਾ ਹੈ ਅਤੇ ਉਸ ਨੂੰ ਸਾਰੇ ਸੁੱਖ ਮਿਲ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪੋਹ ਦੇ ਮਹੀਨੇ ਜਿਸ ਜੀਵ ਦੇ ਹਿਰਦੇ ਨਾਲ ਪਰਮਾਤਮਾ ਪਤੀ ਲੱਗਿਆ ਹੋਇਆ ਹੈ, ਉਸ ਨੂੰ ਪੋਹ ਦਾ ਕੱਕਰ ਤੰਗ ਨਹੀਂ ਕਰ ਸਕਦਾ, ਉਸ ਉਪਰ ਪੋਹ ਦਾ ਕੱਕਰ ਅਸਰ ਨਹੀਂ ਪਾ ਸਕਦਾ ਕਿਉਂਕਿ ਉਸ ਦੀ ਸੁਰਤਿ ਪਰਮਾਤਮਾ ਦੇ ਦਰਸ਼ਨ ਦੀ ਤਾਂਘ ਵਿੱਚ ਜੁੜੀ ਰਹਿੰਦੀ ਹੈ, ਉਸ ਦਾ ਮਨ ਪਰਮਾਤਮਾ ਦੇ ਚਰਨਾਂ ਵਿੱਚ ਲੱਗਿਆ ਰਹਿੰਦਾ ਹੈ।

ਪੋਹ ਮਹੀਨੇ ਪੈਂਦੇ ਕੱਕਰ ਅਤੇ ਚਲਦੀਆਂ ਬਰਫ਼ੀਲੀਆਂ ਹਵਾਵਾਂ ਕਾਰਨ ਰੁੱਖਾਂ ਦੇ ਪੱਤੇ ਵੀ ਝੜ ਜਾਂਦੇ ਹਨ ਅਤੇ ਟਾਹਣੀਆਂ ਰੁੰਡ ਮਰੁੰਡ ਹੋ ਕੇ ਨੰਗੀਆਂ ਜਿਹੀਆਂ ਹੋ ਜਾਂਦੀਆਂ ਹਨ। ਪੋਹ ਮਹੀਨੇ ਵਿੱਚ ਹੀ ਬਦਾਮ, ਅਖਰੋਟ, ਕਾਜੂ, ਕਿਸ਼ਮਿਸ਼, ਖਜੂਰਾਂ ਆਦਿ ਡਰਾਈ ਫਰੂਟ ਬਹੁਤ ਖਾਧੇ ਜਾਂਦੇ ਹਨ। ਇਹ ਡਰਾਈ ਫਰੂਟ ਗਰਮ ਹੁੰਦੇ ਹਨ, ਜਿਨ੍ਹਾਂ ਨੂੰ ਖਾਣ 'ਤੇ ਸਰੀਰ ਵਿੱਚ ਗਰਮੀ ਪੈਦਾ ਹੁੰਦੀ ਹੈ। ਕੁਦਰਤ ਨੇ ਵੀ ਮੌਸਮ ਦੇ ਹਿਸਾਬ ਨਾਲ ਹੀ ਅਨੇਕਾਂ ਹੀ ਚੀਜ਼ਾਂ ਬਣਾਈਆਂ ਹੋਈਆਂ ਹਨ। ਗਰਮੀਆਂ ਵਿੱਚ ਮਨੁੱਖੀ ਸਰੀਰ ਨੂੰ ਵਧੇਰੇ ਪਾਣੀ ਦੀ ਲੋੜ ਹੁੰਦੀ ਹੈ ਇਸ ਲਈ ਗਰਮੀਆਂ ਵਿੱਚ ਪਾਣੀ ਵਾਲੇ ਫਲ ਅਤੇ ਹੋਰ ਖਾਣ ਪੀਣ ਵਾਲੀਆਂ ਚੀਜ਼ਾਂ ਬਹੁਤ ਮਿਲਦੀਆਂ ਹਨ, ਜਿਨ੍ਹਾਂ ਦੀ ਤਾਸੀਰ ਠੰਡੀ ਹੁੰਦੀ ਹੈ। ਇਸੇ ਤਰ੍ਹਾਂ ਸਰਦੀਆਂ ਵਿੱਚ ਮਨੁੱਖੀ ਸਰੀਰ ਨੂੰ ਪਾਣੀ ਦੀ ਘੱਟ ਲੋੜ ਹੁੰਦੀ ਹੈ ਤਾਂ ਕੁਦਰਤ ਨੇ ਬਿਨਾਂ ਪਾਣੀ ਤੋਂ ਬਦਾਮ, ਕਾਜੂ, ਅਖਰੋਟ, ਖਜੂਰਾਂ ਅਤੇ ਹੋਰ ਡਰਾਈ ਫਰੂਟ ਦਿੱਤੇ ਹੋਏ ਹਨ ਜਿਨ੍ਹਾਂ ਦੀ ਤਾਸੀਰ ਗਰਮ ਹੁੰਦੀ ਹੈ ਅਤੇ ਇਹਨਾਂ ਡਰਾਈ ਫਰੂਟਸ ਨੂੰ ਖਾਣ ਨਾਲ




ਸਰੀਰ ਨੂੰ ਲੋੜੀਂਦੀ ਮਾਤਰਾ ਵਿੱਚ ਗਰਮੀ ਮਿਲਦੀ ਰਹਿੰਦੀ ਹੈ।

ਪੋਹ ਦੇ ਮਹੀਨੇ ਹੀ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਖਾਣ ਦਾ ਆਪਣਾ ਵੱਖਰਾ ਹੀ ਸੁਆਦ ਹੈ। ਪੋਹ ਮਹੀਨੇ ਵੱਡੀ ਗਿਣਤੀ ਘਰਾਂ ਵਿੱਚ ਪੰਜੀਰੀ, ਖੋਆ ਆਦਿ ਬਣਾਏ ਜਾਂਦੇ ਹਨ ਅਤੇ ਖੋਏ ਦੀਆਂ ਪਿੰਨੀਆਂ ਵੀ ਬਹੁਤ ਲੋਕ ਇਸ ਮਹੀਨੇ ਬਣਾਉਂਦੇ ਹਨ। ਇਸ ਤੋਂ ਇਲਾਵਾ ਅਲਸੀ, ਭੁੱਗਾ ਅਤੇ ਹੋਰ ਗਰਮ ਚੀਜ਼ਾਂ ਤੋਂ ਵੀ ਖਾਣ ਪੀਣ ਦੇ ਪਦਾਰਥ ਤਿਆਰ ਕੀਤੇ ਜਾਂਦੇ ਹਨ। ਪੋਹ ਮਹੀਨੇ ਪੈਂਦੇ ਕੱਕਰ ਕਾਰਨ ਫਸਲਾਂ ਦਾ ਵਾਧਾ ਭਾਵੇਂ ਰੁਕ ਜਾਂਦਾ ਹੈ ਪਰ ਪੋਹ ਮਹੀਨੇ ਪਿਆ ਮੀਂਹ ਕਣਕ ਅਤੇ ਹੋਰ ਫਸਲਾਂ ਲਈ ਬਹੁਤ ਹੀ ਲਾਹੇਵੰਦ ਗਿਣਿਆ ਜਾਂਦਾ ਹੈ। ਪੋਹ ਮਹੀਨੇ ਅਕਸਰ ਹੀ ਮੀਂਹ ਦੀ ਝੜੀ ਜਿਹੀ ਹੀ ਲੱਗ ਜਾਂਦੀ ਹੈ, ਜਿਸ ਕਾਰਨ ਠੰਡ ਵਿੱਚ ਹੋਰ ਵੀ ਵਾਧਾ ਹੋ ਜਾਂਦਾ ਹੈ।


ਪੋਹ ਮਹੀਨੇ ਪੈਂਦੇ ਕੱਕਰ ਅਤੇ ਚਲਦੀਆਂ ਬਰਫ਼ੀਲੀਆਂ ਹਵਾਵਾਂ ਵਿੱਚ ਵੀ ਗੁਲਾਬ ਅਤੇ ਗੇਂਦੇ ਦੇ ਫੁੱਲ ਪੂਰੇ ਜੋਬਨ ਉੱਪਰ ਖਿੜਦੇ ਹਨ, ਜੋ ਕਿ ਮਨੁੱਖ ਨੂੰ ਇਹ ਸੁਨੇਹਾ ਦਿੰਦੇ ਪ੍ਰਤੀਤ ਹੁੰਦੇ ਹਨ ਕਿ ਭਾਵੇਂ ਕਿੰਨੀਆਂ ਵੀ ਔਕੜਾਂ ਹੋਣ, ਬਰਫ਼ੀਲੀਆਂ ਹਵਾਵਾਂ ਠਾਰੀ ਪਾਉਂਦੀਆਂ ਹੋਣ ਪਰ ਖਿੜਨ ਵਾਲਿਆਂ ਨੇ ਤਾਂ ਖਿੜ ਹੀ ਪੈਣਾ ਹੁੰਦਾ ਹੈ । ਇਸ ਮਹੀਨੇ ਕਈ ਵਾਰ ਖੇਤਾਂ ਦੀਆਂ ਵਾੜਾਂ ਅਤੇ ਵਾੜ ਦੇ ਝਾਫਿਆਂ ਦੇ ਨੇੜੇ ਲੱਗੀਆਂ ਝਾੜੀਆਂ ਅਤੇ ਉਜਾੜ ਥਾਂਵਾਂ ਉੱਪਰ ਉੱਗੀਆਂ ਝਾੜੀਆਂ ਨੂੰ ਵੀ ਫੁੱਲ ਪੈ ਜਾਂਦੇ ਹਨ।

ਪੋਹ ਮਹੀਨੇ ਸਾਇਬੇਰੀਆ, ਮੰਗੋਲੀਆ ਤੇ ਹੋਰ ਠੰਡੇ ਮੁਲਕਾਂ ਤੋਂ ਆਈਆਂ ਪਰਵਾਸੀ ਕੂੰਜਾਂ ਅਤੇ ਹੋਰ ਪਰਵਾਸੀ ਪੰਛੀ ਵੱਖ ਵੱਖ ਝੀਲਾਂ ਉੱਪਰ ਉਡਾਰੀਆਂ ਵੀ ਮਾਰ ਰਹੇ ਹੁੰਦੇ ਹਨ ਅਤੇ ਝੀਲਾਂ ਵਿੱਚ ਡੁਬਕੀਆਂ ਲਗਾ ਕੇ ਦਿਲਕਸ਼ ਨਜ਼ਾਰਾ ਪੇਸ਼ ਕਰ ਰਹੇ ਹੁੰਦੇ ਹਨ।

ਪੋਹ ਮਹੀਨੇ ਦੀ ਆਖਰੀ ਰਾਤ ਨੂੰ ਲੋਹੜੀ ਦਾ ਤਿਉਹਾਰ ਮਨਾ ਕੇ ਲੋਕ ਅੱਗ ਦਾ ਨਿੱਘ ਮਾਣਦੇ ਹਨ ਅਤੇ ਇੱਕ ਦੂਜੇ ਨੂੰ ਮੂੰਗਫਲੀਆਂ, ਤਿਲ, ਰਿਉੜੀਆਂ, ਗੱਚਕ ਅਤੇ ਹੋਰ ਸਮਾਨ ਵੰਡਿਆ ਜਾਂਦਾ ਹੈ।



# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਦੇ ਦੂਰਗਾਮੀ ਪ੍ਰਭਾਵ



ਕੁੱਕੀ ਗਿੱਲ

ਸਿੱਖ ਧਾਰਮਿਕ -ਸਿਆਸੀ ਖੇਤਰ ਵਿੱਚ ਪੰਜਾਬ ਦੇ ਧਾਰਮਿਕ -ਸਿਆਸੀ ਭਾਸ਼ਣ ਨੂੰ ਨਿਯੰਤਰਿਤ ਕਰਨ ਦੀ ਪ੍ਰਵਿਰਤੀ ਹੈ ਜਿਸਦੀ ਰਾਜਨੀਤੀ ਦੇਸ਼ ਦੇ ਦੂਜੇ ਖੇਤਰਾਂ ਨਾਲੋਂ ਵੱਖਰੀ ਹੈ। ਇਹ ਉਹ ਰਾਜ ਹੈ ਜਿੱਥੇ ਇੱਕ ਰਾਸ਼ਟਰੀ ਘੱਟ-ਗਿਣਤੀ ਬਹੁਗਿਣਤੀ ਵਿੱਚ ਹੈ। ਇਹ ਘੱਟਗਿਣਤੀ ਭਾਰਤ ਦੀ ਆਜ਼ਾਦੀ ਵੱਲ ਅਗਵਾਈ ਕਰਨ ਵਾਲੀਆਂ ਸਾਰੀਆਂ ਰਾਜਨੀਤਿਕ ਗੱਲਬਾਤਾਂ ਵਿੱਚ ਤੀਜੀ ਹਸਤੀ ਸੀ। 2 ਦਸੰਬਰ ਨੂੰ ਪੰਜਾਬ ਵਿੱਚ ਜੋ ਕੁਝ ਵਾਪਰਿਆ, ਉਸ ਦੀ ਇਸ ਪਿਛੋਕੜ ਵਿੱਚ ਸਮੀਖਿਆ ਕਰਨੀ ਬਣਦੀ ਹੈ ਕਿਉਂਕਿ ਇਸ ਘਟਨਾਕ੍ਰਮ ਦਾ ਸ਼੍ਰੋਮਣੀ ਅਕਾਲੀ ਦਲ ਦੇ ਭਵਿੱਖ ’ਤੇ ਹੀ ਨਹੀਂ ਸਗੋਂ ਕਈ ਪੱਧਰਾਂ ’ਤੇ ਸਿਆਸੀ ਰੁਝਾਨਾਂ ’ਤੇ ਵੀ ਦੂਰਗਾਮੀ ਪ੍ਰਭਾਵ ਪੈਣ ਵਾਲਾ ਹੈ। ਇਸ ਪੜਾਅ ’ਤੇ ਇਹ ਦੱਸਣਾ ਵੀ ਵਾਜਬ ਹੈ ਕਿ ਸਿੱਖ ਧਰਮ-ਰਾਜਨੀਤਕ ਪ੍ਰਵਚਨ ਇਸ ਵੇਲੇ ਭਾਰਤ ਦੀ ਭੂ-ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ, ਖਾਸ ਕਰਕੇ ਅਮਰੀਕੀ ਉਪ-ਮਹਾਂਦੀਪ ਵਿੱਚ ਸਿੱਖ ਪ੍ਰਵਾਸੀ ਲੋਕਾਂ ਦੇ ਇੱਕ ਵਰਗ ਦੀਆਂ ਗਤੀਵਿਧੀਆਂ ਦੇ ਸੰਦਰਭ ਵਿੱਚ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ 14 ਦਸੰਬਰ 1920 ਨੂੰ ਅਕਾਲ ਤਖ਼ਤ ਵਿਖੇ ਬਣਾਏ ਗਏ ਇੱਕ ਸਦੀ ਤੋਂ ਵੱਧ ਪੁਰਾਣੇ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਵਿੱਚ 2 ਦਸੰਬਰ ਦਾ ਦਿਨ ਬੇਮਿਸਾਲ ਸੀ। ਅਕਾਲੀ ਦਲ ਨੇ ਸਮੇਂ ਦੇ ਨਾਲ-ਨਾਲ ਗੁਰਦੁਆਰਿਆਂ ਨੂੰ ਪੁਜਾਰੀ ਜਮਾਤ ਤੋਂ ਮੁਕਤ ਕਰਵਾਉਣ ਲਈ ਵਲੰਟੀਅਰ ਫੋਰਸਾਂ ਵਜੋਂ ਸਿੱਖਾਂ ਦੀ ਆਵਾਜ਼ ਵਜੋਂ ਰੂਪਾਂਤਰਿਤ ਕੀਤਾ।2 ਦਸੰਬਰ ਨੂੰ ਅਕਾਲੀ ਦਲ ਦੀ ਸਾਰੀ ਲੀਡਰਸ਼ਿਪ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਬਣਾਈ ਕੌਮ ਦੇ ਸਰਵਉੱਚ ਅਸਥਾਨ ਦਰਬਾਰ ਸਾਹਿਬ ਦੇ ਸਾਹਮਣੇ ਬਣਾਏ ਸ੍ਰੀ ਅਕਾਲ ਤਖ਼ਤ ਦੇ ਸਨਮੁਖ ਹੱਥ ਜੋੜ ਕੇ ਖੜ੍ਹੀ ਸੀ। ਇਹ ਤਖ਼ਤ ਭਾਈਚਾਰੇ ਨੂੰ ਦਰਪੇਸ਼ ਮੁੱਦਿਆਂ ਨੂੰ ਸੁਲਝਾਉਣ ਅਤੇ ਵਿਵਾਦਪੂਰਨ ਮੁੱਦਿਆਂ ’ਤੇ ਸਹਿਮਤੀ ਨਾਲ ਫੈਸਲੇ ਲੈਣ ਲਈ ਇੱਕ ਜਮਹੂਰੀ ਪਲੇਟਫਾਰਮ ਵਜੋਂ ਵਿਕਸਤ ਹੋਇਆ। ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਕੋਈ ਹੋਰ ਗੁਰਦੁਆਰਾ ਨਹੀਂ ਹੈ ਕਿਉਂਕਿ ਦਰਬਾਰ ਸਾਹਿਬ ਦੇ ਸਾਹਮਣੇ ਕਿਸੇ ਦੀ ਲੋੜ ਨਹੀਂ ਸੀ। ਇਸ ਨੂੰ ਗੁਰੂ ਜੀ ਨੇ ਰਾਜ ਚਿੰਨ੍ਹ ਵਜੋਂ ਬਣਾਇਆ ਸੀ।

ਵਰਤਮਾਨ ਪ੍ਰਵਚਨ ਨੂੰ ਸਮਝਣ ਲਈ ਅਕਾਲ ਤਖ਼ਤ ਦੀ ਰਚਨਾ ਬਾਰੇ ਸੰਖੇਪ ਵਿੱਚ ਜਾਣਾ ਜ਼ਰੂਰੀ ਹੈ।

ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਧਰਮ ਵਿੱਚ ਇੱਕ ਅਹਿਮ ਮੋੜ ਸੀ। ਦਰਬਾਰ ਸਾਹਿਬ ਦੀ ਕਲਪਨਾ ਅਤੇ ਉਸਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੀ ਗਈ ਸੀ, ਜਿਨ੍ਹਾਂ ਦੇ ਉੱਤਰਾਧਿਕਾਰੀ ਅਤੇ ਪੁੱਤਰ ਗੁਰੂ ਹਰਗੋਬਿੰਦ ਜੀ ਨੇ ਰਾਜ ਨਾਲ ਟਕਰਾਅ ਦੇ ਸੰਦਰਭ ਵਿੱਚ ਪਰ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਢਾਂਚੇ ਦੇ ਅੰਦਰ ਬਦਲਦੀ ਸਥਿਤੀ ਦੇ ਹੁਕਮਾਂ ਅਧੀਨ ਇਸ ਧਰਮ ਨੂੰ ਗੁਣਾਤਮਕ ਰੂਪ ਵਿੱਚ ਬਦਲਿਆ। ਇਹ ਮੀਰੀ ਪੀਰੀ ਦਾ ਸੰਕਲਪ ਹੈ । ਅਕਾਲ ਤਖ਼ਤ ਸਾਹਿਬ ਦੀ ਸੰਸਥਾ ਜੋ ਦਰਬਾਰ ਸਾਹਿਬ ਦੇ ਸਾਹਮਣੇ ਅਧਿਆਤਮਿਕ ਤਾਲਮੇਲ ਦਾ ਪ੍ਰਤੀਕ ਹੈ। ਇਸ ਨੇ ਸਿੱਖ ਧਰਮ ਨੂੰ ਨਵੀਂ ਦਿਸ਼ਾ ਅਤੇ ਗਤੀਸ਼ੀਲਤਾ ਪ੍ਰਦਾਨ ਕੀਤੀ। ਇਸ ਤਾਲਮੇਲ ਨੂੰ ਮੀਰੀ-ਪੀਰੀ ਦੇ ਸੰਕਲਪ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਸੰਸਥਾ ਸਿੱਖਾਂ ਦੀ ਧਾਰਮਿਕ - ਸਿਆਸੀ ਗਤੀਸ਼ੀਲਤਾ ਵਿੱਚ ਦਖ਼ਲ-ਅੰਦਾਜ਼ੀ ਕਰਦੀ ਰਹੀ ਹੈ, ਜਿਸ ਦਾ ਧਾਰਮਿਕ ਹਿੱਸਾ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿੱਚ ਵਿਕਸਿਤ ਹੋਇਆ ਸੀ। ਅਕਾਲ ਤਖ਼ਤ ਦੇ ਮੁਖੀ ਅਕਾਲੀ ਫੂਲਾ ਸਿੰਘ ਦੁਆਰਾ ਮਹਾਰਾਜਾ ਰਣਜੀਤ ਸਿੰਘ ਨੂੰ ਦੁਰਵਿਹਾਰ ਲਈ ਕੋਰੜੇ ਮਾਰਨ ਦਾ ਹੁਕਮ ਦਿੱਤਾ ਗਿਆ ਸੀ ਪਰ ਇਹ ਸਜ਼ਾ ਵਾਪਸ ਲੈ ਲਈ ਗਈ ਕਿਉਂਕਿ ਮਹਾਰਾਜਾ ਨੰਗੀ ਪਿੱਠ ਨਾਲ ਬੈਠ ਗਿਆ।

ਅਕਾਲੀ ਦਲ ਦੇ ਕਈ ਪ੍ਰਧਾਨਾਂ ਅਤੇ ਹੋਰ ਆਗੂਆਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਭੁਗਤਣੀ ਪਈ ਹੈ। ਵਿਡੰਬਨਾ ਇਹ ਹੈ ਕਿ ਅਕਾਲੀ ਦਲ ਦਾ ਇਤਿਹਾਸ ਹੈ ਕਿ ਇਸ ਦੇ ਬਹੁਤ ਸਾਰੇ ਪ੍ਰਧਾਨ ਅਪਮਾਨਜਨਕ ਤੌਰ ’ਤੇ ਬਾਹਰ ਹੋ ਗਏ ਹਨ ਜੋ ਆਪਣੇ ਸਮੇਂ ਦੌਰਾਨ ਦ੍ਰਿੜ੍ਹ ਸਨ। ਇਨ੍ਹਾਂ ਵਿੱਚ ਮਾਸਟਰ ਤਾਰਾ ਸਿੰਘ, ਸੰਤ ਫ਼ਤਿਹ ਸਿੰਘ, ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸੁਰਜੀਤ ਸਿੰਘ ਬਰਨਾਲਾ ਸ਼ਾਮਲ ਹਨ । ਪ੍ਰਕਾਸ਼ ਸਿੰਘ ਬਾਦਲ ਦੇ ਸੱਤਾ ਸੰਭਾਲਣ ਤੋਂ ਬਾਅਦ ਪਾਰਟੀ ਵੰਸ਼ਵਾਦੀ ਹੋ ਗਈ। ਜਿਵੇਂ-ਜਿਵੇਂ 2 ਦਸੰਬਰ ਦਾ ਝਟਕਾ ਜਜ਼ਬ ਹੋ ਰਿਹਾ ਸੀ, ਇੱਕ ਹੋਰ ਭਿਆਨਕ ਘਟਨਾਕ੍ਰਮ ਨੇ ਹਲਚਲ ਮਚਾ ਦਿੱਤੀ। ਇਹ ਘਟਨਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਦਰਬਾਰ ਸਾਹਿਬ ਦੇ ਮੁੱਖ ਗੇਟ ’ਤੇ ਉਸ ਵੇਲੇ ਗੋਲੀ ਮਾਰਨ ਦੀ ਕੋਸ਼ਿਸ਼ ਸੀ, ਜਦੋਂ ਉਹ ਸੇਵਾਦਾਰ ਦੀ ਸੇਵਾ ਨਿਭਾ ਰਹੇ ਸਨ। ਹਮਲਾਵਰ, 68 ਸਾਲਾ ਨਰਾਇਣ ਸਿੰਘ ਚੌੜਾ ਹੈ ਜੋ ਇੱਕ ਜਾਣਿਆ-ਪਛਾਣਿਆ ਸਾਬਕਾ ਖਾੜਕੂ ਅਤੇ ਲੇਖਕ ਹੈ ਜਿਸਨੇ ਕਈ ਕਿਤਾਬਾਂ ਲਿਖੀਆਂ ਹਨ।

11 ਦਸੰਬਰ 2011 ਨੂੰ ਅਕਾਲੀ ਆਗੂ ਅਤੇ 5 ਵਾਰ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਨੂੰ ਪੰਥ ਰਤਨ ਪ੍ਰਦਾਨ ਕੀਤਾ ਗਿਆ। ਇਹ ਪੁਰਸਕਾਰ ਵਿਸ਼ੇਸ਼ ਤੌਰ ’ਤੇ ਉਨ੍ਹਾਂ ਦੀਆਂ ਪੰਥ ਪ੍ਰਤੀ ਸੇਵਾਵਾਂ ਲਈ ਬਣਾਇਆ ਗਿਆ ਸੀ । ਉਨ੍ਹਾਂ ਨੂੰ ਦਿੱਤਾ ਗਿਆ ਫਖਰ -ਏ -ਕੌਮ ਦੇ ਸਰਵਉੱਚ ਸਨਮਾਨ ਵਾਪਿਸ ਲੈ ਲਿਆ ਗਿਆ। ਇਹ ਸਨਮਾਨ ਰੱਦ ਕਰਨਾ ਪ੍ਰਕਾਸ਼ ਸਿੰਘ ਬਾਦਲ ਦੀ

ਸਮੁੱਚੀ ਵਿਰਾਸਤ ਨੂੰ ਮਿਟਾਉਣ ਦੇ ਬਰਾਬਰ ਹੈ। ਅਕਾਲ ਤਖ਼ਤ ਦੇ ਮੁਖੀ ਜਥੇਦਾਰ ਰਘਬੀਰ ਸਿੰਘ ਦੀ ਅਗਵਾਈ ਵਾਲੇ ਪੰਜ ਜਥੇਦਾਰਾਂ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਤਿੰਨ ਦਿਨਾਂ ਦੇ ਅੰਦਰ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰਨ ਦੇ ਨਿਰਦੇਸ਼ ਦਿੱਤੇ ਸਨ। ਉਸ ਸਮੇਂ ਦੀ ਮਿਆਦ ਸਮਾਪਤ ਹੋ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ 7 ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਸ ਵਿੱਚ ਨਵੀਂ ਭਰਤੀ ਬਾਰੇ ਵੀ ਕੁਝ ਨਿਰਦੇਸ਼ ਦਿੱਤੇ ਗਏ ਸਨ। ਹਾਜ਼ਰ ਲਗਭਗ ਸਾਰੇ ਅਕਾਲੀ ਆਗੂਆਂ ਨੂੰ 2007 ਤੋਂ 2017 ਤੱਕ ਕੀਤੇ ਗੁਨਾਹਾਂ ਅਤੇ ਗਲਤੀਆਂ ਲਈ ਦੋਸ਼ੀ ਠਹਿਰਾਇਆ ਗਿਆ ਜਦੋਂ ਅਕਾਲੀ ਦਲ ਰਾਜ ਵਿੱਚ ਸੱਤਾ ਵਿੱਚ ਸੀ।

ਇਸ ਸਾਰੇ ਘਟਨਾਕ੍ਰਮ ਨੂੰ ਸਮਝਣ ਲਈ 2 ਦਸੰਬਰ ਦੀ ਘਟਨਾ ਦੇ ਸਮੁੱਚੇ ਪਿਛੋਕੜ ਵਿੱਚ ਜਾਣਾ ਪਵੇਗਾ।

ਇਸਤਰੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਜਿਨ੍ਹਾਂ ਵਿੱਚ 4 ਵਾਰੀ ਸ਼੍ਰੋਮਣੀ ਕਮੇਟੀ ਪ੍ਰਧਾਨ ਰਹੀ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ, ਪਰਮਿੰਦਰ ਸਿੰਘ ਢੀਂਡਸਾ, ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸੁਰਜੀਤ ਸਿੰਘ ਰੱਖੜਾ ਸ਼ਾਮਲ ਹਨ, ਨੇ ਜਲੰਧਰ ਵਿਖੇ ਮੀਟਿੰਗ ਕਰਕੇ ਸੁਖਬੀਰ ਨੂੰ ਅਹੁਦਾ ਛੱਡਣ ਦਾ ਸੱਦਾ ਦਿੱਤਾ। 1999 ਤੋਂ ਬਾਅਦ ਇਹ ਸਭ ਤੋਂ ਵੱਡੀ ਬਗ਼ਾਵਤ ਸੀ

ਜਦੋਂ ਪਾਰਟੀ ਦੇ ਦਿੱਗਜ ਆਗੂ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਵੱਖ-ਵੱਖ ਰਸਤਾ ਅਖਤਿਆਰ ਕਰ ਲਿਆ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼ਰਮਨਾਕ ਹਾਰ ਦਾ ਸਾਹਮਣਾ ਕਰ ਰਹੀ ਪਾਰਟੀ ਹੁਣ ਤੱਕ ਦੀਆਂ ਸਭ ਤੋਂ ਘੱਟ ਤਿੰਨ ਸੀਟਾਂ ’ਤੇ ਸਿਮਟ ਗਈ। ਇੰਨਾ ਹੀ ਨਹੀਂ, ਦੋਵਾਂ ਬਾਦਲਾਂ ਨੂੰ ਵੀ ਲੰਬੀ ਅਤੇ ਜਲਾਲਾਬਾਦ ਵਿੱਚ ਲੋਕਾਂ ਨੇ ਨਕਾਰ ਦਿੱਤਾ ਹੈ । 1957 ਵਿੱਚ ਆਪਣੇ ਵਿਧਾਇਕੀ ਕੈਰੀਅਰ ਦੀ ਸ਼ੁਰੂਆਤ ਤੋਂ ਬਾਅਦ ਇਹ ਬਾਦਲ ਸੀਨੀਅਰ ਦੀ ਦੂਜੀ ਹਾਰ ਸੀ। ਪਾਰਟੀ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪੂਰੀ ਤਰ੍ਹਾਂ ਹਾਰ ਗਈ ਸੀ ਅਤੇ ਇਸ ਦੇ 10 ਉਮੀਦਵਾਰਾਂ ਨੇ ਜ਼ਮਾਨਤ ਵੀ ਗੁਆ ਦਿੱਤੀ ਸੀ। ਸਿਰਫ਼ ਹਰਸਿਮਰਤ ਕੌਰ ਬਾਦਲ ਹੀ ਆਪਣਾ ਬਠਿੰਡਾ ਗੜ੍ਹ ਬਰਕਰਾਰ ਰੱਖ ਸਕੀ। ਇਸ ਤੋਂ ਪਹਿਲਾਂ 2017 ਦੀ ਹਾਰ ਤੋਂ ਬਾਅਦ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਲੀਡਰਸ਼ਿਪ ਦੇ ਮੁੱਦੇ ’ਤੇ ਪਾਰਟੀ ਤੋਂ ਬਾਹਰ ਹੋ ਗਏ ਸਨ ਕਿਉਂਕਿ ਉਹ ਚਾਹੁੰਦੇ ਸਨ ਕਿ ਬਾਦਲ ਸੀਨੀਅਰ ਮੁੜ ਤੋਂ ਵਾਗਡੋਰ ਸੰਭਾਲਣ। ਉਸ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਗਿਆ ਸੀ।

ਬਾਗੀਆਂ ਨੂੰ ਸੁਖਬੀਰ ਦੀ ਅਗਵਾਈ ਹੇਠ ਕੋਈ ਭਵਿੱਖ ਨਜ਼ਰ ਨਹੀਂ ਆ ਰਿਹਾ ਸੀ ਜੋ ਆਪਣੀ ਕਾਰਪੋਰੇਟ ਸ਼ੈਲੀ ਲਈ ਲਗਾਤਾਰ ਆਲੋਚਨਾ ਸਹਿ ਰਿਹਾ ਸੀ। ਹੁਣ ਇੱਕ ਕੰਪਨੀ ਦੇ ਰੂਪ ਵਿੱਚ ਨਿਯੰਤਰਿਤ ਕੀਤੀ ਜਾ ਰਹੀ ਪਾਰਟੀ ਨੂੰ ਭਾਰੀ ਨੁਕਸਾਨ ਹੋਇਆ ਸੀ ਅਤੇ ਕਈ ਸ਼ੇਅਰਧਾਰਕਾਂ ਨੇ ਇਸ ਨੂੰ ਛੱਡ ਦਿੱਤਾ ਸੀ। ਪਾਰਟੀ ਨੇ ਬਾਗ਼ੀਆਂ ਨੂੰ ਅਕਾਲੀ ਦਲ, ਪੰਥ ਅਤੇ ਪੰਜਾਬ ਦੇ ਦੁਸ਼ਮਣਾਂ ਦੇ ਏਜੰਟ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਨੂੰ ਭਾਜਪਾ ਨੇ ਸਮਾਨਾਂਤਰ ਪਾਰਟੀ ਬਣਾਉਣ ਲਈ ਸਪਾਂਸਰ ਕੀਤਾ ਹੈ। ਅਕਾਲੀ ਦਲ ਦਾ 1996 ਤੋਂ 2021 ਤੱਕ ਭਾਜਪਾ ਨਾਲ ਗੱਠਜੋੜ ਰਿਹਾ ਹੈ। ਜ਼ਿਕਰਯੋਗ ਹੈ ਕਿ ਬਾਗੀਆਂ ਨੂੰ ਦੂਸਰੀ ਪਾਰਟੀ ਦੇ ਏਜੰਟ ਦੱਸਣਾ ਬਾਦਲ ਦੀ ਅਗਵਾਈ ਹੇਠ ਪੁਰਾਣੀ ਚਾਲ ਰਹੀ ਹੈ। ਇੱਥੋਂ ਤੱਕ ਕਿ ਪੰਥਕ ਦਿੱਗਜ ਗੁਰਚਰਨ ਸਿੰਘ ਟੌਹੜਾ ਨੂੰ ਵੀ ਕਾਂਗਰਸ ਦਾ ਏਜੰਟ ਕਰਾਰ ਦਿੱਤਾ ਗਿਆ ਜਦੋਂ ਉਨ੍ਹਾਂ ਨੇ ਪਾਰਟੀ ਪ੍ਰਧਾਨ ਵਜੋਂ ਬਾਦਲ ਦੀ ਲੀਡਰਸ਼ਿਪ ’ਤੇ ਸਵਾਲ ਚੁੱਕੇ। ਬਾਦਲ ਕੋਲ ਮੁੱਖ ਮੰਤਰੀ ਦੇ ਨਾਲ-ਨਾਲ ਪਾਰਟੀ ਪ੍ਰਧਾਨ ਦੇ ਅਹੁਦੇ ਵੀ ਸਨ। ਟੌਹੜਾ ਨੇ ਕਾਰਜਕਾਰੀ ਪ੍ਰਧਾਨ ਦੀ ਨਿਯੁਕਤੀ ਦਾ ਪ੍ਰਸਤਾਵ ਰੱਖਿਆ ਸੀ।

ਹੁਣ ਇਹ ਭਾਜਪਾ ਅਤੇ ਆਰ.ਐਸ.ਐਸ. ਹਨ ਜੋ ਸਿੱਖ ਸੰਸਥਾਵਾਂ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਹਮਲੇ ਦਾ ਸਾਹਮਣਾ ਕਰ ਰਹੇ ਹਨ। ਇਹ ਬਿਰਤਾਂਤ ਤਿੰਨ ਕਿਸਾਨ ਕਾਨੂੰਨਾਂ ਦੇ ਮੁੱਦੇ ’ਤੇ ਦੋਵਾਂ ਪਾਰਟੀਆਂ ਵਿਚਕਾਰ ਗਠਜੋੜ ਦੇ ਖਤਮ ਹੋਣ ਤੋਂ ਬਾਅਦ ਸ਼ੁਰੂ ਹੋਇਆ ਸੀ, ਜਿਸਦਾ ਅਕਾਲੀ ਦਲ ਨੇ ਪਹਿਲਾਂ ਬੇਸ਼ਰਮੀ ਨਾਲ ਸਮਰਥਨ ਕੀਤਾ ਸੀ ਪਰ ਦਬਾਅ ਹੇਠ ਆਪਣਾ ਸਟੈਂਡ ਬਦਲਣਾ ਪਿਆ ਸੀ।

1 ਜੁਲਾਈ ਨੂੰ ਅਕਾਲੀ ਬਿਰਤਾਂਤ ਵਿੱਚ ਇੱਕ ਹੋਰ ਮੋੜ ਆਇਆ ਜਦੋਂ ਬਾਗੀ ਧੜੇ ਨੇ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ 2007-2017 ਤੱਕ ਪਾਰਟੀ ਦੇ ਸੱਤਾ ਵਿੱਚ ਰਹਿਣ ਵੇਲੇ ਕੀਤੀਆਂ ਚਾਰ ਗਲਤੀਆਂ ਲਈ ਮੁਆਫ਼ੀ ਮੰਗੀ। ਪ੍ਰਾਸਚਿਤ ਦੀ ਮੰਗ ਕਰਨ ਵਾਲੇ ਇਸ ਪੱਤਰ ਨੇ ਗੱਲ ਨੂੰ ਅੱਗੇ ਵਧਾਇਆ ਕਿਉਂਕਿ ਉਨ੍ਹਾਂ ਨੇ ਕਿਹਾ ਕਿ ਜਦੋਂ ਇਹ ਗਲਤੀਆਂ ਕੀਤੀਆਂ ਗਈਆਂ ਸਨ ਤਾਂ ਉਨ੍ਹਾਂ ਨੇ ਆਪਣੀ ਆਵਾਜ਼ ਨਾ ਚੁੱਕਣ ਦਾ ਪਾਪ ਕੀਤਾ ਸੀ। ਦਸਤਖ਼ਤ ਕਰਨ ਵਾਲਿਆਂ ਵਿੱਚ ਬੀਬੀ ਜਗੀਰ ਕੌਰ, ਸੁਖਦੇਵ ਸਿੰਘ ਢੀਂਡਸਾ, ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਸ਼ਾਮਲ ਸਨ। ਇਸ ਸ਼ਿਕਾਇਤ ਵਿੱਚ ਸੁਖਬੀਰ ਅਤੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਨਾਂ ਵੀ ਸ਼ਾਮਿਲ ਸੀ।

ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਬੇਅਦਬੀ ਦੇ ਦੋਸ਼ ਤੋਂ ਬਰੀ ਕੀਤੇ ਜਾਣ ਦੀ ਵੱਡੀ ਸ਼ਿਕਾਇਤ ਸੀ । ਅਕਾਲ ਤਖ਼ਤ ਦੇ ਮੁਖੀ ਗਿਆਨੀ ਨੂੰ ਤਲਬ ਕਰਕੇ ਇਹ ਬਰੀ ਕਰ ਦਿੱਤਾ ਗਿਆ ਸੀ। ਗੁਰਬਚਨ ਸਿੰਘ ਅਤੇ ਉਸਦੇ ਸਾਥੀਆਂ ਦਾ ਸਤੰਬਰ 2015 ਵਿੱਚ ਮੁੱਖ ਮੰਤਰੀ ਬਾਦਲ ਦੀ ਸਰਕਾਰੀ ਰਿਹਾਇਸ਼ ’ਤੇ ਜਾਣਾ ਅਤੇ ਇਹ ਸਿੱਖ ਮਰਿਆਦਾ ਦੀ ਘੋਰ ਉਲੰਘਣਾ ਹੈ ਕਿਉਂਕਿ ਜਥੇਦਾਰਾਂ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ’ਤੇ ਮੀਟਿੰਗ ਲਈ ਨਹੀਂ ਬੁਲਾਇਆ ਜਾ ਸਕਦਾ। ਉਸ ਦਿਨ ਮੁਆਫ਼ੀਨਾਮੇ ਨੂੰ ਅੰਤਿਮ ਰੂਪ ਦਿੱਤਾ ਗਿਆ ਅਤੇ 24 ਸਤੰਬਰ 2015 ਨੂੰ ਗੁਰਮਤਿ ਦੇ ਰੂਪ ਵਿੱਚ ਜਾਰੀ ਕੀਤਾ ਗਿਆ। ਕਿਉਂਕਿ ਇਸ ਮੁਆਫ਼ੀ ਨੇ ਸਿੱਖਾਂ ਨੂੰ ਨਾਰਾਜ਼ ਕੀਤਾ, ਸ਼੍ਰੋਮਣੀ ਕਮੇਟੀ ਨੇ ਇਸ ਦਾ ਬਚਾਅ ਕਰਦੇ ਹੋਏ ਕਾਗ਼ਜ਼ਾਂ ਵਿੱਚ ਇਸ਼ਤਿਹਾਰ ਪਾ ਦਿੱਤੇ। ਹਾਲਾਂਕਿ ਇਸ ਨੂੰ ਬਾਅਦ ਵਿੱਚ 16 ਅਕਤੂਬਰ 2015 ਨੂੰ ਵਾਪਸ ਲੈਣਾ ਪਿਆ। ਗਿਆਨੀ ਗੁਰਬਚਨ ਸਿੰਘ ਨੂੰ ਸਿੱਖਾਂ ਵੱਲੋਂ ਬਾਈਕਾਟ ਦਾ ਸਾਹਮਣਾ ਕਰਨਾ ਪਿਆ ਅਤੇ ਉਹ ਅਕਾਲ ਤਖ਼ਤ ਵਿਖੇ ਆਪਣੀ ਡਿਊਟੀ ’ਤੇ ਵੀ ਹਾਜ਼ਰ ਨਾ ਹੋ ਸਕਿਆ।

ਇਹ 24 ਸਤੰਬਰ ਨੂੰ 11 ਮਈ, 2007 ਨੂੰ ਬੇਅਦਬੀ ਲਈ ਬਰੀ ਕੀਤਾ ਗਿਆ ਸੀ। ਉਸ ਦਿਨ ਡੇਰਾ ਸੱਚਾ ਸੌਦਾ ਨੇ ਆਪਣੇ ਪੰਜਾਬ ਹੈੱਡਕੁਆਟਰ ਬਠਿੰਡਾ ਜ਼ਿਲ੍ਹੇ ਦੇ ਸਲਾਬਤਪੁਰਾ ਵਿਖੇ ਜਾਮ-ਏ-ਇਨਸਾਨ ਨੂੰ ਅੰਮ੍ਰਿਤ ਦੀ ਨਕਲ ਕਰਨ ਦੀ ਰਸਮ ਅਦਾ ਕਰਨ ਲਈ ਇੱਕ ਸਮਾਗਮ ਦਾ ਆਯੋਜਨ ਕੀਤਾ ਸੀ। ਸਿੱਖਾਂ ਦੀ ਰਸਮ ਕਰਦੇ ਹੋਏ ਰਾਮ ਰਹੀਮ ਗੁਰੂ ਗੋਬਿੰਦ ਸਿੰਘ ਵਰਗੀ ਪਹਿਰਾਵੇ ’ਚ ਨਜ਼ਰ ਆਏ। ਪੰਜਾਬ ਦੋ ਦਿਨ ਬਾਅਦ ਹਿਲਾ ਕੇ ਰੱਖ ਦਿੱਤਾ ਜਦੋਂ ਇਸ ਸਮਾਰੋਹ ਦੀਆਂ ਤਸਵੀਰਾਂ ਵੇਰਵੇ ਸਮੇਤ ਇੱਕ ਇਸ਼ਤਿਹਾਰ ਵਿੱਚ ਸਾਹਮਣੇ ਆਈਆਂ। ਇਹ ਸਮਾਗਮ ਆਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਸਾਜਣਾ ਦੀ ਨਕਲ ਸੀ। ਸਿੱਖਾਂ ਨੇ ਗੁੱਸੇ ਨਾਲ ਪ੍ਰਤੀਕ੍ਰਿਆ ਦਿੱਤੀ। ਅਕਾਲ ਤਖ਼ਤ ਸਾਹਿਬ ਦੇ ਮੁਖੀ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ 17 ਮਈ, 2007 ਨੂੰ ਬਠਿੰਡਾ ਜ਼ਿਲ੍ਹੇ ਦੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਜਥੇਦਾਰਾਂ ਦੀ ਮੀਟਿੰਗ ਬੁਲਾਈ ਅਤੇ ਸਿੱਖ ਸੰਗਤ ਨੂੰ ਹੁਕਮਨਾਮਾ ਜਾਰੀ ਕੀਤਾ ਕਿ ਉਹ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨਾਲ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਮੇਤ ਸਾਰੇ ਸਬੰਧ ਤੋੜ ਲੈਣ। ਡੇਰਾ ਸੱਚਾ ਸੌਦਾ ਅਤੇ ਇਸਦੇ ਪੈਰੋਕਾਰ ਸਿੱਖ ਪਾਦਰੀਆਂ ਨੇ ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰਾਂ ਨੂੰ ਡੇਰਾ ਮੁਖੀ ਦੀਆਂ ਦੇਸ਼ ਵਿਰੋਧੀ ਗਤੀਵਿਧੀਆਂ ’ਤੇ ਪਾਬੰਦੀ ਲਗਾਉਣ ਦੇ ਨਿਰਦੇਸ਼ ਦਿੱਤੇ ਹਨ।

ਇਸ ਹੁਕਮਨਾਮੇ ਦਾ ਖਰੜਾ ਤਿਆਰ ਕਰਨ ਲਈ ਜਥੇਦਾਰਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦੀ ਇੱਕ ਕਮੇਟੀ ਬਣਾਈ ਗਈ ਸੀ ਜਿਸ ਨੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਮੈਂਬਰ ਵਜੋਂ ਸ਼ਾਮਲ ਹੋਏ। ਡਾ. ਰੂਪ ਸਿੰਘ ਨੇ ਪਿਛਲੇ ਹਫ਼ਤੇ ਇਸ ਲੇਖਕ ਨਾਲ ਸਾਂਝਾ ਕੀਤਾ ਸੀ ਕਿ ਕਮੇਟੀ ਇੱਕ ਖਾਸ ਅਕਾਲੀ ਆਗੂ ਦੇ ਦਬਾਅ ਹੇਠ ਆਈ ਸੀ ਜੋ ਸਿਆਸੀ ਬਾਈਕਾਟ ਦੇ ਪਹਿਲੂ ਨੂੰ ਡਰਾਫਟ ਵਿੱਚੋਂ ਹਟਾਉਣਾ ਚਾਹੁੰਦਾ ਸੀ। ਉਸ ਨੇ ਦਬਾਅ ਦਾ ਵਿਰੋਧ ਕੀਤਾ। ਇਸ ਦੇ ਨਾਲ ਹੀ ਬਠਿੰਡਾ ਵਿੱਚ 5 ਮਈ 2007 ਨੂੰ ਰਜਿੰਦਰ ਸਿੰਘ ਸਿੱਧੂ ਵੱਲੋਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਇੱਕ ਫੌਜਦਾਰੀ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਨੇ ਇਹ ਕੇਸ ਵਾਪਸ ਲੈਣ ਲਈ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਬਠਿੰਡਾ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਸੀ। ਅਦਾਲਤ ਨੇ 2014 ਵਿੱਚ ਇਹ ਕੇਸ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ ਸੀ। ਅਕਾਲੀ ਦਲ ਦੀ ਸਰਕਾਰ ਸੀ। ਇਹ ਕੇਸ ਵਾਪਸ ਲੈਣਾ ਅਕਾਲ ਤਖ਼ਤ ਸਾਹਿਬ ਕੋਲ ਸ਼ਿਕਾਇਤਾਂ ਵਿੱਚੋਂ ਇੱਕ ਹੈ।

ਸ਼ਿਕਾਇਤ ਵਿੱਚ ਸੁਮੇਧ ਸਿੰਘ ਸੈਣੀ ਦੀ ਪੁਲਿਸ ਡਾਇਰੈਕਟਰ ਜਨਰਲ ਵਜੋਂ ਨਿਯੁਕਤੀ ਅਤੇ ਸੇਵਾਮੁਕਤ ਪੁਲਿਸ ਡਾਇਰੈਕਟਰ ਜਨਰਲ ਮੁਹੰਮਦ ਇਜ਼ਹਾਰ ਆਲਮ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰਨ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਹ ਦੋਵੇਂ ਅਧਿਕਾਰੀ ਇੱਕ ਸਮੇਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ੀ ਗਏ ਸਨ ਅਤੇ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਸਨ ਜਿਨ੍ਹਾਂ ਵਿਰੁੱਧ ਅਕਾਲੀ ਦਲ ਨੇ 1996 ਦੇ ਲੋਕ ਸਭਾ ਅਤੇ 1997 ਦੇ ਵਿਧਾਨ ਸਭਾ ਚੋਣ ਮਨੋਰਥ ਪੱਤਰਾਂ ਵਿੱਚ ਕਾਰਵਾਈ ਕਰਨ ਦਾ ਵਾਅਦਾ ਕੀਤਾ ਸੀ।

ਬਾਦਲ ਸਰਕਾਰ ਬਣਨ ਤੋਂ ਬਾਅਦ ਇਸ ਵਾਅਦੇ ਤੋਂ ਪਿੱਛੇ ਹਟ ਗਏ ਸਨ। ਸੁਖਬੀਰ ਸਿੰਘ ਬਾਦਲ ਨੂੰ ਇਸ ਸ਼ਿਕਾਇਤ ਦੇ ਆਧਾਰ ’ਤੇ ਅਕਾਲ ਤਖ਼ਤ ਸਾਹਿਬ ਵੱਲੋਂ ਦੋਸ਼ੀ ਠਹਿਰਾਇਆ ਗਿਆ ਸੀ ਅਤੇ 2 ਸਤੰਬਰ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ।

ਅਕਾਲ ਤਖ਼ਤ ਸਾਹਿਬ ਨੇ 2007-17 ਤੱਕ ਬਾਦਲ ਮੰਤਰੀ ਮੰਡਲ ਦੇ ਸਾਰੇ ਸਿੱਖ ਮੈਂਬਰਾਂ ਅਤੇ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰਾਂ ਤੋਂ ਲਿਖਤੀ ਸਪੱਸ਼ਟੀਕਰਨ ਲੈਣ ਤੋਂ ਬਾਅਦ 2 ਦਸੰਬਰ ਨੂੰ ਤਲਬ ਕੀਤਾ। ਇਸ ਤੋਂ ਪਹਿਲਾਂ ਇਤਿਹਾਸ ਵਿੱਚ ਵਿਅਕਤੀਗਤ ਤੌਰ ’ਤੇ ਆਗੂ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋ ਚੁੱਕੇ ਹਨ।

ਹਾਲਾਂਕਿ, 2 ਦਸੰਬਰ ਨੂੰ ਜੋ ਹੋਇਆ ਉਹ ਬੇਮਿਸਾਲ ਸੀ ਕਿਉਂਕਿ ਸਮੁੱਚੀ ਲੀਡਰਸ਼ਿਪ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖੜ੍ਹੀ ਸੀ ਜਿੱਥੋਂ ਸ਼ਿਕਾਇਤਾਂ ’ਤੇ ਉਨ੍ਹਾਂ ਤੋਂ ਪੁੱਛ-ਗਿੱਛ ਕੀਤੀ ਗਈ ਅਤੇ ਹਾਂ ਜਾਂ ਨਾਂਹ ਕਹਿਣ ਦਾ ਵਿਕਲਪ ਦਿੱਤਾ ਗਿਆ। ਉਨ੍ਹਾਂ ਤੋਂ ਪੁੱਛ-ਗਿੱਛ ਕਰਨ ਤੋਂ ਬਾਅਦ ਹੀ ਫੈਸਲਾ ਸੁਣਾਇਆ ਗਿਆ। ਹੁਕਮਨਾਮੇ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤੀ ਗਈ ਫਖਰ-ਏ-ਕੌਮ ਦੀ ਉਪਾਧੀ ਨੂੰ ਰੱਦ ਕਰਨਾ ਹੈ। ਇਸ ਫੈਸਲੇ ਨੇ 1999 ਤੋਂ ਅਕਾਲੀ ਸਿਆਸਤ ’ਤੇ ਇਸ ਆਗੂ ਦੇ ਦਬਦਬੇ ’ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਜੜ੍ਹ ਡੇਰਾ ਸੱਚਾ ਸੌਦਾ ਦੀਆਂ ਗਤੀਵਿਧੀਆਂ ਨਾਲ ਜੁੜੀ ਹੋਈ ਹੈ ? 1 ਜੂਨ, 2015 ਨੂੰ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਾਪਤਾ ਹੋਣ ਦੀ ਸੂਚਨਾ ਮਿਲੀ ਸੀ, ਜਿਸ ਦੇ ਪਾਟੇ ਹੋਏ ਪੰਨੇ 12 ਅਕਤੂਬਰ ਦੀ ਸਵੇਰ ਨੂੰ ਬਰਗਾੜੀ ਦੇ ਨਾਲ ਲੱਗਦੇ ਪਿੰਡ ਦੀਆਂ ਗਲੀਆਂ ਵਿੱਚ ਖਿੱਲਰੇ ਪਾਏ ਗਏ ਸਨ।

ਪੁਲਿਸ ਨੇ 14 ਅਕਤੂਬਰ ਦੀ ਸਵੇਰ ਨੂੰ ਕੋਟਕਪੂਰਾ ਵਿਖੇ ਪਹਿਲਾਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੇ ਲੋਕਾਂ ’ਤੇ ਗੋਲੀਬਾਰੀ ਕੀਤੀ ਅਤੇ 3 ਘੰਟੇ ਬਾਅਦ ਬਰਗਾੜੀ ਨੇੜੇ ਬਹਿਬਲ ਕਲਾਂ ਵਿਖੇ ਦੋ ਵਿਅਕਤੀਆਂ ਦੀ ਮੌਤ ਹੋ ਗਈ। ਬਾਦਲ ਸਰਕਾਰ ਖ਼ਿਲਾਫ਼ ਪ੍ਰਦਰਸ਼ਨਕਾਰੀਆਂ ਵੱਲੋਂ ਹਾਈਵੇ ਜਾਮ ਕੀਤੇ ਜਾਣ ਕਾਰਨ ਪੰਜਾਬ ਕਈ ਦਿਨਾਂ ਤੱਕ ਠੱਪ ਰਿਹਾ। 10 ਨਵੰਬਰ, 2015 ਨੂੰ ਅੰਮ੍ਰਿਤਸਰ ਦੇ ਨੇੜੇ ਚੱਬਾ ਵਿਖੇ ਇੱਕ ਵਿਸ਼ਾਲ ਸਿੱਖ ਇਕੱਠ ਦੇਖਿਆ ਗਿਆ ਜਿਸ ਨੇ ਰਾਮ ਰਹੀਮ ਦੀ ਬਰੀ ਹੋਣ ’ਤੇ ਦਸਤਖਤ ਕਰਨ ਵਾਲੇ ਸਾਰੇ ਜਥੇਦਾਰਾਂ ਨੂੰ ਮੁਕਤ ਕਰਨ ਦਾ ਫੈਸਲਾ ਕੀਤਾ।

(ਬਾਕੀ ਸਫ਼ਾ 30 ’ਤੇ)

# ਭਾਈ ਨਰਾਇਣ ਸਿੰਘ ਚੌੜਾ ਵੱਲੋਂ ਕੀਤੇ ਅਗਨ ਸ਼ਸਤਰ ਦੇ ਖੜਾਕ ਬਾਰੇ ਭਾਈ ਦਲਜੀਤ ਸਿੰਘ ਵੱਲੋਂ ਲਿਖਤੀ ਬਿਆਨ...

20 ਮੱਘਰ ਨਾਨਕਸ਼ਾਹੀ ਸੰਮਤ 556 ਨੂੰ ਭਾਈ ਨਰਾਇਣ ਸਿੰਘ ਵੱਲੋਂ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਬਾਹਰੀ ਪਰਿਕਰਮਾ ਵਿੱਚ ਸਥਿਤ ਘੰਟਾ ਘਰ ਡਿਓੜੀ ਦੇ ਬਾਹਰ-ਵਾਰ 175 ਇੰਡੀਅਨ ਸੁਰੱਖਿਆ ਦਸਤਿਆਂ ਦੀ ਰਾਖੀ ਵਿੱਚ ਬਰਛਾ ਬਰਦਾਰ ਦੀ ਹੈਸੀਅਤ ਵਿੱਚ ਤੈਨਾਤ ਸੁਖਬੀਰ ਸਿੰਘ ਬਾਦਲ ਦੇ ਸਨਮੁਖ ਅਗਨੀ ਸ਼ਸਤਰ ਦਾ ਜੋ ਖੜਾਕ ਕੀਤਾ ਹੈ, ਉਹ ਇੱਕ ਅਤਿ ਸੰਜੀਦਾ ਮਸਲਾ ਹੈ।



ਸਿੱਖਾਂ ਦੇ ਕਈ ਹਿੱਸਿਆਂ ਨੇ ਭਾਈ ਨਰਾਇਣ ਸਿੰਘ ਵੱਲੋਂ ਕੀਤੀ ਕਾਰਵਾਈ ਦੇ ਸਮੇਂ ਅਤੇ ਸਥਾਨ ਬਾਰੇ ਇਤਰਾਜ਼ ਜ਼ਾਹਿਰ ਕੀਤੇ ਹਨ। ਭਾਈ ਨਰਾਇਣ ਸਿੰਘ ਖ਼ਾਲਸਾ ਪੰਥ ਨੂੰ ਸਮਰਪਿਤ ਇੱਕ ਗਿਆਨਵਾਨ, ਜਾਂਬਾਜ਼, ਸੰਗਰਾਮੀ, ਸਿਦਕਵਾਨ ਤੇ ਨਿਸ਼ਕਾਮ ਸਖਸ਼ੀਅਤ ਹਨ ਅਤੇ ਆਪਣੇ ਵੱਲੋਂ ਚੁੱਕੇ ਕਦਮ ਦੇ ਸਮੇਂ ਤੇ ਸਥਾਨ ਦੀ ਚੋਣ ਬਾਰੇ ਉਹ ਹੀ ਬਿਹਤਰ ਸਪਸ਼ਟ ਕਰ ਸਕਦੇ ਹਨ।

ਵਿਆਪਕ ਰਾਜਸੀ ਹਾਲਾਤ ਨੂੰ ਵਿਚਾਰਦਿਆਂ ਇਹ ਗੱਲ ਪਰਤੱਖ ਹੈ ਕਿ ਇਸ ਸਮੇਂ ਸਿੱਖ ਦਿੱਲੀ ਦਰਬਾਰ ਦੇ ਜਬਰ ਦੀ ਕੌਮਾਂਤਰੀ ਮੁਹਿੰਮ ਅਤੇ ਤੇਜੀ ਨਾਲ ਬਦਲ ਰਹੇ ਅੰਤਰ-ਰਾਸ਼ਟਰੀ ਹਾਲਾਤ ਕਰਕੇ ਚੁਣੌਤੀਆਂ ਭਰਪੂਰ ਦੌਰ ਵਿਚੋਂ ਲੰਘ ਰਹੇ ਹਨ। ਅਜਿਹੇ ਵਿੱਚ ਸਿੱਖਾਂ ਦੇ ਅੰਦਰੂਨੀ ਖੇਮਿਆਂ ਵਿੱਚ ਵਾਪਰਨ ਵਾਲੀ ਹਿੰਸਾ ਹਾਲਾਤ ਨੂੰ ਹੋਰ ਪੇਚੀਦਾ ਕਰਕੇ ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ ਵਿੱਚ ਹੋਰ ਵਾਧਾ ਕਰ ਸਕਦੀ ਹੈ। ਰਾਜਸੀ ਰਣਨੀਤੀ ਦੇ ਪੱਖ ਤੋਂ ਸਿੱਖਾਂ ਨੂੰ ਅੰਦਰੂਨੀ ਹਿੰਸਾ ਤੋਂ ਬਚ ਕੇ ਰਹਿਣ ਦੀ ਲੋੜ ਹੈ।

ਭਾਈ ਨਰਾਇਣ ਸਿੰਘ ਵੱਲੋਂ ਵਰਤਾਈ ਗਈ ਘਟਨਾ ਅਚਾਨਕ ਜਾਂ ਕਿਸੇ ਖ਼ਲਾਅ ਵਿਚੋਂ ਪੈਦਾ ਨਹੀਂ ਹੋਈ ਤੇ ਨਾ ਹੀ ਇਸ ਨੂੰ ਸਹੀ ਜਾਂ ਗਲਤ ਦੀ ਸੀਮਤ ਧਾਰਨਾ ਰਾਹੀਂ ਸਮਝਿਆ ਜਾ ਸਕਦਾ ਹੈ। ਇਸ ਦੀ ਪਿਠ-ਭੂਮੀ ਵਿੱਚ ਬਾਦਲ ਦਲ ਨੁਮਾ ਅਕਾਲੀ ਕਹਾਉਣ ਵਾਲੇ ਵੱਖ- ਵੱਖ ਧੜਿਆਂ ਵੱਲੋਂ ਬੀਤੇ ਕਰੀਬ ਪੰਜ ਦਹਾਕਿਆਂ ਦੌਰਾਨ ਗੁਰੂ ਗ੍ਰੰਥ, ਗੁਰੂ ਖ਼ਾਲਸਾ ਪੰਥ ਅਤੇ ਪੰਜਾਬ ਦੇ ਹਿਤਾਂ ਨਾਲ ਕੀਤੇ ਵਿਸਾਹ ਘਾਤ ਦਾ ਲੰਮਾ ਇਤਿਹਾਸ ਪਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖ਼ਾਲਸਾ ਪੰਥ ਉੱਤੇ ਸੂਖਮ ਅਤੇ ਸਥੂਲ ਹਮਲੇ (ਗੁਰੂ ਪਾਤਿਸ਼ਾਹ ਦੇ ਸਵਾਂਗ ਤੇ ਸ਼ਬਦ ਗੁਰੂ ਵਿਰੋਧੀ ਅਮਲ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਤੱਕ) ਕਰਨ ਵਾਲੇ ਗੁਰੂ ਦੋਖੀ ਸਿਰਸੇ ਵਾਲੇ ਪਾਖੰਡੀ ਨਾਲ ਸਾਂਝ, ਸਿੱਖਾਂ 'ਤੇ ਜਬਰ ਕਰਨ ਵਾਲੇ ਪੁਲਿਸ ਅਫ਼ਸਰਾਂ ਨਾਲ ਸਹਿਯੋਗ ਕਰਨ ਅਤੇ ਉਹਨਾਂ ਦੀ ਪੁਸ਼ਤਪਨਾਹੀ ਕਰਨ, ਸੌਦਾ ਸਾਧ ਮੁਆਫ਼ੀ ਕਾਂਡ ਵਿੱਚ ਅਕਾਲ ਤਖ਼ਤ ਸਾਹਿਬ ਦੀ ਸਿਰਮੌਰਤਾ ਨੂੰ ਢਾਹ ਲਾਉਣ, ਸੌਦਾ ਸਾਧ ਮੁਆਫ਼ੀ ਕਾਂਡ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਰਾਜਸੀ ਹਿੱਤ ਲਈ ਵਰਤ ਕੇ ਉਸ ਦੀ ਧਾਰਮਿਕ ਸ਼ਾਖ ਨੂੰ ਖੋਰਾ ਲਾਉਣ ਅਤੇ ਪੰਥਕ ਮੁੱਦਿਆਂ ਨੂੰ ਵਿਸਾਰ ਕੇ ਅਕਾਲੀ ਦਲ ਨੂੰ ਇੱਕ ਪੰਜਾਬੀ ਪਾਰਟੀ ਬਣਾਉਣ ਦੇ ਗੁਨਾਹ ਸੁਖਬੀਰ ਬਾਦਲ ਨੇ ਖੁਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਖੜ੍ਹੇ ਹੋ ਕੇ ਕਬੂਲੇ ਹਨ। ਇਸ ਤੋਂ ਇਲਾਵਾ ਦੇਸ਼ ਪੰਜਾਬ ਦੇ ਹਿਤਾਂ ਨੂੰ ਆਪਣੀਆਂ ਰਾਜਸੀ ਲਾਲਸਾਵਾਂ ਉੱਤੋਂ ਕੁਰਬਾਨ ਕਰਨ ਦਾ ਹਿਸਾਬ ਹੋਣਾ ਅਜੇ ਬਾਕੀ ਹੈ।

ਸੋ 20 ਮੱਘਰ ਵਾਲੀ ਘਟਨਾ ਜਿਸ ਮਹੌਲ ਦੀ ਉਪਜ ਹੈ ਉਹ ਮਹੌਲ ਸਿਰਜਣ ਲਈ ਬਾਦਲ ਦਲ ਦੀ ਸਮੁੱਚੀ ਮੌਜੂਦਾ ਤੇ ਸਾਬਕਾ ਅਗਵਾਈ (ਲੀਡਰਸ਼ਿਪ) ਅਤੇ ਮੌਜੂਦਾ ਜਥੇਦਾਰ, ਜਿਹਨਾਂ ਇੰਨੇ ਗੰਭੀਰ ਗੁਨਾਹਾਂ ਦੇ ਕਬੂਲ ਨਾਮੇ ਬਾਰੇ ਇੱਕ ਅਧੂਰਾ ਤੇ ਪੰਥਕ ਕਸੌਟੀ ਪੱਖੋਂ ਬਿਲਕੁਲ ਕੱਚਾ ਫ਼ੈਸਲਾ ਕੀਤਾ ਹੈ, ਸਮੂਹਕ ਰੂਪ ਵਿੱਚ ਜਿੰਮੇਵਾਰ ਹਨ।

ਪੰਥ ਨੂੰ ਸਮਰਪਿਤ ਇੱਕ ਸਿਦਕੀ ਤੇ ਸਿਰੜੀ ਸਿੱਖ ਵੱਲੋਂ 20 ਮੱਘਰ ਵਾਲੀ ਘਟਨਾ ਅੰਜਾਮ ਦੇਣੀ ਬਾਦਲ ਦਲ਼ੀਆਂ, ਸਮੂਹ ਸਿੱਖਾਂ ਅਤੇ ਖ਼ਾਲਸਾ ਪੰਥ ਲਈ ਗੰਭੀਰ ਚਿੰਤਨ ਦਾ ਸਬੱਬ ਬਣਨੀ ਚਾਹੀਦੀ ਸੀ। ਪਰ ਬਾਦਲ ਦਲ ਦੇ ਆਗੂਆਂ ਨੇ ਇਸ ਘਟਨਾ ਤੋਂ ਬਾਅਦ ਖ਼ਾਲਸਾ ਪੰਥ ਦੀ ਖਾੜਕੂ ਲਹਿਰ ਨੂੰ ਨਿੰਦਣ ਦਾ ਪੈਂਤੜਾ ਲੈ ਕੇ ਆਪਣੇ ਹੋਛੇਪਣ ਦਾ ਮੁਜ਼ਾਹਿਰਾ ਕੀਤਾ ਹੈ। ਇਸ ਘਟਨਾ ਤੋਂ ਬਾਅਦ ਬਾਦਲ ਦਲ਼ੀਏ ਸਭ ਪਰਦੇ ਲਾਹ ਕੇ ਕੇਂਦਰ ਦੀ ਸੱਤਾਧਾਰੀ ਭਾਜਪਾ ਦੀ ਖੁਸ਼ਨੂਦੀ ਹਾਸਿਲ ਕਰਨ ਲਈ ਜਿਸ ਹੱਦ ਤੱਕ ਗਏ ਹਨ ਉਹ ਦਰਸਾਉਂਦਾ ਹੈ ਕਿ ਨਾ ਤਾਂ ਇਹ ਮੌਜੂਦਾ ਹਾਲਾਤ ਨੂੰ ਸਮਝ ਰਹੇ ਹਨ ਤੇ ਨਾ ਹੀ ਇਹਨਾਂ ਬੀਤੇ ਤੋਂ ਕੁਝ ਸਿੱਖਿਆ ਹੈ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਵੱਲੋਂ ਮਤਾ ਪਾ ਕੇ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕਣ ਲਈ ਆਪਣੇ ਵੱਲੋਂ ਲਗਾਏ ਗਏ ਜਥੇਦਾਰਾਂ ਨੂੰ ਕਹਿਣਾ ਸਰਾਸਰ ਗਲਤ ਅਤੇ ਰੱਦ ਕਰਨਯੋਗ ਕਾਰਵਾਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਚੁੱਕਿਆ ਇਹ ਕਦਮ ਦਰਸਾਉਂਦਾ ਹੈ ਕਿ ਸ਼੍ਰੋਮਣੀ ਕਮੇਟੀ ਨਿਰਪੱਖ ਨਹੀਂ ਸਗੋਂ 'ਨੈਤਿਕ ਤੌਰ ਉੱਤੇ ਅਗਵਾਈ ਦੇ ਅਯੋਗ' ਲੀਡਰਸ਼ਿਪ ਦੇ ਦਬਾਅ ਵਿੱਚ ਹੈ ਅਤੇ ਉਹ ਅਜੇ ਵੀ ਤਖ਼ਤ ਸਾਹਿਬਾਨ ਦੇ



ਜਥੇਦਾਰਾਂ ਦੀ ਬਾਦਲ ਦਲ ਦੇ ਰਾਜਸੀ ਮੁਫ਼ਾਦਾਂ ਲਈ ਵਰਤੋਂ ਕਰਨ ਉੱਤੇ ਤੁਲੇ ਹੋਏ ਹਨ, ਜਿਹਾ ਕਿ ਉਹਨਾਂ 2015 ਵਿੱਚ ਸਿਰਸੇ ਵਾਲੇ ਪਾਖੰਡੀ ਨੂੰ ਮਾਫ਼ੀ ਦਿਵਾ ਕੇ ਕੀਤਾ ਸੀ। ਬਾਦਲਕੇ ਅਜੇ ਵੀ ਉਹੀ ਕੁਝ ਕਰ ਰਹੇ ਹਨ ਜਿਸ ਕਰਕੇ ਉਹ ਸਿੱਖਾਂ ਵੱਲੋਂ ਰੱਦ ਕੀਤੇ ਗਏ ਹਨ। ਇਹ ਇਹਨਾਂ ਦੇ ਹੰਕਾਰੀ ਵਤੀਰੇ ਦਾ ਸੂਚਕ ਹੈ ਤੇ ਇਹੀ ਇਹਨਾਂ ਦੇ ਹਾਸ਼ੀਆਗ੍ਰਸਤ ਹੋਣ ਦਾ ਇੱਕ ਵੱਡਾ ਕਾਰਨ ਵੀ ਹੈ।

ਬਾਦਲ ਦਲ ਦੇ ਰਾਜਸੀ ਆਗੂਆਂ ਵੱਲੋਂ ਕੀਤੀ ਬਿਆਨਬਾਜ਼ੀ, ਸ਼੍ਰੋਮਣੀ ਕਮੇਟੀ ਵੱਲੋਂ ਭਾਈ ਚੌੜਾ ਨੂੰ ਖਾਲਸਾ ਪੰਥ ਵਿਚੋਂ ਛੇਕਣ ਦੇ ਮਤੇ ਅਤੇ ਜਥੇਦਾਰਾਂ ਵਲੋਂ ਕੀਤੇ ਦਿਸ਼ਾਹੀਣ ਫ਼ੈਸਲੇ ਨੇ ਸਿੱਖਾਂ ਵਿੱਚ ਅੰਦਰੂਨੀ ਕੁੜੱਤਣ ਨੂੰ ਹੋਰ ਵਧਾਉਣ ਦਾ ਕੰਮ ਕੀਤਾ ਹੈ। ਅਜਿਹਾ ਕਰਕੇ ਇਹ ਸਭ ਜਾਣੇ ਅਨਜਾਣੇ ਵਿੱਚ ਭਾਜਪਾ ਦੇ ਸਿੱਖਾਂ ਵਿਚਲੇ ਪਾੜੇ ਨੂੰ ਹੋਰ ਵਧਾਉਣ ਦੇ ਏਜੰਡੇ ਨੂੰ ਹੀ ਪੂਰਾ ਕਰ ਰਹੇ ਹਨ।

ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਲਈ ਸਿਰਜੇ ਜਾ ਰਹੇ ਬਿਰਤਾਂਤ ਪਿੱਛੇ ਦਿੱਲੀ ਦਰਬਾਰ ਦੀ ਸੱਤਾਧਾਰੀ ਧਿਰ ਭਾਜਪਾ ਦੀ ਭੂਮਿਕਾ ਨੂੰ ਘਟਾ ਕੇ ਨਹੀਂ ਵੇਖਣਾ ਚਾਹੀਦਾ। ਭਾਜਪਾ ਇਸ ਕਾਰਵਾਈ ਵਿੱਚ ਅਹਿਮ ਸੂਤਰਧਾਰ ਹੈ ਤੇ ਇਸ ਤੱਥ ਨੂੰ ਕਿਸੇ ਵੀ ਤਰ੍ਹਾਂ ਅਣਗੌਲਿਆ ਨਹੀਂ ਕੀਤਾ ਜਾਣਾ ਚਾਹੀਦਾ। ਸਾਰੇ ਪੰਥ ਦੀ ਸੂਤਰਧਾਰਤਾ ਦੀ ਬਜਾਏ ਜਥੇਦਾਰਾਂ ਵੱਲੋਂ ਸਿਰਫ਼ ਭਾਜਪਾ ਨਾਲ ਚੱਲਦੇ ਰਹੇ ਬਾਦਲ ਦਲ ਦੇ ਧੜਿਆਂ ਨੂੰ ਹੀ ਸੂਤਰਧਾਰ ਕਰਨ ਦੀ ਕਵਾਇਦ ਸ਼ੁਰੂ ਕਰਨਾ ਖਾਸ ਗੌਰ ਕਰਨ ਵਾਲੀ ਗੱਲ ਹੈ। ਬਾਦਲ ਪਰਿਵਾਰ ਵੱਡੇ ਗੁਨਾਹਾਂ ਦਾ ਭਾਗੀਦਾਰ ਹੈ ਪਰ ਇਹਨਾਂ ਗੁਨਾਹਾਂ ਲਈ ਸਿਰਫ਼ ਇਹੀ ਜਿੰਮੇਵਾਰ ਨਹੀਂ ਹਨ। ਬਾਦਲ ਦਲ ਦੇ ਦਾਗੀ-ਬਾਗੀ ਕਹੇ ਜਾਂਦੇ ਸਭ ਇਹਨਾਂ ਗੁਨਾਹਾਂ ਲਈ ਜ਼ਿੰਮੇਵਾਰ ਹਨ। ਸੋ, ਬਿਨਾ ਢਾਂਚਾਗਤ ਤੇ ਨੀਤੀਗਤ ਤਬਦੀਲੀ ਦੇ ਸਿਰਫ਼ ਚਿਹਰੇ (ਬਾਦਲਾਂ ਨੂੰ) ਬਦਲ ਕੇ ਇਸ ਪਾਰਟੀ ਨੂੰ ਮੁੜ ਸਥਾਪਿਤ ਕਰਨ ਦੇ ਯਤਨ ਅਸਲ ਵਿੱਚ ਇਸ ਪਾਰਟੀ ਨੂੰ ਕੇਂਦਰੀ ਹਕੂਮਤ ਉੱਤੇ ਕਾਬਜ਼ ਭਾਜਪਾ ਅਨੁਸਾਰੀ ਕਰਨ ਦੀ ਕਵਾਇਦ ਹੀ ਹੋਵੇਗੀ। ਇਸ ਲਈ ਜਥੇਦਾਰਾਂ ਦੇ ਫ਼ੈਸਲਿਆਂ ਤੋਂ ਉਤਸ਼ਾਹਿਤ ਹੋ ਕੇ ਅਕਾਲੀ ਦਲ ਦੀ ਪਿਛਲੀਆਂ ਲੀਹਾਂ ਉੱਤੇ ਹੀ ਉਸਾਰੀ ਕਰਨ ਦੇ ਚਾਹਵਾਨ ਸਿੱਖ ਹਿੱਸਿਆਂ ਨੂੰ ਸਾਰੇ ਹਾਲਾਤ ਨੂੰ ਵੇਖ ਕੇ ਆਪਣੇ ਅਮਲ ਸੰਕੋਚਣ ਦੀ ਲੋੜ ਹੈ। ਸਿੱਖ ਵੋਟ-ਰਾਜਨੀਤੀ ਤੇ ਪੰਥਕ ਸਿਆਸਤ ਦੇ ਸਨਮੁਖ ਮੌਜੂਦਾ ਸੰਕਟ ਨੂੰ ਮਹਿਜ਼ ਕਿਸੇ ਇੱਕ ਵੋਟਤੰਤਰੀ ਪਾਰਟੀ ਦੀ ਸੂਤਰਧਾਰਤਾ ਨਾਲ ਨਹੀਂ ਨਜਿੱਠਿਆ ਜਾ ਸਕਦਾ। ਇਸ ਵਾਸਤੇ ਸਮੁੱਚੀ ਪੰਥਕ ਰਾਜਨੀਤੀ ਦੇ ਚਾਰੇ ਪ੍ਰਮੁੱਖ ਹਿੱਸਿਆਂ- ਤਖਤ ਸਾਹਿਬਾਨ ਦੀ ਸਿਰਮੌਰਤਾ, ਨਿਰਪੱਖ ਤੇ ਵੋਟਤੰਤਰ ਵਾਲੀਆਂ ਰਾਜਸੀ ਧਿਰਾਂ ਦੇ ਪ੍ਰਭਾਵ ਤੋਂ ਮੁਕਤ ਖ਼ੁਦਮੁਖ਼ਤਿਆਰ ਗੁਰਦੁਆਰਾ ਪ੍ਰਬੰਧਨ, ਦੂਜੇ ਸੰਸਾਰੀ ਤਖਤਾਂ ਮਤਹਿਤ ਵੋਟ-ਰਾਜਨੀਤੀ ਅਤੇ ਖ਼ਾਲਸਾ ਜੀ ਕੇ ਬੋਲ-ਬਾਲੇ ਵਾਲਾ ਦੇਸ-ਕਾਲ ਘੜ੍ਹਨ ਦੇ ਸੰਘਰਸ਼ ਨੂੰ ਸੂਤਰਬੱਧ ਕਰਨ ਦੀ ਲੋੜ ਹੈ।

**-ਭਾਈ ਦਲਜੀਤ ਸਿੰਘ**


# DIAMOND TRANSPORTATION

DIAMOND
Transportation Logistics, Inc.

## Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

**Good Pay**

**Dedicated Routs**



**Weekly Payment**
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
**209.487.3699**

ਹਰਨੇਕ ਸਿੰਘ ਅਟਵਾਲ
**209.351.5965**

**2850 Loomis Rd, Stockton, CA 95205**

# ਕਿਹੜੀ ਐਂ ਤੂੰ ਸਾਗ ਤੋੜਦੀ . . .

ਜੋਗਿੰਦਰ ਕੌਰ ਅਗਨੀਹੋਤਰੀ



ਵੱਖ- ਵੱਖ ਰੁੱਤਾਂ ਵਿੱਚ ਖਾਣ ਪੀਣ ਦੀਆਂ ਚੀਜ਼ਾਂ ਵੀ ਵੱਖੋ- ਵੱਖ ਹਨ। ਗਰਮੀ ਦੀ ਰੁੱਤ ਵਿੱਚ ਠੰਢੀਆਂ ਸਬਜ਼ੀਆਂ ਬਣਾਈਆਂ ਜਾਂਦੀਆਂ ਹਨ ਤੇ ਖਾਧੀਆਂ ਜਾਂਦੀਆਂ ਹਨ। ਸਾਡੇ ਸੱਭਿਆਚਾਰ ਵਿੱਚ ਖਾਣ ਪੀਣ ਦੀਆਂ ਚੀਜ਼ਾਂ ਵਿੱਚ ਸਾਗ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਦੇ ਨਾਲ ਮੱਖਣ ਦਾ ਨਾਂ ਸੁਣਦਿਆਂ ਹੀ ਰੱਜੇ ਪੁੱਜੇ ਵਿਅਕਤੀ ਦੇ ਮੂੰਹ ਵਿੱਚ ਪਾਣੀ ਆ ਜਾਂਦਾ ਹੈ। ਇਹ ਖਾਣਾ ਵਿਸ਼ੇਸ਼ ਹੈ। ਕੁਝ ਇਲਾਕਿਆਂ ਵਿੱਚ ਸਾਗ ਨਾਲ ਬਾਜਰੇ ਦੀ ਰੋਟੀ ਵੀ ਬਹੁਤ ਪਸੰਦ ਕੀਤੀ ਜਾਂਦੀ ਹੈ। ਭਾਵੇਂ ਮੱਕੀ ਦੀ ਰੋਟੀ ਬਹੁਤ ਵਧੀਆ ਹੁੰਦੀ ਹੈ, ਪਰ ਸ਼ੂਗਰ ਦੇ ਮਰੀਜ਼ਾਂ ਲਈ ਇਹ ਲਾਭਦਾਇਕ ਨਹੀਂ ਬਲਕਿ ਬਾਜਰਾ ਫਾਇਦੇਮੰਦ ਹੈ। ਬਾਜਰੇ ਦੀ ਰੋਟੀ ਨਾਲ ਵੀ ਸਾਗ ਦਾ ਮੇਲ ਹੈ।

ਸਾਗ ਦੇ ਸ਼ੌਕੀਨ ਹਰ ਰੁੱਤ ਜਾਂ ਮੌਸਮ ਵਿੱਚ ਸਾਗ ਖਾ ਕੇ ਆਨੰਦ ਲੈਂਦੇ ਹਨ। ਸਾਗ ਸਰੋਂ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦਾ ਬਣਾਇਆ ਜਾਂਦਾ ਹੈ। ਇਸ ਨੂੰ ਗਰਮੀ ਦੀ ਰੁੱਤ ਵਿੱਚ ਵੀ ਖਾਧਾ ਜਾਂਦਾ ਹੈ। ਇਸ ਵਿੱਚ ਹੁੰਦਾ ਹੈ ਸਰ੍ਹੋਂ ਦਾ ਸੁਕਾਇਆ ਸਾਗ। ਸਰਦੀ ਦੀ ਰੁੱਤ ਵਿੱਚ ਸਰੋਂ ਦੇ ਸਾਗ ਨੂੰ ਕੱਟ ਕੇ ਸੁਕਾਇਆ ਜਾਂਦਾ ਹੈ ਅਤੇ ਗਰਮੀ ਦੀ ਰੁੱਤ ਵਿੱਚ ਇਸ ਨੂੰ ਪਾਲਕ ਪਾ ਕੇ ਬਣਾਇਆ ਜਾਂਦਾ ਹੈ। ਗਰਮੀ ਵਿੱਚ ਚਲਾਈ ਦਾ ਸਾਗ ਬਣਾਇਆ ਜਾਂਦਾ ਹੈ। ਇਸ ਸਾਗ ਵਿੱਚ ਥੋੜ੍ਹੀ ਜਿਹੀ ਦਾਲ ਪਾ ਕੇ ਅਤੇ ਤਾਂਦਲੇ ਦੇ ਪੱਤੇ ਪਾ ਕੇ ਬਣਾਇਆ ਜਾਂਦਾ ਹੈ। ਕਈ ਵਾਰ ਇਸ ਵਿੱਚ ਭੱਖੜੇ ਦੇ ਪੱਤੇ ਵੀ ਪਾਏ ਜਾਂਦੇ ਹਨ। ਇਹ ਸਾਗ ਬਹੁਤ ਹੀ ਸਵਾਦ ਬਣਦਾ ਹੈ।

ਛੋਟੀ ਚਲਾਈ ਦਾ ਵੀ ਸਾਗ ਬਣਾਇਆ ਜਾਂਦਾ ਹੈ। ਛੋਟੀ ਚਲਾਈ ਸਿਹਤ ਲਈ ਬਹੁਤ ਫਾਇਦੇਮੰਦ ਅਤੇ ਤਾਕਤਵਰ ਹੁੰਦੀ ਹੈ। ਵੱਡੇ ਵੱਡੇ ਜ਼ਖ਼ਮਾਂ ਦਾ ਦਰਦ ਸਹਿਣ ਵਾਲਿਆਂ ਲਈ ਇਹ ਬਹੁਤ ਤਾਕਤ ਦਾ ਕੰਮ ਕਰਦੀ ਹੈ ਅਤੇ ਜ਼ਖ਼ਮ ਨੂੰ ਭਰਨ ਵਿੱਚ ਸਹਾਈ ਹੁੰਦੀ ਹੈ। ਇਸ ਸਾਗ ਨੂੰ ਬਣਾਉਣ ਲਈ ਤਾਂਦਲਾ ਵਰਤਿਆ ਜਾਂਦਾ ਹੈ। ਇਸ ਵਿੱਚ ਭੱਖੜੇ ਦੇ ਪੱਤੇ ਅਤੇ ਮੋਠਾਂ ਜਾਂ ਮੂੰਗੀ ਦੇ ਪੱਤੇ ਵੀ ਪਾਏ ਜਾਂਦੇ ਹਨ। ਇਹ ਸਾਗ ਵੀ ਬਹੁਤ ਸਵਾਦ ਬਣਦਾ ਹੈ।

ਸੋਏ ਦਾ ਸਾਗ ਵੀ ਬਣਾਇਆ ਜਾਂਦਾ ਹੈ। ਇਹ ਇੱਕ ਪੱਤਿਆਂ ਵਾਲੀ ਵੇਲ ਹੈ ਜੋ ਗਰਮੀ ਅਤੇ ਬਰਸਾਤ ਦੇ ਦਿਨਾਂ ਵਿੱਚ ਬਹੁਤ ਜ਼ਿਆਦਾ ਫੈਲਦੀ ਹੈ। ਇਸ ਦੀਆਂ ਜੜ੍ਹਾਂ ਧਰਤੀ ਵਿੱਚ ਖੁੱਭ ਕੇ ਦੂਰ ਦੂਰ ਤੱਕ ਫੈਲਦੀਆਂ ਹਨ। ਇਹ ਫੈਲਾਅ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਕੋਈ ਨਾਗ ਧਰਤੀ 'ਤੇ ਜਾ ਰਿਹਾ ਹੋਵੇ। ਇਸ ਦੇ ਪੱਤਿਆਂ ਦਾ ਸਾਗ ਬਹੁਤ ਸਵਾਦ ਬਣਦਾ ਹੈ। ਇਸ ਨੂੰ ਚਲਾਈ ਦੇ ਸਾਗ ਵਾਂਗ ਹੀ ਮੂੰਗੀ ਜਾਂ ਮਸਰੀ ਦੀ ਦਾਲ ਪਾ ਕੇ ਬਣਾਇਆ ਜਾਂਦਾ ਹੈ। ਇਸ ਦੀ ਤਾਸੀਰ ਠੰਢੀ ਹੁੰਦੀ ਹੈ। ਇਸ ਵਿੱਚ ਛੋਲਿਆਂ ਦੀ ਦਾਲ ਵੀ ਪਾਈ ਜਾ ਸਕਦੀ ਹੈ, ਪਰ ਗਰਮੀ ਵਿੱਚ ਆਪਣੇ ਬਚਾਅ ਲਈ ਇਸ ਤੋਂ ਗੁਰੇਜ਼ ਕੀਤਾ ਜਾਂਦਾ ਹੈ।

ਸਾਰੇ ਸਾਗ ਭਾਵੇਂ ਬਹੁਤ ਸੁਆਦ ਬਣਦੇ ਹਨ, ਪ੍ਰੰਤੂ ਸਰ੍ਹੋਂ ਦਾ ਸਾਗ ਸਾਰਿਆਂ ਦਾ ਸਰਦਾਰ ਹੈ। ਇਸ ਨੂੰ ਬਣਾਉਣ ਲਈ ਬਹੁਤ ਖ਼ੇਚਲ ਕਰਨੀ ਪੈਂਦੀ ਹੈ। ਸਰ੍ਹੋਂ ਦਾ ਸਾਗ ਤੋੜਨਾ ਵੀ ਇੱਕ ਕਲਾ ਹੈ। ਸਾਗ ਤੋੜਨਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ। ਸਾਗ ਦੀਆਂ ਗੰਦਲਾਂ ਤੋੜਨ ਵੇਲੇ ਨਰਮ ਅਤੇ ਕੂਲੀ ਗੰਦਲ ਹੀ ਚੁਣੀ ਜਾਂਦੀ ਹੈ। ਜਦੋਂ ਕੋਈ ਸੁੰਦਰ ਮੁਟਿਆਰ ਸਾਗ ਤੋੜਦੀ ਹੈ ਤਾਂ ਉਸ ਦੀ ਤੁਲਨਾ ਗੰਦਲ ਨਾਲ ਕੀਤੀ ਜਾਂਦੀ ਹੈ;

ਗੰਦਲ ਵਰਗੀ ਕੁੜੀ  
ਗੰਦਲਾਂ ਤੋੜਦੀ ਫਿਰੇ।

ਸਾਗ ਤੋੜਨਾ ਕਲਾ ਦੇ ਨਾਲ ਨਾਲ ਕੁਸ਼ਲਤਾ ਦਾ ਪ੍ਰਗਟਾਅ ਵੀ ਹੈ। ਸਾਗ ਤੋੜਨ ਵੇਲੇ ਸਾਗ ਖੱਬੀ ਬਾਂਹ ਉੱਤੇ ਇਕੱਠਾ ਕੀਤਾ ਜਾਂਦਾ ਹੈ। ਸਾਗ ਦੀ ਰੁੱਤ ਵਿੱਚ ਕੁੜੀਆਂ ਜਾਂ ਔਰਤਾਂ ਇਕੱਠੀਆਂ ਹੋ ਕੇ ਸਾਗ ਤੋੜਨ ਜਾਂਦੀਆਂ ਸਨ। ਇਸ ਨਾਲ ਕੰਮ ਵੀ ਹੁੰਦਾ ਅਤੇ ਸਰੀਰਕ ਕਸਰਤ ਦੇ ਨਾਲ ਨਾਲ ਮਨੋਰੰਜਨ ਵੀ ਕਰਦੀਆਂ ਸਨ। ਆਪਣੇ ਮਨ ਦੇ ਵਲਵਲਿਆਂ ਨੂੰ ਗੀਤਾਂ ਰਾਹੀਂ ਜਾਂ ਬੋਲੀਆਂ ਰਾਹੀਂ ਪ੍ਰਗਟ ਕਰਦੀਆਂ ਸਨ;

ਲੈ ਪੋਣਾ ਕੁੜੀ ਚੱਲੀ ਸਾਗ ਨੂੰ  
ਖੜ੍ਹੀ ਉਡੀਕੇ ਸਾਥਣ ਨੂੰ।  
ਕੱਚੀ ਕੈਲ ਮਰੋੜੇ ਦਾਤਣ ਨੂੰ।

ਸਾਗ ਨੂੰ ਇਕੱਠਾ ਕਰਕੇ ਲਿਆਉਣ ਲਈ ਕੁੜੀਆਂ ਪੋਣੇ ਜਾਂ ਕੋਈ ਹੋਰ ਕੱਪੜਾ ਲੈ ਕੇ ਜਾਂਦੀਆਂ ਸਨ। ਸਾਗ ਵਿੱਚ ਪਾਲਕ, ਬਾਥੂ, ਮੇਥੀ/ਮੇਥੇ ਵੀ ਨਾਲ ਲਿਆਉਂਦੀਆਂ। ਅਜਿਹੇ ਸਮੇਂ ਖੇਤਾਂ ਵਿੱਚ ਉਹ ਗੰਨੇ ਵੀ ਚੂਪਦੀਆਂ। ਜੇਕਰ ਸਾਗ ਲੈਣ ਔਰਤਾਂ ਨੇ ਜਾਣਾ ਹੁੰਦਾ ਤਾਂ ਉਹ ਸਮੇਂ ਵਿੱਚ ਜ਼ਰੂਰ ਤਬਦੀਲੀ ਕਰਦੀਆਂ ਕਿਉਂਕਿ ਕੁੜੀਆਂ ਨਾਲੋਂ ਉਨ੍ਹਾਂ ਦੀ ਘਰੇਲੂ ਜ਼ਿੰਮੇਵਾਰੀ ਵੱਧ ਹੁੰਦੀ ਹੈ।

ਸਾਗ ਤੋੜਨ ਲਈ ਕਿਸੇ ਨੂੰ ਨਾਂਹ ਨਹੀਂ ਕੀਤੀ ਜਾਂਦੀ ਸੀ। ਇਕੱਠੀਆਂ ਹੋ ਕੇ ਜਾਣ ਵਾਲੀਆਂ ਇੱਕ ਖੇਤ ਵਿੱਚ ਹੋਈ ਸਰ੍ਹੋਂ ਤੋੜ ਕੇ ਲੈ ਆਉਂਦੀਆਂ ਸਨ। ਕਈ ਵਾਰ ਕਈ ਮਨਚਲੇ ਇਕੱਲੀ ਕਹਿਰੀ ਸਾਗ ਤੋੜਨ ਵਾਲੀ ਨੂੰ ਦੂਰੋਂ ਮਸ਼ਕਰੀ ਕਰਕੇ ਟੋਕਦੇ। ਅਜਿਹੀਆਂ ਹਰਕਤਾਂ ਦਾ ਜ਼ਿਕਰ ਸਾਡੇ ਲੋਕ ਸਾਹਿਤ ਵਿੱਚ ਬੜੇ ਹੀ ਵਧੀਆ ਢੰਗ ਨਾਲ ਬਿਆਨ ਕੀਤਾ ਗਿਆ ਹੈ;

ਕਿਹੜੀ ਐਂ ਤੂੰ ਸਾਗ ਤੋੜਦੀ  
ਹੱਥ ਸੋਚ ਕੇ ਗੰਦਲ ਨੂੰ ਪਾਈਂ।

ਅੱਗੋਂ ਸਾਗ ਤੋੜਨ ਵਾਲੀ ਵੀ ਘੱਟ ਨਹੀਂ ਹੁੰਦੀ ਸੀ। ਉਹ ਵੀ ਮੋੜਵਾਂ ਜਵਾਬ ਦੇ ਦਿੰਦੀ। ਭਾਵੇਂ ਔਰਤ ਨੂੰ ਅਬਲਾ ਕਿਹਾ ਜਾਂਦਾ ਹੈ, ਪਰ ਔਰਤ ਹਰ ਗੱਲ ਦਾ ਮੋੜਵਾਂ ਜਵਾਬ ਦੇਣ ਵਿੱਚ ਸਮਰੱਥ ਹੈ। ਉਹ ਨਿਡਰ ਹੋ ਕੇ ਜਵਾਬ ਦਿੰਦੀ ਹੈ;

ਐਵੇਂ ਮਾਰ ਨਾ ਜੱਟਾ ਲਲਕਾਰੇ  
ਵੇ ਕਿਹੜਾ ਤੇਰਾ ਸਾਗ ਤੋੜਿਆ।

ਇਸ ਤਰ੍ਹਾਂ ਆਪਸੀ ਨੋਕ-ਝੋਕ ਚੱਲਦੀ ਹੀ ਰਹਿੰਦੀ ਸੀ ਅਤੇ ਮੁੜ ਕੇ ਫਿਰ ਜਵਾਬ ਦਿੱਤਾ ਜਾਂਦਾ;

ਨਾਲੇ ਸਾਡੀ ਫ਼ਸਲ ਉਜਾੜੇਂ  
ਨਾਲੇ ਉਲਟਾ ਸਾਨੂੰ ਤਾੜੇਂ  
ਨੀਂ ਕਿਹੜੀ ਐਂ ਤੂੰ ਸਾਗ ਤੋੜਦੀ।

ਅੱਜ ਦੇ ਸਮੇਂ ਵਿੱਚ ਸਾਗ ਪ੍ਰੈੱਸ਼ਰ ਕੁੱਕਰ ਵਿੱਚ ਬਣਾਇਆ ਜਾਂਦਾ ਹੈ, ਪਰ ਕੁੱਜੇ ਜਾਂ ਭਰਤ ਦੇ ਪਤੀਲੇ ਦੇ ਮੁਕਾਬਲੇ ਸਵਾਦ ਨਹੀਂ ਬਣਦਾ ਕਿਉਂਕਿ ਮੱਠੀ ਮੱਠੀ ਅੱਗ 'ਤੇ ਬਣੇ ਪਦਾਰਥ ਦਾ ਸਵਾਦ ਵਧੀਆ ਹੁੰਦਾ ਹੈ। ਸਾਗ ਭਾਵੇਂ ਇੱਕ ਸਸਤੀ ਵਸਤੂ ਹੈ, ਪਰ ਇਸ ਨੂੰ ਬਣਾਉਣ ਵੇਲੇ ਸਮਾਂ ਅਤੇ ਬਾਲਣ ਬਹੁਤ ਲੱਗਦਾ ਹੈ। ਇਸ ਨੂੰ ਬਣਾਉਣ ਲਈ ਘੱਟੋ ਘੱਟ ਤਿੰਨ ਘੰਟੇ ਤਾਂ ਰਿੰਨ੍ਹਣ ਵਿੱਚ ਹੀ ਲੱਗਦੇ ਹਨ। ਇਸ ਨੂੰ ਤਿਆਰ ਕਰਨ ਲਈ ਪਹਿਲਾਂ ਛਾਂਟਣਾ ਪੈਂਦਾ ਹੈ। ਫਿਰ ਇਸ ਨੂੰ ਦਾਤ ਨਾਲ ਕੱਟਿਆ ਜਾਂਦਾ ਹੈ। ਫਿਰ ਇਸ ਨੂੰ ਚੰਗੀ ਤਰ੍ਹਾਂ ਧੋ ਕੇ ਮਿੱਟੀ ਦੇ ਕੁੱਜੇ ਜਾਂ ਭਰਤ ਦੇ ਪਤੀਲੇ ਵਿੱਚ ਬਣਾਇਆ ਜਾਂਦਾ ਹੈ। ਸਾਗ ਦਾ ਪਾਣੀ ਉਬਾਲੇ ਤੱਕ ਪਹੁੰਚਾ ਕੇ ਹੀ ਉਸ ਵਿੱਚ ਸਾਗ ਪਾਇਆ ਜਾਂਦਾ ਹੈ। ਸਾਗ ਦੀ ਕੁੜੱਤਣ ਦੂਰ ਕਰਨ ਲਈ ਉਸ ਵਿੱਚੋਂ ਉਬਲਿਆ ਹੋਇਆ ਪਾਣੀ ਕੱਢ ਕੇ ਨਵਾਂ ਗਰਮ ਪਾਣੀ ਪਾਇਆ ਜਾਂਦਾ ਹੈ।

ਜਿਵੇਂ ਕਿਹਾ ਜਾਂਦਾ ਹੈ ਕਿ ਘੜੇ ਵਿੱਚ ਪਾਣੀ ਅਤੇ ਚੁੱਲ੍ਹੇ ਵਿੱਚ ਅੱਗ ਹੀ ਵਸਦੇ ਘਰਾਂ ਦੀ ਨਿਸ਼ਾਨੀ ਹੈ, ਉਵੇਂ ਹੀ ਸਾਗ ਅਤੇ ਬਾਲਣ (ਲੱਕੜਾਂ) ਦਾ ਵੀ ਗਹਿਰਾ ਸਬੰਧ ਹੈ। ਅਜਿਹੀਆਂ ਚੀਜ਼ਾਂ ਨੂੰ ਘਰ ਵੀ ਉਪਰਾਲੇ ਵਾਲਾ ਵਿਅਕਤੀ ਹੀ ਲਿਆਉਂਦਾਹੈ। ਮਰਦ ਪ੍ਰਧਾਨ ਸਮਾਜ ਵਿੱਚ ਮਰਦਾਂ ਦੀਆਂ ਜ਼ਿੰਮੇਵਾਰੀਆਂ ਵੀ ਬਹੁਤ ਹਨ। ਬਾਹਰੋਂ ਚੀਜ਼ਾਂ ਲਿਆਉਣ ਦੀ ਜ਼ਿੰਮੇਵਾਰੀ ਵੀ ਮਰਦਾਂ ਦੀ ਹੀ ਬਣ ਜਾਂਦੀ ਹੈ। ਇਸ ਤਰ੍ਹਾਂ ਸਾਗ ਅਤੇ ਬਾਲਣ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਜਾਂਦਾ ਹੈ;

ਪੁੱਤੀਂ ਪੁੱਤੀਂ ਭਾਗ  
ਕੋਈ ਲਿਆਵੇ ਲੱਕੜੀਆਂ  
ਕੋਈ ਲਿਆਵੇ ਸਾਗ।

ਸਿਆਲ ਦੀ ਰੁੱਤ ਵਿੱਚ ਸਾਗ ਦਾ ਆਨੰਦ ਵੱਖਰਾ ਹੀ ਹੁੰਦਾ ਹੈ। ਦੇਸੀ ਸਰ੍ਹੋਂ ਦਾ ਸਾਗ, ਰੇਲੀ ਸਰ੍ਹੋਂ ਦਾ ਸਾਗ ਅਤੇ ਗੋਭੀ ਸਰ੍ਹੋਂ ਦਾ ਸਾਗ। ਦੇਸੀ ਸਰ੍ਹੋਂ ਦੀ ਅਣਹੋਂਦ ਵਿੱਚ ਰੇਲੀ ਸਰ੍ਹੋਂ ਦਾ ਸਾਗ ਬਣਾਇਆ ਜਾਂਦਾ ਹੈ। ਗੋਭੀ ਸਰ੍ਹੋਂ ਦਾ ਸਾਗ ਕੁਝ ਲੋਕ ਹੀ ਪਸੰਦ ਕਰਦੇ ਹਨ, ਸਾਰੇ ਨਹੀਂ। ਸਾਗ ਲਿਆਉਣ ਦਾ ਸਮਾਂ ਦੁਪਹਿਰ ਤੋਂ ਪਹਿਲਾਂ ਦਾ ਹੁੰਦਾ ਹੈ। ਸੱਜਰਾ ਤੋੜਿਆ ਸਾਗ ਛੇਤੀ ਗਲਦਾ ਹੈ ਅਤੇ ਬਾਲਣ ਘੱਟ ਲੱਗਦਾ ਹੈ। ਇਸ ਲਈ ਸਾਗ ਬਾਰ੍ਹਾਂ ਵਜੇ ਤੋਂ ਪਹਿਲਾਂ ਹੀ ਲਿਆਂਦਾ ਜਾਂਦਾ ਹੈ। ਅਜਿਹੇ ਮੌਕੇ ਕੁਝ ਕੰਮਾਂ ਨੂੰ ਲੇਟ ਵੀ ਕਰਨਾ ਪੈਂਦਾ ਹੈ। ਘਰੇਲੂ ਔਰਤਾਂ ਨੂੰ ਘਰ ਦੇ ਕੰਮ ਬਹੁਤ ਜ਼ਿਆਦਾ ਹੁੰਦੇ ਹਨ। ਘਰ ਦੇ ਕੰਮ ਕਰਨਾ, ਬੱਚਿਆਂ ਨੂੰ ਸੰਭਾਲਣਾ ਅਤੇ ਹੋਰ ਅਨੇਕਾਂ ਕੰਮ ਹਨ, ਪ੍ਰੰਤੂ ਉਨ੍ਹਾਂ ਦੀ ਦਲੇਰੀ ਹੈ ਕਿ ਉਹ ਕੰਮ ਕਰਨ ਤੋਂ ਕਤਰਾਉਂਦੀਆਂ ਨਹੀਂ ਬਲਕਿ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੀਆਂ ਹਨ। ਲੋਕ ਗੀਤਾਂ ਵਿੱਚ ਇਸ ਦਾ ਜ਼ਿਕਰ ਵੀ ਸਮੇਂ ਅਤੇ ਕੰਮ ਜੋੜ ਕੇ ਕੀਤਾ ਜਾਂਦਾ ਹੈ;

ਭਾਬੀ ਸਾਗ ਨੂੰ ਨਾ ਜਾਈਂ  
ਤੇਰਾ ਮੁੰਡਾ ਰੋਊਗਾ।

ਪਰ ਉਹ ਫਿਰ ਵੀ ਸਾਗ ਲੈਣ ਜਾਣ ਤੋਂ ਪਿੱਛੇ ਨਹੀਂ ਹਟਦੀ ਬਲਕਿ ਆਪਣੇ ਦਿਓਰ ਨੂੰ ਵਡਿਆਉਂਦਿਆਂ ਕਹਿੰਦੀ ਹੈ;

ਮੇਰੇ ਮੁੰਡੇ ਨੂੰ ਵਿਰਾਂਈ  
ਤੇਰਾ ਪੁੰਨ ਹੋਊਗਾ।




## ਜ਼ਰਾ ਠਹਿਰ ਜਿੰਦੜੀਏ . . .

ਜਸਜੀਤ

**ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਅੰਕ**

# ਚਾਰ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨਾਲ ਸਬੰਧਿਤ ਇਤਿਹਾਸਕ ਸਥਾਨ








ਸਿੱਖ ਇਤਿਹਾਸ ਵਿੱਚ ਪੋਹ ਦਾ ਮਹੀਨਾ (ਦਸੰਬਰ ਅੱਧ ਤੋਂ ਸ਼ੁਰੂ) ਬੇਹੱਦ ਉਦਾਸੀਨਤਾ ਭਰਿਆ ਹੁੰਦਾ ਹੈ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦਾ ਵਿਛੋੜਾ, ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ, ਇਸੇ ਮਹੀਨੇ ਹੀ ਇਹ ਸਭ ਦੁਖਾਂਤ ਵਾਪਰੇ ਸਨ। ਫ਼ਤਹਿਗੜ੍ਹ ਸਾਹਿਬ ਦੇ ਠੰਡੇ ਬੁਰਜ ਵਿੱਚ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਕੈਦ ਕਰ ਦਿੱਤਾ ਗਿਆ। ਫ਼ਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਨੂੰ ਸਿੱਖਾਂ ਦਾ ਕਰਬਲਾ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਥਾਂ 'ਤੇ ਹੀ ਦੁਨੀਆਂ ਦਾ ਇੱਕ ਅਜੀਬ ਸਾਕਾ ਵਾਪਰਿਆ। ਇੱਕ ਪਾਸੇ ਮੁਗਲ ਹਕੂਮਤ ਤੇ ਦੂਜੇ ਪਾਸੇ 7 ਤੇ 9 ਸਾਲ ਦੀ ਉਮਰ ਦੇ ਛੋਟੇ-ਛੋਟੇ ਬੱਚੇ। ਭੋਰਾ ਸਾਹਿਬ, ਇਹ ਉਹ ਇਤਿਹਾਸਕ ਅਸਥਾਨ ਹੈ ਜਿੱਥੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ ਗਿਆ ਸੀ। ਗੁਰਦੁਆਰਾ ਬਿਬਾਨਗੜ੍ਹ ਸਾਹਿਬ, ਜਿੱਥੇ ਮਾਤਾ ਗੁਜਰੀ ਜੀ ਨੂੰ ਭਾਈ ਮੋਤੀ ਰਾਮ ਮਹਿਰਾ ਨੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਪੂਰੀ ਗਾਥਾ ਸੁਣਾਈ ਅਤੇ ਇਸੇ ਥਾਂ 'ਤੇ ਹੀ ਮਾਤਾ ਗੁਜਰੀ ਜੀ ਨੇ ਆਪਣੇ ਸਵਾਸ ਤਿਆਗੇ।

ਗੁਰਦੁਆਰਾ ਸ੍ਰੀ ਜੋਤੀ ਸਰੂਪ ਫ਼ਤਹਿਗੜ੍ਹ ਸਾਹਿਬ, ਜਿਸ ਨੂੰ ਦੁਨੀਆਂ ਦੀ ਸਭ ਤੋਂ ਮਹਿੰਗੀ ਧਰਤੀ ਵੀ ਕਿਹਾ ਜਾਂਦਾ ਹੈ। ਇੱਥੇ ਹੀ ਦੋਵਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਮ ਸਸਕਾਰ ਕੀਤਾ ਗਿਆ।

ਫ਼ਤਹਿਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨਾਲ ਸਬੰਧਿਤ ਕਈ ਇਤਿਹਾਸਕ ਗੁਰਧਾਮ ਬਣੇ ਹੋਏ ਹਨ। ਜਿੱਥੇ ਵੱਡੀ ਗਿਣਤੀ ਵਿੱਚ ਲੋਕ ਸਿਜਦਾ ਕਰਨ ਆਉਂਦੇ ਹਨ। ਗੁਰਦੁਆਰਾ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ ਉਹ ਇਤਿਹਾਸਕ ਸਥਾਨ ਹੈ, ਜਿੱਥੇ ਗੁਰੂ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਮੁਗ਼ਲਾਂ ਨਾਲ ਲੜਦੇ ਹੋਏ ਜੰਗ-ਏ-ਮੈਦਾਨ ਵਿੱਚ ਸ਼ਹੀਦ ਹੋਏ ਸਨ। ਇਸ ਦੇ ਨਾਲ ਹੀ ਪੰਜਾਂ ਪਿਆਰਿਆਂ ਵਿਚੋਂ ਤਿੰਨ ਪਿਆਰੇ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਵੀ ਸ਼ਹੀਦ ਹੋਏ ਸਨ। ਅੱਜ ਇੱਥੇ ਗੁਰੂ ਗ੍ਰੰਥ ਸਾਹਿਬ ਜੀ ਪਾਲਕੀ ਸਾਹਿਬ ਸੁਸ਼ੋਭਿਤ ਹਨ। ਵੱਡੇ ਸਾਹਿਬਜ਼ਾਦਿਆਂ ਅਤੇ 27 ਸਿੰਘਾਂ ਦੀ ਸ਼ਹੀਦੀ ਤੋਂ ਬਾਅਦ ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਛੱਡ ਕੇ ਮਾਛੀਵਾੜੇ ਜਾਣ ਤੋਂ ਪਹਿਲਾਂ ਇਸੇ ਇਤਿਹਾਸਕ ਬੁਰਜ 'ਤੇ ਬਾਬਾ ਜੀਵਨ ਸਿੰਘ ਨੂੰ ਆਪਣੀ ਕਲਗੀ ਤੇ ਸ਼ਸਤਰ-ਬਸਤਰ ਸੌਂਪ ਕੇ ਬਿਠਾਇਆ ਸੀ। ਗੁਰਦੁਆਰਾ ਚਮਕੌਰ ਸਾਹਿਬ ਵਿਖੇ ਇਸ ਪਵਿੱਤਰ ਖੂਹੀ ਤੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਵੱਡੇ ਸਾਹਿਬਜ਼ਾਦਿਆਂ ਨੇ ਜਲ ਛਕਿਆ ਸੀ।

ਗੁਰਦੁਆਰਾ ਕੋਤਵਾਲੀ ਸਾਹਿਬ ਜਿੱਥੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਗੰਗੂ ਦੇ ਪਿੰਡ ਸਹੇੜੀ ਤੋਂ ਗ੍ਰਿਫ਼ਤਾਰ ਕਰਕੇ ਥਾਣਾ ਕੋਤਵਾਲੀ ਮੋਰਿੰਡਾ ਵਿਖੇ ਕੈਦ ਕੀਤਾ ਗਿਆ ਸੀ। ਇਹ ਉਹੀ ਇਤਿਹਾਸਕ ਸਥਾਨ ਹੈ ਜਿੱਥੇ ਬਿਰਧ ਮਾਤਾ ਆਪਣੇ ਛੋਟੇ ਪੋਤਿਆਂ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਨਾਲ ਕੈਦ ਵਿੱਚ ਰਹੇ ਸਨ। ਇਸ ਪੁਰਾਤਨ ਇਮਾਰਤ ਦੀ ਦਿੱਖ ਨੂੰ ਉਸੇ ਤਰ੍ਹਾਂ ਕਾਇਮ ਰੱਖਿਆ ਗਿਆ।

# ਚਾਰ ਸਾਹਿਬਜ਼ਾਦਿਆਂ ਦੇ ਜਨਮ ਅਤੇ ਸ਼ਹਾਦਤਾਂ ਦੇ ਕੁੱਝ ਅਹਿਮ ਇਤਿਹਾਸ ਬਾਰੇ ਜਾਣਕਾਰੀ

ਬੀਰਦਵਿੰਦਰ ਸਿੰਘ

ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਨੂੰ ਅੱਜ ਕਾਫ਼ੀ ਵਰ੍ਹੇ ਹੋ ਗਏ ਹਨ ਪਰ ਹਾਲੇ ਤੱਕ ਵੀ ਗੁਰੂ ਕੇ ਮਹਿਲਾਂ ਅਤੇ ਚਾਰ ਸਾਹਿਬਜ਼ਾਦਿਆਂ ਸਬੰਧੀ ਸਹੀ ਜਾਣਕਾਰੀਆਂ ਦਾ ਅਭਾਵ ਮਹਿਸੂਸ ਹੋ ਰਿਹਾ ਹੈ। ਪਿਛਲੇ ਦਿਨੀਂ ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਹਿ ਸਿੰਘ ਜੀ ਦੇ ਜਨਮ ਸਬੰਧੀ ਇੱਕ ਜਾਣਕਾਰੀ ਸੋਸ਼ਲ ਮੀਡੀਏ ਉਤੇ ਚਲ ਰਹੀ ਸੀ ਕਿ ਬਾਬਾ ਫ਼ਤਹਿ ਸਿੰਘ ਜੀ ਦਾ ਜਨਮ ਮਾਤਾ ਸੁੰਦਰੀ ਜੀ ਦੀ ਕੁੱਖ ਤੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਇਆ ਸੀ ਜਦਕਿ ਸੱਚਾਈ ਇਹ ਨਹੀਂ।

ਮੈਂ ਬਹੁਤ ਸਾਰੇ ਵਟਸਐਪ ਗਰੁੱਪਾਂ 'ਤੇ ਇਸ ਬਾਰੇ ਸੁਧਾਈ ਵੀ ਕਰਵਾਈ ਪਰ ਤਦ ਤੱਕ ਇਹ ਗ਼ਲਤ ਜਾਣਕਾਰੀ ਬਹੁਤ ਵਾਇਰਲ ਹੋ ਚੁੱਕੀ ਸੀ। ਮੇਰੇ ਮਨ ਵਿੱਚ ਉਸੇ ਵੇਲੇ ਇਹ ਖ਼ਿਆਲ ਆਇਆ ਕਿ ਕਿਉਂ ਨਾ ਇਸ ਵਿਸ਼ੇ ਸਬੰਧੀ ਸੰਪੂਰਨ ਜਾਣਕਾਰੀ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਿੰਘ ਸਭਾ ਮੌਕੇ, ਸਿੱਖ ਸੰਗਤਾਂ ਦੀ ਦ੍ਰਿਸ਼ਟੀਗੋਚਰ ਕੀਤੀ ਜਾਵੇ। ਗੁਰੂ ਕੇ ਮਹਿਲਾਂ ਅਤੇ ਚਾਰੇ ਸਾਹਿਬਜ਼ਾਦਿਆਂ ਦੇ ਜਨਮ ਅਤੇ ਸ਼ਹੀਦੀਆਂ ਦਾ ਬਿਰਤਾਂਤ ਕੁੱਝ ਇਸ ਤਰ੍ਹਾਂ ਹੈ;

ਦਸਮ ਪਾਤਸ਼ਾਹ ਹਜ਼ੂਰ ਦੇ ਤਿੰਨ ਮਹਿਲ ਸਨ। ਸਭ ਤੋਂ ਵੱਡੇ ਮਾਤਾ ਜੀਤੋ ਜੀ ਸਨ, ਦੂਸਰੇ ਨੰਬਰ 'ਤੇ ਮਾਤਾ ਸੁੰਦਰੀ ਜੀ ਸਨ ਅਤੇ ਤੀਸਰੇ ਨੰਬਰ 'ਤੇ ਮਾਤਾ ਸਾਹਿਬ ਕੌਰ ਜੀ ਸਨ, ਜਿਨ੍ਹਾਂ ਦੀ ਝੋਲੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ ਜੀ' ਨੂੰ ਪਾਇਆ ਹੈ। ਕੁਝ ਲੇਖਕ ਤਾਂ ਮਾਤਾ ਸਾਹਿਬ ਕੌਰ ਜੀ ਨੂੰ 'ਗੁਰੂ ਸਾਹਿਬ ਦੇ ਕੁਆਰੇ ਡੋਲੇ' ਦੇ ਅਰਥਾਂ ਨਾਲ ਵੀ ਸੰਗਿਆ ਦਿੰਦੇ ਹਨ ਪਰ ਗੁਰੂ ਸਾਹਿਬ ਨਾਲ ਸਬੰਧਿਤ ਸਮਕਾਲੀਨ ਇਤਿਹਾਸ ਵਿੱਚ ਅਜਿਹਾ ਜ਼ਿਕਰ ਨਹੀਂ ਹੈ। ਗੁਰੂ ਸਾਹਿਬ ਦੇ ਸਭ ਤੋਂ ਵੱਡੇ ਮਹਿਲ ਮਾਤਾ ਜੀਤੋ ਜੀ ਦਾ ਵਿਆਹ 23 ਹਾੜ੍ਹ 1734 ਨੂੰ ਗੁਰੂ ਕੇ ਲਾਹੌਰ ਵਿਖੇ ਹੋਇਆ। ਇਸ ਵਿਆਹ ਵਿੱਚ ਗੁਰੂ ਤੇਗ਼ ਬਹਾਦਰ ਜੀ ਆਪ ਚੱਕ ਨਾਨਕੀ (ਹੁਣ ਆਨੰਦਪੁਰ ਸਾਹਿਬ) ਤੋਂ ਆਪਣੇ ਪੁੱਤਰ ਗੋਬਿੰਦ ਰਾਏ ਦੀ ਜੰਞ ਲੈ ਕੇ ਗੁਰੂ ਕੇ ਲਾਹੌਰ ਢੁਕੇ ਸਨ।

ਦਸਮ ਪਾਤਸ਼ਾਹ ਹਜ਼ੂਰ ਦਾ ਦੂਸਰਾ ਵਿਆਹ 7 ਵੈਸਾਖ ਸੰਮਤ 1741 ਨੂੰ ਮਾਤਾ ਸੁੰਦਰੀ ਜੀ ਨਾਲ ਪਾਉਂਟਾ ਸਾਹਿਬ ਵਿਖੇ ਹੋਇਆ ਅਤੇ ਉਨ੍ਹਾਂ ਦੀ ਕੁੱਖ ਤੋਂ ਹੀ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦਾ ਜਨਮ 23 ਮਾਘ ਸੰਮਤ 1743 ਨੂੰ, ਪਾਉਂਟਾ ਸਾਹਿਬ ਵਿਖੇ ਹੋਇਆ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਦਸਮ ਪਾਤਸ਼ਾਹ ਦੀ ਜੇਠੀ ਸੰਤਾਨ ਸਨ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹਾਦਤ, ਚਮਕੌਰ ਸਾਹਿਬ ਦੇ ਖਾੜਾ-ਏ- ਜੰਗ ਵਿੱਚ ਦਸ਼ਮੇਸ਼ ਪਿਤਾ ਦੀਆਂ ਨਜ਼ਰਾਂ ਦੇ ਸਾਹਮਣੇ 8 ਪੋਹ ਸੰਮਤ 1761 ਨੂੰ ਹੋਈ।

ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖ ਤੋਂ ਅਨੰਦਪੁਰ ਸਾਹਿਬ ਵਿਖੇ ਸੰਮਤ 1747 ਵਿੱਚ ਹੋਇਆ ਅਤੇ ਆਪ ਦੀ ਸ਼ਹੀਦੀ ਵੀ, ਚਮਕੌਰ ਸਾਹਿਬ ਦੇ ਖਾੜਾ-ਏ-ਜੰਗ ਵਿੱਚ ਗੁਰੂ ਪਿਤਾ ਦੀਆਂ ਨਜ਼ਰਾਂ ਦੇ ਸਾਹਮਣੇ 8 ਪੋਹ ਸੰਮਤ 1761 ਨੂੰ ਹੋਈ। ਸਿੱਖੀ ਸਿਦਕ ਦੇ ਸਭ ਤੋਂ ਮਹਾਨ ਸ਼ਹੀਦ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਦਾ ਜਨਮ ਵੀ ਆਨੰਦਪੁਰ ਸਾਹਿਬ ਵਿਖੇ ਮਾਤਾ ਜੀਤੋ ਜੀ ਦੀ ਕੁੱਖ ਤੋਂ ਮੱਘਰ ਸ਼ੁਦੀ 3 ਸੰਮਤ 1753 ਨੂੰ ਹੋਇਆ ਅਤੇ ਆਪ ਜੀ ਨੂੰ ਸਿੱਖੀ ਸਿਦਕ ਉਤੇ ਪੂਰੇ ਸਿਰੜ ਨਾਲ ਪਹਿਰਾ ਦੇਣ ਕਾਰਨ ਅਤੇ ਇਸਲਾਮ ਦੀ ਈਨ ਨਾ ਮੰਨਣ ਕਾਰਨ ਉਸ ਸਮੇਂ ਦੇ ਜ਼ਾਲਮ ਸੂਬੇਦਾਰ ਸਰਹੰਦ, ਵਜੀਦ ਖ਼ਾਂ ਦੇ ਹੁਕਮ ਨਾਲ ਅਨੇਕਾਂ ਤਸੀਹੇ ਦੇਣ ਤੋਂ ਬਾਅਦ ਅੰਤ ਨੂੰ ਜ਼ਿੰਦਾ ਕੰਧਾਂ ਵਿੱਚ ਚਿਣ ਕੇ 13 ਪੋਹ ਸੰਮਤ 1761 ਵਿੱਚ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦੀ ਸਮੇਂ ਆਪ ਜੀ ਦੀ ਉਮਰ, ਲਗਭਗ 8 ਸਾਲ ਦੀ ਸੀ।

ਸਿੱਖੀ ਸਿਦਕ ਦੇ ਸਭ ਤੋਂ ਛੋਟੀ ਉਮਰ ਦੇ ਮਹਾਨ ਸ਼ਹੀਦ, ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਦਾ ਜਨਮ ਵੀ ਮਾਤਾ ਜੀਤੋ ਜੀ ਦੀ ਕੁੱਖ ਤੋਂ ਅਨੰਦਪੁਰ ਸਾਹਿਬ ਵਿਖੇ, ਫ਼ੱਗਣ ਸ਼ੁਦੀ 7 ਸੰਮਤ1755 ਨੂੰ ਹੋਇਆ। ਆਪ ਜੀ ਨੂੰ ਵੀ ਵੱਡੇ ਭਰਾ ਬਾਬਾ ਜ਼ੋਰਾਵਰ ਸਿੰਘ ਵਾਂਗ ਹੀ ਸਿੱਖੀ ਸਿਦਕ ਦੀ ਸਭ ਤੋਂ ਕਠਿਨ ਪ੍ਰੀਖਿਆ ਵਿਚੋਂ ਗੁਜ਼ਰਨਾ ਪਿਆ ਅਤੇ ਨਿੱਕੀ ਜੇਹੀ ਪਿਆਰੀ ਤੇ ਲਾਡਲੀ ਜਿੰਦੜੀ ਨੂੰ, ਸਿੱਖੀ ਸਿਦਕ ਖ਼ਾਤਰ ਅਤੇ ਦਸ਼ਮੇਸ਼ ਪਿਤਾ ਦੀ ਲਾਜ ਖ਼ਾਤਰ ਅਨੇਕਾਂ ਤਸੀਹੇ ਜਰਨੇ ਪਏ ਜਿਸ ਦਾ ਬਿਆਨ ਕਰਦਿਆਂ ਮੇਰੀ ਕਲਮ ਵੀ ਕੁਰਲਾ ਉਠਦੀ ਹੈ। ਆਪ ਜੀ ਨੂੰ ਵੀ ਸਿੱਖੀ ਸਿਦਕ ਉਤੇ ਪੂਰੇ ਸਿਰੜ ਨਾਲ ਪਹਿਰਾ ਦੇਣ ਕਾਰਨ ਅਤੇ ਪਰਾਏ ਦੀਨ, ਇਸਲਾਮ ਦੀ ਈਂਨ ਨਾ ਮੰਨਣ ਕਾਰਨ, ਸਰਹੰਦ ਦੇ ਉਸ ਸਮੇਂ ਦੇ ਜ਼ਾਲਮ ਸੂਬੇਦਾਰ, ਵਜੀਦ ਖ਼ਾਂ ਦੇ ਹੁਕਮ ਨਾਲ ਅਕਹਿ ਤਸੀਹੇ ਦੇਣ ਬਾਅਦ ਅੰਤ ਨੂੰ ਜ਼ਿੰਦਾ ਕੰਧਾਂ ਵਿੱਚ ਚਿਣ ਕੇ, 13 ਪੋਹ ਸੰਮਤ 1761 ਨੂੰ ਸ਼ਹੀਦ ਕਰ ਦਿਤਾ ਗਿਆ। ਸ਼ਹੀਦੀ ਸਮੇਂ ਆਪ ਜੀ ਦੀ ਉਮਰ, ਦੇਸੀ ਕਲੰਡਰ ਅਨੁਸਾਰ ਲਗਭਗ 6 ਸਾਲ ਬਣਦੀ ਸੀ।

ਛੋਟੇ ਲਾਡਲੇ ਪੋਤਰਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਦਿਆਂ ਹੀ ਮਾਤਾ ਗੁਜਰੀ ਜੀ ਵੀ ਆਪਣੇ ਸ਼ਹੀਦ ਪੋਤਰਿਆਂ ਨੂੰ ਆਪਣੀ ਨਿੱਘੀ ਗੋਦ ਵਿੱਚ ਸਮੇਟ ਕੇ, ਸਦੀਵਤਾ ਦੀ ਗੋਦ ਵਿੱਚ ਜਾ ਬਿਰਾਜੇ ਅਤੇ ਦੁਨੀਆਂ ਦੇ ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਅਜਿਹਾ 'ਬਾਬ' ਲਿਖ ਗਏ ਜੋ ਜ਼ੁਲਮ ਤੇ ਅਨਿਆਂ ਵਿਰੁੱਧ ਲੜੀ ਗਈ ਸਬਰ ਅਤੇ ਸਿਦਕ ਦੀ ਜੰਗ ਦਾ ਇਕ ਸੁਨਿਹਰੀ ਪੰਨਾ ਹੋ ਨਿਬੜਿਆ। ਇਥੇ ਇਹ ਦਸਣਾ ਅਜ਼ਹਦ ਜ਼ਰੂਰੀ ਹੈ ਕਿ ਮਾਤਾ ਜੀਤੋ ਜੀ (ਬਾਅਦ ਵਿੱਚ ਅਜੀਤ ਕੌਰ ਜੀ) 13 ਅੱਸੂ ਸੰਮਤ 1757 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ। ਉਸ ਵੇਲੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੀ ਉਮਰ ਕੇਵਲ 4 ਸਾਲ ਦੀ ਸੀ ਅਤੇ ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਹਿ ਸਿੰਘ ਜੀ ਦੀ ਉਮਰ ਕੇਵਲ 2 ਸਾਲ ਦੀ ਹੀ ਸੀ ਅਤੇ ਦੋਵੇਂ ਸਾਹਿਬਜ਼ਾਦੇ ਹਾਲੇ ਮਾਤਾ ਜੀ ਦਾ ਦੁਧ ਚੁੰਘਦੇ ਸਨ। ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਅਗੰਮਪੁਰ (ਸ੍ਰੀ ਅਨੰਦਪੁਰ) ਵਿਖੇ ਮਾਤਾ ਜੀਤੋ ਜੀ ਦੀਆਂ ਸਾਰੀਆਂ ਅੰਤਮ ਰਸਮਾਂ ਅਤੇ ਸਸਕਾਰ, ਮਾਤਾ ਗੁਜਰੀ ਜੀ ਦੀ ਦੇਖ-ਰੇਖ ਵਿੱਚ ਆਪਣੇ ਹੱਥੀਂ ਕੀਤਾ।

ਸਰਬੰਸ ਦਾਨੀ ਨੂੰ ਆਪਣੇ ਮਹਾਨ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸੀਸ ਦਾ ਸਸਕਾਰ ਅਤੇ ਮਾਤਾ ਜੀਤੋ ਜੀ ਦਾ ਸਸਕਾਰ ਹੀ, ਸ੍ਰੀ ਅਨੰਦਪੁਰ ਸਾਹਿਬ ਵਿਖੇ ਅਪਣੇ ਹੱਥੀਂ ਕਰਨਾ ਨਸੀਬ ਹੋਇਆ, ਬਾਕੀ ਚਾਰੇ ਪੁੱਤਰਾਂ ਅਤੇ ਮਾਤਾ ਗੁਜਰੀ ਜੀ ਦੇ ਬਲਦੇ ਅੰਗੀਠਿਆਂ ਦੇ ਸੇਕ ਤੋਂ ਗੁਰੂ ਸਾਹਿਬ ਮਹਿਰੂਮ ਰਹੇ। ਗੁਰੂ ਜੀ ਨੇ ਮਾਤਾ ਜੀਤੋ ਜੀ ਦੇ ਜੋਤੀ-ਜੋਤਿ ਸਮਾ ਜਾਣ ਤੋਂ ਬਾਅਦ ਦੋਵੇਂ ਛੋਟੇ ਸਾਹਿਬਜ਼ਾਦਿਆਂ, ਭਾਵ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਦੇ ਪਾਲਣ-ਪੋਸਣ ਅਤੇ ਸਿੱਖੀ ਸਿਦਕ ਦੀ ਤਰਬੀਅਤ ਦੀ ਸਾਰੀ ਜ਼ਿੰਮੇਵਾਰੀ, ਸਾਹਿਬਜ਼ਾਦਿਆਂ ਦੀ ਦਾਦੀ, ਮਾਤਾ ਗੁਜਰੀ ਜੀ ਦੇ ਸਪੁਰਦ ਕਰ ਦਿਤੀ ਸੀ। ਵੱਡੇ ਸਾਹਿਬਜ਼ਾਦਿਆਂ, ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਦਾ ਸ਼ਾਸਤਰ ਗਿਆਨ, ਸਿੱਖੀ ਸਿਦਕ ਦਾ ਬੋਧ, ਸ਼ਸਤਰ ਕਲਾ ਅਤੇ ਯੁੱਧ ਵਿਦਿਆ ਤੇ ਨਿਪੁੰਨ ਘੋੜ-ਸਵਾਰੀ ਦੀ ਸਿਖਲਾਈ, ਦਸਮ ਪਾਤਸ਼ਾਹ ਹਜ਼ੂਰ ਆਪ ਖ਼ੁਦ ਦਿੰਦੇ ਸਨ।

ਗੁਰੂ ਕੇ ਤੀਜੇ ਮਹਿਲ ਮਾਤਾ ਸਾਹਿਬ ਕੌਰ ਜੀ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ 18 ਵੈਸਾਖ ਸੰਮਤ 1757 ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ। ਇਤਿਹਾਸ ਗਵਾਹ ਹੈ ਕਿ ਮਾਤਾ ਸਾਹਿਬ ਕੌਰ ਦੀ ਝੋਲੀ ਵਿੱਚ ਦਸਮ ਪਾਤਸ਼ਾਹ ਨੇ ਪੰਥ-ਖ਼ਾਲਸੇ ਨੂੰ ਪਾ ਦਿਤਾ ਅਤੇ ਮਾਤਾ ਸਾਹਿਬ ਕੌਰ ਨੂੰ ਸਿੱਖਾਂ ਦੇ ਗੌਰਵਮਈ ਇਤਿਹਾਸ ਵਿੱਚ ਖ਼ਾਲਸੇ ਦੀ ਮਾਤਾ ਹੋਣ ਦੇ ਲਕਬ ਤੇ ਮਾਣ-ਸਨਮਾਨ ਨਾਲ ਸਤਿਕਾਰਿਆ ਜਾਂਦਾ ਹੈ। ਇਥੇ ਇਹ ਦਸਣਯੋਗ ਹੈ ਕਿ ਗੁਰੂ ਦਸਮ ਪਾਤਸ਼ਾਹ ਹਜ਼ੂਰ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਅਬਚਲ ਨਗਰ ਹਜ਼ੂਰ ਸਾਹਿਬ ਤੋਂ ਮਾਤਾ ਸਾਹਿਬ ਕੌਰ ਨੂੰ ਦਿੱਲੀ ਲਈ ਰਵਾਨਾ ਕਰਨ ਸਮੇਂ, ਉਨ੍ਹਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜ ਸ਼ਸਤਰ ਵੀ ਪੂਰੇ ਸਨਮਾਨ ਨਾਲ ਰੱਖਣ ਲਈ ਉਨ੍ਹਾਂ ਦੇ ਸਪੁਰਦ ਕੀਤੇ ਸਨ ਜੋ ਇਸ ਸਮੇਂ ਦਿੱਲੀ ਦੇ ਗੁਰਦਵਾਰਾ ਰਕਾਬਗੰਜ ਸਾਹਿਬ ਵਿੱਚ ਸੁਸ਼ੋਭਿਤ ਹਨ।

ਮਾਤਾ ਸਾਹਿਬ ਕੌਰ ਜੀ, ਮਾਤਾ ਸੁੰਦਰੀ ਜੀ ਤੋਂ ਬਹੁਤ ਸਮਾਂ ਪਹਿਲਾਂ ਹੀ, ਦਿੱਲੀ ਵਿਖੇ ਜੋਤੀ-ਜੋਤਿ ਸਮਾ ਗਏ ਸਨ ਅਤੇ ਆਪ ਜੀ ਦਾ ਅਸਥਾਨ ਸ੍ਰੀ ਗੁਰੂ ਹਰਿ ਕਿਸ਼ਨ ਜੀ ਦੇ ਦੇਹੁਰੇ ਦੇ ਪਾਸ ਹੀ, ਦਿੱਲੀ ਵਿੱਚ ਸੁਸ਼ੋਭਿਤ ਹੈ। ਮਾਤਾ ਸੁੰਦਰੀ ਜੀ ਸੰਮਤ 1804 ਵਿੱਚ ਦਿੱਲੀ ਵਿਖੇ ਹੀ ਜੋਤੀ-ਜੋਤਿ ਸਮਾ ਗਏ ਸਨ। ਮਾਤਾ ਸੁੰਦਰੀ ਜੀ ਦੀ ਹਵੇਲੀ ਤੁਰਕਮਾਨ ਦਰਵਾਜ਼ੇ ਤੋਂ ਬਾਹਰ ਗੁਰਦਵਾਰਾ ਸੀਸ ਗੰਜ ਸਾਹਿਬ ਤੋਂ ਡੇਢ ਮੀਲ ਦੀ ਵਿੱਥ 'ਤੇ ਦਿੱਲੀ ਵਿੱਚ ਸੁਸ਼ੋਭਿਤ ਹੈ। ਛੋਟੇ ਸਾਹਿਬਜ਼ਾਦਿਆਂ ਦੀ ਦਰਦਨਾਕ ਸ਼ਹੀਦੀ ਦੀ ਵੇਦਨਾ ਦਾ ਦਰਦ ਮੇਰੀ ਸੰਵੇਦਨਾ ਵਿੱਚ ਹੋਰ ਗਹਿਰਾ ਉਤਰ ਜਾਂਦਾ ਹੈ ਜਦੋਂ ਇਹ ਖ਼ਿਆਲ ਮੇਰੇ ਤਖ਼ੱਈਅਲ ਵਿੱਚ ਇੱਕ ਅਸਗਾਹ ਪੀੜਾ ਦੀ ਕੁਰਲਾਹਟ ਛੇੜ ਦਿੰਦਾ ਹੈ ਤੇ ਮੈਂ ਅਥਰੂ-ਅਥਰੂ ਹੋ ਉਠਦਾ ਹਾਂ ਕਿ ਜਦੋਂ ਮਾਸੂਮ ਸਾਹਿਬਜ਼ਾਦਿਆਂ ਨੂੰ ਸਰਹੰਦ ਦੀ ਖ਼ੂਨੀ ਦਿਵਾਰ ਵਿੱਚ ਚਿਣਿਆ ਜਾ ਰਿਹਾ ਹੋਵੇਗਾ ਅਤੇ ਲਾੜੀ ਮੌਤ ਨੂੰ ਵਿਆਹੁਣ ਤੋਂ ਪਹਿਲਾਂ ਉਨ੍ਹਾਂ ਮਾਸੂਮ ਜ਼ਿੰਦਾਂ ਨੂੰ ਆਪਣੀ ਅੰਮੜੀ ਮਾਤਾ ਜੀਤੋ ਦੀ ਯਾਦ ਜ਼ਰੂਰ ਆਈ ਹੋਵੇਗੀ ਜੋ ਆਪਣੇ ਲਾਡਲੇ ਪੁੱਤਰਾਂ ਨੂੰ ਦੁੱਧ ਚੁੰਘਾਉਂਦੀ ਹੋਈ, ਸਦਾ ਲਈ ਵਿਛੋੜਾ ਦੇ ਗਈ ਸੀ। ਇਸ ਦਰਦਨਾਕ ਦਾਸਤਾਂ ਨੂੰ ਇੱਕ ਸ਼ਾਇਰ ਇੰਝ ਬਿਆਨ ਕਰਦਾ ਹੈ:

"ਜਿਨ ਕਾ ਮੂੰਹ ਸੂੰਘਨੇ ਸੇ, ਦੂਧ ਕੀ ਖ਼ੁਸ਼ਬੂ ਆਤੀ ਥੀ,
ਵੋਹੀ ਮਾਸੂਮ ਮੇਰੀ ਕੌਮ ਕੇ ਰਾਹਬਰ ਨਿਕਲੇ।"

# ਕੱਚੀ ਗੜ੍ਹੀ ਚਮਕੌਰ ਦਾ ਵਿਲੱਖਣ ਜੁਝਾਰੂ ਇਤਿਹਾਸ

ਸੁਖਦੇਵ ਸਿੰਘ ਭੁੱਲੜ

ਮਿਤੀ 22 ਦਸੰਬਰ 1704 ਨੂੰ ਚਮਕੌਰ ਵਿਖੇ ਅਨੋਖਾ ਯੁੱਧ ਸ਼ੁਰੂ ਹੋਇਆ। ਸ਼ਾਹੀ ਫ਼ੌਜ 'ਚ ਘਿਰੇ ਦਸਮੇਸ਼ ਗੁਰੂ ਜੀ ਤੇ ਸਿੰਘਾਂ ਨੇ ਹੌਸਲਾ ਨਹੀਂ ਹਾਰਿਆ। ਉਨ੍ਹਾਂ ਨੂੰ ਮੌਤ ਦਾ ਫ਼ਿਕਰ ਨਹੀਂ ਸੀ, ਸਗੋਂ ਧਰਮ ਲਈ ਜ਼ੁਲਮ ਵਿਰੁੱਧ ਜੂਝਦਿਆਂ ਸ਼ਹਾਦਤ ਪਾਉਣ ਦੀ ਚਾਹ ਸੀ। ਏਡੇ ਵੱਡੇ ਘੇਰੇ ਵਿੱਚ ਘਿਰੇ ਹੋਏ ਦਸਮੇਸ਼ ਗੁਰੂ ਜੀ ਤੇ ਸਿੰਘ ਚੜ੍ਹਦੀ ਕਲਾ ਵਿੱਚ ਸਨ। ਇੱਕ ਪਾਸੇ ਭੁੱਖਣ-ਭਾਣੇ ਲੰਮੇ ਸਫ਼ਰ ਵਿੱਚ ਲੜਦੇ-ਭਿੜਦੇ, ਥੱਕੇ-ਟੁੱਟੇ ਚਾਲੀ ਸਿੱਖ ਹੋਣ, ਦੂਜੇ ਪਾਸੇ ਦਸ ਲੱਖ ਸ਼ਾਹੀ ਫ਼ੌਜ ਜਿਨ੍ਹਾਂ ਕੋਲ ਉਸ ਵਕਤ ਵਧੀਆ ਹਥਿਆਰ ਸਨ। ਜਿੱਥੇ ਯੁੱਧ ਵਿੱਚ ਲੜਨ ਉਪਰੰਤ ਮੌਤ ਯਕੀਨੀ ਹੋਵੇ। ਅਜਿਹੀ ਸਥਿਤੀ ਵਿੱਚ ਲੜਨ ਮਰਨ ਦਾ ਹੀਆ ਕੀਤਾ ਤਾਂ ਉਹ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਨੇ ।ਜੰਗ ਸ਼ੁਰੂ ਹੋਣ ਤੋਂ ਪਹਿਲਾਂ ਨਵਾਬ ਵਜ਼ੀਰ ਖਾਨ ਆਤਮ ਸਮਰਪਣ ਕਰਨ ਲਈ ਆਖਦਾ ਹੈ, ਪਰ ਦਸਮ ਪਿਤਾ ਜੀ ਜੰਗ ਕਰਨ ਲਈ ਤੀਰਾਂ ਦੀ ਬੁਛਾੜ ਕਰਦੇ ਹਨ। ਇਤਿਹਾਸਕਾਰ ਮੁਹੰਮਦ ਲਤੀਫ਼ ਲਿਖਦਾ ਹੈ ਕਿ ਖਵਾਜ਼ਾ ਮਹਿਮੂਦ ਅਲੀ ਨੇ ਇੱਕ ਏਲਚੀ ਗੜ੍ਹੀ ਵਿੱਚ ਭੇਜਿਆ ਕਿ ਗੁਰੂ ਜੀ ਆਪਣੇ ਆਪ ਨੂੰ ਸ਼ਾਹੀ ਫ਼ੌਜ ਦੇ ਹਵਾਲੇ ਕਰ ਦੇਣ, ਉਨ੍ਹਾਂ ਦੀ ਜਾਨ ਬਖ਼ਸ਼ ਦਿੱਤੀ ਜਾਵੇਗੀ। ਏਲਚੀ ਨੇ ਪੈਗਾਮ ਦੇਣ ਉਪਰੰਤ ਕੁਝ ਕੁਬੋਲ ਗੁਰੂ ਜੀ ਦੀ ਸ਼ਾਨ ਵਿੱਚ ਬੋਲੇ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਸ਼ਮਸ਼ੀਰ ਕੱਢ ਕੇ ਕਿਹਾ, 'ਜੇਕਰ ਗੁਰੂ ਪਿਤਾ ਦੀ ਸ਼ਾਨ ਦੇ ਖ਼ਿਲਾਫ਼ ਕੁਝ ਹੋਰ ਬੋਲਿਆ ਤਾਂ ਮੈਂ ਤੇਰੇ ਟੋਟੇ-ਟੋਟੇ ਕਰ ਦੇਵਾਂਗਾ।'

ਇਸ ਤੋਂ ਬਾਅਦ ਦੁਵੱਲੀ ਯੁੱਧ ਸ਼ੁਰੂ ਹੋ ਗਿਆ। ਦੋਹਾਂ ਪਾਸਿਆਂ ਤੋਂ ਤੀਰ ਤੇ ਗੋਲੀਆਂ ਦਾ ਮੀਂਹ ਵਰ੍ਹਨ ਲੱਗਾ। ਮੁਗਲ ਸਿਪਾਹੀ ਗੜ੍ਹੀ ਦੇ ਨੇੜੇ ਨਹੀਂ ਸੀ ਪਹੁੰਚ ਸਕੇ। ਨਵਾਬ ਵਜ਼ੀਰ ਖਾਂ ਨੇ ਫ਼ੌਜਾਂ ਨੂੰ ਇੱਕੋ ਵਾਰ ਹਮਲਾ ਕਰਨ ਦੀ ਹਦਾਇਤ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਹਮਲੇ ਨੂੰ ਪਛਾੜਨ ਲਈ ਪੰਜ-ਪੰਜ ਸਿੰਘਾਂ ਦੇ ਜਥੇ ਬਾਹਰ ਭੇਜਣੇ ਸ਼ੁਰੂ ਕੀਤੇ। ਜਿਨ੍ਹਾਂ ਨੇ ਬਾਹਰ ਨਿਕਲ ਕੇ ਮੁਗਲ ਫ਼ੌਜਾਂ ਦੇ ਆਹੂ ਲਾਹ ਸੁੱਟੇ। ਗੜ੍ਹੀ ਉੱਪਰੋਂ ਗੁਰੂ ਜੀ ਤੇ ਸਿੰਘ ਤੀਰਾਂ ਦੀ ਵਰਖਾ ਕਰਨ ਲੱਗੇ।

ਜਦੋਂ ਸ਼ਾਹੀ ਫ਼ੌਜ ਦੇ ਤੂਫਾਨੀ ਹਮਲੇ ਨੂੰ ਸਿੰਘ ਰੋਕਣ ਤੋਂ ਅਸਮਰੱਥ ਦਿੱਸੇ ਤਾਂ ਕਲਗੀਧਰ ਪਿਤਾ ਜੀ ਆਪ ਗੜ੍ਹੀ ਤੋਂ ਬਾਹਰ ਨਿਕਲ ਕੇ ਮੁਗਲ ਫ਼ੌਜਾਂ 'ਤੇ ਟੁੱਟ ਕੇ ਪੈ ਗਏ। ਦਸਮ ਪਿਤਾ ਜੀ ਦੀ ਤਲਵਾਰ ਅੱਗੇ ਮੁਗਲ ਫ਼ੌਜਾਂ



ਦੇ ਘਾਣ ਲੱਥ ਗਏ। ਇਸ ਤਰ੍ਹਾਂ ਮੈਦਾਨੇ ਜੰਗ ਵਿੱਚ ਹਫੜਾ ਦਫੜੀ ਮੱਚ ਗਈ। ਸਿੰਘ ਮੁਗਲ ਫ਼ੌਜ 'ਤੇ ਹਾਵੀ ਹੋ ਗਏ। ਮੁਗਲ ਫ਼ੌਜਾਂ ਦੇ ਹਮਲੇ ਨੂੰ ਸਿੰਘਾਂ ਨੇ ਜਾਨਾਂ ਵਾਰ ਕੇ ਰੋਕਿਆ। ਨਵਾਬ ਵਜ਼ੀਰ ਖਾਂ ਨੇ ਫਿਰ ਗੜ੍ਹੀ 'ਤੇ ਕਬਜ਼ਾ ਕਰਨ ਲਈ ਹਮਲਾ ਕੀਤਾ। ਹਮਲਾਵਰ ਗੜ੍ਹੀ ਵੱਲ ਵਧੇ, ਪਰ ਸਿੰਘਾਂ ਦੇ ਇਰਾਦਿਆਂ ਅੱਗੇ ਇਹ ਮਾਮੂਲੀ ਹਮਲਾ ਸੀ। ਇਸ ਹਮਲੇ ਨੂੰ ਰੋਕਣ ਲਈ ਗੁਰੂ ਜੀ ਨੇ ਆਪਣੇ ਜਿਗਰ ਦੇ ਟੁਕੜੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਨੂੰ ਚੁਣਿਆ। ਅਜੀਤ ਸਿੰਘ ਜੰਗ ਲਈ ਤਿਆਰ ਹੋਇਆ। ਨਾਲ ਅੱਠ ਸਿੰਘ ਤਿਆਰ ਕੀਤੇ। ਉਸ ਵਕਤ ਅਜੀਤ ਸਿੰਘ ਦੀ ਉਮਰ ਅਠਾਰਾਂ ਕੁ ਵਰ੍ਹਿਆਂ ਦੀ ਸੀ। ਅਜੀਤ ਸਿੰਘ ਦੀ ਅਗਵਾਈ ਹੇਠ ਸਿੰਘਾਂ ਦੇ ਜਥੇ ਨੇ ਗੜ੍ਹੀ ਵਿਚੋਂ ਬਾਹਰ ਨਿਕਲਦਿਆਂ ਹੀ ਜੈਕਾਰਾ ਛੱਡਿਆ। ਅਜੀਤ ਸਿੰਘ ਨੂੰ ਅੱਗੇ ਵਧਦਾ ਦੇਖ ਕੇ ਦੁਸ਼ਮਣ ਪਲ ਭਰ ਲਈ ਹੈਰਾਨ ਹੋਇਆ ਕਿਉਂਕਿ ਉਨ੍ਹਾਂ ਦੀਆਂ ਧਰਮ-ਪੁਸਤਕਾਂ ਵਿੱਚ ਕੋਈ ਅਜਿਹਾ ਪਿਤਾ ਮੌਜੂਦ ਨਹੀਂ ਸੀ, ਜੋ ਆਪਣੇ ਬੇਟੇ ਨੂੰ ਸ਼ਹੀਦ ਹੋਣ ਲਈ ਮੈਦਾਨੇ ਜੰਗ ਵਿੱਚ ਭੇਜੇ। ਅਜੀਤ ਸਿੰਘ ਦੇ ਤਿੱਖੇ ਤੀਰਾਂ ਨੇ ਦੁਸ਼ਮਣ ਦੀਆਂ ਛਾਤੀਆਂ ਵਿੰਨ੍ਹ ਸੁੱਟੀਆਂ। ਸਾਹਿਬਜ਼ਾਦੇ ਨੇ ਲਲਕਾਰ ਕੇ ਕਿਹਾ ਕਿ ਜਿਸਨੂੰ ਲੜਨ ਮਰਨ ਦਾ ਚਾਅ ਏ, ਉਹ ਸਾਹਮਣੇ ਆਵੇ। ਉਨ੍ਹਾਂ ਦੇ ਸਾਹਮਣੇ ਕਈ ਆਏ, ਪਰ ਵਾਪਸ ਨਾ ਗਏ। ਅਜੀਤ ਸਿੰਘ ਅਜਿਹਾ ਲੜਿਆ ਕਿ ਦੁਸ਼ਮਣ 'ਖੁਦਾ! ਖੁਦਾ!' ਕਰਨ ਲੱਗੇ। ਬੇਸ਼ੱਕ ਮੁਗਲ ਸੈਨਾ ਦਾ ਹਮਲਾ ਸਿੰਘਾਂ ਨੇ ਜੰਮ ਕੇ ਰੋਕਿਆ, ਪਰ ਇਹ ਮੁਕਾਬਲਾ ਕੋਈ ਬਰਾਬਰ ਦਾ ਨਹੀਂ ਸੀ। ਸਗੋਂ ਗਿਣਤੀ ਦੇ ਨੌਂ ਸੂਰਮਿਆਂ ਨਾਲ ਬੇਸ਼ੁਮਾਰ ਫ਼ੌਜ ਦਾ ਮੁਕਾਬਲਾ ਕੁਦਰਤੀ ਅਸੂਲਾਂ ਦੇ ਵਿਰੁੱਧ ਸੀ। ਇੱਕ ਪਾਸੇ ਗਿਣਤੀ ਦੀਆਂ ਨੌਂ ਜਿੰਦਾਂ, ਗਿਣਤੀ ਦੇ ਤੀਰ ਹਥਿਆਰ ਆਦਿ, ਪਰ ਦੂਜੇ ਪਾਸੇ ਅਣਗਿਣਤ ਫ਼ੌਜਾਂ। ਤੀਰ ਮੁੱਕੇ ਤੇ ਸਿੰਘਾਂ ਨੇ ਤਲਵਾਰਾਂ ਧੂਹ ਲਈਆਂ। ਅਜੀਤ ਸਿੰਘ ਕੋਲ ਨੇਜ਼ਾ ਸੀ। ਇੱਕ ਮੁਗਲ ਸਰਦਾਰ ਅਨਵਰ ਖਾਂ ਮਾਲੇਰਕੋਟਲੇ ਵਾਲਾ ਜਿਸ ਦਾ ਸਾਰਾ ਸਰੀਰ ਲੋਹੇ ਨਾਲ ਢਕਿਆ ਹੋਇਆ ਸੀ। ਸਾਹਿਬਜ਼ਾਦੇ ਨੇ ਰਕਾਬਾਂ 'ਤੇ ਖੜ੍ਹੇ ਹੋ ਕੇ ਪੂਰੇ ਜ਼ੋਰ ਨਾਲ ਨੇਜ਼ਾ ਅਨਵਰ ਖਾਂ ਦੀ ਛਾਤੀ ਵਿੱਚ ਮਾਰਿਆ, ਜਿਹੜਾ ਲੋਹੇ ਦੀ ਸੰਜੋਅ ਨੂੰ ਪਾੜ ਕੇ ਛਾਤੀ ਵਿੱਚ ਜਾ ਧਸਿਆ। ਲੜਦੇ-ਲੜਦੇ ਅੱਠ ਸਿੰਘ ਸ਼ਹੀਦ ਹੋ ਗਏ, ਪਰ ਅਜੀਤ ਸਿੰਘ ਇਕੱਲਾ ਹੀ ਲੜਦਾ ਰਿਹਾ। ਇੱਕ ਮੁਗਲ ਸਰਦਾਰ ਨੇ ਨੇਜ਼ਾ ਮਾਰਿਆ। ਅਜੀਤ ਸਿੰਘ ਨੇ ਵਾਰ ਬਚਾਇਆ, ਪਰ ਘੋੜਾ ਜ਼ਖ਼ਮੀ ਹੋ ਗਿਆ। ਫਿਰ ਸਾਹਿਬਜ਼ਾਦਾ ਅਜੀਤ ਸਿੰਘ ਪੈਦਲ ਹੋ ਕੇ ਤਲਵਾਰ ਦੇ ਕ੍ਰਿਸ਼ਮੇ ਦਿਖਾਉਣ ਲੱਗੇ। ਉਨ੍ਹਾਂ ਨੂੰ ਇਕੱਲੇ ਲੜਦੇ ਤੱਕ ਕੇ ਸ਼ਾਹੀ ਸੈਨਾ ਇੱਕੋ ਵਾਰ ਆ ਪਈ। ਹਰ ਇੱਕ ਫ਼ੌਜੀ ਦੀ ਇੱਛਾ ਸੀ ਕਿ ਸਾਹਿਬਜ਼ਾਦਾ ਅਜੀਤ ਸਿੰਘ ਉਸ ਦੇ ਵਾਰ ਨਾਲ ਮਰੇ। ਹੁਣ ਉਹ ਸ਼ਾਹੀ ਫ਼ੌਜਾਂ ਦੇ ਵਿਚਕਾਰ ਘਿਰ ਚੁੱਕੇ ਸਨ। ਚੁਫੇਰਿਓਂ ਵਾਰ ਹੋ ਰਹੇ ਸਨ। ਸਾਹਿਬਜ਼ਾਦੇ ਦੀ ਤਲਵਾਰ ਖੁੰਢੀ ਹੋ ਗਈ, ਪਰ ਲੜਨ ਦਾ ਚਾਅ ਮੱਠਾ ਨਹੀਂ ਸੀ ਹੋਇਆ। ਅਚਾਨਕ ਪਿੱਛੋਂ ਇੱਕ ਵਾਰ ਹੋਇਆ। ਪਿੱਛੋਂ ਵਾਰ ਕਰਨ ਵਾਲਾ ਸਈਅਦ ਜਲਾਲੂਦੀਨ ਦਾ ਪੁੱਤਰ ਸੀ, ਉਸ ਦਾ ਨੇਜ਼ਾ ਅਜੀਤ ਸਿੰਘ ਦੀ ਛਾਤੀ ਵਿੱਚੋਂ ਪਾਰ ਨਿਕਲ ਗਿਆ। ਚੁਫੇਰਿਓਂ ਹੋਏ ਅਣਗਿਣਤ ਵਾਰਾਂ ਨਾਲ ਅਜੀਤ ਸਿੰਘ ਸ਼ਹੀਦ ਹੋ ਗਿਆ।

ਦਸਮ ਪਿਤਾ ਜੀ ਇਹ ਯੁੱਧ ਅੱਖੀਂ ਦੇਖ ਰਹੇ ਸਨ। ਆਪਣੇ ਪੁੱਤਰ ਦੀ ਸ਼ਹਾਦਤ 'ਤੇ ਗੁਰੂ ਜੀ ਨੇ ਅਫ਼ਸੋਸ ਨਹੀਂ ਕੀਤਾ। ਅੱਖਾਂ ਵਿੱਚੋਂ ਹੰਝੂ ਨਹੀਂ ਵਹਾਏ। ਸਗੋਂ ਅਕਾਲ ਪੁਰਖ ਦਾ ਸ਼ੁਕਰ ਕਰਦੇ ਹੋਏ ਜੈਕਾਰਾ ਛੱਡਿਆ।

ਅਜੀਤ ਸਿੰਘ ਦੇ ਸ਼ਹੀਦ ਹੋਣ ਤੋਂ ਬਾਅਦ ਸਾਹਿਬਜ਼ਾਦੇ ਜੁਝਾਰ ਸਿੰਘ ਦੇ ਜੋਸ਼ ਨੇ ਉਬਾਲਾ ਖਾਧਾ। ਉਹ ਗੁਰੂ ਪਿਤਾ ਜੀ ਕੋਲ ਆਏ ਤੇ ਸ਼ਹਾਦਤ ਪ੍ਰਾਪਤ ਕਰਨ ਲਈ ਆਪਾ ਪੇਸ਼ ਕੀਤਾ। ਗੁਰੂ ਪਿਤਾ ਜੀ ਨੇ ਜੁਝਾਰ ਸਿੰਘ ਦਾ ਮੱਥਾ ਚੁੰਮਿਆ। ਘੁੱਟ ਕੇ ਛਾਤੀ ਨਾਲ ਲਾਇਆ ਤੇ ਆਖਿਆ: 'ਜਾਓ, ਮੇਰੇ ਲਾਲ! ਸੂਰਮੇ ਦਾ ਕਰਮ ਧਰਮ ਯੁੱਧ ਵਿੱਚ ਰੰਗ ਮਚਾਉਣਾ ਏਂ। ਧਰਮ ਲਈ ਮਰਨ ਵਾਲੇ ਬੰਦਿਆਂ ਦੀ ਏਥੇ ਉਸਤਤਿ ਤੇ ਦਰਗਾਹ ਵਿੱਚ ਮਾਨ ਸੁੱਖ ਮਿਲਦਾ ਹੈ।'

ਸਾਹਿਬਜ਼ਾਦਾ ਜੁਝਾਰ ਸਿੰਘ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਜੰਗ ਕਰਨ ਜਾ ਰਿਹਾ ਸੀ ਜਦੋਂ ਕਿ ਸਾਹਿਬਜ਼ਾਦਾ ਅਜੀਤ ਸਿੰਘ ਤਾਂ ਪਹਿਲਾਂ ਵੀ ਤਿੰਨ ਜੰਗਾਂ ਲੜ ਚੁੱਕਾ ਸੀ। ਲਾਡਾਂ ਨਾਲ ਪਲੇ ਸਾਹਿਬਜ਼ਾਦੇ ਨੂੰ ਗੁਰੂ ਪਿਤਾ ਜੀ ਨੇ ਆਪਣੇ ਕੋਲੋਂ ਇੱਕ ਖੰਜਰ ਦਿੰਦੇ ਹੋਏ ਹਦਾਇਤ ਕੀਤੀ:

ਹਮ ਦੇਤੇ ਹੈਂ ਖੰਜਰ ਉਸੇ ਸ਼ਮਸ਼ੀਰ ਸਮਝਨਾ।
ਨੇਜ਼ੋਂ ਕੀ ਜਗ੍ਹਾ ਦਾਦਾ ਕਾ ਤੀਰ ਸਮਝਨਾ।
ਜਿਤਨੇ ਮਰੇ ਉਸ ਸੇ ਉਨ੍ਹੇ ਬੇਪੀਰ ਸਮਝਨਾ।
ਜ਼ਖ਼ਮ ਆਏ ਤੋ ਹੋਨਾ ਨਹੀਂ ਦਿਲਗੀਰ ਸਮਝਨਾ।
ਜਬ ਤੀਰ ਕਲੇਜੇ ਮੇਂ ਲਗੇ 'ਸੀ' ਨਹੀਂ ਕਰਨਾ।
ਉਫ! ਮੂੰਹ ਸੇ ਮਿਰੀ ਜਾਂ ਕਭੀ ਭੀ ਨਹੀਂ ਕਰਨਾ।

ਗੁਰੂ ਜੀ ਨੇ ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਤੇ ਤਿੰਨ ਹੋਰ ਸਿੰਘਾਂ ਦੇ ਜਥੇ ਨਾਲ ਜੁਝਾਰ ਸਿੰਘ ਨੂੰ ਮੈਦਾਨ 'ਚ ਉਤਾਰਿਆ। ਸਾਹਿਬਜ਼ਾਦੇ ਦੀ ਉਸ ਵਕਤ ਉਮਰ 14 ਸਾਲ 8 ਮਹੀਨੇ ਤੇ 17 ਦਿਨ ਸੀ। ਮੈਦਾਨ 'ਚ ਆਉਣ ਸਾਰ ਤਰਥੱਲ ਮੱਚ ਗਿਆ। ਦੁਵੱਲੀ ਵਾਰ ਹੋਣ ਲੱਗੇ। ਲੋਥਾਂ ਡਿੱਗਣ ਲੱਗੀਆਂ। ਸ਼ਾਹੀ ਫ਼ੌਜ ਨੇ ਛੇ ਜਿੰਦਾਂ ਨੂੰ ਘੇਰ ਲਿਆ। ਛੇ ਸੂਰਮੇ ਤਨੋਂ ਮਨੋਂ ਹੋ ਕੇ ਲੜਨ ਲੱਗੇ। ਦਿਨ ਦਾ ਅਖੀਰਲਾ ਪਹਿਰ ਬੀਤ ਰਿਹਾ ਸੀ। ਜਦੋਂ ਮੁਗਲਾਂ ਨੇ ਸਾਹਿਬਜ਼ਾਦੇ ਨੂੰ ਘੇਰੇ ਵਿੱਚ ਲੈ ਲਿਆ ਤਾਂ ਗੁਰੂ ਪਿਤਾ ਜੀ ਨੇ ਗੜ੍ਹੀ ਵਿੱਚੋਂ ਤੀਰਾਂ ਦੀ ਬੁਛਾੜ ਸ਼ੁਰੂ ਕਰ ਦਿੱਤੀ। ਪਿਤਾ ਗੁਰੂ ਜੀ ਦੇ ਤੀਰਾਂ ਦੀ ਛਾਂ ਹੇਠ ਜੁਝਾਰ ਸਿੰਘ ਲੜਦਾ ਰਿਹਾ ਤੇ ਸੈਨਾ ਦੇ ਆਹੂ ਲਾਹੁੰਦਾ ਰਿਹਾ। ਇੱਕ-ਇੱਕ ਕਰਕੇ ਸਿੰਘ ਸ਼ਹੀਦ ਹੁੰਦੇ ਗਏ। ਉਨ੍ਹਾਂ ਯੋਧਿਆਂ ਨੇ ਦੱਸ ਦਿੱਤਾ ਸੀ ਕਿ ਇੱਕ ਇੱਕ ਸਿੰਘ ਸਵਾ-ਸਵਾ ਲੱਖ ਨਾਲ ਮੁਕਾਬਲਾ ਕਰ ਸਕਦਾ ਹੈ। ਜੁਝਾਰ ਸਿੰਘ ਲੜਦਾ-ਲੜਦਾ ਉਸ ਜਗ੍ਹਾ 'ਤੇ ਪਹੁੰਚ ਗਿਆ, ਜਿੱਥੇ ਵੱਡੇ ਵੀਰ ਅਜੀਤ ਸਿੰਘ ਦੀ ਦੇਹ ਪਈ ਸੀ। ਉਸ ਥਾਂ 'ਤੇ ਅਚਾਨਕ ਇੱਕ ਤੀਰ ਜੁਝਾਰ ਸਿੰਘ ਦੀ ਛਾਤੀ ਵਿੱਚ ਆ ਕੇ ਵੱਜਾ। ਕਵੀ ਅੱਲ੍ਹਾ ਯਾਰ ਖਾਂ ਲਿਖਦਾ ਹੈ:

ਇਤਨੇ ਮੇਂ ਖਦੰਗ ਆ ਕੇ ਲਗਾ ਹਾਇ ਜਿਗਰ ਮੇਂ।
ਥਾ ਤੀਰ ਕਲੇਜੇ ਮੇਂ ਯਾ ਕਾਂਟਾ ਗੁਲਿ ਤਰ ਮੇਂ।
ਤਾਰੀਕ ਜ਼ਮਾਨਾ ਹੂਆ ਸਤਿਗੁਰ ਕੀ ਨਜ਼ਰ ਮੇਂ।
ਤੂਫਾਨ ਉਠਾ, ਖਾਕ ਉੜੀ, ਬਹਰ ਮੇਂ, ਬਰ ਮੇਂ।

ਇਸ ਤਰ੍ਹਾਂ ਸੈਂਆਂ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਕੇ ਬਹਾਦਰ ਯੋਧਾ ਜੁਝਾਰ ਸਿੰਘ ਸ਼ਹੀਦ ਹੋ ਗਿਆ। ਗੁਰੂ ਪਿਤਾ ਜੀ ਨੇ ਜੈਕਾਰਾ ਛੱਡ ਕੇ ਵਾਹਿਗੁਰੂ ਦਾ ਸ਼ੁਕਰ ਕੀਤਾ। ਇਹ ਯੁੱਧ ਪਿਆਰੇ ਮੋਹਕਮ ਸਿੰਘ ਦੀ ਸ਼ਹੀਦੀ ਤੋਂ ਸ਼ੁਰੂ ਹੋਇਆ ਸੀ ਤੇ ਸਾਹਿਬਜ਼ਾਦੇ ਜੁਝਾਰ ਸਿੰਘ ਦੀ ਸ਼ਹੀਦੀ ਨਾਲ ਸਮਾਪਤ ਹੋ ਗਿਆ।

# ਗੁਰੂ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ

ਗੁਰਮੇਲ ਸਿੰਘ ਗਿੱਲ

ਸਿੱਖ ਇਤਿਹਾਸ ਬੇਮਿਸਾਲ ਕੁਰਬਾਨੀਆਂ ਭਰੀ ਗਾਥਾ ਹੈ। ਵੱਡਾ ਘੱਲੂਘਾਰਾ, ਛੋਟਾ ਘੱਲੂਘਾਰਾ, ਖ਼ਾਲਸੇ ਵੱਲੋਂ ਮੁਗਲਾਂ ਤੇ ਹੋਰ ਰਾਜਿਆਂ ਨਾਲ ਲੜੀਆਂ ਜੰਗਾਂ, ਸਾਕਾ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਇਲਾਵਾ ਹੋਰ ਵੀ ਕਈ ਸਾਕੇ ਇਸ ਦੀਆਂ ਇਤਿਹਾਸਕ ਗਵਾਹੀਆਂ ਭਰਦੇ ਹਨ। ਤਸੀਹੇ ਤੇ ਤਬਾਹੀਆਂ ਪੱਖੋਂ ਸਾਰੇ ਸ਼ਹੀਦਾਂ ਦੀ ਦਾਸਤਾਨ ਆਪਣੀ-ਆਪਣੀ ਵਿਲੱਖਣਤਾ ਪੇਸ਼ ਕਰਦੀ ਹੈ ਪਰ ਆਨੰਦਪੁਰ ਸਾਹਿਬ ਦੀ ਜੰਗ, ਸਰਸਾ ਦੀ ਜੰਗ ਤੋਂ ਪਿੱਛੋਂ ਸਾਕਾ ਸਰਹਿੰਦ ਅਤੇ ਸਾਕਾ ਚਮਕੌਰ ਸਾਹਿਬ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ। ਇਨ੍ਹਾਂ ਸਾਕਿਆਂ ਦੌਰਾਨ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸ਼ਾਹਿਬਜਾਦੇ, ਮਾਤਾ ਗੁਜਰੀ ਜੀ, ਤਿੰਨ ਪਿਆਰੇ ਅਤੇ ਹੋਰ ਸਿੱਖ ਯੋਧੇ ਸ਼ਹਾਦਤਾਂ ਪਾ ਗਏ। ਇਨ੍ਹਾਂ ਸ਼ਹੀਦੀਆਂ ਨੇ ਗੁਰੂ ਜੀ ਅਤੇ ਸਮੁੱਚੇ ਸਿੱਖ ਜਗਤ ਨੂੰ ਇੱਕ ਭਾਂਬੜ ਵਿੱਚ ਬਦਲ ਦਿੱਤਾ, ਜਿਸ ਬਾਰੇ 'ਗੁਰਬਿਲਾਸ' ਵਿੱਚ ਇੰਝ ਦਰਜ ਹੈ:

ਜਬ ਸੁਨਿਓ ਭੇਦ ਤੁਰਕਾਨ ਕਾਨ।
ਇਹ ਚਾਰ ਖਚਰ ਮੂਹਰੈ ਅਮਾਨ।
ਗਹ ਲਯੋ ਤਾਸ ਬਾਂਧੇ ਮੰਗਾਇ।
ਲੈ ਮਾਰਿ ਕੂਟ ਦੀਨੋ ਪਖਾਇ।

ਗੁਰੂ ਜੀ ਦੇ ਚਾਰੇ ਸਾਹਿਬਜ਼ਾਦਿਆਂ ਨੇ ਜੋ ਲਾਸਾਨੀ ਸ਼ਹਾਦਤਾਂ ਪ੍ਰਾਪਤ ਕੀਤੀਆਂ, ਉਨ੍ਹਾਂ ਦੀ ਮਿਸਾਲ ਵਿਸ਼ਵ ਦੇ ਕਿਸੇ ਵੀ ਇਤਿਹਾਸ ਵਿੱਚ ਨਹੀਂ ਮਿਲਦੀ। ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਅਤੇ ਛੱਡਣ ਸਮੇਂ ਗੁਰੂ ਸਾਹਿਬ ਨਾਲ ਗਿਣਤੀ ਦੇ ਸਿੰਘ ਹੀ ਸਨ। ਜਦੋਂ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਨਦੀ ਪੂਰੀ ਚੜ੍ਹੀ ਹੋਈ ਸੀ ਤੇ ਪਾਣੀ ਛੱਲਾਂ ਮਾਰ ਰਿਹਾ ਸੀ। ਮੁਗਲ ਫ਼ੌਜਾਂ ਅਤੇ ਪਹਾੜੀ ਰਾਜਿਆਂ ਨੇ ਸਾਰੀਆਂ ਝੂਠੀਆਂ ਕਸਮਾਂ ਤੋੜ ਕੇ ਦਸਮ ਗੁਰੂ ਦੇ ਸਿੰਘਾਂ 'ਤੇ ਮਿਲ ਕੇ ਹਮਲਾ ਕਰ ਦਿੱਤਾ। ਇਸ ਦੌਰਾਨ ਘਮਸਾਨ ਦਾ ਯੁੱਧ ਹੋਇਆ। ਗੁਰੂ ਜੀ ਦੇ ਅਨੇਕਾਂ ਸਿੰਘ ਅਤੇ ਹੱਥ ਲਿਖਤ ਗ੍ਰੰਥ ਤੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਆਦਿ ਇਸ ਯੁੱਧ ਅਤੇ ਨਦੀ ਦੇ ਤੇਜ਼ ਵਹਾਅ ਦੀ ਭੇਟ ਚੜ੍ਹ ਗਏ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਗੁਰੂ ਸਾਹਿਬ ਦੇ ਜਥੇ ਤੋਂ ਵੱਖ ਹੋ ਗਏ। ਇਸ ਨੂੰ ਹਕੀਮ ਅੱਲ੍ਹਾ ਯਾਰ ਖਾਂ ਜੋਗੀ ਇੰਝ ਬਿਆਨ ਕਰਦੇ ਹਨ:

ਜ਼ੋਰਾਵਰ ਔਰ ਫ਼ਤਹ ਜੋ ਦਾਦੀ ਕੇ ਸਾਥ ਥੇ।
ਦਾਯੇਂ ਕੀ ਜਗਹ ਚਲ ਦੀਯੇ ਵੁਹ ਬਾਯੇਂ ਹਾਥ ਥੇ।

'ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਲੇਖਕ ਸੰਤੋਖ ਸਿੰਘ ਅਤੇ ਕਈ ਹੋਰ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਘਰ ਵਿੱਚ ਲੰਗਰ ਪਰਸ਼ਾਦਿਆਂ ਦੀ ਸੇਵਾ ਕਰਨ ਵਾਲਾ 'ਗੰਗੂ' ਨਾਂ ਦਾ ਵਿਆਕਤੀ ਇਸੇ ਮੌਕੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਮਿਲਿਆ। ਉਸ ਨੇ ਮਾਤਾ ਜੀ ਨੂੰ ਕਿਹਾ ਕਿ ਇਸ ਔਖੀ ਘੜੀ ਵਿੱਚ ਤੁਸੀਂ ਮੇਰੇ ਘਰ ਟਿਕਾਣਾ ਕਰ ਲਓ। ਛੋਟੇ-ਛੋਟੇ ਸਾਹਿਬਜ਼ਾਦੇ ਆਪਣੀ ਬਿਰਧ ਦਾਦੀ ਮਾਤਾ ਦੀਆਂ ਉਂਗਲਾਂ ਫੜ ਕੇ ਨਾਲ ਨਾਲ ਜੰਗਲਾਂ ਨੂੰ ਚੀਰਦੇ ਤੁਰਦੇ ਗਏ। ਗੰਗੂ ਆਪਣੇ ਪਿੰਡ ਸਹੇੜੀ ਵਿੱਚ ਮਾਤਾ ਜੀ ਅਤੇ ਸ਼ਾਹਿਬਜ਼ਾਦਿਆਂ ਨੂੰ ਆਪਣੇ ਘਰ ਲੈ ਗਿਆ। ਉਸ ਨੂੰ ਪਤਾ ਲੱਗ ਗਿਆ ਕਿ ਮਾਤਾ ਜੀ ਕੋਲ ਸੋਨੇ ਦੀਆਂ ਮੋਹਰਾਂ ਹਨ। ਉਸ ਦਾ ਮਨ ਲਾਲਚ ਵੱਸ ਬੇਈਮਾਨ ਹੋ ਗਿਆ। ਉਸ ਨੇ ਰਾਤ ਨੂੰ ਸੁੱਤੇ ਪਏ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀਆਂ ਮੋਹਰਾਂ ਚੁਰਾ ਲਈਆਂ। ਸਵੇਰ ਹੋਈ ਤਾਂ ਮਾਤਾ ਜੀ ਵੱਲੋਂ ਮੋਹਰਾਂ ਦੇ ਗੁੰਮ ਹੋ ਜਾਣ ਬਾਰੇ ਪੁੱਛਣ 'ਤੇ ਉਹ ਕਹਿਣ ਲੱਗਾ, "ਮੈਂ ਤੁਹਾਨੂੰ ਰਾਤ ਨੂੰ ਰਹਿਣ ਲਈ ਨਿਵਾਸ ਦਿੱਤਾ ਹੈ, ਫਿਰ ਤੁਸੀਂ ਹੀ ਮੇਰੇ 'ਤੇ ਚੋਰੀ ਦਾ ਦੋਸ਼ ਲਗਾ ਰਹੇ ਹੋ।" ਉਸ ਨੇ ਮੋਰਿੰਡੇ ਦੇ ਕੋਤਵਾਲ ਨੂੰ ਸੱਦ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਕੋਤਵਾਲ ਨੇ ਉਨ੍ਹਾਂ ਨੂੰ 23 ਦਸੰਬਰ 1704 ਈ ਨੂੰ ਸਰਹਿੰਦ ਦੇ ਨਵਾਬ ਵਜੀਰ ਖਾਂ ਦੇ ਹਵਾਲੇ ਕਰ ਦਿੱਤਾ। ਨਵਾਬ ਨੇ ਦਾਦੀ ਅਤੇ ਦੋਵਾਂ ਪੋਤਰਿਆਂ ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ।

ਠੰਡੇ ਬੁਰਜ ਵਿੱਚ ਹੱਡ ਚੀਰਵੀਂ ਪੋਹ ਮਹੀਨੇ ਦੀ ਅੰਤਾਂ ਦੀ ਠੰਡ ਨਾਲ ਮਾਸੂਮ ਬੱਚਿਆਂ ਦੇ ਹੱਥਾਂ ਅਤੇ ਪੈਰਾਂ ਦੀਆਂ ਨਿੱਕੀਆਂ ਕੋਮਲ ਉਂਗਲਾਂ ਸੁੰਨ ਹੋ ਕੇ ਨੀਲੀਆਂ ਹੋ ਗਈਆਂ। ਇਸ ਸਮੇਂ ਹੀ ਗੁਰੂ ਘਰ ਦਾ ਇੱਕ ਪ੍ਰੇਮੀ ਭਾਈ ਮੋਤੀ ਰਾਮ ਮਹਿਰਾ, ਜੋ ਵਜੀਰ ਖਾਂ ਦੇ ਲੰਗਰ ਵਿੱਚ ਨੌਕਰੀ ਕਰਦਾ ਸੀ, ਦੁੱਧ ਦਾ ਗੜਵਾ ਲੈ ਕੇ ਅਨੇਕਾਂ ਮੁਸ਼ਕਲਾਂ ਵਿੱਚੋਂ ਗੁਜ਼ਰਦਾ ਹੋਇਆ ਬੁਰਜ ਵਿੱਚ ਪਹੁੰਚਿਆ। ਮਾਤਾ ਗੁਜਰੀ ਜੀ ਨੇ ਦੁੱਧ ਪੋਤਰਿਆਂ ਨੂੰ ਛਕਾਇਆ ਅਤੇ ਮੋਤੀ ਰਾਮ ਮਹਿਰਾ ਨੂੰ ਅਸੀਸ ਦਿੱਤੀ:

ਪਿਖ ਕੇ ਪ੍ਰੇਮ ਸੂ ਮੋਤੀ ਕੇਰਾ, ਮਾਤਾ ਕਹਯੋ ਭਲਾ ਹੋਵੇ ਤੇਰਾ।

ਦਾਦੀ ਮਾਤਾ ਨੇ ਕੈਦ ਦੇ ਸਮੇਂ ਦੌਰਾਨ ਆਪਣੇ ਪੋਤਰਿਆਂ ਨੂੰ ਉਨ੍ਹਾਂ ਦੇ ਦਾਦਾ ਗੁਰੂ ਤੇਗ ਬਹਾਦਰ ਸਾਹਿਬ, ਪੰਜਵੇਂ ਗੁਰੂ ਅਰਜਨ ਦੇਵ ਅਤੇ ਹੋਰ ਸ਼ਹੀਦ ਸਿੰਘਾਂ ਦੀਆਂ ਸਾਖੀਆਂ ਅਤੇ ਕਹਾਣੀਆਂ ਸੁਣਾ ਕੇ ਉਨ੍ਹਾਂ ਨੂੰ ਹਮੇਸ਼ਾ ਲਈ ਦਲੇਰਾਨਾਂ ਸੋਚ ਰੱਖਣ ਦੀ ਪ੍ਰੇਰਨਾ ਦਿੱਤੀ। ਬਹਾਦਰੀ ਅਤੇ ਨਸੀਹਤਾਂ ਭਰੀਆਂ ਸਾਖੀਆਂ ਸੁਣ ਕੇ ਸਾਹਿਬਜ਼ਾਦਿਆਂ ਨੇ ਵੀ ਦਾਦੀ ਮਾਂ ਨੂੰ ਇਹੋ ਵਿਸ਼ਵਾਸ ਦਿੱਤਾ ਕਿ ਉਹ ਦਸਮ ਗੁਰੂ ਪਿਤਾ ਦੇ ਲਾਲ ਹਨ, ਉਹ ਸਿਰ ਦੇ ਕੇ ਸਿੱਖੀ ਸਿੱਦਕ ਦੀ ਰਾਖੀ ਕਰਨਗੇ।

ਮੁਗਲ ਹਕੂਮਤ ਦੇ ਸਿਪਾਹੀ ਪਹਿਲੀ ਵਾਰ 24 ਦਸੰਬਰ ਦੇ ਦਿਨ ਠੰਢੇ ਬੁਰਜ 'ਚੋਂ ਦੋਵਾਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਆਏ। ਸਾਹਿਬਜ਼ਾਦਿਆਂ ਨੂੰ ਨਵਾਬ ਵਜੀਰ ਖਾਂ ਦੀ ਕਚਿਹਰੀ ਵਿੱਚ ਪੇਸ਼ ਕੀਤਾ ਗਿਆ। ਬਹਾਦਰ ਪਿਤਾ ਦੇ ਬਹਾਦਰ ਸ਼ੇਰ ਪੁੱਤਰਾਂ ਨੇ ਕਚਿਹਰੀ ਵਿੱਚ ਵਜੀਰ ਖਾਂ ਦੇ ਸਾਹਮਣੇ ਖੜ੍ਹ ਕੇ ਪੂਰੇ ਜੋਸ਼ ਨਾਲ ਫਤਹਿ ਬੁਲਾਈ। ਨਿੱਕੇ-ਨਿੱਕੇ ਬੱਚਿਆਂ ਦਾ ਜੋਸ਼ ਦੇਖ ਸੂਬਾ ਸਰਹਿੰਦ ਕੰਬ ਗਿਆ। ਉਸ ਨੇ ਸਾਹਿਬਜ਼ਾਦਿਆਂ ਦਾ ਧਰਮ ਬਦਲਣ ਲਈ ਕਈ ਕੋਸ਼ਿਸ਼ਾਂ ਕੀਤੀਆਂ। ਲਾਲਚ ਅਤੇ ਸਬਜ਼ਬਾਗ ਵੀ ਵਿਖਾਏ ਗਏ ਤਾਂ ਕਿ ਉਹ ਆਪਣੇ ਪਿਤਾ ਅਤੇ ਦਾਦੇ ਵਾਲਾ ਸਿੱਖ ਧਰਮ ਛੱਡ ਕੇ ਇਸਲਾਮ ਕਬੂਲ ਕਰ ਲੈਣ। ਇਸੇ ਵਾਰਤਾਲਾਪ ਦੌਰਾਨ ਡਰਾਇਆ ਧਮਕਾਇਆ ਵੀ ਗਿਆ। ਇਸ ਬਾਰੇ ਕਵੀ ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ:

ਸਾਹਿਬਜ਼ਾਦਿਓ ਪਿਤਾ ਤੁਹਾਰਾ।
ਗਢ ਚਮਕੌਰ ਘੇਰ ਗਹਿ ਮਾਰਾ।
ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ।
ਸੰਗੀ ਸਿੰਘ ਸਕਲ ਸੋ ਮਾਰੇ। (ਸੂਰਜ ਪ੍ਰਕਾਸ਼)

ਸੂਬਾ ਸਰਹਿੰਦ ਦੇ ਡਰਾਵੇ ਸੁਣ ਕੇ ਨਿਡਰ ਤੇ ਨਿਰਭੈ ਸਾਹਿਬਜ਼ਾਦਿਆਂ ਨੇ ਉਸ ਨੂੰ ਮੋੜਵਾਂ ਜਵਾਬ ਦਿੱਤਾ:

ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ।
ਜਗ ਮਹਿੰ ਕੌਨ ਸਕੇ ਤਿੰਹ ਮਾਰਾ।
ਜਿਮ ਆਕਾਸ਼ ਕੋ ਕਿਆ ਕੋਈ ਮਾਰਹਿ।
ਕੌਨ ਅੰਧੇਰੀ ਕੋ ਨਿਰਵਾਰਹਿ। (ਸੂਰਜ ਪ੍ਰਕਾਸ਼)

ਮੋੜਵੇਂ ਜਵਾਬ ਸੁਣ ਕੇ ਸੂਬਾ ਸਰਹਿੰਦ ਨੇ ਕਚਿਹਰੀ ਬਰਖਾਸਤ ਕਰ ਕੇ ਅਗਲੇ ਦਿਨ ਫਿਰ ਪੇਸ਼ ਕਰਨ ਲਈ ਕਿਹਾ ਅਤੇ ਸਾਹਿਬਜ਼ਾਦਿਆਂ ਨੂੰ ਫਿਰ ਸਜ਼ਾ ਵਜੋਂ ਠੰਡੇ ਬੁਰਜ 'ਚ ਦਾਦੀ ਕੋਲ ਰੱਖਣ ਦਾ ਹੁਕਮ ਦਿੱਤਾ ਗਿਆ।

ਅਗਲੇ ਦਿਨ 25 ਦਸੰਬਰ 1704 ਨੂੰ ਫਿਰ ਦੋਵੇਂ ਸਾਹਿਬਜ਼ਾਦੇ ਫ਼ਤਹਿ ਬੁਲਾਉਂਦੇ ਹੋਏ ਚੜ੍ਹਦੀ ਕਲਾ ਵਿੱਚ ਸੂਬਾ ਸਰਹਿੰਦ ਦੀ ਕਚਿਹਰੀ ਵਿੱਚ ਪੇਸ਼ ਹੋਏ। ਫਿਰ ਅਨੇਕਾਂ ਲਾਲਚ ਦਿੱਤੇ ਗਏ, ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਸਾਹਿਬਜ਼ਾਦਿਆਂ ਦੇ ਨਾ ਮੰਨਣ 'ਤੇ ਹਾਜ਼ਰ ਕਾਜ਼ੀ ਨੂੰ ਫਤਵਾ ਸੁਣਾਉਣ ਦਾ ਹੁਕਮ ਦਿੱਤਾ ਗਿਆ। ਇਸਲਾਮ ਦੀ ਮਰਿਯਾਦਾ ਅਨੁਸਾਰ ਕਾਜ਼ੀ ਨੇ ਕਿਹਾ, "ਬੱਚਿਆਂ ਅਤੇ ਬਜ਼ੁਰਗਾਂ 'ਤੇ ਕੋਈ ਫਤਵਾ ਨਹੀ ਲਗਾਇਆ ਜਾ ਸਕਦਾ।" ਗੁਰੂ ਦੇ ਲਾਲਾਂ ਨੇ ਕਿਹਾ, "ਅਸੀਂ ਗੁਰੂ ਗੋਬਿੰਦ ਸਿੰਘ ਦੇ ਸ਼ੇਰ ਪੁੱਤਰ ਹਾਂ, ਸਾਨੂੰ ਆਪਣਾ ਧਰਮ ਅਤੇ ਸਿੱਖੀ ਸਿੱਦਕ ਜਾਨ ਤੋਂ ਵੱਧ ਪਿਆਰਾ ਹੈ। ਅਸੀਂ ਕਿਸੇ ਤੋਂ ਵੀ ਡਰਦੇ ਨਹੀ ਅਤੇ ਨਾ ਹੀ ਅਸੀਂ ਇਸਲਾਮ ਕਬੂਲ ਕਰਾਂਗੇ।" ਇਸ ਮਗਰੋਂ ਪੇਸ਼ੀ ਅਗਲੇ ਦਿਨ ਦੀ ਪਾ ਦਿੱਤੀ ਗਈ।26 ਅਤੇ 27 ਦਸੰਬਰ ਨੂੰ ਮੁੜ ਪੇਸ਼ੀ ਲਈ ਸਿਪਾਹੀ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਆਏ। ਦਾਦੀ ਮਾਂ ਨੇ ਪੋਤਰਿਆਂ ਨੂੰ ਲਾਡਾਂ ਨਾਲ ਤਿਆਰ ਕੀਤਾ। ਇਨ੍ਹਾਂ ਅਹਿਮ ਪਲਾਂ ਨੂੰ ਕਵੀ ਹਕੀਮ ਅੱਲ੍ਹਾ ਯਾਰ ਖਾਂ ਜੋਗੀ ਨੇ ਆਪਣੇ ਸ਼ਬਦਾਂ ਵਿੱਚ ਇੰਝ ਬਿਆਨ ਕੀਤਾ ਹੈ:

ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ।
ਪਯਾਰੇ ਸਰੋਂ ਪੇ ਨਨ੍ਹੀ ਸੀ ਕਲਗ਼ੀ ਸਜਾ ਤੋ ਲੂੰ।
ਮਰਨੇ ਸੇ ਪਹਲੇ ਤੁਮ ਕੋ ਮੈਂ ਦੂਲ੍ਹਾ ਬਨਾ ਤੋ ਲੂੰ।

(ਬਾਕੀ ਸਫ਼ਾ 31 'ਤੇ)

# ਚਮਕੌਰ ਦੀ ਗੜ੍ਹੀ ਦਾ ਮਹਾਨ ਸ਼ਹੀਦ ਭਾਈ ਸੰਗਤ ਸਿੰਘ

ਤਰਲੋਚਨ ਸਿੰਘ

ਸੂਰਜ ਅਸਤ ਹੋਣ ਨਾਲ ਜਦੋਂ ਚਮਕੌਰ ਦੀ ਜੰਗ ਬੰਦ ਹੋਈ ਤਾਂ ਗੜ੍ਹੀ ਵਿਚ ਗਿਣਤੀ ਦੇ 11 ਸਿੰਘ ਰਹਿ ਗਏ ਸਨ ਜਿਨ੍ਹਾਂ ਵਿਚ ਸ਼ਹੀਦ ਪਿਤਾ ਦਾ ਸਪੁੱਤਰ ਅਤੇ ਸ਼ਹੀਦ ਸਪੁੱਤਰਾਂ ਦਾ ਬਾਪ ਜੰਗ ਵਿਚ ਜੂਝਣ ਲਈ ਤਿਆਰ-ਬਰ-ਤਿਆਰ ਸੀ। ਪਰ ਗੜ੍ਹੀ ਵਿਚਲੇ ਸਿੰਘਾਂ ਦੇ ਬੇਨਤੀ ਕਰਨ 'ਤੇ ਗੁਰੂ ਸਾਹਿਬ ਜੀ ਨੇ ਗੜ੍ਹੀ ਛੱਡ ਜਾਣ ਦਾ ਪੰਜਾਂ ਪਿਆਰਿਆਂ ਦਾ ਇਹ ਫੈਸਲਾ ਪ੍ਰਵਾਨ ਕਰ ਲਿਆ, ਕਿਉਂਕਿ ਸਿੰਘ ਇਹ ਸਮਝਦੇ ਸਨ ਕਿ ਜੇਕਰ ਗੁਰੂ ਸਾਹਿਬ ਜੀ ਦੀ ਸਰੀਰਿਕ ਹੋਂਦ ਕਾਇਮ ਰਹੀ ਤਾਂ ਇਹ ਬਿਖੜੇ ਸਮੇਂ ਲਈ ਮੁੜ ਤੋਂ ਸਿੱਖ ਕੌਮ ਸੰਗਠਿਤ ਕਰ ਲੈਣਗੇ। ਇਸ ਲਈ ਸਿੰਘਾਂ ਅਨੁਸਾਰ ਗੁਰੂ ਸਾਹਿਬ ਜੀ ਦੀ ਬੇਵਕਤ ਸ਼ਹਾਦਤ ਕੌਮ ਲਈ ਬਹੁਤ ਦੁਖਦਾਇਕ ਹੋਵੇਗੀ, ਸੋ ਗੜ੍ਹੀ ਵਿਚਲੇ ਸਿੰਘਾਂ ਨੇ ਗੁਰੂ ਸਾਹਿਬ ਜੀ ਨੂੰ 1756 ਬਿਕ੍ਰਮੀ ਦੀ ਵਿਸਾਖੀ 'ਤੇ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਾਉਣ ਸਮੇਂ ਖਾਲਸੇ ਨੂੰ ਬਖਸ਼ੀ ਵਡਿਆਈ ਤਹਿਤ ਨਿਮਰਤਾ ਸਹਿਤ ਮੁਖਾਤਿਬ ਹੋ ਕੇ ਚਮਕੌਰ ਦੀ ਗੜ੍ਹੀ ਛੱਡ ਜਾਣ ਦੀ ਬੇਨਤੀ ਕੀਤੀ ਤਾਂ ਪੰਥ ਦੇ ਵਾਲੀ ਨੇ ਪੰਜਾਂ ਸਿੰਘਾਂ ਦੀ ਇਸ ਬੇਨਤੀ ਨੂੰ ਪ੍ਰਵਾਨ ਕਰ ਲਿਆ। ਗੁਰੂ ਪਾਤਸ਼ਾਹ ਨੇ ਖਾਲਸਾ ਪੰਥ ਨੂੰ ਐਸੀ ਵਡਿਆਈ ਬਖਸ਼ਿਸ਼ ਕਰ ਕੇ ਇਕ ਅਲੌਕਿਕ ਇਤਿਹਾਸ ਸਿਰਜ ਦਿੱਤਾ ਕਿ ਆਪਣੇ ਬਚਪਨ ਦੇ ਸਾਥੀ ਹਮਸ਼ਕਲ ਅਤੇ ਹਮਉਮਰ ਭਾਈ ਸੰਗਤ ਸਿੰਘ ਜੋ ਹਰ ਵਕਤ ਨਿਮਾਣੇ ਹੋ ਕੇ ਗੁਰੂ-ਘਰ ਦੀ ਸੇਵਾ ਵਿਚ ਰਹਿੰਦੇ ਸਨ, ਨੂੰ ਪਿਆਰੇ ਸਿੱਖ ਹੋਣ ਦਾ ਮਾਣ ਬਖਸ਼ਿਸ਼ ਕਰ ਕੇ ਹਿੱਕ ਨਾਲ ਲਾਇਆ ਅਤੇ ਆਪਣੀ ਜਿਗਾ ਕਲਗੀ, ਭਾਈ ਸੰਗਤ ਸਿੰਘ ਦੇ ਸੀਸ 'ਤੇ ਸਜਾਈ ਅਤੇ ਆਪਣੇ ਸ਼ਸ਼ਤਰ-ਬਸਤਰ ਉਨ੍ਹਾਂ ਨੂੰ ਬਖਸ਼ਿਸ਼ ਕੀਤੇ ਅਤੇ ਥਾਪੜਾ ਦਿੱਤਾ। ਜਿਸਦਾ ਜਿਕਰ ਗੁਰਬਿਲਾਸ ਪਾਤਸ਼ਾਹੀ 10 ਦੇ ਕਰਤਾ ਭਾਈ ਕੁਇਰ ਸਿੰਘ ਨੇ ਇੰਝ ਕੀਤਾ ਹੈ :-

ਜੋਤ ਦਈ ਤਿਹ ਕੋ ਅਪਨੀ ਪੁਨਿ
ਦੀ ਕਲਗੀ ਔ ਜਿਗਾ ਸੁਖਦਾਨੀ,
ਸੰਗਤ ਸਿੰਘ ਹੈ ਨਾਮ ਜਿਸੈ ਕਛੁ
ਤਾ ਬਪੁ ਹੈ ਕਰਿ ਸ੍ਰੀ ਗੁਰ ਸਾਨੀ।

ਭਾਈ ਸੰਗਤ ਸਿੰਘ ਜੀ, ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿਚ ਮੇਰੇ ਮੋਰਚੇ ਵਾਲੇ ਆਸਣ 'ਤੇ ਬੈਠਣਾ ਤੇ ਦਿਨ ਚੜ੍ਹੇ ਜਦੋਂ ਮੁਗ਼ਲ ਫੌਜਾਂ ਗੜ੍ਹੀ 'ਤੇ ਹਮਲਾ ਕਰਨ ਤਾਂ ਵੈਰੀ ਦਾ ਡਟ ਕੇ ਮੁਕਾਬਲਾ ਕਰਨਾ, ਜਿਉਂਦੇ ਜੀਅ ਵੈਰੀ ਦੇ ਹੱਥ ਨਹੀਂ ਲੱਗਣਾ ਅਤੇ ਮੈਦਾਨੇ ਜੰਗ ਵਿਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰਨੀ ਹੈ। ਜੰਗ ਬਾਬਤ ਆਪ ਜੀ ਦਾ ਫੈਸਲਾ ਜ਼ਫ਼ਰਨਾਮੇ ਦੇ ਸ਼ੇਅਰ 22 ਵਿਚ ਇਸ ਤਰ੍ਹਾਂ ਹੈ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।

ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਹਿਲੂਰ ਦੇ ਰਾਜੇ ਕੋਲੋਂ ਪੰਜ ਮੀਲ ਉੱਤਰ-ਪੱਛਮ ਵੱਲ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦੀ ਜੋ ਸਤਲੁਜ ਦਰਿਆ ਦੇ ਕੰਢੇ 'ਤੇ ਸੀ, ਜਿੱਥੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਨਾਮ ਦਾ ਨਗਰ ਵਸਾਇਆ ਸੀ ਅਤੇ ਜਿਸ ਦੀ ਨੀਂਹ ਰੱਖਣ ਦਾ ਸ਼ੁਭ ਕਾਰਜ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਸੰਪੂਰਨ ਕੀਤਾ ਸੀ। ਮਾਖੋਵਾਲ ਦਾ ਨਾਮ ਪਹਿਲਾਂ ਚੱਕ ਨਾਨਕੀ ਅਤੇ ਬਾਅਦ ਵਿਚ ਅਨੰਦਪੁਰ ਸਾਹਿਬ ਪ੍ਰਸਿੱਧ ਹੋਇਆ ਜਿਸ ਦੀ ਨੀਂਹ ਰੱਖਣ ਲਈ ਟੱਕ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਲਗਾਇਆ। ਇਥੇ ਹੀ ਭਾਈ ਰਣੀਆ ਜੀ ਅਤੇ ਬੀਬੀ ਅਮਰੋ ਜੀ ਨੇ ਗੁਰੂ ਸਾਹਿਬ ਦੀ ਸੇਵਾ ਵਿਚ ਆਪਣਾ ਜੀਵਨ ਲਗਾਇਆ। ਇਥੋਂ ਬੀਬੀ ਅਮਰੋ ਜੀ ਅਤੇ ਭਾਈ ਰਣੀਆ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਧਰਮ ਪ੍ਰਚਾਰ ਯਾਤਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਹਿਨੁਮਾਈ ਹੇਠ ਅਰੰਭ ਕੀਤੀ, ਜਿਸ ਵਿਚ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਚੰਦ, ਦੀਵਾਨ ਦੁਰਗਾ ਮੱਲ, ਦੁਰਗਾ ਦਾਸ ਆਦਿ ਮਹਾਂਪੁਰਸ਼ਾਂ ਦੇ ਨਾਲ-ਨਾਲ ਬੀਬੀ ਅਮਰੋ ਜੀ ਅਤੇ ਭਾਈ ਰਣੀਆ ਜੀ ਵੀ ਗੁਰੂ-ਘਰ ਦੇ ਟਹਿਲੀਏ ਸੇਵਾਦਾਰ ਵਜੋਂ ਸ਼ਾਮਲ ਸਨ। ਪ੍ਰਚਾਰ ਵਜੋਂ ਮਾਲਵੇ ਦੇਸ਼ ਦੇ ਬਾਂਗਰ ਇਲਾਕੇ ਮਥਰਾ, ਕੁਰੂਕਸ਼ੇਤਰ, ਆਗਰਾ, ਕਾਨ੍ਹਪੁਰ, ਅਲਾਹਾਬਾਦ ਆਦਿਕ ਅਨੇਕਾਂ ਤੀਰਥਾਂ ਦੀ ਯਾਤਰਾ ਕਰਦੇ ਹੋਏ ਪਟਨੇ ਸ਼ਹਿਰ (ਬਿਹਾਰ) ਵਿਖੇ ਪੁੱਜੇ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਪਰਵਾਰ ਅਤੇ ਗੁਰੂ ਦੀ ਸੰਗਤ ਜਿਸ ਵਿਚ ਭਾਈ ਰਣੀਆ ਜੀ ਅਤੇ ਬੀਬੀ ਅਮਰੋ ਜੀ ਵੀ ਸ਼ਾਮਲ ਸਨ, ਨੂੰ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸੌਂਪ ਕੇ ਢਾਕੇ-ਅਸਾਮ ਦੇਸ਼ ਦੇ ਦੌਰੇ 'ਤੇ ਚਲੇ ਗਏ ਸਨ। ਪਟਨੇ ਵਿਖੇ ਹੀ ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਸਦਕਾ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ 23 ਪੋਹ 1723 ਬਿਕ੍ਰਮੀ ਤੋਂ ਚਾਰ ਮਹੀਨੇ ਬਾਅਦ ਬੀਬੀ ਅਮਰੋ ਜੀ ਦੀ ਕੁੱਖੋਂ ਭਈ ਰਣੀਆ ਜੀ ਦੇ ਘਰ ਬਾਬਾ ਸੰਗਤ ਸਿੰਘ ਦਾ ਜਨਮ 28 ਵੈਸਾਖ 1724 ਬਿਕ੍ਰਮੀ ਨੂੰ ਹੋਇਆ। ਮਾਤਾ-ਪਿਤਾ ਨੇ ਜਨਮ ਤੋਂ ਹੀ ਆਪ ਜੀ ਦਾ ਨਾਮ ਸੰਗਤਾ ਰੱਖਿਆ।



ਗਿਆਨੀ ਗੁਰਬਖਸ਼ ਸਿੰਘ ਜੀ ਆਪਣੀ ਪੁਸਤਕ 'ਕਲਗੀ ਭਾਈ ਸੰਗਤ ਸਿੰਘ ਨੂੰ ਹੀ' ਵਿਚ ਲਿਖਦੇ ਹਨ ਕਿ ਬਾਬਾ ਸੰਗਤ ਸਿੰਘ ਦੇ ਵੱਡ-ਵਡੇਰੇ ਪੁਰਾਣੇ ਜ਼ਮਾਨੇ ਦੇ ਜਲੰਧਰ ਸੂਬੇ ਦੇ ਪਿੰਡ ਖੇੜੀ (ਫਗਵਾੜੇ ਦੇ ਲਾਗੇ) ਦੇ ਰਹਿਣ ਵਾਲੇ ਸਨ, ਜਿਨ੍ਹਾਂ ਦੇ ਵੱਡ-ਵਡੇਰੇ ਪਹਿਲਾਂ ਬੰਗੇ ਰਹਿੰਦੇ ਸਨ ਜਿਸ ਕਰਕੇ ਖੇੜੀ ਦੇ ਵਸਨੀਕ ਆਪ ਨੂੰ ਬੰਗੇਸਰ ਦੀ ਅੱਲ ਨਾਲ ਪੁਕਾਰਦੇ ਸਨ।

ਇਤਿਹਾਸ ਨੂੰ ਵਾਚਣ ਉਪਰੰਤ ਪਤਾ ਲੱਗਦਾ ਹੈ ਕਿ, ਖੇੜੀ ਸਪਰੋੜ ਦੀ ਇਕ ਦਿਲਕੰਬਾਊ ਕਹਾਣੀ ਨੂੰ ਬੜੇ ਜਿਗਰੇ ਨਾਲ ਹੀ ਸੁਣਿਆ ਜਾ ਸਕਦਾ ਹੈ। ਲਾਗੇ-ਲਾਗੇ ਦੇ ਪਿੰਡਾਂ ਤੋਂ ਵੀ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਖਾਲਸਾ ਪੰਥ ਦੀ ਸਾਜਨਾ ਸਮੇਂ ਅਨੰਦਪੁਰ ਸਾਹਿਬ ਵਿਖੇ ਇਸੇ ਪਿੰਡ ਦੇ ਭਾਈ ਰਣੀਆ ਜੀ, ਭਾਈ ਜੋਧਾ ਜੀ ਜੋ ਹੀਰ ਗੋਤ ਦੇ ਰਾਮਦਾਸੀਏ ਗੁਰਸਿੱਖ ਸਨ ਅਤੇ ਭਾਈ ਭਾਨੂੰ ਜੀ ਦੇ ਸਪੁੱਤਰ ਸਨ, ਦੇ ਪਰਵਾਰਾਂ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਖਾਲਸਾ ਪੰਥ ਨਾਲ ਆਪਣਾ ਗੂੜ੍ਹਾ ਸਬੰਧ ਜੋੜ ਲਿਆ ਸੀ, ਜਿਸ ਦੇ ਵਿਰੋਧ ਵਿਚ ਆ ਕੇ ਔਰੰਗਜ਼ੇਬ ਹਕੂਮਤ ਨੇ ਇਕ ਖਾਸ ਫਤਵਾ ਜਾਰੀ ਕੀਤਾ ਕਿ ਇਨ੍ਹਾਂ ਦੀ ਜਾਇਦਾਦ ਜਬਤ ਕਰਕੇ ਇਨ੍ਹਾਂ ਨੂੰ ਬਾਗੀ ਕਰਾਰ ਦੇ ਦਿੱਤਾ ਜਾਵੇ ਅਤੇ ਹਕੂਮਤ ਦੇ ਸਪੁਰਦ ਨਾ ਕਰਨ ਦੀ ਸੂਰਤ ਵਿਚ ਪਿੰਡ ਖੇੜੀ ਤਹਿਸ-ਨਹਿਸ ਕਰਨ ਦਾ ਹੁਕਮ ਦਿੱਤਾ ਸੀ।

ਇਸ ਤਰ੍ਹਾਂ ਖੇੜੀ ਪਿੰਡ ਜੋ ਜ਼ਾਲਮ ਹਕੂਮਤ ਨੇ ਬੇਰਹਿਮੀ ਦਾ ਸ਼ਿਕਾਰ ਬਣਾ ਕੇ ਉਜਾੜ ਦਿੱਤਾ ਗਿਆ, ਜੋ ਅੱਜ ਵੀ ਥੇਹ ਦੀ ਸ਼ਕਲ ਵਿਚ ਦੇਖਿਆ ਜਾ ਸਕਦਾ ਹੈ। ਬਾਬਾ ਸੰਗਤ ਸਿੰਘ ਜੀ ਦੇ ਖਾਨਦਾਨ ਦੇ ਜੋ ਪਰਿਵਾਰ ਥੇਹ ਜੋ ਪਿੰਡ ਖੇੜੀ ਤੋਂ ਉਜੜ-ਪੁਜੜ ਕੇ ਆਏ ਸਨ ਉਨ੍ਹਾਂ ਵਿਚ ਅੱਜ ਵੀ ਪਿੰਡ ਰੁੜਕਾ ਖੁਰਦ, ਖੋਥੜਾਂ, ਜੰਡਾਲੀ, ਚੱਕ ਗੁਰੂ ਆਦਿਕ ਪਿੰਡਾਂ ਵਿਚ ਬਾਬਾ ਜੀ ਦੇ ਖਾਨਦਾਨ ਨਾਲ ਸਬੰਧਿਤ ਬਹੁਤ ਸਾਰੇ ਗੁਰਸਿੱਖ ਪਰਵਾਰ ਗੁਰੂ-ਪੰਥ ਦੀ ਸੇਵਾ ਵਿਚ ਹਨ। ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੰਗਤ ਵਿਚ ਜੰਡੂ ਸਿੰਘਾ (ਜਲੰਧਰ ਸ਼ਹਿਰ) ਇਲਾਕੇ ਦੇ ਭਾਈ ਬੁੱਧਾ ਜੀ ਅਤੇ ਭਾਈ ਸੁੱਧਾ ਜੀ ਰਾਮਦਾਸੀਏ ਸਿੱਖਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਰਨ ਵਿਚ ਰਹਿ ਕੇ ਗੁਰੂ ਸਾਹਿਬ ਦੁਆਰਾ ਲੜੀਆਂ ਗਈਆਂ ਚੌਹਾਂ ਜੰਗਾਂ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦਿਆਂ ਵੈਰੀਆਂ ਨੂੰ ਕਰਾਰੇ ਹੱਥ ਦਿਖਾਏ, ਉਥੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਬਣ ਹਿਰਦੇ ਵਿਚ ਇਤਿਹਾਸ ਸਮੋਈ ਬੈਠੀਆਂ ਰਾਮਦਾਸੀਏ ਸਿੱਖਾਂ ਅਤੇ ਸਿੱਖ ਬੀਬੀਆਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਵੀ ਇਤਿਹਾਸ ਆਪਣੀ ਛਾਤੀ ਵਿਚ ਸਮੋਈ ਬੈਠਾ ਹੈ।



ਭਾਈ ਰਤਨ ਸਿੰਘ ਭੰਗੂ ਲਿਖਦੇ ਹਨ ਕਿ ਵੱਡੇ ਘੱਲੂਘਾਰੇ ਸਮੇਂ ਹੋਰ ਬਿਰਾਦਰੀਆਂ ਦੇ ਨਾਲ-ਨਾਲ ਹਜ਼ਾਰਾਂ ਰਾਮਦਾਸੀਏ ਸਿੰਘਾਂ ਨੇ ਵੀ ਸ਼ਹਾਦਤਾਂ ਪ੍ਰਾਪਤ ਕੀਤੀਆਂ। ਇਸੇ ਤਰ੍ਹਾਂ ਪ੍ਰਿੰ. ਸਤਿਬੀਰ ਸਿੰਘ ਲਿਖਦੇ ਹਨ ਕਿ ਸਿੱਖ ਰਾਜ ਸਥਾਪਤ ਕਰਨ ਵਿਚ ਰਾਮਦਾਸੀਏ ਸਿੰਘਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਤਿਹਾਸ ਦੇ ਪੱਤਰੇ ਵਾਚਣ ਉਪਰੰਤ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰਾਮਦਾਸੀਏ ਸਿੱਖਾਂ ਦਾ ਇਤਿਹਾਸ ਕਿਸ ਤਰ੍ਹਾਂ ਕੁਰਬਾਨੀਆਂ ਨਾਲ ਲਬਰੇਜ਼ ਹੋਇਆ ਪਿਆ ਹੈ, ਇਨ੍ਹਾਂ ਵਿੱਚੋਂ ਹੀ ਸਨ ਕੌਮ ਦੇ ਅਮੋਲ ਰਤਨ ਬਾਬਾ ਸੰਗਤ ਸਿੰਘ ਜੀ, ਜਿਨ੍ਹਾਂ ਨੇ ਆਪਣਾ ਜੀਵਨ ਮੁੱਢ ਤੋਂ ਲੈ ਕੇ ਅੰਤ ਤਕ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਰਹਿ ਕੇ ਗੁਜ਼ਾਰਿਆ।

ਛੋਟੀ ਉਮਰ ਵਿਚ ਆਪ ਪਟਨੇ ਸ਼ਹਿਰ ਵਿਚ ਸ੍ਰੀ (ਗੁਰੂ) ਗੋਬਿੰਦ ਰਾਏ ਜੀ ਨਾਲ ਹੱਸ ਖੇਡ ਤੇ ਬਾਲ-ਲੀਲ੍ਹਾ ਦੀਆਂ ਖੇਡਾਂ ਦੇ ਨਾਲ-ਨਾਲ ਹੀ ਗੁਰੂ ਸਾਹਿਬ ਦੀ ਸ਼ਰਨ ਵਿਚ ਰਹਿ ਕੇ ਭਾਈ ਸੰਗਤੇ ਨੇ ਸ਼ਸ਼ਤਰ ਵਿੱਦਿਆ, ਨਿਸ਼ਾਨੇਬਾਜ਼ੀ, ਨੇਜੇਬਾਜ਼ੀ ਅਤੇ ਘੋੜਿਆਂ ਦੀ ਦੌੜ ਵਿਚ ਵਿਸ਼ੇਸ਼ ਮੁਹਾਰਤ ਹਾਸਲ ਕੀਤੀ ਅਤੇ ਫਿਰ ਆਪ ਗੁਰੂ ਸਾਹਿਬ ਜੀ ਨਾਲ ਅਨੰਦਪੁਰ ਸਾਹਿਬ ਆ ਗਏ।

ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਨੇ ਜਾਤ-ਪਾਤ ਅਤੇ ਊਚ-ਨੀਚ ਦੇ ਭੇਦ-ਭਾਵਾਂ ਨੂੰ ਖ਼ਤਮ ਕਰਦਿਆਂ ਹੋਇਆਂ, ਹਜ਼ਾਰਾਂ ਸੰਗਤਾਂ ਸਮੇਤ 1 ਵੈਸਾਖ 1756 ਬਿਕ੍ਰਮੀ ਨੂੰ ਗੁਰੂ ਸਾਹਿਬ ਜੀ ਤੋਂ ਭਾਈ ਸੰਗਤੇ ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਸੰਗਤੇ ਤੋਂ ਭਾਈ ਸੰਗਤ ਸਿੰਘ ਬਣੇ, ਜਿਨ੍ਹਾਂ ਵਿਚ ਆਪ ਦੇ ਚਾਚੇ ਭਾਈ ਜੋਧਾ ਜੀ ਅਤੇ ਪਿਤਾ ਭਾਈ ਰਣੀਆ ਜੀ, ਆਪ ਦੇ ਸਾਥੀ ਭਾਈ ਮਦਨ ਸਿੰਘ, ਭਾਈ ਕਾਠਾ, ਭਾਈ ਰਾਮ ਸਿੰਘ ਅਤੇ ਬੀਬੀਆਂ ਵਿਚ ਬੀਬੀ ਦੀਪ ਕੌਰ ਸ਼ਾਮਲ ਸਨ, ਬੀਬੀ ਦੀਪ ਕੌਰ ਉਹ ਬਹਾਦਰ ਸਿੰਘਣੀ ਸੀ ਜਿਸ ਨੇ ਮੁਗ਼ਲਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਗੁਰੂ ਸਾਹਿਬ ਦੀ ਬਹਾਦਰ ਅਤੇ ਪਿਆਰੀ ਪੁੱਤਰੀ ਹੋਣ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਚਮਕੌਰ ਦੀ ਜੰਗ ਤੋਂ ਪਹਿਲਾਂ ਬਾਬਾ ਸੰਗਤ ਸਿੰਘ ਨੇ ਬਸੀ ਕਲਾਂ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਪੰਡਤਾਣੀ ਛੁਡਾਉਣ, ਭੰਗਾਣੀ ਦਾ ਯੁੱਧ, ਅਗੰਮਪੁਰੇ ਦੀ ਲੜਾਈ, ਸਰਸਾ ਦੀ ਜੰਗ ਵਿਚ ਵੀ ਸੂਰਬੀਰਤਾ ਦਾ ਸਬੂਤ ਦਿੱਤਾ ਸੀ ਅਤੇ ਫਿਰ ਗੁਰੂ ਸਾਹਿਬ ਜੀ ਦੇ ਆਦੇਸ਼ਾਂ ਅਨੁਸਾਰ ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਸੀ ਜਿਸ ਕਰਕੇ ਗੁਰੂ ਸਾਹਿਬ ਜੀ ਨੂੰ ਬਾਬਾ ਸੰਗਤ ਸਿੰਘ ਦੀ ਵਫਾਦਾਰੀ ਅਤੇ ਸੂਰਬੀਰਤਾ 'ਤੇ ਪੂਰਨ ਵਿਸ਼ਵਾਸ ਸੀ, ਫਲਸਰੂਪ ਭਾਈ ਸੰਗਤ ਸਿੰਘ ਤਿਆਰ-ਬਰ-ਤਿਆਰ ਪੂਰਨ ਖਾਲਸਾ ਸਨ ਜਿਸ ਕਰਕੇ ਗੁਰੂ ਸਾਹਿਬ ਦੀ ਚੋਣ ਰੂਪੀ ਬਖਸ਼ਿਸ਼ ਸੰਗਤ ਸਿੰਘ ਦੀ ਝੋਲੀ ਪਈ। 9 ਪੋਹ 1761 ਬਿਕ੍ਰਮੀ ਦੀ ਸਵੇਰ ਨੂੰ ਜਦੋਂ ਮੁਗ਼ਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਬਾਬਾ ਸੰਗਤ ਸਿੰਘ ਜੀ ਦੁਆਰਾ ਪਹਿਨੀ ਹੋਈ ਗੁਰੂ ਸਾਹਿਬ ਜੀ ਵਾਲੀ ਪੌਸ਼ਾਕ ਅਤੇ ਕਲਗੀ ਨੇ ਬਾਰ-ਬਾਰ ਮੁਗ਼ਲਾਂ ਨੂੰ ਗੁਰੂ ਸਾਹਿਬ ਜੀ ਦਾ ਭੁਲੇਖਾ ਪਾਇਆ। ਬਾਬਾ ਸੰਗਤ ਸਿੰਘ ਨੂੰ ਮੁਗ਼ਲ ਫੌਜਾਂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਝ ਕੇ ਤੀਰਾਂ ਦੀ ਬੁਛਾੜ ਕਰਦੀਆਂ ਰਹੀਆਂ। ਉਧਰ ਬਾਬਾ ਜੀ ਨੇ ਡਟ ਕੇ ਮੁਗ਼ਲਾਂ ਦਾ ਮੁਕਾਬਲਾ ਕੀਤਾ ਅਤੇ ਕ੍ਰਿਪਾਨ, ਤੀਰਾਂ ਅਤੇ ਨੇਜ਼ਿਆਂ ਦੀ ਵਰਤੋਂ ਕਰ ਕੇ ਮੁਗ਼ਲਾਂ ਦੇ ਆਹੂ ਲਾਹ ਛੱਡੇ। ਜ਼ਖ਼ਮੀ ਹੋਏ ਵੀ ਬਾਬਾ ਸੰਗਤ ਸਿੰਘ ਅੰਤ ਸਮੇਂ ਤਕ ਗੁਰੂ ਫਤਹਿ ਦੇ ਜੈਕਾਰੇ ਗਜਾਉਂਦੇ ਰਹੇ ਅਤੇ ਗੁਰੂ ਸਾਹਿਬ ਦੁਆਰਾ ਦਿੱਤੇ ਹੁਕਮਾਂ 'ਤੇ ਇੰਨ-ਬਿੰਨ ਪੂਰੇ ਉਤਰੇ। ਜ਼ਾਲਮਾਂ ਵਿਰੁੱਧ ਯੁੱਧ ਲਈ ਗੁਰੂ ਸਾਹਿਬ ਜੀ ਦੇ ਫਲਸਫੇ 'ਤੇ ਚਲਦਿਆਂ ਹੋਇਆਂ ਦੁਸ਼ਮਣਾਂ ਨਾਲ ਚਮਕੌਰ ਦੀ ਅਦੁੱਤੀ ਜੰਗ ਲੜ ਕੇ ਗੁਰੂ-ਆਸ਼ੇ ਨੂੰ ਸਰਅੰਜਾਮ ਦੇ ਕੇ ਅੰਤ 9 ਪੋਹ 1761 ਬਿਕ੍ਰਮੀ ਨੂੰ ਸ਼ਹਾਦਤ ਦਾ ਜਾਮ ਪੀ ਗਏ।

# ਮੁਦਕੀ ਦੀ ਜੰਗ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਮਹਾਰਾਜਾ ਰਣਜੀਤ ਸਿੰਘ ਦਾ ਜਨਮ 2 ਨਵੰਬਰ 1780 ਨੂੰ ਹੋਇਆ। ਸੰਨ 1763-1773 ਤੱਕ ਸਿੱਖ ਸਰਦਾਰਾਂ ਦੀਆਂ ਬਹੁਤ ਸਾਰੀਆਂ ਮਿਸਲਾਂ (ਪ੍ਰਭੂ ਸੱਤਾ ਸੰਪੰਨ ਰਾਜ) ਨੇ ਪੱਛਮ ਵਿੱਚ ਅਟਕ ਤੋਂ ਪੂਰਬ ਵਿੱਚ ਸਹਾਰਨਪੁਰ ਤੱਕ ਉੱਤਰ ਦੇ ਪਹਾੜੀ ਖੇਤਰਾਂ ਤੋਂ ਦੱਖਣ ਵਿੱਚ ਮੁਲਤਾਨ ਤੱਕ ਪੰਜਾਬ ਖੇਤਰ ਉੱਤੇ ਰਾਜ ਕਰਨਾ ਸ਼ੁਰੂ ਕਰ ਦਿੱਤਾ। ਜਿਸ ਵਿੱਚ ਆਹਲੂਵਾਲੀਆ, ਕਨ੍ਹਈਆ, ਨਕਈ, ਰਾਮਗੜ੍ਹੀਆ, ਭੰਗੀ, ਫੈਜਲਪੁਰੀਆ, ਡੱਲੇਵਾਲੀਆ, ਨਿਸ਼ਾਨੀਆਂ, ਫੂਲਕੀਆਂ, ਕਰੋੜ ਸਿੰਘੀਆ, ਸ਼ੁੱਕਰਚੱਕੀਆ ਅਤੇ ਸ਼ਹੀਦ ਸ਼ਾਮਲ ਸਨ। ਰਣਜੀਤ ਸਿੰਘ ਸ਼ੁੱਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਪੁੱਤਰ ਸਨ।

ਅਠਾਰਵੀਂ ਸਦੀ ਦੇ ਅੰਤ ਵਿੱਚ ਸਾਰੀਆਂ ਮਹੱਤਵਪੂਰਨ ਮਿਸਲਾਂ, ਸ਼ੁੱਕਰਚੱਕੀਆ ਮਿਸਲ ਨੂੰ ਛੱਡ ਕੇ ਟੁੱਟਣ ਕਿਨਾਰੇ ਸਨ। ਸੰਨ 1799 ਵਿੱਚ ਰਣਜੀਤ ਸਿੰਘ ਲਾਹੌਰ ਦਾ ਗਵਰਨਰ ਬਣਿਆ। ਸੰਨ 1801 ਵਿੱਚ ਉਸਨੇ ਸਿੱਖ ਮਿਸਲਾਂ ਨੂੰ ਇੱਕ ਜੁੱਟ ਕੀਤਾ ਅਤੇ ਪੰਜਾਬ ਦਾ ਮਹਾਰਾਜਾ ਬਣਨ ਲਈ ਸਥਾਨਕ ਰਾਜਾਂ ਨੂੰ ਆਪਣੇ ਅਧੀਨ ਕਰ ਲਿਆ। ਸੰਨ 1805 ਵਿੱਚ ਅੰਮ੍ਰਿਤਸਰ ਅਤੇ ਲਾਹੌਰ ਰਣਜੀਤ ਸਿੰਘ ਅਧੀਨ ਆ ਗਏ। ਉਸਨੇ ਬਹੁਤ ਸਾਰੇ ਅਫ਼ਗਾਨ ਹਮਲਿਆਂ ਦਾ ਟਾਕਰਾ ਕੀਤਾ। ਫਿਰ ਪੇਸ਼ਾਵਰ, ਮੁਲਤਾਨ 'ਤੇ ਕਬਜ਼ਾ ਕਰ ਲਿਆ।

ਪੰਜਾਬ ਦੇ ਸ਼ੇਰ ਦਾ ਖਿਤਾਬ (ਸ਼ੇਰ- ਏ-ਪੰਜਾਬ) ਹਾਸਿਲ ਕੀਤਾ। ਉਸ ਦੇ ਸਿੱਖ ਸਾਮਰਾਜ ਵਿੱਚ ਸਤਲੁਜ ਦਰਿਆ ਦੇ ਉੱਤਰ ਵੱਲ ਅਤੇ ਉੱਤਰ ਪੱਛਮੀ ਹਿਮਾਲਿਆ ਦੇ ਦੱਖਣ ਵੱਲ ਦਾ ਇਲਾਕਾ ਸ਼ਾਮਲ ਸੀ। ਉਸਨੇ ਨੇਪਾਲੀਆਂ ਅਤੇ ਡੋਗਰਿਆਂ ਨਾਲ ਸਬੰਧ ਬਣਾਈ ਰੱਖੇ ਸਨ। ਉਹਨਾਂ ਨੂੰ ਆਪਣੀ ਫ਼ੌਜ ਵਿੱਚ ਵੀ ਭਰਤੀ ਕੀਤਾ।

ਸੰਨ 1807 ਵਿੱਚ ਗਵਰਨਰ ਜਨਰਲ ਲਾਰਡ ਮਿੰਟੋ ਨੇ ਚਾਰਲਸ ਮੈਟਕਾਫ਼ ਨੂੰ ਭਾਰਤ ਉੱਤੇ ਨੈਪੋਲੀਅਨ ਦਾ ਮੁਕਾਬਲਾ ਕਰਨ ਲਈ ਫ਼ੌਜੀ ਗਠਜੋੜ ਬਨ੍ਹਾਉਣ ਲਈ ਮਹਾਰਾਜਾ ਕੋਲ ਲਾਹੌਰ ਭੇਜਿਆ। ਮਹਾਰਾਜਾ ਨੇ ਮੈਟਕਾਫ਼ ਦੇ ਹਮਲਾਵਰ ਅਤੇ ਰੱਖਿਅਕ ਗਠਜੋੜ ਦੇ ਪ੍ਰਸਤਾਵ ਨੂੰ ਇਸ ਸ਼ਰਤ ਤੇ ਸਵੀਕਾਰ ਕਰਨ ਦੀ ਪੇਸ਼ਕਸ਼ ਕੀਤੀ ਕਿ ਅਫ਼ਗਾਨ ਯੁੱਧ ਦੇ ਮਾਮਲੇ ਵਿੱਚ ਬ੍ਰਿਟਿਸ਼ ਨਿਰਪੱਖ ਰਹਿਣ। ਮਹਾਰਾਜਾ ਨੂੰ ਮਾਲਵਾ ਪ੍ਰਦੇਸ਼ਾਂ ਸਮੇਤ ਪੰਜਾਬ ਖੇਤਰ ਦਾ ਪ੍ਰਭੂ ਸੱਤਾ ਮੰਨਣਗੇ, ਪਰ ਗੱਲਬਾਤ ਸਫਲ ਨਾ ਹੋਈ।

1809 ਵਿੱਚ ਨੈਪੋਲੀਅਨ ਦਾ ਖਤਰਾ ਘੱਟ ਗਿਆ, ਬ੍ਰਿਟਿਸ਼ ਹੋਰ ਜਿਆਦਾ ਮਜ਼ਬੂਤ ਹੋ ਗਏ। ਇਸ ਰਾਜਨੀਤੀ ਬਦਲਾਅ ਵਿੱਚ ਮਹਾਰਾਜਾ ਨੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨਾਲ ਅੰਮ੍ਰਿਤਸਰ ਦੀ ਸੰਧੀ 25 ਅਪ੍ਰੈਲ 1809 ਦੀ ਸੰਧੀ ਕਰ ਲਈ। ਇਸ ਨੂੰ ਸੀਸ ਸਤਲੁਜ ਸੰਧੀ ਵੀ ਕਿਹਾ ਜਾਂਦਾ ਹੈ। ਜੋ ਚਾਰਲਸ ਮੈਟਾਕਾਫ਼ ਅਤੇ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਹੋਈ। ਇਸ ਦੇ ਤਹਿਤ ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਦਰਿਆ ਨੂੰ ਸੀਮਾ ਰੇਖਾ ਵਜੋਂ ਸਵੀਕਾਰ ਕਰ ਲਿਆ। ਮਹਾਰਾਜਾ ਨੇ ਦਰਿਆ ਸਤਲੁਜ ਦੇ ਦੱਖਣ ਨੂੰ ਪਾਰ ਨਾ ਕਰਨ ਦਾ ਵਾਅਦਾ ਕੀਤਾ। ਜਿਥੇ ਅੰਗਰੇਜ਼ਾਂ ਨੇ ਦਰਿਆ ਸਤਲੁਜ ਦੇ ਉੱਤਰ ਵਿੱਚ ਪਾਰ ਨਾ ਕਰਨ ਦਾ ਵਾਅਦਾ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫ਼ੌਜੀ ਤਾਕਤ ਪੱਛਮ ਵੱਲ ਲਾ ਦਿੱਤੀ। ਜਿਸ ਨਾਲ 1818 ਮੁਲਤਾਨ, 1819 ਵਿੱਚ ਕਸ਼ਮੀਰ ਤੇ 1834 ਵਿੱਚ ਪੇਸ਼ਾਵਰ 'ਤੇ ਕਬਜ਼ਾ ਕੀਤਾ। ਜੂਨ 1839 ਵਿੱਚ ਮਹਾਰਾਜਾ ਦੀ ਮੌਤ ਹੋ ਗਈ। ਪੰਜਾਬ ਵਿੱਚ ਅਰਾਜਕਤਾ ਫੈਲ ਗਈ। ਆਪਸੀ ਖਿੱਚੋਤਾਣ ਵਿੱਚ ਤੇਜ਼ੀ ਨਾਲ ਸਰਕਾਰਾਂ ਬਦਲੀਆਂ। ਮਹਾਰਾਜਾ ਦੇ ਵਾਰਿਸ ਕਮਜ਼ੋਰ ਅਤੇ ਅਸਮਰਥ ਸਾਬਤ ਹੋਏ। ਕਮਜ਼ੋਰ ਪ੍ਰਸ਼ਾਸਨ ਕਾਰਨ ਅੰਗਰੇਜ਼ਾਂ ਨੂੰ ਪੰਜਾਬ 'ਤੇ ਕਬਜ਼ਾ ਕਰਨ ਦਾ ਮੌਕਾ ਮਿਲਣ ਲੱਗਾ। ਮਹਾਰਾਜਾ ਦੀ ਮੌਤ ਤੋਂ ਬਾਅਦ ਉਸ ਦਾ ਵੱਡਾ ਪੁੱਤਰ ਖੜਕ ਸਿੰਘ ਉਤਰਾਧਿਕਾਰੀ ਬਣਿਆ। ਪਰ ਉਹ ਨਿਪੁੰਨ ਨਹੀਂ ਸੀ। ਉਸ ਦੇ ਕਾਰਜਕਾਲ ਵਿੱਚ ਦਰਬਾਰੀ ਧੜੇ ਸਰਗਰਮ ਹੋਣ ਲੱਗੇ। ਕੁਝ ਹੀ ਸਮੇਂ ਵਿੱਚ ਉਸ ਨੂੰ ਰਾਜ ਤੋਂ ਹਟਾ ਦਿੱਤਾ ਗਿਆ। ਉਸ ਦਾ ਪੁੱਤਰ ਪ੍ਰਿੰਸ ਨਵ ਨਿਹਾਲ ਸਿੰਘ ਰਾਜਾ ਬਣਿਆ। ਖੜਕ ਸਿੰਘ ਦੀ ਗੁੱਝੀ ਮੌਤ ਹੋ ਗਈ। ਪ੍ਰਿੰਸ ਨਵ ਨਿਹਾਲ ਸਿੰਘ ਦੀ ਵੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ, ਜਦੋਂ ਉਹ ਆਪਣੇ ਪਿਤਾ ਦੇ ਅੰਤਮ ਸਸਕਾਰ ਤੋਂ ਪਰਤ ਰਿਹਾ ਸੀ। ਜਿਸ ਨਾਲ ਪੰਜਾਬ ਵਿੱਚ ਅਰਾਜਕਤਾ ਫੈਲ ਗਈ। ਮਹਾਰਾਜਾ ਦਾ ਪੁੱਤਰ ਸ਼ੇਰ ਸਿੰਘ ਰਾਜਾ ਬਣਿਆ। ਸ਼ੇਰ ਸਿੰਘ ਦੀ ਸਤੰਬਰ 1843 ਵਿੱਚ ਹਤਿਆ ਹੋ ਗਈ। ਤੁਰੰਤ ਮਹਾਰਾਜਾ ਦੇ ਨਾਬਾਲਗ ਪੁੱਤਰ ਦਲੀਪ ਸਿੰਘ ਨੂੰ ਰਾਣੀ ਜਿੰਦਾ ਦੇ ਨਾਲ ਹੀਰਾ ਸਿੰਘ ਡੋਗਰਾ ਨੂੰ ਵਜ਼ੀਰ ਬਣਾਇਆ। ਸੰਨ 1844 ਵਿੱਚ ਹੀਰਾ ਸਿੰਘ ਡੋਗਰਾ ਦਾ ਕਤਲ ਹੋ ਗਿਆ। ਰਾਣੀ ਜਿੰਦਾ ਦੇ ਭਰਾ ਜਵਾਹਰ ਸਿੰਘ ਨੂੰ ਵਜ਼ੀਰ ਨਿਯੁਕਤ ਕੀਤਾ। ਫ਼ੌਜ ਉਸ ਦੇ ਖ਼ਿਲਾਫ਼ ਹੋ ਗਈ। ਉਸ ਨੂੰ ਲਾਂਭੇ ਕਰ ਦਿੱਤਾ ਤੇ ਬਾਅਦ ਵਿੱਚ ਮੌਤ ਦੇ ਘਾਟ ਉਤਾਰ ਦਿੱਤਾ।

ਮਹਾਰਾਜਾ ਦੇ ਅਕਾਲ ਚਲਾਣੇ ਦੇ ਸਾਢੇ ਕੁ ਛੇ ਸਾਲਾਂ ਬਾਅਦ ਅੰਗਰੇਜ਼ ਪੰਜਾਬ 'ਤੇ ਕਬਜ਼ਾ ਕਰਨ ਲਈ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਸਨ। ਉਹਨਾਂ ਦੀ ਨੀਅਤ ਸੀ ਕਿ ਪੰਜਾਬ ਉੱਤੇ ਕਬਜ਼ਾ ਕਰਕੇ ਸਾਰੇ ਹੀ ਹਿੰਦੁਸਤਾਨ 'ਤੇ ਰਾਜ ਕੀਤਾ ਜਾਵੇ। ਸੰਨ 1844 ਵਿੱਚ ਮੇਜਰ ਜਾਰਜ ਬਰੋਡਫੁੱਟ ਨੂੰ ਅੰਮ੍ਰਿਤਸਰ ਤਾਇਨਾਤ ਕੀਤਾ ਹੋਇਆ ਸੀ। ਉਸ ਰਾਹੀਂ ਅੰਗਰੇਜ਼ ਜਾਣ ਗਏ ਸਨ ਕਿ ਲਾਹੌਰ ਦਰਬਾਰ ਦੀ ਧੜੇਬੰਦੀ ਪ੍ਰਗਟ ਹੋ ਰਹੀ ਹੈ। ਆਪਸੀ ਖਿੱਚੋਤਾਣ ਅਤੇ ਹਤਿਆਵਾਂ ਦੀ ਲੜੀ ਵਿੱਚ ਸਾਰੀ ਤਾਕਤ ਫ਼ੌਜ ਦੇ ਹੱਥ ਆ ਗਈ।

ਲਾਲ ਸਿੰਘ ਫ਼ੌਜ 'ਤੇ ਕਬਜ਼ਾ ਕਰ ਖੁਦ ਵਜ਼ੀਰ ਬਣ ਗਿਆ। ਤੇਜ ਸਿੰਘ ਨੂੰ ਖ਼ਾਲਸਾ ਫ਼ੌਜ ਦਾ ਸੈਨਾਪਤੀ ਬਣਾਇਆ। ਉਹਨਾਂ ਮਤਾ ਪਕਾਇਆ ਕਿ ਸਿੱਖ ਫ਼ੌਜਾਂ ਨੂੰ ਅੰਗਰੇਜ਼ਾਂ ਨਾਲ ਲੜਾ ਕੇ ਤਬਾਹ ਕੀਤਾ ਜਾਵੇ। ਲਾਹੌਰ ਦਰਬਾਰ ਅੰਗਰੇਜ਼ਾਂ ਦੇ ਅਧੀਨ ਆ ਜਾਵੇ ਅਤੇ ਅੰਗਰੇਜ਼ਾਂ ਦੀ ਮਦਦ ਨਾਲ ਅਸੀਂ ਮੁਖਤਿਆਰ ਵਜ਼ੀਰ ਹੋਈਏ। ਅੰਗਰੇਜ਼ਾਂ ਨੂੰ ਲਾਹੌਰ ਦਰਬਾਰ ਦੇ ਗੱਦਾਰਾਂ ਦੀ ਮਦਦ ਮਿਲ ਗਈ।



ਅੰਗਰੇਜ਼ਾਂ ਨੇ ਸਿੱਖ ਰਾਜ ਦੀ ਸਰਹੱਦ ਨੇੜੇ ਫ਼ੌਜੀ ਛਾਉਣੀਆਂ ਤੇ ਜੰਗੀ ਫ਼ੌਜੀ ਸਮਾਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ 1839 ਵਿੱਚ ਅੰਗਰੇਜ਼ਾਂ ਦੀ ਕੇਵਲ ਇੱਕ ਛਾਉਣੀ ਲੁਧਿਆਣਾ ਸੀ। ਇਸੇ ਸਾਲ ਦੇ ਅਖੀਰ ਵਿੱਚ ਫ਼ਿਰੋਜ਼ਪੁਰ ਦੂਸਰੀ ਛਾਉਣੀ ਪਾਈ ਗਈ। ਫਿਰ ਅੰਬਾਲਾ, ਕਸੋਲੀ, ਸ਼ਿਮਲਾ ਆਦਿ ਛਾਉਣੀਆਂ ਸਥਾਪਤ ਕੀਤੀਆਂ। ਸੰਨ 1839-1845 ਤੱਕ ਅੰਗਰੇਜ਼ਾਂ ਦੀ ਭਾਰੀ ਫ਼ੌਜ ਤੋਪਾਂ ਨਾਲ ਤਾਇਨਾਤ ਹੋ ਗਈ। ਨਾਲ ਹੀ ਮੇਰਠ, ਕਰਨਾਲ ਵਿੱਚ ਵੀ ਫ਼ੌਜੀ ਤਾਕਤ ਵਧਾ ਲਈ। ਇਸ ਤਰਾਂ 1809 ਦੀ ਸੰਧੀ ਦੀ ਉਲੰਘਣਾ ਕਰਕੇ ਸੰਧੀ ਟੁੱਟ ਗਈ।

ਸ਼ਾਹ ਸੁਜਾਹ ਨੂੰ ਤਖ਼ਤ 'ਤੇ ਬਿਠਾ ਕੇ ਵਾਪਸ ਆਉਂਦੀ ਅੰਗਰੇਜ਼ ਫ਼ੌਜ ਸਿੱਖ ਇਲਾਕੇ ਵਿਚੋਂ ਲੰਘੀ। ਸਿੱਖਾਂ ਨੇ ਵਿਰੋਧ ਜਤਾਇਆ ਤਾਂ ਅੰਗਰੇਜ਼ਾਂ ਨੇ ਇਕਰਾਰ ਕੀਤਾ ਕਿ ਮੁੜ ਅੰਗਰੇਜ਼ ਫ਼ੌਜ ਨਹੀਂ ਲੰਘਾਉਂਦੇ ਪਰ ਲਾਲ ਸਿੰਘ ਤੇ ਤੇਜ ਸਿੰਘ ਦੇ ਭੜਕਾਏ ਹੋਏ ਫ਼ੌਜੀ ਪੰਚ ਲੜਾਈ ਦੇ ਹੱਕ ਵਿੱਚ ਸਨ। ਤਦ 17 ਸਤੰਬਰ 1845 ਨੂੰ ਅੰਗਰੇਜ਼ਾਂ ਨਾਲ ਜੰਗ ਕਰਨ ਦਾ ਫੈਸਲਾ ਹੋ ਗਿਆ। ਸਿੱਖ ਖ਼ਾਲਸਾ ਸਲਤਨਤ ਅਤੇ ਈਸਟ ਇੰਡੀਆ ਕੰਪਨੀ ਵਿਚਕਾਰ ਪਹਿਲੀ ਅੰਗਰੇਜ਼ ਸਿੱਖ ਜੰਗ ਮੁਦਕੀ ਵਿਖੇ 18 ਦਸੰਬਰ 1845 ਨੂੰ ਉਤਰ ਪੱਛਮੀ ਭਾਰਤ ਦੇ ਪੰਜਾਬ ਸਤਲੁਜ ਦਰਿਆ ਦੇ ਦੱਖਣੀ ਕੰਢੇ ਉੱਤੇ ਹੋਈ। ਜਿਸ ਵਿੱਚ ਅੰਗਰੇਜ਼ ਫ਼ੌਜ, ਬੰਗਾਲ ਫ਼ੌਜ, ਭਾਰਤੀ ਫ਼ੌਜਾਂ ਵਿਰੁੱਧ ਸਿੱਖ ਖ਼ਾਲਸਾ ਫ਼ੌਜ ਸੀ। ਸਿੱਖ ਫ਼ੌਜ ਦੀ ਮੁੱਖ ਕਮਾਨ ਲਾਲ ਸਿੰਘ ਹੇਠ ਸੀ। ਅੰਗਰੇਜ਼ ਫ਼ੌਜ ਦੀ ਕਮਾਨ ਸਰ ਹਿਊਰਾ ਰਾਫ਼ ਅਤੇ ਹੈਨਰੀ ਹਾਰਡਿੰਗ ਕੋਲ ਸੀ। ਸਿੱਖ ਫ਼ੌਜ 18500 ਅਤੇ ਤੋਪਾਂ 22 ਸਨ। ਅੰਗਰੇਜ਼ ਫ਼ੌਜ 10000-17000 ਅਤੇ ਤੋਪਾਂ 42 ਸਨ। ਅੰਗਰੇਜ਼ ਫ਼ੌਜ ਦੀਆਂ 216 ਮੌਤਾਂ ਅਤੇ 657 ਜ਼ਖ਼ਮੀ ਸਨ। ਸਿੱਖਾਂ ਦੇ ਜਾਨੀ ਨੁਕਸਾਨ ਦਾ ਪਤਾ ਨਹੀਂ। ਅੰਗਰੇਜ਼ਾਂ ਦੀ ਅੰਕੁਸ਼ ਜਿੱਤ। ਅੰਗਰੇਜ਼ਾਂ ਨੇ 20 ਨਵੰਬਰ, 1845 ਦੇ ਦਿਨ ਅੰਬਾਲਾ ਤੇ ਮੇਰਠ ਛਾਉਣੀਆਂ ਦੀਆਂ ਫ਼ੌਜਾਂ ਨੂੰ ਜੰਗੀ ਤਿਆਰੀ ਕਰਨ ਦਾ ਹੁਕਮ ਦੇ ਦਿੱਤਾ। ਦਸੰਬਰ 10,1845 ਨੂੰ ਇਹ ਫ਼ੌਜਾਂ ਫ਼ਿਰੋਜ਼ਪੁਰ ਵੱਲ ਚੱਲ ਚੁੱਕੀਆਂ ਸਨ। ਜਿਸ ਦੀ ਅਗਵਾਈ ਸਰ ਹੈਨਰੀ ਹਾਰਡਿੰਗ ਨੇ ਕੀਤੀ। ਇਸ ਦੇ ਨਾਲ ਹੀ ਲੁਧਿਆਣਾ ਦਾ ਬਰੀਮੇਡੀਅਰ ਵੀਲਰ ਦੀ ਵੱਡੀ ਫ਼ੌਜ ਫ਼ਿਰੋਜ਼ਪੁਰ ਮੁਦਕੀ ਪਹੁੰਚ ਚੁੱਕੀ ਸੀ। ਅੰਗਰੇਜ਼ ਫ਼ੌਜ ਦੀ ਗਿਣਤੀ 7000 ਸੀ। ਲਾਹੌਰ ਵਿੱਚ ਲਾਲ ਸਿੰਘ ਤੇ ਤੇਜ਼ ਨੇ 24 ਨਵੰਬਰ 1845 ਨੂੰ ਫ਼ੌਜਾਂ ਕੂਚ ਕਰਨ ਦਾ ਹੁਕਮ ਦਿੱਤਾ। ਦਸੰਬਰ 12-13 ਨੂੰ ਸਿੱਖ ਫ਼ੌਜਾਂ ਲਾਹੌਰ ਦਰਬਾਰ ਦੇ ਸਤਲੁਜ ਦਰਿਆ ਦੇ ਦੂਸਰੇ ਪਾਰ ਪਹੁੰਚ ਗਈਆਂ। ਫ਼ੌਜ ਦੀ ਗਿਣਤੀ 18500 ਸੀ ਤੇ ਤੋਪਾਂ 60 ਸਨ। ਅੰਗਰੇਜ਼ ਫ਼ੌਜ 7000 ਸੀ। ਇੱਥੇ ਅੰਗਰੇਜ਼ਾਂ ਦਾ 60 ਲੱਖ ਰੁਪਿਆ ਅਤੇ ਕੁਝ ਜੰਗੀ ਫ਼ੌਜੀ ਸ਼ਮਿਆਨ ਸੀ। ਜੇ ਸਿੱਖ ਫ਼ੌਜ ਉਸ ਵੇਲੇ ਹਮਲਾ ਕਰ ਦੇਂਦੀ ਤਾਂ ਅੰਗਰੇਜ਼ੀ ਫ਼ੌਜ ਨੂੰ ਖਤਮ ਕਰਕ ਫ਼ਿਰੋਜ਼ਪੁਰ ਤੇ ਕਬਜ਼ਾ ਕਰ ਸਕਦੀ ਸੀ। ਲੁੱਟੇ ਹੋਏ ਰੁਪਏ ਅਤੇ ਫ਼ੌਜੀ ਸਮਾਨਾ ਨਾਲ ਅਗਲੀ ਲੜਾਈ ਜਿੱਤੀ ਜਾ ਸਕਦੀ ਸੀ ਪਰ ਲਾਲ ਸਿੰਘ ਨੇ 16 ਦਸੰਬਰ 1845 ਨੂੰ ਫ਼ਿਰੋਜ਼ਪੁਰ ਫ਼ੌਜ ਦੇ ਕਪਤਾਨ ਨਿਕਸਨ ਨਾਲ ਰਾਬਤਾ ਕਾਇਮ ਕੀਤਾ ਕਿ ਮੈਂ ਸਿੱਖ ਫ਼ੌਜ ਨਾਲ ਸਤਲੁਜ ਦਰਿਆ ਪਾਰ ਕੀਤਾ ਹੈ। ਤੁਸੀਂ ਮੇਰੀ ਦੋਸਤੀ ਨੂੰ ਜਾਣਦੇ ਹੋ, ਮੈਨੂੰ ਹੁਣ ਦਸੋ ਕੀ ਕਰਾਂ। ਨਿਕਸਨ ਨੇ ਕਿਹਾ ਕਿ ਫਿਰੋਜ਼ਪੁਰ ਤੇ ਹਮਲਾ ਨਹੀਂ ਕਰਨਾ। ਜਿੰਨੀ ਦੇਰ ਰੁਕ ਸਕਦੇ ਹੋ ਰੁਕੋ ਫਿਰ ਗਵਰਨਰ ਜਨਰਲ ਵੱਲ ਕੂਚ ਕਰੋ। ਲਾਲ ਸਿੰਘ ਨੇ ਨਿਕਸਨ ਨੂੰ ਕਿਹਾ ਕਿ ਤੁਸੀਂ ਨਿਸ਼ਚਿੰਤ ਰਹੋ। ਲਾਲ ਸਿੰਘ ਨੇ ਸਿੱਖ ਫ਼ੌਜ ਨੂੰ ਗੁੰਮਰਾਹ ਕਰਕੇ ਕੁਰਾਹੇ ਪਾਇਆ। ਉਸ ਨੇ ਨਿਕਸਨ ਦੀ ਤਜਵੀਜ਼ ਮੁਤਾਬਿਕ ਖ਼ਾਲਸਾ ਫ਼ੌਜ ਨੂੰ ਤਿੰਨ ਹਿੱਸਿਆ ਵਿੱਚ ਵੰਡ ਦਿੱਤਾ। ਇੱਕ ਹਿੱਸਾ ਫਿਰੋਜ਼ਪੁਰ ਰਹਿਣ ਦਿੱਤਾ। ਇੱਕ ਅੱਗੇ ਫੇਰੂ ਸ਼ਹਿਰ ਪਹੁੰਚਾਇਆ। ਇੱਕ ਮੁਦਕੀ ਵੱਲ ਤੋਰਿਆ। ਖ਼ਾਲਸਾ ਫ਼ੌਜ ਨੂੰ ਇਹ ਕਹਿ ਕੇ ਉਲਝਾਇਆ ਕਿ ਅਸੀਂ ਛੋਟੇ ਕਪਤਾਨ ਨਾਲ ਨਹੀਂ ਲੜਨਾ ਇਹ ਸਾਡੇ ਵਿਰਸੇ ਦੀ ਸ਼ਾਨ ਦੇ ਖ਼ਿਲਾਫ਼ ਹੈ। ਚਲੋ ਸਿੱਧਾਂ ਗਵਰਨਰ ਜਨਰਲ ਨਾਲ ਲੜ ਕੇ ਬਹਾਦਰੀ ਦੇ ਜੌਹਰ ਵਿਖਾਈਏ।

17 ਦਸੰਬਰ ਦੀ ਰਾਤ ਲਾਲ ਸਿੰਘ 5000 ਪੈਦਲ ਫ਼ੌਜ 8000 ਘੋੜ ਸਵਾਰ ਫ਼ੌਜ 30 ਕੁ ਤੋਪਾਂ ਨਾਲ ਮੁਦਕੀ ਵੱਲ ਤੁਰ ਪਿਆ। ਅੰਗਰੇਜ਼ਾਂ ਨਾਲ ਬਣਾਈ ਯੋਜਨਾ ਮੁਤਾਬਿਕ ਲਾਲ ਸਿੰਘ ਨੇ ਮੁਦਕੀ ਵੱਲ ਹਮਲਾ ਕਰਵਾਇਆ। 18 ਦਸੰਬਰ 1845 ਦੇ ਦਿਨ ਮੁਦਕੀ ਦੀ ਜੰਗ ਹੋਈ। ਦਿਨ ਢੱਲ ਚੁੱਕਾ ਸੀ। ਅੰਗਰੇਜ਼ਾਂ ਕੋਲ ਵੀ ਸਿੱਖਾਂ ਜਿੰਨੀ ਹੀ ਫ਼ੌਜ ਸੀ। ਉਹਨਾਂ ਕੋਲ 50 ਤੋਪਾਂ ਸਨ। ਖ਼ਾਲਸਾ ਫ਼ੌਜ ਨੇ ਅੰਗਰੇਜ਼ੀ ਫ਼ੌਜ 'ਤੇ ਅਜਿਹਾ ਹਮਲਾ ਕੀਤਾ ਕਿ ਉਹ ਪਿਛਾਂਹ ਹੱਟ ਕੇ ਲੁਕਦੀ ਫਿਰੀ। ਲਾਲ ਸਿੰਘ ਸਿੱਖਾਂ ਨੂੰ ਜਿੱਤ ਵੱਲ ਵੱਧਦਾ ਵੇਖ ਕੇ ਘਬਰਾ ਗਿਆ। ਉਸ ਨੇ ਤਾਂ ਖ਼ਾਲਸਾ ਫ਼ੌਜ ਨੂੰ ਹਰਾਉਣਾ ਸੀ। ਉਸ ਦੀਆਂ ਬਾਕੀ ਫ਼ੌਜਾਂ ਵੀ ਮੈਦਾਨ ਵਿਚੋਂ ਖਿਸਕ ਗਈਆਂ।

ਸਿੱਖ ਜਰਨੈਲ ਨੱਸ ਗਏ, ਪਰ ਖ਼ਾਲਸਾ ਫ਼ੌਜ ਬੜੀ ਦ੍ਰਿੜ੍ਹਤਾ ਨਾਲ ਲੜੀ, ਉਹਨਾਂ ਆਪਣੇ ਜੀਵਨ ਦੀ ਬਾਜੀ ਲਗਾ ਸਭ ਕੁਝ ਦਾਅ 'ਤੇ ਲਾ ਦਿੱਤਾ ਸੀ। ਅੰਗਰੇਜ਼ ਫ਼ੌਜ ਗਿਣਤੀ ਵਿੱਚ ਜਿਆਦਾ ਸੀ। ਅੰਗਰੇਜ਼ ਤੋਪਾਂ ਦੀ ਭਾਰੀ ਮਾਰ ਦਾ ਸਾਹਮਣਾ ਖ਼ਾਲਸਾ ਫ਼ੌਜ ਨੂੰ ਕਰਨਾ ਪਿਆ। ਫਿਰ ਵੀ ਸਿੱਖ ਖ਼ਾਲਸਾ ਫ਼ੌਜ ਦੇ ਸਾਹਮਣੇ ਅੰਗਰੇਜ਼ਾਂ ਦੇ ਛੱਕੇ ਛੁੱਟ ਗਏ। ਅੰਗਰੇਜ਼ਾਂ ਨੂੰ ਇੱਕ ਵਾਰ ਤਾਂ ਆਪਣੀ ਹਾਰ ਜਾਪਣ ਲੱਗੀ ਪਰ ਅੰਗਰੇਜ਼ਾਂ ਕੋਲ ਫ਼ੌਜ ਦੀ ਅਗਵਾਈ ਇੱਕ ਤਜਰਬੇਕਾਰ ਅਤੇ ਦਲੇਰ ਹਾਰਡਿੰਗ ਕੋਲ ਸੀ। ਸਿੱਖ ਫ਼ੌਜ ਆਗੂਆਂ ਤੋਂ ਬਗੈਰ ਲੜ ਰਹੀ ਸੀ। ਰਾਤ ਪੈ ਗਈ, ਵੈਰੀ ਦਲ ਦਾ ਜੋਰ ਪੈ ਗਿਆ। ਸਿੱਖ ਫ਼ੌਜਾਂ ਹੋਲੀ ਹੋਲੀ ਮੌਕਾ ਵੇਖਦੀ ਲੜਦੀ ਲੜਦੀ ਪਿੱਛੇ ਹੱਟਦੀ ਗਈ। ਅੰਗਰੇਜ਼ਾਂ ਸਮੇਤ ਸਭ ਹੀ ਇਤਿਹਾਸਕਾਰਾਂ ਦੀ ਇੱਕੋ ਰਾਇ ਹੈ ਕਿ ਜੇਕਰ ਲਾਲ ਸਿੰਘ ਲਾਹੌਰ ਦਰਬਾਰ ਦਾ ਵਫ਼ਾਦਾਰ ਹੁੰਦਾ ਤਾਂ ਜੰਗ ਦੇ ਮੈਦਾਨ ਵਿਚੋਂ ਨਾ ਖਿਸਕਦਾ ਤਾਂ ਸਿੱਖ ਅੰਗਰੇਜ਼ ਫ਼ੌਜ ਨੂੰ ਮਾਤ ਦੇ ਸਕਦੇ ਸਨ। ਸਿੱਖ ਮੁਦਕੀ ਦੀ ਜੰਗ ਜਿੱਤ ਕੇ ਨਾ ਹਾਰਦੇ ਪਰ ਫਿਰ ਵੀ ਭਿਆਨਕ ਮੁਕਾਬਲਾ ਸੀ। ਅੰਗਰੇਜ਼ਾਂ ਦੀ ਇਹ ਜੰਗ ਬਾਕੀ ਜੰਗਾਂ ਵਾਂਗ ਪ੍ਰਭਾਵਸ਼ਾਲੀ ਨਹੀਂ ਸੀ।

ਅਗਲੀ ਸਵੇਰ ਖ਼ਾਲਸਾ ਸਿੱਖ ਫ਼ੌਜ ਦੀਆਂ 17 ਤੋਪਾਂ ਅੰਗਰੇਜ਼ਾਂ ਦੇ ਹੱਥ ਅ ਾ ਗਈਆਂ। ਜੰਗ ਤੋਂ ਬਾਅਦ ਕੁਝ ਅੰਗਰੇਜ਼ ਫ਼ੌਜੀ ਰਾਹ ਭੁੱਨ ਕੇ ਸਿੱਖ ਛਾਉਣੀ ਵਿੱਚ ਚਲੇ ਗਏ। ਸਿੱਖ ਸਰਦਾਰਾਂ ਨੇ ਬਾਇੱਜ਼ਤ ਉਹਨਾਂ ਨੂੰ ਰਾਹ ਖਰਚ ਲਈ ਪੈਸੇ ਦੇ ਕੇ ਅੰਗਰੇਜ਼ ਛਾਉਣੀਆਂ ਵਿੱਚ ਪਹੁੰਚਾ ਦਿੱਤਾ। ਪਹਿਲੀ ਸਿੱਖ ਅੰਗਰੇਜ਼ ਜੰਗ ਮੁਦਕੀ ਵਿੱਚ ਹਿੱਸਾ ਲੈਣ ਵਾਲੇ ਬ੍ਰਿਟਿਸ਼ ਅਤੇ ਭਾਰਤੀ ਸਿਪਾਹੀਆਂ ਨੂੰ ਸਤਲੁਜ ਮੁਹਿੰਮ 1845-1846 ਦਾ ਮੈਡਲ ਮਿਲਿਆ।




# ਟੁੱਟਣ ਨਾ ਦਿਓ ਗੱਲਬਾਤ ਦੀ ਤੰਦ

**ਹਰਪ੍ਰੀਤ ਕੌਰ ਸੰਧੂ**

ਅਸੀਂ ਗੱਲਬਾਤ ਕਰਨਾ ਬੰਦ ਕਰ ਦਿੱਤਾ ਹੈ, ਪਰ ਗੱਲਬਾਤ ਸਾਡੇ ਲਈ ਬਹੁਤ ਜ਼ਰੂਰੀ ਹੁੰਦੀ ਹੈ। ਮੌਜੂਦਾ ਦੌਰ ਵਿੱਚ ਲੋਕ ਵਿਹਲੀਆਂ ਗੱਲਾਂ ਤਾਂ ਕਰਦੇ ਹੀ ਨਹੀਂ। ਇਹ ਇੱਕ ਤਰ੍ਹਾਂ ਦਾ ਕਥਾਰਸਿਸ ਹੁੰਦਾ ਹੈ। ਸੱਥ ਵਿੱਚ ਬਹਿ ਕੇ ਹਾਸਾ ਠੱਠਾ ਕਰਨਾ ਅਤੇ ਨਾਲ ਹੀ ਸੰਜੀਦਾ ਗੱਲਾਂ ਵੀ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਸਨ। ਮਰਦ ਜੇਕਰ ਸੱਥ ਵਿੱਚ ਬੈਠਦੇ ਸੀ ਤਾਂ ਔਰਤਾਂ ਇਕੱਠੀਆਂ ਹੋ ਕੇ ਵਿਹੜੇ ਵਿੱਚ ਬਹਿ ਕੇ ਗੱਲਾਂ ਕਰਦੀਆਂ ਸਨ। ਆਪਣੇ ਸੁਖ-ਦੁਖ ਸਾਂਝੇ ਕਰਦੀਆਂ ਸਨ।

ਇਹ ਵਰਤਾਰਾ ਅੱਜ ਸਾਨੂੰ ਫਜ਼ੂਲ ਲੱਗਦਾ ਹੈ। ਅਸੀਂ ਇਸ ਨੂੰ ਸਮੇਂ ਦੀ ਬਰਬਾਦੀ ਕਹਿੰਦੇ ਹਾਂ, ਪਰ ਮਨੋਵਿਗਿਆਨਕ ਤੌਰ 'ਤੇ ਇਸ ਦਾ ਕਿੰਨਾ ਅਸਰ ਸੀ ਇਹ ਭੁੱਲ ਰਹੇ ਹਾਂ। ਜਿੱਥੇ ਇਨ੍ਹਾਂ ਗੱਲਾਂ ਨਾਲ ਮਨ ਹਲਕਾ ਹੁੰਦਾ ਸੀ, ਉੱਥੇ ਆਪਸੀ ਸਬੰਧ ਵੀ ਮਜ਼ਬੂਤ ਹੁੰਦੇ ਸਨ। ਸਾਨੂੰ ਇੱਕ ਦੂਜੇ ਦੇ ਸੁੱਖ ਦੁੱਖ ਬਾਰੇ ਪਤਾ ਹੁੰਦਾ ਸੀ। ਅਸੀਂ ਸੁੱਖ ਦੁੱਖ ਵਿੱਚ ਭਾਈਵਾਲ ਬਣਦੇ ਸੀ। ਇਸ ਤਰ੍ਹਾਂ ਸਾਡੀ ਸਾਂਝ ਹੋਰ ਗੂੜ੍ਹੀ ਹੁੰਦੀ ਸੀ।

ਅੱਜ ਤਰੱਕੀ ਦੇ ਘੋੜੇ 'ਤੇ ਬੈਠਾ ਮਨੁੱਖ ਇਸ ਨੂੰ 'ਗੌਸਿਪ' ਕਹਿੰਦਾ ਹੈ। ਵੱਡੀਆਂ ਵੱਡੀਆਂ ਗੱਲਾਂ ਕਰਨੀਆਂ ਉਸ ਨੂੰ ਸਮਝਦਾਰੀ ਪ੍ਰਤੀਤ ਹੁੰਦੀਆਂ ਹਨ। ਕੋਈ ਸ਼ੱਕ ਨਹੀਂ ਕਿ ਸੰਜੀਦਾ ਗੱਲਾਂ ਕਰਨੀਆਂ ਵੀ ਜ਼ਰੂਰੀ ਹਨ, ਪਰ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿੱਚ ਉਸ ਨੂੰ ਹਲਕੀਆਂ ਫੁਲਕੀਆਂ ਤੇ ਛੋਟੀਆਂ ਛੋਟੀਆਂ ਗੱਲਾਂ ਸਾਂਝੀਆਂ ਕਰਨ ਦੀ ਲੋੜ ਪੈਂਦੀ ਹੈ। ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਇਹ ਜ਼ਰੂਰੀ ਵੀ ਹੈ। ਦੁੱਖ ਸੁੱਖ ਸਾਂਝੇ ਕਰਨੇ ਬੜੇ ਜ਼ਰੂਰੀ ਹਨ। ਦੁੱਖ ਸਾਂਝਾ ਕੀਤਿਆਂ ਘਟ ਜਾਂਦਾ ਹੈ ਅਤੇ ਸੁੱਖ ਸਾਂਝਾ ਕੀਤਿਆਂ ਵਧ ਜਾਂਦਾ ਹੈ।





ਅੱਜ ਗੱਲਬਾਤ ਦੀ ਇਹ ਤੰਦ ਟੁੱਟ ਗਈ ਹੈ। ਇਸ ਲਈ ਇਹ ਹੁਣ ਮਾਨਸਿਕ ਰੋਗਾਂ ਦੀ ਜੜ ਬਣ ਰਹੀ ਹੈ। ਹਰ ਕੋਈ ਚੁੱਪਚਾਪ ਇਕੱਲਾ ਰਹਿਣਾ ਪਸੰਦ ਕਰਦਾ ਹੈ। ਸਮਾਜ ਨਾਲੋਂ ਟੁੱਟ ਕੇ ਸਾਡੀ ਸਾਂਝ ਗੈਜੇਟ ਨਾਲ ਬਣ ਗਈ ਹੈ। ਜੇ ਕੋਈ ਇਕੱਲਾ ਬੈਠਾ ਹੈ ਤਾਂ ਉਹ ਇਕੱਲਾ ਨਹੀਂ ਹੈ, ਉਸ ਨਾਲ ਉਸ ਦਾ ਮੋਬਾਈਲ ਜਾਂ ਲੈਪਟਾਪ ਹੈ। ਹੈਰਾਨੀ ਦੀ ਗੱਲ ਹੈ ਕਿ ਅਸੀਂ ਨਾਲ ਬੈਠੇ ਬੰਦੇ ਨਾਲ ਗੱਲ ਨਹੀਂ ਕਰ ਸਕਦੇ, ਪਰ ਮੋਬਾਈਲ 'ਤੇ ਚੈਟ ਕਰਦੇ ਹਾਂ। ਬੋਲ ਕੇ ਕੀਤੀ ਗੱਲ ਵਿੱਚ ਸਾਡੇ ਬੋਲਣ ਦਾ ਢੰਗ, ਲਹਿਜ਼ਾ ਗੱਲ ਨੂੰ ਸਪੱਸ਼ਟ ਕਰ ਦਿੰਦਾ ਹੈ। ਲਿਖ ਕੇ ਕੀਤੀ ਚੈਟ ਵਿੱਚ ਸਾਹਮਣੇ ਵਾਲਾ ਆਪਣੇ ਮਨ ਮੁਤਾਬਿਕ ਉਸ ਗੱਲ ਨੂੰ ਸਮਝਦਾ ਹੈ। ਰਿਸ਼ਤਿਆਂ ਵਿੱਚ ਪੈ ਰਹੀਆਂ ਤਰੇੜਾਂ ਦਾ ਇਹ ਵੀ ਇੱਕ ਕਾਰਨ ਹੈ।

ਕਹਿਣ ਵਾਲਾ ਕਿਸੇ ਹੋਰ ਲਹਿਜ਼ੇ ਵਿੱਚ ਗੱਲ ਕਰਨਾ ਚਾਹੁੰਦਾ ਹੈ, ਪਰ ਜਦੋਂ ਲਿਖੀ ਜਾਂਦੀ ਹੈ ਤਾਂ ਸਪਾਟ ਹੁੰਦੀ ਹੈ। ਇਸ ਤਰ੍ਹਾਂ ਪੜ੍ਹਨ ਵਾਲਾ ਉਸ ਨੂੰ ਆਪਣੇ ਅਨੁਸਾਰ ਪੜ੍ਹਦਾ ਹੈ। ਜ਼ਿਆਦਾਤਰ ਮਨ ਮੁਟਾਵ ਦਾ ਕਾਰਨ ਇਹੀ ਬਣਦਾ ਹੈ। ਅੱਜਕੱਲ੍ਹ ਲੋਕ ਫੋਨ 'ਤੇ ਵੀ ਗੱਲਬਾਤ ਨਹੀਂ ਕਰਦੇ ਬਸ ਲਿਖ ਕੇ ਇੱਕ ਮੈਸੇਜ ਛੱਡ ਦਿੰਦੇ ਹਨ। ਅੱਜ ਖ਼ੁਸ਼ੀ ਹੋਵੇ ਜਾਂ ਗ਼ਮੀ ਇੱਕ ਲਿਖਤੀ ਮੈਸੇਜ ਨਾਲ ਕਹਾਣੀ ਖ਼ਤਮ ਹੋ ਜਾਂਦੀ ਹੈ। ਗੱਲਬਾਤ ਕਰਨ ਨਾਲ ਮਨ ਹਲਕਾ ਹੁੰਦਾ ਹੈ। ਮਨ ਤੋਂ ਬਹੁਤ ਸਾਰਾ ਬੋਝ ਲਹਿ ਜਾਂਦਾ ਹੈ। ਜਦੋਂਕਿ ਲਿਖ ਕੇ ਕੀਤੀ ਗੱਲ ਨਾਲ ਮਨ ਹੋਰ ਭਾਰਾ ਹੋ ਜਾਂਦਾ ਹੈ। ਜਦੋਂ ਅਸੀਂ ਸਾਹਮਣੇ ਬੈਠ ਕੇ ਗੱਲ ਕਰਦੇ ਹਾਂ ਤਾਂ ਦੂਜਾ ਬੰਦਾ ਵੀ ਜਵਾਬ ਦਿੰਦਾ ਹੈ। ਮੈਸੇਜ ਤਾਂ ਇੱਕ ਅਲੱਗ ਹੀ ਸਿਰਦਰਦੀ ਹੈ। ਪਹਿਲਾ ਫਿਕਰ ਹੈ ਕਿ ਮੈਸੇਜ ਪੜ੍ਹਿਆ ਨਹੀਂ, ਫਿਰ ਫਿਕਰ ਹੈ ਕਿ ਉਸ ਨੇ ਇਸ ਦਾ ਜਵਾਬ ਨਹੀਂ ਦਿੱਤਾ। ਜੇਕਰ ਪੜ੍ਹਨ ਵਾਲਾ ਕਿਤੇ ਰੁੱਝਿਆ ਹੋਣ ਕਾਰਨ ਕੁਝ ਦੇਰ ਤੱਕ ਜਵਾਬ ਨਾ ਦੇਵੇ ਤਾਂ ਅਸੀਂ ਆਪ ਹੀ ਸੋਚ ਲੈਂਦੇ ਹਾਂ ਉਹ ਸਾਨੂੰ ਅਣਗੌਲਿਆਂ ਕਰ ਰਿਹਾ ਹੈ।

ਅਸਲ ਵਿੱਚ ਗੱਲਬਾਤ ਛੱਡ ਕੇ ਜਿਸ ਰਾਹ ਅਸੀਂ ਤੁਰ ਪਏ ਹਾਂ, ਉੱਥੇ ਸਵਾਲ ਵੀ ਸਾਡੇ ਹਨ ਤੇ ਜੁਆਬ ਵੀ ਸਾਡੇ। ਪਹਿਲਾਂ ਤੋਂ ਹੀ ਉਲਝਣਾਂ ਵਿੱਚ ਉਲਝਿਆ ਮਨੁੱਖ ਇਕੱਲਤਾ ਵਿੱਚ ਰਹਿ ਕੇ ਹੋਰ ਪਰੇਸ਼ਾਨ ਹੋ ਰਿਹਾ ਹੈ। ਖ਼ੁਦਕੁਸ਼ੀਆਂ ਦਾ ਵਧ ਰਿਹਾ ਰੁਝਾਨ ਇਸ ਗੱਲ ਦਾ ਸਬੂਤ ਹੈ ਕਿ ਅਸੀਂ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਹਾਂ। ਅੱਜ ਜੇਕਰ ਕੋਈ ਗੱਲਬਾਤ ਕਰਨਾ ਵੀ ਚਾਹੁੰਦਾ ਹੈ ਤਾਂ ਉਸ ਨੂੰ ਇਹ ਕਹਿ ਕੇ ਨਿੰਦ ਦਿੱਤਾ ਜਾਂਦਾ ਹੈ ਕਿ ਉਹ ਗੌਸਿਪ ਕਰ ਰਿਹਾ ਹੈ। ਵਿਹਲੀਆਂ ਗੱਲਾਂ ਜੋ ਅੰਗਰੇਜ਼ੀ ਵਿੱਚ 'ਗੌਸਿਪ' ਕਹਾਉਂਦੀਆਂ ਹਨ, ਉਹ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ।

ਇਹ ਗੱਲਾਂ ਸਾਡੇ ਮਨ ਦਾ ਬਹੁਤ ਸਾਰਾ ਬੋਝ ਲਾਹ ਦਿੰਦੀਆਂ ਹਨ। ਸਾਨੂੰ ਦੂਜਿਆਂ ਨਾਲ ਜੋੜਦੀਆਂ ਹਨ। ਅਪਣੱਤ ਦੀ ਭਾਵਨਾ ਨੂੰ ਵਧਾਉਂਦੀਆਂ ਹਨ ਜੋ ਕਿ ਮਨੁੱਖ ਲਈ ਸੁਰੱਖਿਆ ਦੀ ਭਾਵਨਾ ਬਣਦੀ ਹੈ। ਵਿਦੇਸ਼ ਵਿੱਚ ਇਕੱਲਾਪਣ ਇੱਕ ਮਾਰੂ ਰੋਗ ਸਾਬਤ ਹੋ ਰਿਹਾ ਹੈ ਅਤੇ ਹੌਲੀ ਹੌਲੀ ਇਹ ਭਾਰਤ ਵਿੱਚ ਵੀ ਪੈਰ ਪਸਾਰ ਰਿਹਾ ਹੈ। ਸਾਨੂੰ ਇਸ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਇਸ ਲਈ ਕਦੀ ਆਪਣੇ ਦੋਸਤਾਂ ਕੋਲ ਬਿਨਾਂ ਕਿਸੇ ਵਜ੍ਹਾ ਜਾਓ। ਕਦੀ ਕੋਈ ਫੋਨ ਬਿਨਾਂ ਕਿਸੇ ਵਜ੍ਹਾ ਕਰੋ। ਇੱਧਰ ਉੱਧਰ ਦੀਆਂ ਹਲਕੀਆਂ ਫੁਲਕੀਆਂ ਗੱਲਾਂ ਕਰੋ। ਮਜ਼ਾਹੀਆ ਲਹਿਜ਼ੇ ਵਿੱਚ ਗੱਲਾਂ ਕਰੋ। ਜ਼ਿੰਦਗੀ ਖ਼ੁਸ਼ਗਵਾਰ ਲੱਗੇਗੀ। ਮਨੁੱਖੀ ਜੀਵਨ ਵਿੱਚੋਂ ਜੇਕਰ ਗੱਲਬਾਤ ਨੂੰ ਕੱਢ ਦਿੱਤਾ ਜਾਵੇ ਤਾਂ ਕੁਝ ਬਚਦਾ ਹੀ ਨਹੀਂ। ਇਸ ਲਈ ਬਹੁਤ ਜ਼ਰੂਰੀ ਹੈ ਕਿ ਕਿਸੇ ਤਰੀਕੇ ਨਾਲ ਆਪਸੀ ਗੱਲਬਾਤ ਨੂੰ ਬਚਾ ਲਈਏ ਤਾਂ ਫਿਰ ਅਸੀਂ ਆਪਣੇ ਆਪ ਨੂੰ ਵੀ ਬਚਾ ਲਵਾਂਗੇ।



# ਅਣਵਿਆਹੀਆਂ ਕਿਉਂ ਰਹਿ ਜਾਂਦੀਆਂ ਹਨ ਕਈ ਕੁੜੀਆਂ

**ਹਰਕੀਰਤ ਕੌਰ**

ਬਹੁਤ ਸਾਰੀਆਂ ਕੁੜੀਆਂ ਅਜਿਹੀਆਂ ਹਨ ਜੋ ਆਪਣੇ ਕੈਰੀਅਰ ਨੂੰ ਸੈਟਲ ਕਰਨ ਲਈ ਦੇਰ ਨਾਲ ਵਿਆਹ ਕਰਨਾ ਚਾਹੁੰਦੀਆਂ ਹਨ, ਪਰ ਜਦੋਂ ਉਹ 35-40 ਸਾਲ ਦੀ ਉਮਰ ਤੋਂ ਬਾਅਦ ਵਿਆਹ ਕਰਨਾ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਆਪਣੀ ਪਸੰਦ ਦਾ ਲੜਕਾ ਨਹੀਂ ਮਿਲਦਾ।

ਇਹਨਾਂ ਵਿੱਚੋਂ ਬਹੁਤੀਆਂ ਕੁੜੀਆਂ ਪੜ੍ਹਾਈ ਵਿੱਚ ਅੱਵਲ ਹਨ, ਕੈਰੀਅਰ ਵਿੱਚ ਚੰਗੀਆਂ ਪੁਜ਼ੀਸ਼ਨਾਂ ਰੱਖਦੀਆਂ ਹਨ, ਉਹਨਾਂ ਕੋਲ ਨਾਮ, ਪੈਸਾ, ਸੁੰਦਰਤਾ, ਸਭ ਕੁਝ ਹੈ, ਫਿਰ ਵੀ ਉਹਨਾਂ ਲਈ ਚੰਗੇ ਰਿਸ਼ਤੇ ਨਹੀਂ ਆਉਂਦੇ। ਲੋਕ ਪੁੱਛਦੇ ਰਹਿੰਦੇ ਹਨ ਕਿ ਤੁਹਾਡਾ ਵਿਆਹ ਕਦੋਂ ਹੋ ਰਿਹਾ ਹੈ?

ਕਈ ਵਾਰ ਅਜਿਹਾ ਹੁੰਦਾ ਹੈ ਕਿ 20 ਤੋਂ 25 ਸਾਲ ਦੀ ਉਮਰ ਵਿੱਚ ਕਿਸੇ ਕੁੜੀ ਲਈ ਚੰਗਾ ਰਿਸ਼ਤਾ ਆ ਜਾਂਦਾ ਹੈ ਪਰ ਚੰਗੇ ਹੋਣ ਦੀ ਲਾਲਸਾ ਵਿੱਚ ਉਹ ਰਿਸ਼ਤੇ ਨੂੰ 'ਨਾਂਹ' ਆਖਦੀ ਰਹਿੰਦੀ ਹੈ। ਫਿਰ ਹੌਲੀ-ਹੌਲੀ ਰਿਸ਼ਤੇ ਬੰਦ ਹੋ ਜਾਂਦੇ ਹਨ ਅਤੇ ਲੜਕੀ 'ਤੇ ਵਿਆਹ ਦਾ ਦਬਾਅ ਵਧ ਜਾਂਦਾ ਹੈ।

ਮੁੰਡਾ ਵੱਡਾ ਹੈ ਅਤੇ ਚੰਗੀ ਕਮਾਈ ਕਰਦਾ ਹੈ, ਇਸ ਲਈ ਕਈ ਰਿਸ਼ਤੇ ਉਸ ਦੇ ਰਾਹ ਆਉਂਦੇ ਹਨ। ਪਰ ਕੁੜੀ ਨਾਲ ਅਜਿਹਾ ਨਹੀਂ ਹੁੰਦਾ। ਕੁੜੀ ਭਾਵੇਂ ਜਿੰਨੀ ਮਰਜ਼ੀ ਕਮਾਈ ਕਰ ਲਵੇ, ਜੇ ਉਹ ਬੁੱਢੀ ਹੋ ਜਾਵੇ ਤਾਂ ਉਸ ਲਈ ਚੰਗੇ ਰਿਸ਼ਤੇ ਘੱਟ ਹੀ ਹੁੰਦੇ ਹਨ। ਉਨ੍ਹਾਂ ਨੂੰ ਤਲਾਕ ਦੇਣ ਜਾਂ ਕਿਸੇ ਵੱਡੀ ਉਮਰ ਦੇ ਆਦਮੀ ਨਾਲ ਵਿਆਹ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਸਮਝੌਤਾ ਕਰਨ ਅਤੇ ਵਿਆਹ ਕਰਨ ਦੀ ਬਜਾਏ, ਬਹੁਤ ਸਾਰੀਆਂ ਕੁੜੀਆਂ ਵਿਆਹ ਨਾ ਕਰਨ ਦਾ ਫੈਸਲਾ ਕਰਦੀਆਂ ਹਨ। ਉਸ ਨੂੰ ਲੱਗਦਾ ਹੈ ਕਿ ਇੰਨੀ ਮਿਹਨਤ ਕਰਨ ਤੋਂ ਬਾਅਦ ਉਹ ਆਪਣੀ ਜ਼ਿੰਦਗੀ ਨਾਲ ਨਹੀਂ ਖੇਡ ਸਕਦੀ।

ਵਿਆਹ ਬਾਰੇ ਲੋਕਾਂ ਦੀ ਸੋਚ ਅਜੇ ਵੀ ਨਹੀਂ ਬਦਲੀ ਹੈ। ਲੜਕੇ ਦੀ ਉਮਰ ਭਾਵੇਂ ਕੋਈ ਵੀ ਹੋਵੇ, ਉਸ ਨੇ ਛੋਟੀ ਕੁੜੀ ਨਾਲ ਹੀ ਵਿਆਹ ਕਰਨਾ ਹੁੰਦਾ ਹੈ, ਪੈਸੇ ਅਤੇ ਨੌਕਰੀ ਨੂੰ ਮੰਨਿਆ ਜਾਂਦਾ ਹੈ, ਮੁੰਡੇ ਦੀ ਉਮਰ ਨੂੰ ਨਹੀਂ। ਵੱਡੀ ਉਮਰ ਦੀਆਂ ਕੁੜੀਆਂ ਨੂੰ ਵਿਆਹ ਲਈ ਸੰਪੂਰਨ ਨਹੀਂ ਮੰਨਿਆ ਜਾਂਦਾ ਹੈ।

ਮੁੰਡਿਆਂ ਨਾਲ ਅਜਿਹਾ ਨਹੀਂ ਹੁੰਦਾ। ਉਨ੍ਹਾਂ ਲਈ ਚੰਗੀ ਕਮਾਈ ਕਰਨਾ ਜ਼ਰੂਰੀ ਹੈ। ਜੇ ਮੁੰਡਾ ਚੰਗੀ ਕਮਾਈ ਕਰਦਾ ਹੈ ਤਾਂ ਉਸ ਦੀ ਉਮਰ ਜਿੰਨੀ ਮਰਜ਼ੀ ਹੋਵੇ, ਉਸ ਨੂੰ ਆਪਣੀ ਪਸੰਦ ਦੀ ਛੋਟੀ ਕੁੜੀ ਮਿਲ ਜਾਂਦੀ ਹੈ। ਲੜਕੀ ਪੜ੍ਹੀ-ਲਿਖੀ ਹੈ, ਚੰਗੀ ਕਮਾਈ ਕਰਦੀ ਹੈ ਪਰ ਸਹੀ ਲੜਕਾ ਨਾ ਮਿਲਣ ਕਾਰਨ ਉਸ ਦਾ ਰਿਸ਼ਤਾ ਤੈਅ ਨਹੀਂ ਹੋ ਸਕਿਆ। ਇੱਕ ਕੁੜੀ ਆਪਣੇ ਕੈਰੀਅਰ ਵਿੱਚ ਜਿੰਨੀ ਮਰਜ਼ੀ ਤਰੱਕੀ ਕਰ ਲਵੇ, ਉਹ ਤਾਂ ਹੀ ਸਫਲ ਮੰਨੀ ਜਾਂਦੀ ਹੈ ਜੇਕਰ ਉਹ ਇੱਕ ਚੰਗੇ ਪਰਿਵਾਰ ਵਿੱਚ ਵਿਆਹੀ ਹੋਈ ਹੋਵੇ ਅਤੇ ਉਸ ਦਾ ਪਤੀ ਉਸ ਤੋਂ ਵੱਧ ਕਮਾਉਂਦਾ ਹੋਵੇ।

ਕੁੜੀਆਂ ਦੇ ਮਾਪਿਆਂ ਦੀ ਸੋਚ ਹੁਣ ਬਦਲਣ ਲੱਗੀ ਹੈ। ਉਹ ਆਪਣੀ ਧੀ ਨੂੰ ਸਲਾਹ ਦਿੰਦਾ ਹੈ ਕਿ ਪਹਿਲਾਂ ਪੜ੍ਹ-ਲਿਖ ਕੇ ਚੰਗਾ ਕੈਰੀਅਰ ਚੁਣੇ, ਫਿਰ ਆਪਣੇ ਵਿਆਹ ਬਾਰੇ ਸੋਚੇ। ਕਈ ਵਾਰ ਕੈਰੀਅਰ 'ਚ ਸੈਟਲ ਹੋਣ 'ਚ ਜ਼ਿਆਦਾ ਸਮਾਂ ਲੱਗਦਾ ਹੈ ਪਰ ਇਸ ਦਾ ਅਸਰ ਲੜਕੀ ਦੇ ਵਿਆਹ 'ਤੇ ਪੈਣ ਲੱਗਦਾ ਹੈ।



ਵੱਡੀ ਉਮਰ ਦੀਆਂ ਕੁੜੀਆਂ ਨੂੰ ਆਪਣੇ ਲਈ ਸਹੀ ਜੀਵਨ ਸਾਥੀ ਚੁਣਨ ਦਾ ਵਿਕਲਪ ਨਹੀਂ ਮਿਲਦਾ। ਵਧਦੀ ਉਮਰ ਦੇ ਨਾਲ-ਨਾਲ ਪਰਿਵਾਰਕ ਮੈਂਬਰਾਂ ਵੱਲੋਂ ਵਿਆਹ ਲਈ ਦਬਾਅ ਵੀ ਵਧਦਾ ਹੈ। ਲੜਕੀ ਦੇ ਕੁਆਰੀ ਨਾ ਰਹਿਣ ਕਾਰਨ ਪਰਿਵਾਰ ਵਾਲੇ ਉਸ 'ਤੇ ਤਲਾਕ ਜਾਂ ਵੱਡੀ ਉਮਰ ਦੇ ਆਦਮੀ ਨਾਲ ਵਿਆਹ ਕਰਨ ਲਈ ਦਬਾਅ ਪਾਉਣ ਲੱਗੇ। ਅਜਿਹੇ 'ਚ ਲੜਕੀ ਦਾ ਆਤਮਵਿਸ਼ਵਾਸ ਘੱਟ ਹੋਣ ਲੱਗਦਾ ਹੈ। ਉਸ ਨੂੰ ਸਮਝ ਨਹੀਂ ਆ ਰਹੀ ਕਿ ਉਸ ਦੀ ਗਲਤੀ ਕੀ ਹੈ। ਇਸ ਸਮੇਂ ਧੀ ਲਈ ਮਾਪਿਆਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਜਲਦਬਾਜ਼ੀ 'ਚ ਗਲਤ ਫੈਸਲਾ ਲੈਣ ਦੀ ਬਜਾਏ ਆਪਣੀ ਬੇਟੀ ਨੂੰ ਕੁਝ ਹੋਰ ਸਮਾਂ ਦਿਓ।

ਮਰਦ ਕਈ ਕਾਰਨਾਂ ਕਰਕੇ ਵੱਡੀ ਉਮਰ ਦੀਆਂ ਕੁੜੀਆਂ ਨਾਲ ਵਿਆਹ ਨਹੀਂ ਕਰਨਾ ਚਾਹੁੰਦੇ। ਇਹਨਾਂ ਵਿੱਚੋਂ, ਇਹ ਕਾਰਨ ਆਮ ਤੌਰ 'ਤੇ ਦਿੱਤੇ ਜਾਂਦੇ ਹਨ - ਇਸ ਦਾ ਸਭ ਤੋਂ ਵੱਡਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਔਰਤਾਂ ਮਰਦਾਂ ਦੇ ਮੁਕਾਬਲੇ ਜਲਦੀ ਵੱਡੀਆਂ ਦਿਖਣ ਲੱਗਦੀਆਂ ਹਨ, ਜਿਸ ਕਾਰਨ ਪਤੀ-ਪਤਨੀ ਬੇਮੇਲ ਦਿਖਾਈ ਦਿੰਦੇ ਹਨ। ਇਹ ਧਾਰਨਾ ਪੂਰੀ ਤਰ੍ਹਾਂ ਸਹੀ ਨਹੀਂ ਹੈ। ਆਮ ਤੌਰ 'ਤੇ ਵਿਆਹ ਤੋਂ ਬਾਅਦ ਔਰਤਾਂ ਆਪਣੇ ਆਪ ਨੂੰ ਪਤੀ, ਘਰ ਅਤੇ ਬੱਚਿਆਂ ਵਿਚ ਇੰਨੀਆਂ ਰੁੱਝ ਜਾਂਦੀਆਂ ਹਨ ਕਿ ਉਹ ਆਪਣੇ ਸਰੀਰ ਵੱਲ ਧਿਆਨ ਨਹੀਂ ਦਿੰਦੀਆਂ। ਇਸ ਲਈ ਉਨ੍ਹਾਂ 'ਤੇ ਉਮਰ ਦਾ ਅਸਰ ਜਲਦੀ ਦਿਖਾਈ ਦਿੰਦਾ ਹੈ। ਜੋ ਔਰਤਾਂ ਆਪਣੀ ਸਿਹਤ ਅਤੇ ਫਿਟਨੈੱਸ ਵੱਲ ਧਿਆਨ ਦਿੰਦੀਆਂ ਹਨ, ਉਨ੍ਹਾਂ ਦੀ ਉਮਰ ਜਲਦੀ ਨਹੀਂ ਹੁੰਦੀ।

ਔਰਤਾਂ ਵਿੱਚ ਵਧਦੀ ਉਮਰ ਦੇ ਨਾਲ ਜਣਨ ਸ਼ਕਤੀ ਘੱਟ ਜਾਂਦੀ ਹੈ। ਸਿਰਫ਼ ਔਰਤਾਂ ਹੀ ਨਹੀਂ ਸਗੋਂ ਮਰਦਾਂ ਦੀ ਵਧਦੀ ਉਮਰ ਵੀ ਉਨ੍ਹਾਂ ਦੀ ਪ੍ਰਜਨਨ ਦਰ ਨੂੰ ਪ੍ਰਭਾਵਿਤ ਕਰਦੀ ਹੈ। ਵਧਦੀ ਉਮਰ ਦੇ ਨਾਲ, ਇੱਕ ਸਿਹਤਮੰਦ ਬੱਚੇ ਨੂੰ ਜਨਮ ਦੇਣ ਲਈ ਮਰਦ ਅਤੇ ਔਰਤਾਂ ਦੋਵਾਂ ਦੀ ਸਮਰੱਥਾ ਘੱਟ ਜਾਂਦੀ ਹੈ ਅਤੇ ਗਰਭ ਧਾਰਨ ਕਰਨ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਆਉਂਦੀਆਂ ਹਨ।

ਜਿਵੇਂ-ਜਿਵੇਂ ਔਰਤਾਂ ਦੀ ਉਮਰ ਵਧਦੀ ਹੈ, ਗਰਭ ਧਾਰਨ ਕਰਨ ਵਿੱਚ ਜ਼ਿਆਦਾ ਸਮਾਂ ਲੱਗਦਾ ਹੈ। ਗਰਭਪਾਤ ਦੀ ਸੰਭਾਵਨਾ ਅਤੇ ਡਿਲੀਵਰੀ ਵਿੱਚ ਮੁਸ਼ਕਲਾਂ ਵੀ ਵਧ ਜਾਂਦੀਆਂ ਹਨ। ਜੇਕਰ ਵੱਡੀ ਉਮਰ ਵਿੱਚ ਮਾਪੇ ਬਣ ਜਾਂਦੇ ਹਨ ਤਾਂ ਬੱਚਾ ਡਾਊਨ ਸਿੰਡਰੋਮ ਦਾ ਸ਼ਿਕਾਰ ਹੋ ਸਕਦਾ ਹੈ ਅਤੇ ਹੋਰ ਸਰੀਰਕ ਸਮੱਸਿਆਵਾਂ ਵੀ ਹੋ ਸਕਦੀਆਂ ਹਨ।

ਜਦੋਂ ਵੱਡੀ ਉਮਰ ਵਿੱਚ ਵਿਆਹ ਹੋ ਜਾਂਦਾ ਹੈ, ਤਾਂ ਘਰ ਵਿੱਚ ਨੌਕਰੀ ਤੋਂ ਲੈ ਕੇ ਬੱਚੇ ਦੀ ਯੋਜਨਾ ਬਣਾਉਣ ਤੱਕ ਸਭ ਕੁਝ ਜਲਦੀ ਕਰਨ ਦਾ ਦਬਾਅ ਵਧ ਜਾਂਦਾ ਹੈ।

(ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD CONNECT

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਬੇਨਾਮੀ ਰਿਸ਼ਤਾ



ਸੋਮ ਸਿੰਘ ਰਾਠੌਰ

ਤਿੰਨ ਕੁ ਸਾਲਾਂ ਬਾਅਦ ਗੁਰਲੀਨ ਦੇ ਜੇਠ ਦਾ ਫ਼ੋਨ ਆਇਆ। ਤਾਇਆ ਜੀ ਦੇ ਪੋਤਰੇ ਦਾ ਵਿਆਹ ਹੈ। ਉਨ੍ਹਾਂ ਨੇ ਤੁਹਾਨੂੰ ਵਿਆਹ ਵਿੱਚ ਪਹੁੰਚਣ ਲਈ ਸੱਦਾ ਪੱਤਰ ਪਾ ਦਿੱਤਾ ਹੈ ਅਤੇ ਫ਼ੋਨ ਵੀ ਕਰਨਗੇ। ਉਨ੍ਹਾਂ ਨੇ ਪੂਰੇ ਪਰਿਵਾਰ ਨੂੰ ਗੁਰਜੀਤ ਸਿੰਘ ਦੇ ਵਿਆਹ 'ਚ ਪਹੁੰਚਣ ਦੀ ਬੇਨਤੀ ਕੀਤੀ ਹੈ। ਪਰਿਵਾਰ ਦਾ ਪਹਿਲਾ ਵਿਆਹ ਹੈ ਬੜੀ ਧੂਮ-ਧਾਮ ਨਾਲ ਕਰਨਾ ਚਾਹੁੰਦੇ ਹਨ। ਗੁਰਲੀਨ ਨੇ ਜਦੋਂ ਕਾਰਡ ਪੜ੍ਹਿਆ ਤਾਂ ਉਹ ਕੁਝ ਸਮੇਂ ਲਈ ਸਸੋਪੰਜ ਵਿੱਚ ਪੈ ਗਈ ਕਿਉਂਕਿ ਬਰਾਤ ਸ਼ਾਹਕੋਟ ਕਿਸੇ ਪੈਲਸ ਵਿੱਚ ਜਾਣੀ ਸੀ। ਅੱਜ ਤੋਂ 25-26 ਸਾਲ ਪਹਿਲਾਂ ਵਾਪਰੇ ਉਹ ਹਾਲਾਤ ਜੋ ਉਹ ਆਪਣੇ ਮਨ ਵਿੱਚੋਂ ਭੁਲਾ ਚੁੱਕੀ ਸੀ ਸ਼ਾਹਕੋਟ ਦਾ ਨਾਂ ਪੜ੍ਹ ਕੇ ਫ਼ਿਰ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗ ਪਏ। ਇਨ੍ਹਾਂ ਸੋਚਾਂ ਵਿੱਚ ਗੁਆਚੀ ਹੋਈ ਉਹ ਆਪਣੀ ਪਿਛਲੀ ਜ਼ਿੰਦਗੀ ਵੱਲ ਮੁੜ ਗਈ।

ਗੁਰਲੀਨ ਮਾਂ ਪਿਉ ਦੀ ਲਾਡਲੀ ਤੇ ਦੋ ਭਰਾਵਾਂ ਦੀ ਬੇਹੱਦ ਪਿਆਰੀ ਭੈਣ ਪਿੰਡ ਵਿੱਚ ਚੰਗੇ ਅਸਰ ਰਸੂਖ ਵਾਲੇ ਪਰਿਵਾਰ ਵਿੱਚੋਂ ਸੀ। ਵੱਡੇ ਭਰਾ ਨੇ ਪੜ੍ਹ ਲਿਖ ਕੇ ਖੇਤੀ ਦੇ ਧੰਦੇ ਨੂੰ ਹੀ ਆਪਣਾ ਲਿਆ ਸੀ। ਗੁਰਲੀਨ ਤੋਂ ਛੋਟਾ ਭਰਾ ਪੜ੍ਹ ਰਿਹਾ ਸੀ। ਜੁਆਨ ਹੁੰਦੀ ਧੀ ਦੇ ਵਿਆਹ ਦਾ ਫ਼ਿਕਰ ਹਰੇਕ ਮਾਂ ਬਾਪ ਨੂੰ ਹੁੰਦਾ ਹੈ। ਘਰ ਵਿਚ ਜਦੋਂ ਵੱਡੇ ਮੁੰਡੇ ਦੇ ਵਿਆਹ ਦੀ ਗੱਲ ਚੱਲਦੀ ਤਾਂ ਉਹ ਕਹਿੰਦਾ ਕਿ ਪਹਿਲਾਂ ਭੈਣ ਦਾ ਵਿਆਹ ਕਰਨਾ ਹੈ ਫ਼ਿਰ ਮੈਂ ਕਰਾਊਂਗਾ। ਮਾਂ-ਪਿਓ ਨੇ ਲੜਕੀ ਵਾਸਤੇ ਚੰਗੇ ਘਰ ਦੀ ਤਲਾਸ਼ ਕਰਨੀ ਸ਼ੁਰੂ ਕੀਤੀ। ਜ਼ਿਮੀਦਾਰ ਹੋਣ ਕਰਕੇ ਚੰਗੀ ਪੈਲੀ ਵਾਲੇ ਪਰਿਵਾਰ ਦੇਖੇ। 20-22 ਕੁ ਸਾਲ ਦੀ ਹੋਣ ਤੱਕ, ਸ਼ਾਹਕੋਟ ਕੋਲ ਇੱਕ ਇਕੱਲੇ ਮੁੰਡੇ ਦੀ ਦੱਸ ਪਈ। ਪਰਿਵਾਰ ਵਿੱਚ ਭੈਣ ਭਰਾ ਤੇ ਮਾਤਾ-ਪਿਤਾ ਸਨ। ਸ਼ਹਿਰੀ ਜਾਇਦਾਦ 10 ਕਿੱਲੇ ਜ਼ਮੀਨ ਸੀ। ਮੁੰਡਾ ਸੋਹਣਾ ਸਨੁੱਖਾ 23-24 ਸਾਲ ਦੀ ਉਮਰ ਦਾ ਸੀ ਤੇ ਛੋਟੀ ਭੈਣ ਪੜ੍ਹਦੀ ਸੀ। ਗੁਰਲੀਨ ਦੇ ਭਰਾਵਾਂ ਨੇ ਸਾਰੀ ਤਫ਼ਤੀਸ਼ ਕਰਨ ਤੋਂ ਬਾਅਦ ਰੋਕਾ ਕਰ ਦਿੱਤਾ। ਕੁਝ ਹੀ ਦਿਨਾਂ ਬਾਅਦ ਵਿਆਹ ਦਾ ਦਿਨ ਮਿੱਥ ਦਿੱਤਾ ਅਤੇ ਪੂਰੀ ਸ਼ਾਨੋਸ਼ੌਕਤ ਨਾਲ ਵਿਆਹ ਕੀਤਾ। ਕੁੜਮਾਚਾਰੀ ਦੀ ਵਿਆਹ ਵਿੱਚ ਪੂਰੀ ਆਓ ਭਗਤ ਕੀਤੀ ਗਈ। ਦਾਜ-ਦਹੇਜ ਨਾਲ ਗੁਰਲੀਨ ਦੇ ਸੁਹਰਿਆਂ ਦਾ ਘਰ ਭਰ ਦਿੱਤਾ। ਗੁਰਲੀਨ ਦੀ ਡੋਲੀ ਵਾਲੀ ਕਾਰ ਨੂੰ (ਜੋ ਉਨ੍ਹਾਂ ਦਹੇਜ ਵਿੱਚ ਦਿੱਤੀ) ਨੂੰ ਖ਼ੁਸ਼ੀ-ਖ਼ੁਸ਼ੀ ਵਿਦਾ ਕੀਤਾ। ਗੁਰਲੀਨ ਦੇ ਸਹੁਰੇ ਪਰਿਵਾਰ ਵੱਲੋਂ ਵੀ ਸ਼ਹਿਰ ਵਿੱਚ ਬਣੀ ਸ਼ਾਨਦਾਰ ਕੋਠੀ ਵਿੱਚ ਗੁਰਲੀਨ ਦਾ ਸੁਆਗਤ ਕੀਤਾ ਗਿਆ। ਸੱਸ ਸਹੁਰੇ ਵੱਲੋਂ ਵੀ ਆਪਣੇ ਮੁੰਡੇ ਦੇ ਵਿਆਹ 'ਤੇ ਖ਼ੂਬ ਰੌਣਕਾਂ ਲਾਈਆਂ ਗਈਆਂ। ਵਿਆਹ ਦੇ ਰਸਮੋ ਰਿਵਾਜ ਤੋਂ ਬਾਅਦ ਰਿਸ਼ਤੇਦਾਰਾਂ ਦੇ ਜਾਣ ਪਿੱਛੋਂ ਘਰ ਵਿੱਚ ਸੱਸ, ਸਹੁਰਾ, ਨਣਾਨ ਤੇ ਪਤੀ ਤੋਂ ਇਲਾਵਾ ਇੱਕ ਨੌਕਰ ਸੀ। ਗੁਰਲੀਨ ਨੇ ਆਪਣੇ ਨਿੱਘੇ ਸੁਭਾਅ ਤੇ ਮਾਤਾ ਪਿਤਾ ਦੇ ਦਿੱਤੇ ਚੰਗੇ ਸੰਸਕਾਰਾਂ ਕਰਕੇ ਸਹੁਰੇ ਪਰਿਵਾਰ ਦੇ ਸਾਰੇ ਜੀਆਂ ਦਾ ਮਨ ਮੋਹ ਲਿਆ ਸੀ। ਨਣਾਨ-ਭਰਜਾਈ ਦੀ ਆਪਸ ਵਿੱਚ ਬਹੁਤ ਬਣਦੀ ਸੀ। ਹਰ ਦਿਨ ਉਨ੍ਹਾਂ ਦਾ ਹਾਸੇ ਮਜ਼ਾਕ ਵਿੱਚ ਲੰਘਦਾ ਸੀ।

ਸਹੁਰੇ ਪਰਿਵਾਰ ਦੇ ਅਥਾਹ ਪਿਆਰ ਨੇ ਗੁਰਲੀਨ ਨੂੰ ਕਦੇ ਵੀ ਆਪਣੇ ਪੇਕੇ ਪਿੰਡ ਦੀ ਯਾਦ ਨਹੀਂ ਆਉਣ ਦਿੱਤੀ। ਇਸ ਤਰ੍ਹਾਂ ਜ਼ਿੰਦਗੀ ਆਪਣੀ ਤੋਰੇ ਬਹੁਤ ਹੀ ਖ਼ੁਸ਼ੀਆਂ ਨਾਲ ਤੁਰ ਰਹੀ ਸੀ। ਸਮਾਂ ਲੰਘਦਿਆਂ ਗੁਰਲੀਨ ਦੀ ਖ਼ੁਸ਼ੀ ਵਿੱਚ ਇੱਕ ਖ਼ੁਸ਼ੀ ਹੋਰ ਜੁੜ ਗਈ ਜਦੋਂ ਡਾਕਟਰੀ ਚੈਕ ਅੱਪ ਤੋਂ ਬਾਅਦ ਪਤਾ ਲੱਗਾ ਕਿ ਗੁਰਲੀਨ ਮਾਂ ਬਣਨ ਵਾਲੀ ਹੈ। ਦੋਹਾਂ ਹੀ ਪਰਿਵਾਰਾਂ ਨੇ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ ਤੇ ਪਰਮਾਤਮਾ ਦਾ ਲੱਖ-ਲੱਖ ਸ਼ੁਕਰਾਨਾ ਕੀਤਾ। ਕੁੱਝ ਸਮੇਂ ਬਾਅਦ ਗੁਰਲੀਨ ਦਾ ਭਰਾ ਉਸ ਨੂੰ ਆਪਣੇ ਪਿੰਡ ਲੈ ਆਇਆ ਕਿਉਂਕਿ ਕਈ ਇਲਾਕਿਆਂ ਵਿੱਚ ਇਹ ਵਿਚਾਰ ਆਮ ਪ੍ਰਚੱਲਿਤ ਹੈ ਕਿ ਪਹਿਲਾ ਬੱਚਾ ਪੇਕੇ ਪਿੰਡ ਹੋਣਾ ਚਾਹੀਦਾ ਹੈ। ਸਹੁਰੇ ਪਰਿਵਾਰ ਨੇ ਉਸ ਨੂੰ ਖ਼ੁਸ਼ੀ-ਖ਼ੁਸ਼ੀ ਵਿਦਾ ਕੀਤਾ। ਨਣਾਨ-ਭਰਜਾਈ ਨੂੰ ਖ਼ੁਸ਼ੀ ਦੇ ਨਾਲ ਕੁਝ ਸਮੇਂ ਲਈ ਵਿਛੋੜੇ ਦਾ ਦੁੱਖ ਵੀ ਸੀ। ਪਰ ਘਰ ਵਾਲੇ ਫ਼ੋਨ ਦੀ ਸਹੂਲਤ ਹੋਣ ਕਰਕੇ ਉਹ ਹਰ ਰੋਜ਼ ਹੀ ਗੱਲਾਂਬਾਤਾਂ ਕਰ ਲੈਂਦੀਆਂ ਸਨ। ਗੁਰਲੀਨ ਦਾ ਪਤੀ ਹਫ਼ਤੇ ਪੰਦਰਾਂ ਦਿਨਾਂ ਬਾਅਦ ਖ਼ੁਦ ਜਾ ਕੇ ਸੁੱਖਸਾਂਦ ਪੁੱਛ ਆਉਂਦਾ। ਇਸ ਤਰ੍ਹਾਂ ਦੋਨੋਂ ਪਰਿਵਾਰ ਖ਼ੁਸ਼ਖ਼ਬਰੀ ਦੀ ਉਡੀਕ ਕਰਨ ਲੱਗੇ।

ਪਰ ਜ਼ਿੰਦਗੀ ਦੇ ਇਸ ਮੋੜ 'ਤੇ ਆ ਕੇ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਦੋਹਾਂ ਪਰਿਵਾਰਾਂ ਨੂੰ ਝੰਜੋੜ ਕੇ ਰੱਖ ਦਿੱਤਾ। ਕੁਦਰਤ ਦੀ ਇਸ ਹੋਣੀ ਨੇ ਦੋਹਾਂ ਪਰਿਵਾਰਾਂ ਕੋਲੋਂ ਖ਼ੁਸ਼ੀਆਂ ਨੂੰ ਸਦਾ ਲਈ ਖੋਹ ਲਿਆ। ਗੁਰਲੀਨ ਦੇ ਪਤੀ ਦੀ ਸਹੁਰਿਆਂ ਘਰੋਂ ਮੁੜਦੇ ਸਮੇਂ ਇੱਕ ਸੜਕ ਦੁਰਘਟਨਾ ਵਿੱਚ ਮੌਤ ਹੋ ਗਈ। ਦੋਨੋਂ ਹੀ ਪਰਿਵਾਰਾਂ ਲਈ ਇਹ ਨਾ ਸਹਿਣਯੋਗ ਘਟਨਾ ਸੀ। ਡਾਕਟਰੀ ਸਹਾਇਤਾ ਦੇ ਕੇ ਸਸਕਾਰ ਤੋਂ ਪਹਿਲਾਂ ਗੁਰਲੀਨ ਨੂੰ ਆਪਣੇ ਪਤੀ ਦਾ ਮੂੰਹ ਦਿਖਾਉਣ ਲਈ ਐਂਬੂਲੈਂਸ ਵਿੱਚ ਲੈ ਕੇ ਆਂਦਾ। ਸੁਧ-ਬੁਧ ਖੋਹ ਚੁੱਕੀ ਗੁਰਲੀਨ ਦੀ ਦੁਨੀਆਂ ਵਿਰਾਨ ਹੋ ਚੁੱਕੀ ਸੀ। ਵਾਪਸ ਪੇਕੇ ਪਿੰਡ ਆ ਕੇ ਕੁਝ ਦਿਨਾਂ ਬਾਅਦ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ। ਜਿੱਥੇ ਉਸ ਨੇ ਇੱਕ ਨੰਨ੍ਹੀ ਪਰੀ ਨੂੰ ਜਨਮ ਦਿੱਤਾ। ਚਾਹੁੰਦਿਆਂ ਹੋਇਆਂ ਵੀ ਉਹ ਪਤੀ ਦੀ ਅੰਤਮ ਅਰਦਾਸ ਵਿੱਚ ਸ਼ਾਮਲ ਨਾ ਹੋ ਸਕੀ। ਕਿਉਂਕਿ ਡਾਕਟਰੀ ਹਦਾਇਤਾਂ ਮੁਤਾਬਕ ਉਸ ਦੀ ਹਾਲਤ ਕਾਫ਼ੀ ਗੰਭੀਰ ਸੀ। ਕਿਸੇ ਹੋਰ ਅਣਹੋਣੀ ਦੇ ਡਰੋਂ ਉਸ ਨੂੰ ਹਸਪਤਾਲ ਵਿੱਚ ਹੀ ਰੱਖਣਾ ਪੈ ਗਿਆ ਸੀ। ਸਮਾਂ ਆਪਣੀ ਤੋਰੇ ਤੁਰਦਾ ਗਿਆ। 2 ਕੁ ਮਹੀਨੇ ਬਾਅਦ ਸਹੁਰਾ ਪਰਿਵਾਰ ਗੁਰਲੀਨ ਨੂੰ ਸੋਗੀ ਹਾਲਤ ਵਿੱਚ ਆਪਣੇ ਕੋਲ ਲੈ ਆਇਆ। ਉਨ੍ਹਾਂ ਕੋਲੋਂ ਵੀ ਆਪਣੇ ਇਕਲੌਤੇ ਪੁੱਤਰ ਦੇ ਵਿਛੋੜੇ ਦਾ ਦੁੱਖ ਝੱਲਿਆ ਨਹੀਂ ਜਾਂਦਾ ਸੀ ਉਧਰੋਂ ਭਰ-ਜੁਆਨ ਵਿਧਵਾ ਨੂੰਹ ਦਾ ਚਿਹਰਾ ਵੀ ਦੇਖਿਆ ਨਹੀਂ ਸੀ ਜਾਂਦਾ। ਕੁਝ ਹੀ ਸਮੇਂ ਬਾਅਦ ਦੋਹਾਂ ਪਰਿਵਾਰਾਂ ਨੇ ਸਹਿਮਤੀ ਨਾਲ ਗੁਰਲੀਨ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਉਸ ਦੇ ਪੇਕੇ ਪਿੰਡ ਨੂੰ ਤੋਰਿਆ ਤੇ ਆਪਣੀ ਪੋਤਰੀ ਨੂੰ ਆਪਣੇ ਪੁੱਤਰ ਦੀ ਆਖਰੀ ਨਿਸ਼ਾਨੀ ਸਮਝ ਕੇ ਆਪ ਹੀ ਪਾਲਣ ਪੋਸ਼ਣ ਦਾ ਫ਼ੈਸਲਾ ਲਿਆ ਇਸ ਤਰ੍ਹਾਂ ਨਾਲ ਉਹ ਬੱਚੀ ਵਿੱਚੋਂ ਆਪਣੇ ਪੁੱਤਰ ਨੂੰ ਵੀ ਦੇਖ ਲਿਆ ਕਰਨਗੇ। ਸਹੁਰੇ ਪਰਿਵਾਰ ਕੋਲੇ ਗੁਰਲੀਨ ਦੇ ਵਿਛੋੜੇ ਦਾ ਦੁੱਖ ਅਤੇ ਆਪਣੇ ਪੁੱਤਰ ਦੇ ਵਿਛੋੜੇ ਦਾ ਦੁੱਖ ਦੋਨੋਂ ਹੀ ਇੱਕ ਬਰਾਬਰ ਸਨ ਪਰ ਉਨ੍ਹਾਂ ਨੇ ਪਰਮਾਤਮਾ ਦਾ ਭਾਣਾ ਮੰਨ ਕੇ ਇਸ ਨੂੰ ਸਹਿਣ ਦਾ ਤਹੱਈਆ ਕੀਤਾ ਤੇ ਹਰ ਟਾਈਮ ਪੋਤੀ ਦੇ ਚਾਅ-ਮਲਾਰ ਵਿੱਚ ਲੱਗੇ ਰਹਿੰਦੇ।

ਉੱਧਰ ਗੁਰਲੀਨ ਨੂੰ ਪੇਕੇ ਘਰ ਆ ਕੇ ਵੀ ਆਪਣੀ ਪੁੱਤਰੀ ਤੇ ਪਤੀ ਦੀ ਯਾਦ ਸਤਾਉਦੀ ਰਹਿੰਦੀ ਸੀ। ਹਸੂੰ- -ਹਸੂੰ ਕਰਦੇ ਚਿਹਰੇ 'ਤੇ ਹਮੇਸ਼ਾ ਉਦਾਸੀ ਛਾਈ ਰਹਿਣੀ। ਭਰ ਜੁਆਨ ਧੀ ਦੇ ਵਿਧਵਾ ਹੋ ਜਾਣ ਦਾ ਦੁੱਖ ਮਾਂ ਤੋਂ ਵੱਧ ਹੋਰ ਕੌਣ ਜਾਣ ਸਕਦਾ ਸੀ। ਹਰ ਟਾਇਮ ਗੁੰਮ-ਸੁਮ ਰਹਿਣ ਦਾ ਦੁੱਖ ਮਾਂ ਤੋ ਦੇਖਿਆਂ ਨਾ ਜਾਂਦਾ। ਉਹ ਧੀ ਅਤੇ ਪਰਿਵਾਰ ਤੋਂ ਚੋਰੀ ਚੋਰੀ ਕਈ ਵਾਰੀ ਰੋਂਦੀ ਪਰ ਧੀ ਨੂੰ ਮਹਿਸੂਸ ਨਾ ਹੋਣ ਦਿੰਦੀ। ਮਾਂ ਜਾਣ ਬੁਝ ਕੇ ਉਸ ਨੂੰ ਇਧਰ ਉਧਰ ਦੀਆਂ ਗੱਲਾਂ ਵਿੱਚ ਲਗਾਉਂਦੀ, ਗੁਰੂ-ਘਰ ਦੀ ਸਾਖੀਆਂ ਵਗੈਰਾ ਸੁਣਾਉਂਦੀ ਤਾਂ ਜੋ ਧੀ ਦਾ ਮਨ ਦੂਜੇ ਪਾਸੇ ਲੱਗੇ। ਪਰ ਗੁਰਲੀਨ ਸਿਰਫ਼ ਹੂੰ-ਹਾਂ ਦਾ ਹੀ ਹੁੰਗਾਰਾ ਭਰਦੀ ਸੀ। ਮਾਂ ਤੋਂ ਧੀ ਦੀ ਇਹ ਤਰਸਯੋਗ ਹਾਲਤ ਹਰ ਸਮੇਂ ਦੇਖੀ ਨਹੀਂ ਸੀ ਜਾਂਦੀ। ਕਿਤੇ ਚੰਗਾ ਘਰ ਦੇਖ ਕੇ ਵਿਆਹੁਣ ਦੀ ਗੱਲ ਕੀਤੀ। ਤਾਂ ਜੋ ਕੁੜੀ ਦੇ ਮਨ ਤੋਂ ਬੋਝ ਲੱਥੇ। 6 ਕੁ ਮਹੀਨਿਆਂ ਬਾਅਦ ਘਰਦਿਆਂ ਨੇ ਮੋਗੇ ਕੋਲੇ ਇੱਕ ਪਿੰਡ ਵਿੱਚ ਇੱਕ ਚੰਗੇ ਘਰ ਰਿਸ਼ਤਾ ਕਰ ਦਿੱਤਾ। ਪਰਿਵਾਰ ਨੇ ਪਹਿਲਾਂ ਦੀ ਤਰ੍ਹਾਂ ਵਧੀਆ ਵਿਆਹ ਕੀਤਾ ਤੇ ਗੁਰਲੀਨ ਆਪਣੇ ਨਵੇਂ ਸਹੁਰੇ ਪਰਿਵਾਰ ਵਿੱਚ ਵਧੀਆ ਤੇ ਸੁਖੀ ਜ਼ਿੰਦਗੀ ਬਤੀਤ ਕਰ ਰਹੀ ਸੀ। ਸਹੁਰੇ ਪਰਿਵਾਰ ਵਿੱਚ ਜੇਠ ਤੇ ਜਿਠਾਣੀ ਅੱਡ ਰਹਿੰਦੇ ਸਨ। ਗੁਰਲੀਨ ਤੇ ਉਸਦਾ ਪਤੀ ਮਾਤਾ ਪਿਤਾ ਨਾਲ ਰਹਿੰਦੇ ਸਨ। ਸਮੇਂ ਦੀ ਤੋਰੇ ਤੁਰਦਿਆਂ ਪਰਮਾਤਮਾ ਨੇ ਉਸ ਦੇ ਘਰ ਨੂੰ ਇੱਕ ਵਾਰ ਫ਼ਿਰ ਖ਼ੁਸ਼ੀਆਂ ਨਾਲ ਭਰ ਦਿੱਤਾ। 2 ਕੁ ਸਾਲਾਂ ਬਾਅਦ ਉਸ ਨੇ ਜੁੜਵੇ ਬੱਚਿਆਂ (ਕੁੜੀ-ਮੁੰਡਾ) ਨੂੰ ਜਨਮ ਦਿੱਤਾ। ਸਹੁਰੇ ਪਰਿਵਾਰ ਵੱਲੋਂ ਖ਼ੁਸ਼ੀ ਦੇ ਇਸ ਮੌਕੇ 'ਤੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਗਿਆ। ਤੇਰਵੇ 'ਤੇ ਘਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਗੁਰਲੀਨ ਦੇ ਮਾਤਾ-ਪਿਤਾ, ਭਰਾ ਭਰਜਾਈ ਵੀ ਇਸ ਰਸਮ ਵਿੱਚ ਸ਼ਾਮਲ ਹੋਏ ਤੇ ਰੀਤੀ ਰਿਵਾਜ ਮੁਤਾਬਕ ਗਹਿਣੇ ਤੇ ਕੱਪੜੇ ਆਦਿ ਦਿੱਤੇ। ਦੋਹਾਂ ਹੀ ਪਰਿਵਾਰਾਂ ਵਿੱਚ ਬਹੁਤ ਖ਼ੁਸ਼ੀ ਦਾ ਮਾਹੌਲ ਸੀ।

ਸਮੇਂ ਦੇ ਨਾਲ-ਨਾਲ ਬੱਚੇ ਵੱਡੇ ਹੁੰਦੇ ਗਏ, ਦੋਨੋਂ ਬੱਚੇ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸਨ। ਗੁਰਲੀਨ ਖ਼ੁਦ ਆਪ ਬੱਚਿਆਂ ਦੀ ਪੜ੍ਹਾਈ ਦਾ ਪੂਰਾ ਖ਼ਿਆਲ ਰੱਖਦੀ ਸੀ। 10+2 ਵਿੱਚੋਂ ਬੱਚਿਆਂ ਨੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ ਤਾਂ ਪਰਿਵਾਰ ਨੇ ਫ਼ੈਸਲਾ ਕੀਤਾ ਕਿ ਬੱਚਿਆਂ ਨੂੰ ਆਇਲੈਟਸ ਕਰਵਾ ਕੇ ਪੜ੍ਹਨ ਲਈ ਕੈਨੇਡਾ ਭੇਜਿਆ ਜਾਵੇ। ਸੋ ਬੱਚਿਆਂ ਨੇ ਆਇਲੈਟਸ ਵਿੱਚੋਂ ਵੀ ਪਹਿਲੀ ਵਾਰੀ ਹੀ ਚੰਗੇ ਨੰਬਰ ਲੈ ਲਏ। ਉਚੇਰੀ ਸਿੱਖਿਆ ਲਈ ਕੈਨੇਡਾ ਦਾ ਵੀਜ਼ਾ ਵੀ ਹਾਸਲ ਕਰ ਲਿਆ। ਦੋਨੋਂ ਹੀ ਬੱਚਿਆਂ ਨੂੰ ਪੜ੍ਹਨ ਲਈ ਕੈਨੇਡਾ ਭੇਜ ਕੇ ਗੁਰਲੀਨ ਆਪਣੇ ਪਤੀ ਨਾਲ ਖੇਤੀ ਵਿੱਚ ਹੱਥ ਵਟਾਉਂਦੀ ਤੇ ਸੱਸ ਸਹੁਰੇ ਦੀ ਸੇਵਾ ਵਿੱਚ ਲੱਗੀ ਰਹਿੰਦੀ। ਜਦ ਕਦੇ ਘਰ ਵਿੱਚ ਇਕੱਲੀ ਹੁੰਦੀ ਤਾਂ ਆਪਣੀ ਢਿੱਡੋਂ ਜੰਮੀਂ ਪਹਿਲੀ ਧੀ ਨੂੰ ਯਾਦ ਕਰਕੇ ਹੌਕਾ ਜ਼ਰੂਰ ਭਰਦੀ ਪਰ ਕਿਸੇ ਨੂੰ ਮਹਿਸੂਸ ਨਹੀਂ ਸੀ ਹੋਣ ਦਿੰਦੀ। ਗੁਰਲੀਨ ਦੇ ਪਤੀ ਨੇ ਵੀ ਕਦੇ ਉਸ ਨੂੰ ਉਸਦੀ ਬੀਤੀ ਜ਼ਿੰਦਗੀ ਬਾਰੇ ਨਹੀਂ ਸੀ ਪੁੱਛਿਆ।

ਕੈਨੇਡਾ ਗਏ ਮੁੰਡੇ ਨੇ ਆਪਣੀ ਪੜ੍ਹਾਈ ਪੂਰੀ ਕੀਤੀ ਤਾਂ ਉਹ ਜਲਦੀ ਹੀ ਪੀ.ਆਰ. ਹੋ ਗਿਆ। ਪਹਿਲਾਂ ਵੀ ਪਤੀ-ਪਤਨੀ ਵਾਰੋ-ਵਾਰੀ ਕੈਨੇਡਾ ਦਾ ਚੱਕਰ ਲਾ ਆਏ ਸਨ। ਪਰ ਹੁਣ ਦੋਨੋਂ ਜੀਆਂ ਨੇ ਪੱਕੇ ਤੌਰ 'ਤੇ ਕੈਨੇਡਾ ਜਾਣਾ ਸੀ। ਸੱਸ ਸਹੁਰੇ ਨੂੰ ਜੇਠ-ਜੇਠਾਣੀ ਕੋਲ ਛੱਡ ਕੇ ਕੋਠੀ ਨੂੰ ਜੰਦਰਾ ਮਾਰ ਕੇ ਦੋਨੋਂ ਬੱਚਿਆਂ ਕੋਲ ਕੈਨੇਡਾ ਚਲੇ ਗਏ। ਉਨ੍ਹਾਂ ਦੇ ਪਹੁੰਚਣ ਦੀ ਦੋਹਾਂ ਭੈਣ-ਭਰਾਵਾਂ ਤੋਂ ਖ਼ੁਸ਼ੀ ਸਾਂਭੀ ਨਹੀਂ ਸੀ ਜਾਂਦੀ। 3-4 ਸਾਲ ਬਾਅਦ ਮੁੜਨ ਦਾ ਪ੍ਰੋਗਰਾਮ ਬਣਾ ਕੇ ਗਏ ਪਤੀ-ਪਤਨੀ 2 ਕੁ ਮਹੀਨਿਆਂ ਬਾਅਦ ਕੰਮ ਉੱਪਰ ਲੱਗ ਗਏ। ਡਾਲਰਾਂ ਦੀ ਚਕਾਚੌਂਧ ਤੇ ਬੱਚਿਆਂ ਨਾਲ ਰਹਿੰਦਿਆਂ ਨੂੰ ਟਾਇਮ ਦੇ ਲੰਘਣ ਦਾ ਪਤਾ ਹੀ ਨਹੀਂ ਸੀ ਲੱਗਦਾ। ਜ਼ਿੰਦਗੀ ਦੀ ਹਰ ਖ਼ੁਸ਼ੀ ਦਾ, ਪੂਰਾ ਪਰਿਵਾਰ ਅਨੰਦ ਮਾਣ ਰਿਹਾ ਸੀ। ਪਤੀ-ਪਤਨੀ ਜੇ ਬੱਚਿਆਂ ਨਾਲ ਵਿਆਹ ਦੀ ਗੱਲਬਾਤ ਕਰਦੇ ਤਾਂ ਲੜਕੀ ਮੈਡੀਕਲ ਦੀ ਪੜ੍ਹਾਈ ਕਰਕੇ ਗੱਲ ਟਾਲ ਦਿੰਦੀ ਤੇ ਲੜਕਾ ਪਹਿਲਾਂ ਘਰ ਲੈ ਕੇ ਵਿਆਹ ਕਰਨ ਦੀ ਸ਼ਰਤ ਰੱਖ ਦਿੰਦਾ। ਵੈਸੇ ਵੀ ਯੂਰਪੀ ਰੰਗ ਵਿੱਚ ਰੰਗੇ ਬੱਚੇ ਅਜੇ ਵਿਆਹ ਬਾਰੇ ਸੋਚ-ਵਿਚਾਰ ਤੋਂ ਦੂਰ ਹੀ ਸਨ। ਪਰ ਮਾਂ-ਪਿਉ ਦੇ ਜ਼ੋਰ ਪਾਉਣ 'ਤੇ ਲੜਕੇ ਨੇ ਉਨ੍ਹਾਂ ਦੀ ਮਰਜ਼ੀ ਨਾਲ ਵਿਆਹ ਕਰਨ ਦੀ ਹਾਮੀ ਭਰ ਦਿੱਤੀ ਸੀ। ਗੁਰਲੀਨ ਨੇ ਆਪਣੀ ਜੇਠ-ਜੇਠਾਣੀ ਨਾਲ ਤੇ ਪੇਕਿਆਂ ਨਾਲ ਮੁੰਡੇ ਵਾਸਤੇ ਕਿਸੇ ਚੰਗੇ ਘਰ ਦੀ ਲੜਕੀ ਲਈ ਗੱਲ ਤੋਰੀ ਤਾਂ ਜੋ ਐਤਕੀਂ ਆਉਣ 'ਤੇ ਮੁੰਡੇ ਦਾ ਵਿਆਹ ਕੀਤਾ ਜਾਵੇ।

ਉਧਰ ਦਾਦਾ-ਦਾਦੀ ਕੋਲ ਪਲ ਕੇ ਜੁਆਨ ਹੋ ਰਹੀ ਪੋਤੀ ਨੀਨਾ ਪੜ੍ਹਾਈ ਵਿੱਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਦੀ ਸੀ। ਨੀਨਾ ਆਪਣੀ ਭੂਆ ਜੀ ਦੇ ਵਿਆਹ ਪਿੱਛੋਂ ਦਾਦਾ-ਦਾਦੀ ਦਾ ਵੀ ਪੂਰਾ ਖਿਆਲ ਰੱਖਦੀ ਸੀ। ਦਾਦੀ ਹਰ ਸਮੇਂ ਆਪਣੀ ਪੋਤੀ ਦਾ ਧੀਆਂ ਵਾਂਗ ਖਿਆਲ ਰੱਖਦੀ ਤੇ ਹਰ ਦੁੱਖ-ਸੁੱਖ ਉਸ ਨਾਲ ਸਾਂਝਾ ਕਰਦੀ। ਉਹ ਦੋਨੋਂ ਹੀ ਪੋਤਰੀ ਵਿੱਚੋਂ ਆਪਣੇ ਪੁੱਤਰ ਨੂੰ ਦੇਖਦੇ ਸਨ। ਉਨ੍ਹਾਂ ਨੇ ਕਦੇ ਵੀ ਆਪਣੇ ਪੁੱਤਰ ਦੇ ਵਿਛੋੜੇ ਦਾ ਦੁੱਖ ਤੇ ਨੀਨਾ ਦੀ ਮਾਂ ਦੇ ਮਜਬੂਰੀਵੱਸ ਆਪਣੇ ਪੇਕੇ ਜਾਣ ਦਾ ਜ਼ਿਕਰ ਉਸ ਕੋਲ ਨਹੀਂ ਸੀ ਕੀਤਾ। ਨੀਨਾ ਨੇ ਐਮ-ਏ ਕਰਨ ਤੋਂ ਬਾਅਦ ਬੀ-ਐੱਡ ਕਰ ਲਈ ਸੀ। ਕੁਝ ਸਮੇਂ ਲਈ ਪ੍ਰਾਈਵੇਟ ਸਕੂਲ ਵਿੱਚ ਟੀਚਰ ਦੀ ਨੌਕਰੀ ਕਰਨ ਲੱਗ ਗਈ। ਦਾਦਾ-ਦਾਦੀ ਨੇ ਨੀਨਾ ਨਾਲ ਸਲਾਹ ਕਰ ਕੇ ਕਿਸੇ ਚੰਗੇ ਘਰ ਦਾ ਰਿਸ਼ਤਾ ਭਾਲਣਾ ਸ਼ੁਰੂ ਕਰ ਦਿੱਤਾ। ਉਹ ਚਾਹੁੰਦੇ ਸਨ ਕਿ ਆਪਣੇ ਬੈਠੇ ਬੈਠੇ ਇਸ ਦਾ ਵਿਆਹ ਕਰ ਦੇਈਏ।

ਅਖੀਰ ਨੂੰ ਮੋਗੇ ਕੋਲ ਇੱਕ ਪਿੰਡ ਵਿੱਚ ਚੰਗੇ ਘਰ ਦੀ ਦੱਸ ਪਈ। ਮੁੰਡਾ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਕੇ ਇੱਕ ਚੰਗੀ ਕੰਪਨੀ ਵਿੱਚ ਨੌਕਰੀ ਲੱਗਾ ਸੀ। ਗੱਲਬਾਤ ਤੋਰੀ ਤਾਂ ਦੇਖ ਦਿਖਾਈ ਤੋਂ ਬਾਅਦ ਦੋਨਾਂ ਹੀ ਪਰਿਵਾਰਾਂ ਵੱਲੋਂ ਰਿਸ਼ਤੇ ਦੀ ਗੱਲਬਾਤ ਪੱਕੀ ਹੋ ਗਈ। ਇੱਕ ਮਹੀਨੇ ਵਿਚ ਹੀ ਵਿਆਹ ਦਾ ਦਿਨ ਮਿੱਥ ਕੇ ਬੜੀ ਧੂਮ-ਧਾਮ ਨਾਲ ਨਾਲ ਵਿਆਹ ਕੀਤਾ ਗਿਆ। ਨੀਨਾ ਦੇ ਸਹੁਰੇ ਪਰਿਵਾਰ ਨੇ ਵੀ ਸਾਰੇ ਰਸਮੋ ਰਿਵਾਜ ਖ਼ੁਸ਼ੀ-ਖ਼ੁਸ਼ੀ ਕੀਤੇ। ਤੇ ਨੀਨਾ ਆਪਣੇ ਜੀਵਨ ਸਾਥੀ ਕੁਲਜੀਤ ਨਾਲ ਨਵੀਂ ਜ਼ਿੰਦਗੀ ਦੇ ਸਫ਼ਰ ਲਈ ਰਵਾਨਾ ਹੋ ਗਈ। ਨੀਨਾ ਨੂੰ ਖ਼ੁਸ਼ ਤੇ ਸੁੱਖੀ ਸਾਂਦੀ ਵੱਸਦੀ ਨੂੰ ਦੇਖ ਦਾਦੇ-ਦਾਦੀ ਤੋਂ ਚਾਅ ਝੱਲਿਆ ਨਹੀਂ ਸੀ ਜਾਂਦਾ। ਉਹ ਨੀਨਾ ਨੂੰ ਸੁਖੀ ਵੱਸਦੀ ਵੇਖ ਬੁਢਾਪੇ 'ਚ ਵੀ ਸਿਹਤ ਪੱਖੋਂ ਵਧੀਆ ਤੇ ਤੰਦਰੁਸਤ ਰਹਿਣ ਲੱਗ ਪਏ। ਇੱਧਰ ਨੀਨਾ ਆਪਣੇ ਸਹੁਰੇ ਪਰਿਵਾਰ ਵਿੱਚ ਬਹੁਤ ਖ਼ੁਸ਼ੀ-ਖ਼ੁਸ਼ੀ ਰਹਿ ਰਹੀ ਸੀ।

ਗੁਰਲੀਨ ਤੇ ਉਸ ਦਾ ਪਤੀ ਮਜਬੂਰੀ ਵੱਸ ਇਸ ਵਿਆਹ ਵਿੱਚ ਸ਼ਾਮਲ ਨਹੀਂ ਹੋ ਸਕੇ ਕਿਉਕਿ ਉਨ੍ਹਾਂ ਦਾ ਪਹਿਲਾਂ ਹੀ ਪ੍ਰੋਗਰਾਮ ਅਗਲੇ ਸਾਲ ਪਿੰਡ ਜਾਣ ਦਾ ਬਣਿਆ ਹੋਇਆ ਸੀ। ਬਾਕੀ ਜਿੱਥੇ ਕੰਮ ਕਰਦੇ ਸਨ ਉੱਥੇ ਵੀ ਉਨ੍ਹਾਂ ਨੇ ਉਸੇ ਹਿਸਾਬ ਨਾਲ ਛੁੱਟੀ ਦਾ ਅਪਲਾਈ ਕੀਤਾ ਹੋਇਆਂ ਸੀ। ਪਿੰਡੋਂ ਪਤਾ ਲੱਗਿਆ ਕਿ ਤਾਇਆ ਜੀ ਹੋਰਾਂ ਨੇ ਵਿਆਹ ਬਹੁਤ ਵਧੀਆ ਕੀਤਾ ਹੈ। ਉੱਧਰ ਕੁਲਜੀਤ ਦੇ ਸੁਹਰਿਆਂ ਨੇ ਵੀ ਸ਼ਾਹਕੋਟ ਬਹੁਤ ਵੱਡੇ ਪੈਲਸ ਵਿੱਚ ਵਿਆਹ ਕੀਤਾ ਹੈ। ਕੁੜੀ 'ਕੱਲੀ 'ਕੱਲੀ, ਚੰਗੀ ਪੜ੍ਹੀ ਲਿਖੀ ਤੇ ਸੋਹਣੀ ਸੁਨੱਖੀ ਹੈ। ਗੁਰਲੀਨ ਨੂੰ ਪਤਾ ਸੀ ਕਿ ਬਰਾਤ ਸ਼ਾਹਕੋਟ ਗਈ ਹੈ ਤਾਂ ਉਸ ਦੇ ਮਨ ਵਿੱਚ ਇੱਕ ਡਰ ਉਸ ਨੂੰ ਵਾਰ-ਵਾਰ ਸਤਾਉਣ ਲੱਗਾ। ਗੁਰਲੀਨ ਬੇਸ਼ੱਕ ਕੈਨੇਡਾ ਵਿੱਚ ਆਪਣੇ ਬੱਚਿਆਂ ਕੋਲ ਖ਼ੁਸ਼ੀ-ਖ਼ੁਸ਼ੀ ਰਹਿ ਰਹੀ ਸੀ ਪਰ ਕਦੇ ਨਾ ਕਦੇ ਉਸ ਨੂੰ ਆਪਣੀ ਪਹਿਲੀ ਧੀ ਦੀ ਯਾਦ ਜ਼ਰੂਰ ਆ ਜਾਂਦੀ ਸੀ।

ਸਮੇਂ ਬੀਤਣ ਦੇ ਨਾਲ ਨਾਲ ਉਹ ਦਿਨ ਵੀ ਆ ਗਿਆ ਜਦੋਂ ਗੁਰਲੀਨ ਇਕੱਲੀ ਆਪਣੇ ਪਿੰਡ ਨੂੰ ਆਉਣ ਲਈ ਜਹਾਜ਼ ਵਿੱਚ ਖ਼ੁਸ਼ੀ-ਖ਼ੁਸ਼ੀ ਬੈਠੀ। ਪਤੀ ਤੇ ਦੋਹਾਂ ਬੱਚਿਆਂ ਨੇ ਇੱਕ ਮਹੀਨੇ ਬਾਅਦ ਆਉਣਾ ਸੀ। ਸੋ ਪਹਿਲਾਂ ਬਣੇ ਪ੍ਰੋਗਰਾਮ ਮੁਤਾਬਕ ਉਸ ਨੇ ਪਿੰਡ ਜਾ ਕੇ ਘਰ ਬਾਰ ਦੀ ਤਿਆਰੀ ਕਰਾਉਣੀ ਸੀ। ਪਿੰਡ ਜੇਠ-ਜੇਠਾਣੀ, ਸੱਸ ਸਹੁਰੇ ਨੂੰ ਮਿਲ ਕੇ ਪੇਕੇ ਪਰਿਵਾਰ ਦੇ ਭਰਾਵਾਂ-ਭਰਜਾਈਆਂ ਤੇ ਬੱਚਿਆਂ ਨੂੰ ਮਿਲ ਕੇ ਸਾਰਿਆਂ ਨਾਲ ਦੁੱਖ-ਸੁੱਖ ਸਾਂਝੇ ਕੀਤੇ। ਕੋਠੀ ਦੀ ਸਾਫ਼-ਸਫ਼ਾਈ ਕਰ ਕੇ ਰੰਗ ਰੋਗਨ ਦਾ ਕੰਮ ਸ਼ੁਰੂ ਕੀਤਾ ਗਿਆ ਤਾਂ ਕਿ ਪਰਿਵਾਰ ਦੇ ਬਾਕੀ ਜੀਆਂ ਦੇ ਆਉਣ ਤੋਂ ਪਹਿਲਾਂ ਸਾਰਾ ਕੰਮ ਖ਼ਤਮ ਕੀਤਾ ਜਾਵੇ।

ਇੱਕ ਦਿਨ ਟਾਇਮ ਕੱਢ ਕੇ ਗੁਰਲੀਨ ਆਪਣੀ ਭਤੀਜ ਨੂੰਹ ਨੂੰ ਮਿਲਣ ਲਈ ਆਪਣੇ ਤਾਇਆ ਜੀ ਦੇ ਘਰ ਗਈ। ਐਤਵਾਰ ਹੋਣ ਕਰਕੇ ਜੇਠ ਤੇ ਜਠਾਣੀ ਜੀ ਕਿਤੇ ਰਿਸ਼ਤੇਦਾਰੀ ਵਿੱਚ ਗਏ ਹੋਏ ਸਨ। ਘਰ ਵਿੱਚ ਕੁਲਜੀਤ ਤੇ ਉਸ ਦੀ ਵਹੁਟੀ ਹੀ ਸਨ। ਕੋਠੀ ਵਿਚ ਵੜਨ ਸਾਰ ਬਾਹਰ ਵਿਹੜੇ ਵਿੱਚ ਖੜ੍ਹੀ ਨੂੰਹ ਨੂੰ ਜਦੋਂ ਉਸ ਨੇ ਦੇਖਿਆ ਤਾਂ ਉਸ ਦੇ ਹੋਸ਼ ਹਵਾਸ ਉੱਡ ਗਏ। ਬਿਲਕੁਲ ਉਹੀ ਸ਼ਕਲ ਸੂਰਤ ਤੇ ਆਪਣੇ ਪਿਤਾ ਵਰਗੇ ਨੈਣ ਨਕਸ਼ ਸਭ ਤੋਂ ਵੱਡੀ ਗੱਲ ਇਹ ਕਿ 25-26 ਸਾਲ ਪਹਿਲਾਂ ਢਿੱਡੋਂ ਜੰਮੀ ਨੂੰ ਉਹ ਕਿਵੇਂ ਭੁੱਲ ਸਕਦੀ ਸੀ। ਪਰ ਫ਼ਿਰ ਵੀ ਉਹ ਸੰਭਲੀ ਤੇ ਆਪਣੀ ਸੋਚ ਨੂੰ ਮੋੜਦਿਆਂ ਆਪਣੀ ਭਤੀਜ ਨੂੰਹ ਨੂੰ ਘੁੱਟ ਕੇ ਮਿਲੀ। ਨੂੰਹ ਨੇ ਪੈਰੀਂ ਹੱਥ ਲਾਏ। ਕੁਲਜੀਤ ਨੇ ਨੀਨਾ ਦੀ ਆਪਣੀ ਚਾਚੀ ਜੀ ਨਾਲ ਜਾਣ ਪਛਾਣ ਕਰਾਈ ਅਤੇ ਦੱਸਿਆ ਕਿ ਇਹ ਸਾਰਾ ਪਰਿਵਾਰ ਕੈਨੇਡਾ ਵਿੱਚ ਰਹਿੰਦਾ ਹੈ। ਆਪਣੀ ਵਹੁੱਟੀ ਨੂੰ ਚਾਚੀ ਕੋਲ ਬਿਠਾ ਕੇ ਕੁਲਜੀਤ ਕੋਕ ਵਗੈਰਾ ਲੈਣ ਰਸੋਈ ਵਿੱਚ ਚਲਾ ਗਿਆ। ਨੀਨਾ ਨੂੰ ਚਾਚੀ ਨੇ ਆਪਣੀ ਬੁੱਕਲ ਵਿੱਚ ਬਿਠਾਇਆ ਤੇ ਉਹ ਉਸ ਦੇ ਚਿਹਰੇ ਨੂੰ ਪੂਰੀ ਨੀਝ ਨਾਲ ਨਿਹਾਰਦੀ ਰਹੀ। ਕੋਕ ਵਗੈਰਾ ਪੀਣ ਦੇ ਨਾਲ-ਨਾਲ ਉਹ ਵਿਆਹ ਦੀ ਐਲਬਮ ਵੀ ਵੇਖਣ ਵਿਖਾਉਣ ਲੱਗ ਪਏ ਤੇ ਨਾਲੇ ਵਿਆਹ ਦੀਆਂ ਗੱਲਾਂ-ਬਾਤਾਂ ਕਰਨ ਲੱਗ ਪਏ। ਕੁਲਜੀਤ ਕੈਨੇਡਾ ਵਿੱਚ ਆਪਣੇ ਭੈਣ-ਭਰਾ ਤੇ ਚਾਚਾ ਜੀ ਬਾਰੇ ਵੀ ਚਾਚੀ ਕੋਲੋਂ ਹਾਲ ਚਾਲ ਪੁੱਛ ਰਿਹਾ ਸੀ। ਐਲਬਮ ਦੇਖਦਿਆਂ ਅਚਾਨਕ ਅਖੀਰਲੇ ਪੇਜ 'ਤੇ ਫ਼ੁੱਲਾਂ ਨਾਲ ਸਜੀ ਫ਼ੋਟੋ ਨੂੰ ਦੇਖ ਕੇ ਗੁਰਲੀਨ ਇੱਕ ਦਮ ਚੌਂਕ ਗਈ। ਇਹ ਫ਼ੋਟੋ ਨੀਨਾ ਦੇ ਪਿਤਾ ਜੀ (ਗੁਰਲੀਨ ਦੇ ਪਹਿਲੇ ਪਤੀ) ਦੀ ਸੀ।

ਗੁਰਲੀਨ ਦੀਆਂ ਅੱਖਾਂ ਵਿੱਚੋਂ ਪਰਲ ਪਰਲ ਹੰਝੂ ਡਿੱਗਣ ਲੱਗ ਪਏ। ਇਹ ਵੇਖ ਕੁਲਜੀਤ ਫ਼ਟਾ ਫ਼ੱਟ ਪਾਣੀ ਦਾ ਗਲਾਸ ਲਿਆਇਆ ਤੇ ਉਸ ਨੂੰ ਪੀਂਦਿਆਂ ਗੁਰਲੀਨ ਸੁਰਤਸਿਧ ਹੋਈ ਤਾਂ ਉਹ ਆਪਣੇ ਜੀਵਨ ਵਿੱਚ 25-26 ਸਾਲ ਪਹਿਲਾਂ ਵਾਪਰੀਆਂ ਤਲਖ਼ ਘਟਨਾਵਾਂ ਦੀ ਉਦੇੜ-ਬੁਣ ਵਿੱਚ ਉਲਝ ਰਹੀ ਸੀ। ਉਹ ਤਲਖ਼ ਹਕੀਕਤਾਂ ਜਿਸ ਨੂੰ ਉਸਨੇ ਆਪਣੀ ਜ਼ਿੰਦਗੀ ਵਿੱਚੋਂ ਮਨਫ਼ੀ ਕਰ ਦਿੱਤਾ ਸੀ ਅੱਜ ਫ਼ਿਰ ਉਸ ਦੇ ਸਾਹਮਣੇ ਮੂੰਹ ਅੱਡੀ ਖੜ੍ਹੀਆਂ ਸਨ।

ਇਸ ਨਵੇਂ ਬਣੇ ਰਿਸ਼ਤੇ ਨੂੰ ਹੁਣ ਉਹ ਕੀ ਨਾਮ ਦੇਵੇਗੀ ? ਇਸੇ ਉਲਝਣ ਵਿੱਚ ਬੈਠੀ ਸੋਚਦੀ ਸੋਚਦੀ ਦੇ ਅੱਖਾਂ ਵਿੱਚੋਂ ਪਰਲ ਪਰਲ ਹੰਝੂ ਵਗਣ ਲੱਗ ਪਏ। ਹੰਝੂ ਪੂੰਝਦੀ ਹੋਈ ਨੂੰ ਦੇਖ ਕੇ ਕੁਲਜੀਤ ਨੇ ਕੈਨੇਡਾ ਰਹਿੰਦੀ ਭੈਣ ਦੀ ਯਾਦ ਸਮਝ ਕੇ ਚਾਚੀ ਜੀ ਨੂੰ ਚੁੱਪ ਕਰਾਇਆ ਤੇ ਨੀਨਾ ਵੀ ਉਸ ਨੂੰ ਚੁੱਪ ਕਰਾਉਣ ਲੱਗੀ। ਨੀਨਾ ਚਾਹ ਬਣਾਉਣ ਲਈ ਰਸੋਈ ਵੱਲ ਜਾਣ ਲਗੀ ਤਾਂ ਕੁਲਜੀਤ ਨੇ ਉਸ ਨੂੰ ਜ਼ਬਰਦਸਤੀ ਰੋਕ ਲਿਆ ਤੇ ਕੋਲ ਬਿਠਾ ਲਿਆ ਪਰ ਹੁਣ ਉਸ ਲਈ ਉੱਥੇ ਇੱਕ ਪੱਲ ਵੀ ਬੈਠਣਾ ਭਾਰੀ ਪੈ ਰਿਹਾ ਸੀ। ਉਸ ਨੇ ਫ਼ਿਰ ਆਉਣ ਦਾ ਬਹਾਨਾ ਬਣਾ ਕੇ ਨੀਨਾ ਨੂੰ ਸ਼ਗਨ ਦਿੱਤਾ। ਪਿਆਰ ਨਾਲ ਉਸ ਦਾ ਮੱਥਾ ਚੁੰਮਿਆ ਤੇ ਘੁੱਟ ਕੇ ਜੱਫ਼ੀ ਪਾਈ ਵਿਦਾ ਲੈ ਕੇ ਵਾਹੋ ਦਾਹੀ ਆਪਣੇ ਘਰ ਨੂੰ ਚੱਲ ਪਈ।

ਇੱਕ ਚਾਚੀ ਵੱਲੋਂ ਮਾਂ ਵਰਗੇ ਪਿਆਰ ਤੋਂ ਅਣਜਾਣ ਨੀਨਾ ਉਸ ਨੂੰ ਗੇਟ ਤੱਕ ਛੱਡਣ ਆਈ ਤਾਂ ਗੁਰਲੀਨ ਦੀਆਂ ਅੱਖਾਂ ਵਿੱਚ ਅਜੇ ਵੀ ਹੰਝੂ ਭਰੇ ਹੋਏ ਸਨ। ਨੀਨਾ ਬੜੀ ਹਸਰਤ ਭਰੀਆਂ ਅੱਖਾਂ ਨਾਲ ਉਸ ਵੱਲ ਦੇਖਦੀ ਰਹੀ ਜਦ ਤਕ ਕਿ ਚਾਚੀ ਗਲੀ ਦਾ ਮੋੜ ਨਹੀ ਸੀ ਮੁੜ ਗਈ।

ਘਰੇ ਪਹੁੰਚ ਕੇ ਉਹ ਬੈੱਡ ਉੱਪਰ ਪੈ ਕੇ ਕਾਫ਼ੀ ਦੇਰ ਤੱਕ ਰੋਂਦੀ ਰਹੀ ਤੇ ਕੁਦਰਤ ਦੇ ਨਵੇਂ ਬਣਾਏ ਰਿਸ਼ਤੇ ਨੂੰ ਉਹ ਕੀ ਨਾਂ ਦੇਵੇ ਬਾਰੇ ਸੋਚਦੀ ਰਹੀ। ਸੋਚਾਂ ਦੀ ਇਸ ਉਲਝੀ ਤਾਣੀ ਵਿੱਚ ਵਿਚਰਦਿਆਂ ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਹਨੇਰਾ ਪਸਰ ਗਿਆ ਸੀ। ਅਜੇ ਪਤਾ ਨਹੀਂ ਉਹ ਕਦੋਂ ਤਕ ਉਲਝੀ ਰਹਿੰਦੀ ਜੇ ਜੇਠ ਦੀ ਲੜਕੀ ਆ ਕੇ ਲਾਈਟ ਨਾ ਜਗਾਉਂਦੀ।

# ਕਾਵਿ ਸੰਸਾਰ



## ਕਵਿਤਾ

ਸੰਤ ਰਾਮ ਉਦਾਸੀ



ਚਮਕੌਰ ਦੀ ਗੜ੍ਹੀ ਵਿਚ ਸਿੰਘਾਂ ਦਾ ਜੇਰਾ
ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ।
ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ।

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।

ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ,
ਅਸੀ ਉਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਗੇ ਖੰਡੇ ਦੀ ਧਾਰ ਬਣ ਕੇ।


ਬਾਪੂ ! ਸੱਚੇ ਇਕ ਕੌਮੀ ਸਰਦਾਰ ਤਾਈਂ,
ਪੀਰ ਉੱਚ ਦਾ ਵੀ ਬਣਨਾ ਪੈ ਸਕਦੈ।
ਖ਼ੂਨ ਜਿਗਰ ਦੇ ਨਾਲ ਤਾਂ ਜ਼ਫਰਨਾਮਾ,
ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ।

(ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏਂ,
ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ।
ਗੂਠਾ ਲਾਇਆ ਨਹੀ ਜਿਨ੍ਹਾਂ ਬੇਦਾਵਿਆਂ 'ਤੇ,
ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ।

ਆਪਣੇ ਛੋਟਿਆਂ ਪੁੱਤਾਂ ਦੀ ਵੇਲ ਤਾਈਂ,
ਜੇਕਰ ਅੱਗ 'ਤੇ ਚੜ੍ਹੇ ਤਾਂ ਚੜ੍ਹਨ ਦੇਵੀ।
ਸਾਡੀ ਮੜ੍ਹੀ 'ਤੇ ਉੱਗੇ ਹੋਏ ਘਾਹ ਅੰਦਰ,
ਠਾਹਰ ਸਿੰਘਾਂ ਦੀ ਬਣੇ ਤਾਂ ਬਣਨ ਦੇਵੀਂ।

ਐਪਰ ਜਬਰ ਅੱਗੇ ਕਿੱਦਾਂ ਸਬਰ ਕਰੀਏ,
ਅਸੀ ਇਹੋ ਜੀ ਜ਼ਹਿਰ ਨਾ ਪੀ ਸਕਦੇ।
ਨੱਕ ਮਾਰ ਕੇ ਡੰਗਰ ਵੀ ਜਿਉਣ ਜਿਸਨੂੰ,
ਅਸੀ ਜੂਨ ਅਜਿਹੀ ਨਾ ਜੀ ਸਕਦੇ।

---



## ਦਸ਼ਮੇਸ਼-ਮਹਿਮਾ ਦੇ ਕਬਿੱਤ

ਬਾਬੂ ਰਜਬ ਅਲੀ

ਰੱਬ ਤੋਂ ਡਰਨ ਵਾਲੇ, ਕੋਮਲ ਚਰਨ ਵਾਲੇ,
ਗੱਲ ਤੇ ਮਰਨ ਵਾਲੇ, ਦੇਸ਼ ਦੇ ਨਰੇਸ਼ ਗੁਰ।
ਛਾਂਟਮੇਂ ਸ਼ਰੀਰ ਵਾਲੇ, ਤੇ ਧਣਸ਼ ਤੀਰ ਵਾਲੇ,
ਸੋਹਣੀ ਤਸਵੀਰ ਵਾਲੇ, ਚੰਦ ਜੈਸੇ ਫ਼ੇਸ ਗੁਰ।
ਗੁਰੂ ਪੰਜਾਂ ਕੱਕਿਆਂ ਵਾਲੇ, ਤੇ ਕਰਾਰਾਂ ਪੱਕਿਆਂ ਵਾਲੇ,
ਕੰਮ ਅਣ-ਥੱਕਿਆਂ ਵਾਲੇ ਕਰਨ ਹਮੇਸ਼ ਗੁਰ।
'ਬਾਬੂ ਜੀ, ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ ਮੇਰੇ ਦਸ਼ਮੇਸ਼ ਗੁਰ। (੧)

ਰਾਜਧਾਨੀ ਰਾਜਾਂ ਵਾਲੇ, ਜੋੜੇ ਘੋੜੇ ਸਾਜ਼ਾਂ ਵਾਲੇ,
ਚਿੱਟਿਆਂ ਚਿੱਟਿਆਂ ਬਾਜਾਂ ਵਾਲੇ, ਦਾਸ ਦਾ ਆਦੇਸ ਗੁਰ।
ਉੱਚਿਆਂ ਜੈਕਾਰਿਆਂ ਵਾਲੇ, ਤਾਜ ਝਮਕਾਰਿਆਂ ਵਾਲੇ,
ਸੋਹਣਿਆਂ ਦੁਲਾਰਿਆਂ ਵਾਲੇ, ਸੀ ਰਖਾ ਗਏ ਕੇਸ ਗੁਰ।
ਸੱਚ ਤੇ ਅੜਨ ਵਾਲੇ, ਪਾਪ ਸੇ ਲੜਨ ਵਾਲੇ,
ਜੰਗ ਤੇ ਚੜ੍ਹਨ ਵਾਲੇ, ਹਿੰਦ ਰੱਖੀ ਏਸ ਗੁਰ।
'ਬਾਬੂ ਜੀ, ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ ਮੇਰੇ ਦਸ਼ਮੇਸ਼ ਗੁਰ। (੨)

ਬੜੇ ਉੱਚੇ ਸ਼ਾਨ ਵਾਲੇ, ਸੁੱਚੇ ਖ਼ਾਨਦਾਨ ਵਾਲੇ,
ਤੀਰ ਤੇ ਕਮਾਨ ਵਾਲੇ, ਮਾਰਦੇ ਮਲੇਸ਼ ਗੁਰ।
ਛੂਤ ਨੂੰ ਕੱਢਣ ਵਾਲੇ, ਮਾੜੇ ਨੂੰ ਛੱਡਣ ਵਾਲੇ,
ਵੈਰੀ ਨੂੰ ਵੱਢਣ ਵਾਲੇ, ਚੱਕ 'ਤੇ ਕਲੇਸ਼ ਗੁਰ।
ਬੁੱਧੂ ਸ਼ਾਹ ਜੇ ਸੁਰ ਵਾਲੇ, ਤੇ ਆਨੰਦ ਪੁਰ ਵਾਲੇ,
ਛਾਤੀ ਉਤੇ ਬੁਰ ਵਾਲੇ, ਫਿਰੇ ਦੇਸ ਪਰਦੇਸ ਗੁਰ।
'ਬਾਬੂ ਜੀ, ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ ਮੇਰੇ ਦਸ਼ਮੇਸ਼ ਗੁਰ। (੩)

ਸਰਸਾ ਲੰਘਣ ਵਾਲੇ, ਚਮਕੌਰ 'ਚ ਖੰਘਣ ਵਾਲੇ,
ਰੇਤ ਨੂੰ ਰੰਗਣ ਵਾਲੇ, ਲੜ ਲਾ ਗਏ ਰੇਸ ਗੁਰ।
ਸਾਕ ਤੇ ਸਕੀਰੀ ਵਾਲੇ, ਨਿੱਕੀ ਜ੍ਹੀ ਪਨੀਰੀ ਵਾਲੇ,
ਉੱਚ-ਪੀਰ ਪੀਰੀ ਵਾਲੇ, ਸੀ ਵਟਾ ਗਏ ਭੇਸ ਗੁਰ।
ਦੁੱਖ ਮਾਝੇ ਦੇ ਵੰਡਣ ਵਾਲੇ, ਟੁੱਟੀ ਸਿੱਖੀ ਨੂੰ ਗੰਢਣ ਵਾਲੇ,
ਡੱਲੇ ਨੂੰ ਭੰਡਣ ਵਾਲੇ, ਤਲਵੰਡੀ ਪ੍ਰਵੇਸ਼ ਗੁਰ।
'ਬਾਬੂ ਜੀ, ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ ਮੇਰੇ ਦਸ਼ਮੇਸ਼ ਗੁਰ। (੪)

## ਇਹ ਚਮਕੌਰ ਹੈ

ਪਾਂਧੀ ਨਨਕਾਣਵੀ

ਬਿਫਰੇ ਸ਼ੇਰਾਂ ਵੱਲ ਤੱਕ ਕੇ ਕਿਹਾ ਗੋਬਿੰਦ,
'ਇਹ ਚਮਕੌਰ ਹੈ, ਰਣ ਭਖਾਉਣ ਦੀ ਥਾਂ।
ਆਹੂ ਲਾਹ ਕੇ ਮੁਗ਼ਲ ਚੁਗੱਤਿਆਂ ਦੇ,
ਨਾਲ ਖ਼ੂਨ ਦੇ ਮਹਿੰਦੀਆਂ ਲਾਉਣ ਦੀ ਥਾਂ।
ਮਾਂਗ ਹਿੰਦ ਦੀ ਲਹੂ ਨਾਲ ਭਰਨ ਦੀ ਥਾਂ,
ਗਾਨੇ ਬੰਨ੍ਹ ਸ਼ਹੀਦੀਆਂ ਪਾਉਣ ਦੀ ਥਾਂ।
ਝੰਡਾ ਖ਼ੁਦੀ ਦਾ ਉੱਚਾ ਝੁਲਾਉਣ ਦੀ ਥਾਂ,
ਨਾਲ ਚਰਬੀ ਦੇ ਸ਼ਮਾਂ, ਜਲਾਉਣ ਦੀ ਥਾਂ।
ਰੱਤ-ਪੀਣੀਆਂ ਬਿਜਲੀਆਂ ਹੱਥ ਤੋਲੋ,
ਦੱਸ ਲੱਖ ਗ਼ੁਲਾਮ ਲਿਤਾੜ ਸੁੱਟੋ।
ਸਿੰਘੋ ਸੂਰਿਉ, ਉੱਠੋ ਤੂਫ਼ਾਨ ਬਣ ਕੇ,
ਮੁਗ਼ਲ ਰਾਜ ਨੂੰ ਜੜ੍ਹੋਂ ਉਖਾੜ ਸੁੱਟੋ।'
'ਤੁਹਾਡੇ ਹੱਥਾਂ ਵਿਚ ਪੱਤ, ਅੱਜ ਖ਼ਾਲਸੇ ਦੀ,
ਅੰਗ ਖ਼ਾਲਸੇ ਦਾ, ਤੁਸਾਂ ਪਾਲਣਾ ਏਂ।
ਭਾਵੇਂ ਚਾਲੀ ਹੋ, ਐਪਰ ਨਿੱਡਰ ਹੋ ਕੇ,
ਤੁਸਾਂ ਤੇਗ਼ ਦਾ, ਜੌਹਰ ਵਿਖਾਲਣਾ ਏਂ।
ਆਏ ਮੌਤ ਤਾਂ ਮੌਤ ਦੇ ਗਲ ਪੈ ਜਾਉ,
ਦੀਵਾ ਸੱਪਾਂ ਦੇ ਸਿਰਾਂ ਤੇ ਬਾਲਣਾ ਏਂ।
ਬੂਟਾ ਸਿੱਖੀ ਦਾ, ਲਾਇਐ ਜੋ ਗੁਰੂ ਨਾਨਕ,
ਵਿਚ ਖ਼ੂਨ ਦੇ ਉਹਨੂੰ ਨੁਹਾਲਣਾ ਏਂ।
ਜਿਦ੍ਹੀ ਖੜਗ ਅਜ ਬਿਜਲੀ ਬਣ ਕੜਕੂ,
ਨਮਸਕਾਰ ਹੈ ਉਹਨੂੰ ਗੋਬਿੰਦ ਸਿੰਘ ਦੀ।
ਹੋਵੇ ਸਿੰਘ ਤੇ ਪਿੱਠ ਤੇ ਖਾਏ ਗੋਲੀ,
ਧ੍ਰਿਕਾਰ ਹੈ ਉਹਨੂੰ, ਗੋਬਿੰਦ ਸਿੰਘ ਦੀ।'

ਟਿੱਡੀ ਦਲ ਵੱਲ ਝਾਕ ਕੇ ਸਿੰਘ ਗਰਜੇ,
'ਅਸੀਂ ਖ਼ਾਲਸੇ ਹਾਂ, ਮਰਨਾ ਜਾਣਦੇ ਹਾਂ।
ਸਵਾ ਲੱਖ ਨਾਲ, ਇਕ ਇਕ ਭਿੜ ਜਾਈਏ,
ਲਾੜੀ ਮੌਤ ਨੂੰ ਵੀ ਵਰਨਾ ਜਾਣਦੇ ਹਾਂ।
ਸਾਡੇ ਦਿਲ, ਕਲੇਜੇ ਫੌਲਾਦ ਦੇ ਨੇ,
ਜ਼ਖ਼ਮ ਖਾ ਕੇ ਵੀ, ਜਰਨਾ ਜਾਣਦੇ ਹਾਂ।
ਨਦੀ ਜ਼ੁਲਮ ਦੀ, ਭਾਵੇਂ ਤੂਫ਼ਾਨ ਬਣ ਜਾਏ,
ਡੁੱਬ ਡੁੱਬ ਕੇ ਵੀ ਤਰਨਾ ਜਾਣਦੇ ਹਾਂ।'
'ਕਲਗੀ ਵਾਲਿਆ, ਤੇਰੀ ਅਸੀਸ ਲੈ ਕੇ,
ਅਸੀਂ ਵਾਂਗ ਹਿਮਾਲਾ ਦੇ ਡੱਟ ਜਾਂਗੇ।
ਅਸਾਂ ਪੰਥ ਗ਼ੁਲਾਮ ਨਹੀਂ ਹੋਣ ਦੇਣਾ,
ਭਾਵੇਂ ਕੱਟਦੇ ਕੱਟਦੇ ਕੱਟ ਜਾਂਗੇ।'



ਹੱਥਾਂ ਵਿਚ ਉਛਾਲ ਕੇ ਨੇਜ਼ਿਆਂ ਨੂੰ,
ਭਬਕਾਂ ਮਾਰਦੇ ਸਿੰਘ ਮੈਦਾਨ ਨਿਕਲੇ।
'ਮੁਹਕਮ ਸਿੰਘ' ਜਿਹੇ 'ਹਿੰਮਤਾਂ' ਬੰਨ੍ਹ ਨਿਕਲੇ,
ਕ੍ਰਿਪਾ 'ਸਾਹਿਬ' ਦੀ ਨਾਲ ਜਵਾਨ ਨਿਕਲੇ।
ਤੇਗ਼ਾਂ ਤੀਰਾਂ ਨੇ, ਐਸੀ ਸੀ ਧੂੜ ਪੁੱਟੀ,
ਖੱਬੀ ਖ਼ਾਨ ਵੀ, ਜਿੰਦਾਂ ਛੁਪਾਣ ਨਿਕਲੇ।
ਉਂਗਲਾਂ ਟੁੱਕ ਟੁੱਕ, ਕਹਿਣ ਪਠਾਣ ਬੱਚੇ,
ਕੌਣ ਖ਼ਾਲਸੇ ਨਾਲ, ਮੱਥਾ ਲਾਣ ਨਿਕਲੇ।
ਕਿਹਾ ਸਤਿਗੁਰੂ, 'ਅਜੀਤ', 'ਜੁਝਾਰ' ਬੇਟਾ,
ਖ਼ਾਤਰ ਧਰਮ ਦੀ, ਯੁੱਧ ਰਚਾਓ ਜਾ ਕੇ।
ਸਾਡੇ ਤਪੇ ਕਲੇਜੇ 'ਚ ਠੰਡ ਪੈ ਜਾਏ,
ਸੈ-ਬਰਛੀਆਂ, ਸੀਨੇ 'ਚ ਖਾਓ ਜਾ ਕੇ।'
ਚੜ੍ਹਿਆ ਖ਼ਾਨ-ਵਜ਼ੀਦ, ਤੂਫ਼ਾਨ ਬਣ ਕੇ,
ਅੱਗੋਂ ਸਿੰਘ ਵੀ, ਵਾਂਗ ਤੂਫ਼ਾਨ ਟੱਕਰੇ।
ਸਿੰਘਾਂ ਪਲਾਂ ਵਿਚ, ਟੁੱਕ ਟੁੱਕ ਔਹ ਮਾਰੇ,
ਜਿਹੜੇ ਜਿਹੜੇ ਵੀ,ਆਕੜਖਾਨ ਟੱਕਰੇ।
'ਨਾਹਰ ਖਾਂ' ਨੂੰ, ਪਾਣੀ ਨਾ ਪੀਣ ਦਿੱਤਾ,
ਐਸੇ ਮਾਰੂ ਦਸ਼ਮੇਸ਼ ਦੇ ਬਾਨ ਟੱਕਰੇ।
'ਜ਼ਫ਼ਰਬੇਗ' ਜਰਨੈਲ ਦੇ ਹੋਸ਼ ਉੱਡੇ,
ਯੋਧੇ 'ਜੀਤ','ਜੁਝਾਰ' ਬਲਵਾਨ ਟੱਕਰੇ।
'ਗੜ੍ਹੀ' ਵਿਚੋਂ ਦਸ਼ਮੇਸ਼ ਲਲਕਾਰ ਉੱਠਿਆ,
ਜਿੱਤਿਆ ਯੁੱਧ ਹੈ ਸਿੰਘਾਂ ਬਲਕਾਰੀਆਂ ਨੇ।
'ਪਾਂਧੀ' ਯੁੱਧ ਨਹੀਂ, ਕਦੇ ਉਹ ਜਿੱਤ ਸਕਦੇ,
ਜਿਹੜੇ ਰੱਖਦੇ, ਜਿੰਦਾਂ ਪਿਆਰੀਆਂ ਨੇ।

## ਆਰਤੀ



ਸ਼ਿਵ ਕੁਮਾਰ ਬਟਾਲਵੀ

ਆਰਤੀ
ਮੈਂ ਕਿਸ ਹੰਝੂ ਦਾ ਦੀਵਾ ਬਾਲ ਕੇ
ਤੇਰੀ ਆਰਤੀ ਗਾਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ
ਜੋ ਤੈਨੂੰ ਕਰਨ ਲਈ ਭੇਟਾ
ਮੈਂ ਤੇਰੇ ਦੁਆਰੇ 'ਤੇ ਆਵਾਂ

ਮੇਰਾ ਕੋਈ ਗੀਤ ਨਹੀਂ ਐਸਾ
ਜੋ ਤੇਰੇ ਮੇਚ ਆ ਜਾਵੇ
ਭਰੇ ਬਾਜ਼ਾਰ ਵਿਚ ਜਾ ਕੇ
ਜੋ ਆਪਣਾ ਸਿਰ ਕਟਾ ਆਵੇ
ਜੋ ਆਪਣੇ ਸੋਹਲ ਛਿੰਦੇ ਬੋਲ
ਨੀਂਹਾਂ ਵਿਚ ਚਿਣਾ ਆਵੇ
ਤਿਹਾਏ ਸ਼ਬਦ ਨੂੰ ਤਲਵਾਰ ਦਾ
ਪਾਣੀ ਪਿਆ ਆਵੇ
ਜੋ ਲੁੱਟ ਜਾਵੇ ਤੇ ਮੁੜ ਵੀ
ਯਾਰੜੇ ਦੇ ਸੱਥਰੀਂ ਗਾਵੇ

ਚਿੜੀ ਦੇ ਖੰਭ ਦੀ ਲਲਕਾਰ
ਸੌ ਬਾਜਾਂ ਨੂੰ ਖਾ ਜਾਵੇ
ਮੈਂ ਕਿੰਜ ਤਲਵਾਰ ਦੀ ਗਾਨੀ
ਅੱਜ ਆਪਣੇ ਗੀਤ ਗਲ ਪਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ
ਮੈ ਕਿਹੜੇ ਬੋਲ ਦੀ ਭੇਟਾ
ਲੈ ਤੇਰੇ ਦੁਆਰ 'ਤੇ ਆਵਾਂ
ਮੇਰੇ ਗੀਤਾਂ ਦੀ ਮਹਿਫ਼ਲ 'ਚੋਂ
ਕੋਈ ਉਹ ਗੀਤ ਨਹੀਂ ਲੱਭਦਾ
ਜੋ ਤੇਰੇ ਸੀਸ ਮੰਗਣ 'ਤੇ
ਤੇਰੇ ਸਾਹਵੇਂ ਖੜਾ ਹੋਵੇ
ਜੋ ਮੈਲੇ ਹੋ ਚੁੱਕੇ ਲੋਹੇ ਨੂੰ
ਆਪਣੇ ਖ਼ੂਨ ਵਿਚ ਧੋਵੇ
ਕਿ ਜਿਸਦੀ ਮੌਤ ਪਿੱਛੋਂ
ਓਸ ਨੂੰ ਕੋਈ ਸ਼ਬਦ ਨਾ ਰੋਵੇ
ਕਿ ਜਿਸ ਨੂੰ ਪੀੜ ਤਾਂ ਕੀਹ
ਪੀੜ ਦਾ ਅਹਿਸਾਸ ਨਾ ਛੋਹਵੇ
ਜੋ ਲੋਹਾ ਪੀ ਸਕੇ ਉਹ ਗੀਤ
ਕਿਥੋਂ ਲੈ ਕੇ ਮੈਂ ਆਵਾਂ
ਮੈਂ ਆਪਣੀ ਪੀੜ ਦੇ ਅਹਿਸਾਸ ਕੋਲੋਂ
ਦੂਰ ਕਿੰਜ ਜਾਵਾਂ।

ਮੈਂ ਤੇਰੀ ਉਸਤਤੀ ਦਾ ਗੀਤ
ਚਾਹੁੰਦਾ ਹਾਂ ਕਿ ਉਹ ਹੋਵੇ
ਜਿਦ੍ਹੇ ਹੱਥ ਸੱਚ ਦੀ ਤਲਵਾਰ
ਤੇ ਨੈਣਾਂ 'ਚ ਰੋਹ ਹੋਵੇ
ਜਿਦ੍ਹੇ ਵਿਚ ਵਤਨ ਦੀ ਮਿੱਟੀ ਲਈ
ਅੰਤਾਂ ਦਾ ਮੋਹ ਹੋਵੇ
ਜਿਦ੍ਹੇ ਵਿਚ ਲਹੂ ਤੇਰੇ ਦੀ
ਰਲੀ ਲਾਲੀ ਤੇ ਲੋਅ ਹੋਵੇ
ਮੈਂ ਆਪਣੇ ਲਹੂ ਦਾ
ਕਿਸੇ ਗੀਤ ਨੂੰ ਟਿੱਕਾ ਕਿਵੇਂ ਲਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ।

ਮੈਂ ਚਾਹੁੰਦਾ ਏਸ ਤੋਂ ਪਹਿਲਾਂ
ਕਿ ਤੇਰੀ ਆਰਤੀ ਗਾਵਾਂ
ਮੈਂ ਮੈਲੇ ਸ਼ਬਦ ਧੋ ਕੇ
ਜੀਭ ਦੀ ਕਿੱਲੀ 'ਤੇ ਪਾ ਆਵਾਂ
ਤੇ ਮੈਲੇ ਸ਼ਬਦ ਸੁੱਕਣ ਤੀਕ
ਤੇਰੀ ਹਰ ਪੈੜ ਚੁੰਮ ਆਵਾਂ
ਤੇਰੀ ਹਰ ਪੈੜ 'ਤੇ
ਹੰਝੂ ਦਾ ਇਕ ਸੂਰਜ ਜਗਾ ਆਵਾਂ
ਮੈਂ ਲੋਹਾ ਪੀਣ ਦੀ ਆਦਤ
ਜ਼ਰਾ ਗੀਤਾਂ ਨੂੰ ਪਾ ਆਵਾਂ
ਮੈਂ ਸ਼ਾਇਦ ਫੇਰ ਕੁਝ
ਭੇਟਾ ਕਰਨ ਯੋਗ ਹੋ ਜਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ।

# ਗੁਕੇਸ਼ ਬਣਿਆ ਸਭ ਤੋਂ ਘੱਟ ਉਮਰ ਦਾ ਵਿਸ਼ਵ ਸ਼ਤਰੰਜ ਚੈਂਪੀਅਨ

## ਰੋਮਾਂਚਕ ਮੁਕਾਬਲੇ ਦੀ ਆਖ਼ਰੀ ਬਾਜ਼ੀ ਵਿੱਚ ਚੀਨ ਦੇ ਮੌਜੂਦਾ ਚੈਂਪੀਅਨ ਨੂੰ ਦਿੱਤੀ ਮਾਤ



ਸਿੰਗਾਪੁਰ/ਏ.ਟੀ.ਨਿਊਜ਼: ਭਾਰਤੀ ਗਰੈਂਡਮਾਸਟਰ ਡੀ ਗੁਕੇਸ਼ ਪਿਛਲੇ ਇੱਥੇ ਦਿਨੀਂ ਖ਼ਿਤਾਬੀ ਮੁਕਾਬਲੇ ਦੀ 14ਵੀਂ ਤੇ ਆਖ਼ਰੀ ਬਾਜ਼ੀ ਵਿੱਚ ਮੌਜੂਦਾ ਚੈਂਪੀਅਨ ਚੀਨ ਦੇ ਡਿੰਗ ਲਿਰੇਨ ਨੂੰ ਹਰਾ ਕੇ 18 ਸਾਲ ਦੀ ਉਮਰ ਵਿੱਚ ਸਭ ਤੋਂ ਘੱਟ ਉਮਰ ਦਾ ਵਿਸ਼ਵ ਸ਼ਤਰੰਜ ਚੈਂਪੀਅਨ ਬਣ ਗਿਆ।

ਗੁਕੇਸ਼ ਨੇ 14 ਬਾਜ਼ੀਆਂ ਦੇ ਇਸ ਮੁਕਾਬਲੇ ਦੀ ਆਖ਼ਰੀ ਕਲਾਸੀਕਲ ਬਾਜ਼ੀ ਮਾਰ ਕੇ ਖਿਤਾਬ ਜਿੱਤਣ ਲਈ ਲੋੜੀਂਦੇ 7.5 ਅੰਕ ਜੁਟਾਏ, ਜਦਕਿ ਲਿਰੇਨ ਦੇ ਨਾਮ 6.5 ਅੰਕ ਰਹੇ। ਹਾਲਾਂਕਿ, ਇਹ ਖੇਡ ਜ਼ਿਆਦਾਤਰ ਸਮਾਂ ਡਰਾਅ ਵੱਲ ਵਧਦੀ ਨਜ਼ਰ ਆ ਰਹੀ ਸੀ। ਗੁਕੇਸ਼ ਨੂੰ 25 ਲੱਖ ਡਾਲਰ ਦੀ ਇਨਾਮੀ ਰਾਸ਼ੀ ਮਿਲੇਗੀ। ਚੇਨੱਈ ਦੇ ਗੁਕੇਸ਼ ਨੇ ਇਤਿਹਾਸਕ ਜਿੱਤ ਦਰਜ ਕਰਨ ਮਗਰੋਂ ਇੱਥੇ ਪੱਤਰਕਾਰਾਂ ਨੂੰ ਕਿਹਾ, "ਮੈਂ ਪਿਛਲੇ ਦਸ ਸਾਲਾਂ ਤੋਂ ਇਸ ਪਲ ਦਾ ਸੁਫ਼ਨਾ ਦੇਖ ਰਿਹਾ ਸੀ। ਮੈਨੂੰ ਖੁਸ਼ੀ ਹੈ ਕਿ ਮੈਂ ਇਸ ਸੁਪਨੇ ਨੂੰ ਹਕੀਕਤ ਵਿੱਚ ਬਦਲ ਦਿੱਤਾ।"



ਗੁਕੇਸ਼ ਦੇ ਖਿਤਾਬ ਜਿੱਤਣ ਤੋਂ ਪਹਿਲਾਂ ਰੂਸੀ ਖਿਡਾਰੀ ਗੈਰੀ ਕਾਸਪਾਰੋਵ ਸਭ ਤੋਂ ਘੱਟ ਉਮਰ ਦਾ ਵਿਸ਼ਵ ਸ਼ਤਰੰਜ ਚੈਂਪੀਅਨ ਸੀ। ਉਸ ਨੇ 1985 ਵਿੱਚ ਅਨਾਤੋਲੀ ਕਾਰਪੋਵ ਨੂੰ ਹਰਾ ਕੇ 22 ਸਾਲ ਦੀ ਉਮਰ ਵਿੱਚ ਖਿਤਾਬ ਜਿੱਤਿਆ ਸੀ। ਮੁਕੇਸ਼ ਮਹਾਨ ਵਿਸ਼ਵਨਾਥਨ ਆਨੰਦ ਮਗਰੋਂ ਆਲਮੀ ਖਿਤਾਬ ਜਿੱਤਣ ਵਾਲਾ ਦੂਜਾ ਭਾਰਤੀ ਹੈ। ਪੰਜ ਵਾਰ ਦੇ ਵਿਸ਼ਵ ਚੈਂਪੀਅਨ ਆਨੰਦ ਨੇ 2013 ਵਿੱਚ ਮੈਗਨਸ ਕਾਰਲਸਨ ਨੂੰ ਵਿਸ਼ਵ ਖਿਤਾਬ ਗੁਆ ਦਿੱਤਾ ਸੀ। ਗੁਕੇਸ਼ ਨੇ ਚਾਰ ਘੰਟਿਆਂ ਵਿੱਚ 58 ਚਾਲਾਂ ਮਗਰੋਂ ਲਿਰੇਨ ਖ਼ਿਲਾਫ਼ 14ਵੀਂ ਬਾਜ਼ੀ ਜਿੱਤੀ ਅਤੇ ਕੁੱਲ ਮਿਲਾ ਕੇ 18ਵਾਂ ਵਿਸ਼ਵ ਸ਼ਤਰੰਜ ਚੈਂਪੀਅਨ ਬਣ ਗਿਆ।

### ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਵੱਲੋਂ ਗੁਕੇਸ਼ ਨੂੰ ਵਧਾਈ

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਭ ਤੋਂ ਘੱਟ ਉਮਰ ਦੇ ਵਿਸ਼ਵ ਸ਼ਤਰੰਜ ਚੈਂਪੀਅਨ ਬਣਨ 'ਤੇ ਭਾਰਤੀ ਗਰੈਂਡਮਾਸਟਰ ਡੀ ਗੁਕੇਸ਼ ਨੂੰ ਵਧਾਈ ਦਿੱਤੀ। ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਗੁਕੇਸ਼ ਨੇ ਭਾਰਤ ਦਾ ਮਾਣ ਵਧਾਇਆ ਹੈ। ਮੁਰਮੂ ਨੇ 'ਐਕਸ' ਉੱਤ ਲਿਖਿਆ, "ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਜਿੱਤਣ ਵਾਲੇ ਸਭ ਤੋਂ ਘੱਟ ਉਮਰ ਦਾ ਖਿਡਾਰੀ ਬਣਨ 'ਤੇ ਗੁਕੇਸ਼ ਨੂੰ ਹਾਰਦਿਕ ਵਧਾਈ। ਉਨ੍ਹਾਂ ਨੇ ਭਾਰਤ ਦਾ ਮਾਣ ਵਧਾਇਆ ਹੈ। ਬਹੁਤ ਵਧੀਆ ਗੁਕੇਸ਼! ਹਰ ਭਾਰਤੀ ਵੱਲੋਂ ਮੈਂ ਤੁਹਾਡੇ ਸ਼ਾਨਦਾਰ ਭਵਿੱਖ ਦੀ ਕਾਮਨਾ ਕਰਦੀ ਹਾਂ।"

# ਸਾਊਦੀ ਅਰਬ ਫ਼ੀਫ਼ਾ ਵਿਸ਼ਵ ਕੱਪ 2034 ਦੀ ਕਰੇਗਾ ਮੇਜ਼ਬਾਨੀ

ਫ਼ੈਡਰੇਸ਼ਨ ਇੰਟਰਨੈਸ਼ਨਲ ਫ਼ੁੱਟਬਾਲ ਐਸੋਸੀਏਸ਼ਨ (ਫ਼ੀਫ਼ਾ ) ਨੇ 2034 ਵਿਸ਼ਵ ਕੱਪ ਅਤੇ 2030 ਵਿਸ਼ਵ ਕੱਪ ਦੀ ਮੇਜ਼ਬਾਨੀ ਦਾ ਐਲਾਨ ਕੀਤਾ ਹੈ। ਫ਼ੀਫ਼ਾ ਦੇ ਅਨੁਸਾਰ, ਸਾਊਦੀ ਅਰਬ ਫ਼ੀਫ਼ਾ ਵਿਸ਼ਵ ਕੱਪ 2034 ਦੀ ਮੇਜ਼ਬਾਨੀ ਕਰੇਗਾ, ਜਦੋਂ ਕਿ ਫ਼ੀਫ਼ਾ ਵਿਸ਼ਵ ਕੱਪ 2030, ਜੋ ਕਿ ਟੂਰਨਾਮੈਂਟ ਦਾ 100ਵਾਂ ਐਡੀਸ਼ਨ ਹੈ, ਦੀ ਮੇਜ਼ਬਾਨੀ ਮੋਰੋਕੋ, ਪੁਰਤਗਾਲ ਅਤੇ ਸਪੇਨ ਕਰਨਗੇ। ਇਹ ਐਲਾਨ ਫ਼ੀਫ਼ਾ ਦੇ ਪ੍ਰਧਾਨ ਗਿਆਨੀ ਇਨਫ਼ੈਂਟੀਨੋ ਨੇ ਕੀਤਾ।




ਦਰਅਸਲ, ਫ਼ੀਫ਼ਾ ਨੇ ਆਪਣੇ ਅਕਾਊਂਟ 'ਤੇ ਇੱਕ ਟਵੀਟ ਸ਼ੇਅਰ ਕਰ ਕੇ ਇਸ ਦਾ ਐਲਾਨ ਕੀਤਾ ਅਤੇ ਲਿਖਿਆ ਕਿ ਅਗਲੇ ਦੋ ਐਡੀਸ਼ਨਾਂ ਦੇ ਮੇਜ਼ਬਾਨਾਂ ਨੂੰ ਪੇਸ਼ ਕਰ ਰਿਹਾ ਹਾਂ। ਮੋਰੋਕੋ, ਪੁਰਤਗਾਲ ਅਤੇ ਸਪੇਨ 2030 ਵਿੱਚ ਫ਼ੀਫ਼ਾ ਵਿਸ਼ਵ ਕੱਪ ਦੀ ਮੇਜ਼ਬਾਨੀ ਕਰਨਗੇ, ਅਰਜਨਟੀਨਾ, ਪੈਰਾਗੁਏ ਅਤੇ ਉਰੂਗਵੇ ਵਿੱਚ ਸ਼ਤਾਬਦੀ ਸਮਾਰੋਹ ਦੇ ਮੈਚ ਹੋਣਗੇ, ਜਦੋਂ ਕਿ ਚਾਰ ਸਾਲ ਬਾਅਦ, ਸਾਊਦੀ ਅਰਬ 2034 ਵਿੱਚ ਫ਼ੀਫ਼ਾ ਵਿਸ਼ਵ ਕੱਪ ਦੀ ਮੇਜ਼ਬਾਨੀ ਕਰੇਗਾ।

ਐਸੋਸੀਏਟਿਡ ਪ੍ਰੈਸ ਦੇ ਅਨੁਸਾਰ, ਸਾਊਦੀ ਅਰਬ ਦਾ ਉਦੇਸ਼ ਸਾਰੀਆਂ 104 ਖੇਡਾਂ ਦੀ ਮੇਜ਼ਬਾਨੀ ਕਰਨਾ ਹੈ, ਹਾਲਾਂਕਿ ਕਿਆਸ ਲਗਾਏ ਜਾ ਰਹੇ ਹਨ ਕਿ ਕੁਝ ਖੇਡਾਂ ਗੁਆਂਢੀ ਜਾਂ ਨੇੜਲੇ ਦੇਸ਼ਾਂ ਵਿੱਚ ਖੇਡੀਆਂ ਜਾ ਸਕਦੀਆਂ ਹਨ।

ਰਿਪੋਰਟ ਵਿੱਚ ਅੱਗੇ ਦਾਅਵਾ ਕੀਤਾ ਗਿਆ ਹੈ ਕਿ ਸਾਊਦੀ ਅਰਬ ਨੇ ਪੰਜ ਸ਼ਹਿਰਾਂ ਵਿੱਚ 15 ਸਟੇਡੀਅਮਾਂ ਦਾ ਪ੍ਰਸਤਾਵ ਕੀਤਾ ਹੈ, ਜਿਸ ਵਿੱਚ ਰਾਜਧਾਨੀ ਰਿਆਦ ਵਿੱਚ ਅੱਠ, ਜੇਦਾਹ ਦੇ ਲਾਲ ਸਾਗਰ ਬੰਦਰਗਾਹ ਵਾਲੇ ਸ਼ਹਿਰ ਵਿੱਚ ਚਾਰ ਅਤੇ ਆਭਾ, ਅਲ ਖੋਬਰ ਅਤੇ ਨਿਓਮ ਵਿੱਚ ਇੱਕ-ਇੱਕ ਸਟੇਡੀਅਮ ਸ਼ਾਮਲ ਹੈ, ਯੋਜਨਾਬੱਧ ਭਵਿੱਖੀ ਮੈਗਾ-ਪ੍ਰੋਜੈਕਟ ਸ਼ਾਮਲ ਹਨ। ਵਿਸ਼ਵ ਕੱਪ ਦੇ ਹਰੇਕ ਮੈਚ ਲਈ ਹਰੇਕ ਸਟੇਡੀਅਮ ਵਿੱਚ ਘੱਟੋ-ਘੱਟ 40,000 ਸੀਟਾਂ ਹੋਣਗੀਆਂ।

**ਕਿੱਥੇ ਹੋਣਗੇ ਫ਼ੀਫ਼ਾ ਵਿਸ਼ਵ ਕੱਪ ਦੇ ਅਗਲੇ ਐਡੀਸ਼ਨ**

2026 ਫ਼ੀਫ਼ਾ ਵਿਸ਼ਵ ਕੱਪ : ਇਸ ਟੂਰਨਾਮੈਂਟ ਦੀ ਸੰਯੁਕਤ ਮੇਜ਼ਬਾਨੀ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਕਰਨਗੇ।

2030 ਫ਼ੀਫ਼ਾ ਵਿਸ਼ਵ ਕੱਪ : ਟੂਰਨਾਮੈਂਟ ਦੀ ਸੰਯੁਕਤ ਮੇਜ਼ਬਾਨੀ ਸਪੇਨ, ਪੁਰਤਗਾਲ ਅਤੇ ਮੋਰੋਕੋ ਦੁਆਰਾ ਕੀਤੀ ਜਾਵੇਗੀ।

2034 ਫ਼ੀਫ਼ਾ ਵਿਸ਼ਵ ਕੱਪ : ਸਾਊਦੀ ਅਰਬ ਵਿੱਚ ਹੋਣ ਵਾਲਾ ਟੂਰਨਾਮੈਂਟ।

ਜ਼ਿਕਰਯੋਗ ਹੈ ਕਿ ਸਾਲ 2020 ਵਿੱਚ ਕਤਰ ਵਿੱਚ ਫ਼ੀਫ਼ਾ ਵਿਸ਼ਵ ਕੱਪ ਦਾ ਆਯੋਜਨ ਕੀਤਾ ਗਿਆ ਸੀ। ਹੁਣ ਫ਼ਿਰ ਤੋਂ ਇਹ ਟੂਰਨਾਮੈਂਟ ਸਾਊਦੀ ਅਰਬ 'ਚ ਹੋਣ ਜਾ ਰਿਹਾ ਹੈ। ਪਿਛਲੀ ਵਾਰ ਲਿਓਨਲ ਮੇਸੀ ਦੀ ਕਪਤਾਨੀ ਵਿੱਚ ਅਰਜਨਟੀਨਾ ਨੇ ਕਤਰ ਵਿੱਚ ਖ਼ਿਤਾਬ ਜਿੱਤਿਆ ਸੀ। ਫ਼ਾਈਨਲ ਮੈਚ 'ਚ ਅਰਜਨਟੀਨਾ ਅਤੇ ਫ਼ਰਾਂਸ ਵਿਚਾਲੇ ਮੈਚ 3-3 ਨਾਲ ਬਰਾਬਰੀ 'ਤੇ ਰਿਹਾ ਪਰ ਇਸ ਤੋਂ ਬਾਅਦ ਪੈਨਲਟੀ ਸ਼ੂਟਆਊਟ ਹੋਇਆ ਅਤੇ ਅਰਜਨਟੀਨਾ ਨੇ 4-2 ਨਾਲ ਜਿੱਤ ਦਰਜ ਕਰਕੇ ਤੀਜੀ ਵਾਰ ਖਿਤਾਬ ਆਪਣੇ ਨਾਂ ਕੀਤਾ।

# ਆਖ਼ਰ ਕਦੋਂ ਘਟੇਗਾ ਖੇਡਾਂ 'ਤੇ ਡੋਪਿੰਗ ਦਾ ਗਲਬਾ

ਪ੍ਰੋ ਹਰਦੀਪ ਸਿੰਘ ਸੰਗਰੂਰ

ਟੋਕੀਓ ਉਲੰਪਿਕ ਖੇਡਾਂ 2020 ਵਿਚੋਂ ਕਾਂਸੀ ਦਾ ਤਗ਼ਮਾ ਜੇਤੂ ਪਦਮਸ੍ਰੀ ਅਤੇ ਅਰਜੁਨ ਐਵਾਰਡ ਜੇਤੂ ਪਹਿਲਵਾਨ ਬਜਰੰਗ ਪੂਨੀਆਂ ਉੱਪਰ ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਵੱਲੋਂ ਬਣਾਏ ਐਂਟੀ ਡੋਪਿੰਗ ਪੈਨਲ ਵੱਲੋਂ ਨਾਡਾ ਦੇ ਏਡਿਆਰ 10.3.1 ਦੇ ਤਹਿਤ ਕਾਰਵਾਈ ਕਰਦੇ ਹੋਏ ਉਸ ਉੱਪਰ ਚਾਰ ਸਾਲ ਦੀ ਪਾਬੰਦੀ ਲਗਾਉਣ ਦੀ ਸਿਫ਼ਾਰਿਸ਼ ਕੀਤੀ ਹੈ ਕਿਉਂਕਿ ਬਜਰੰਗ ਪੂਨੀਆਂ ਨੇ 'ਨਾਡਾ' ਨੂੰ ਡੋਪ ਟੈਸਟ ਲਈ ਆਪਣੇ ਪਿਸ਼ਾਬ ਅਤੇ ਖ਼ੂਨ ਦੇ ਨਮੂਨੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਐਂਟੀ ਡੋਪਿੰਗ ਪੈਨਲ ਨੇ ਇਤਰਾਜ਼ ਜਤਾਉਂਦੇ ਹੋਏ ਨਾਡਾ ਨੂੰ ਉਸ ਉੱਪਰ ਪਾਬੰਦੀ ਲਾਉਣ ਦੀ ਸਿਫ਼ਾਰਿਸ਼ ਕਰ ਦਿੱਤੀ ਤੇ 'ਨਾਡਾ' ਵੱਲੋਂ ਪੈਨਲ ਦੀ ਸਿਫ਼ਾਰਿਸ਼ ਤਹਿਤ ਕਾਰਵਾਈ ਕਰਦਿਆਂ ਪਹਿਲਵਾਨ ਬਜਰੰਗ ਪੂਨੀਆਂ ਉੱਪਰ ਐਂਟੀ ਡੋਪਿੰਗ ਨਿਯਮ 2021 ਦੇ ਅਨੁਛੇਦ 20.1 ਅਤੇ 20.2 ਦੇ ਅਨੁਸਾਰ ਖਿਡਾਰੀ ਵੱਲੋਂ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਅਣਗਹਿਲੀ ਵਰਤਣ ਦੇ ਦੋਸ਼ ਤਹਿਤ ਦੋਸ਼ੀ ਮੰਨਦੇ ਹੋਏ ਉਸ ਉੱਪਰ ਚਾਰ ਸਾਲ ਦੀ ਪਾਬੰਦੀ ਲਗਾ ਦਿੱਤੀ ਹੈ।

**ਭਵਿੱਖਬਾਣੀ ਸੱਚ ਹੋਣ ਲੱਗੀ**

ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਵੱਲੋਂ ਇਸ ਖਿਡਾਰੀ ਖ਼ਿਲਾਫ਼ ਕੀਤੀ ਕਾਰਵਾਈ ਨਾਲ ਖੇਡਾਂ ਵਿਚ ਕੀਤੀ ਜਾਂਦੀ ਡੋਪਿੰਗ ਦਾ ਮਾਮਲਾ ਫਿਰ ਤੋਂ ਗਰਮਾ ਗਿਆ ਹੈ ਅਤੇ ਸਵਾਲ ਪੈਦਾ ਹੁੰਦਾ ਹੈ ਕਿ ਆਖ਼ਿਰ ਖੇਡਾਂ ਵਿੱਚ ਡੋਪਿੰਗ ਕਦੋਂ ਰੁਕੇਗੀ? ਖਿਡਾਰੀਆਂ ਵੱਲੋਂ ਕਿਸੇ ਖੇਡ ਮੁਕਾਬਲੇ ਦੌਰਾਨ ਕੀਤੀ ਜਾਂਦੀ ਡੋਪਿੰਗ ਬਾਰੇ ਓਮਨੀ ਨਾਮ ਦੇ ਇੱਕ ਕੌਮਾਂਤਰੀ ਰਸਾਲੇ ਨੇ ਕਈ ਸਾਲ ਪਹਿਲਾਂ ਬੜੀ ਹੈਰਾਨਕੁੰਨ ਅਤੇ ਫ਼ਿਕਰ ਕਰਨ ਵਾਲੀ ਭਵਿੱਖਬਾਣੀ ਕੀਤੀ ਸੀ ਕਿ ਸੰਨ 2088 ਵਿੱਚ ਹੋਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਸ਼ੌਕੀਆ ਖਿਡਾਰੀਆਂ ਦੇ ਨਾਲ-ਨਾਲ ਪੇਸ਼ੇਵਰ ਖਿਡਾਰੀ ਵੀ ਉਲੰਪਿਕ ਖੇਡਾਂ ਵਿੱਚ ਭਾਗ ਲੈ ਸਕਣਗੇ ਤੇ ਇਨ੍ਹਾਂ ਖੇਡਾਂ ਵਿੱਚ ਡੋਪਿੰਗ ਦਾ ਸੇਵਨ ਕਰ ਕੇ ਖੇਡਣ ਵਾਲੇ ਅਤੇ ਜੇਤੂ ਹੋਣ ਵਾਲੇ ਸਾਰੇ ਖਿਡਾਰੀ ਜਾਇਜ਼ ਉਲੰਪੀਅਨ ਮੰਨੇ ਜਾਣਗੇ। ਖਿਡਾਰੀ ਦੇ ਸਰੀਰ 'ਤੇ ਮਾਰੂ ਅਸਰ ਕਰਨ ਵਾਲੀ ਸਟੈਨੋਜ਼ੋਲ ਸਟੀਰੌਇਡ ਦੀ ਜਗਾ 'ਸੁਪਰ ਜੂਸ' ਨਾਮ ਦਾ ਰਸਾਇਣਕ ਘੋਲ ਕੰਮ ਕਰੇਗਾ। ਜਿਹਦੇ ਨਾਲ ਖਿਡਾਰੀ ਦੀ ਤਾਕਤ ਵਧੇਗੀ ਤੇ ਦਮ ਪੱਕੇਗਾ। ਇਸ ਤੋਂ ਇਲਾਵਾ 'ਹੈਮੋਕਾਰਟ' ਨਾਮ ਦਾ ਕੈਪਸੂਲ ਲੈਣ ਨਾਲ ਖਿਡਾਰੀ ਦੇ ਖ਼ੂਨ ਅੰਦਰ ਲਾਲ ਰਕਤਾਣੂਆਂ ਭਰਮਾਰਤਾ ਹੋ ਜਾਵੇਗੀ ਅਤੇ ਖਿਡਾਰੀ ਨੂੰ ਪ੍ਰਦਰਸ਼ਨ ਦੌਰਾਨ ਆਕਸੀਜਨ ਦੀ ਕਮੀ ਮਹਿਸੂਸ ਨਹੀਂ ਹੋਵੇਗੀ। ਇਹ ਕੈਪਸੂਲ ਖਿਡਾਰੀ ਦੇ ਸਰੀਰ ਵਿੱਚ ਐਨਾ ਖ਼ੂਨ ਪੈਦਾ ਕਰ ਦੇਵੇਗਾ ਕਿ ਖਿਡਾਰੀਆਂ ਵੱਲੋਂ ਕੀਤੀ ਜਾਂਦੀ 'ਬਲੱਡ ਡੋਪਿੰਗ' ਵੇਲਾ ਵਿਹਾ ਚੁੱਕੀ ਵਿਧੀ ਲੱਗੇਗੀ। ਰਸਾਇਣੀ-ਮਾਹਿਰ ਇਹੋ ਜਿਹੇ ਅਥਲੀਟ ਬਣਾ ਦੇਣਗੇ ਕਿ ਜਿਨ੍ਹਾਂ ਦੀ ਕਾਰਗੁਜ਼ਾਰੀ ਕਲਪਨਾ ਤੋਂ ਪਰੇ ਹੋਵੇਗੀ।




ਇਹੋ ਜਿਹੀਆਂ ਭਵਿੱਖਬਾਣੀਆਂ ਬਾਰੇ ਪੜ੍ਹ ਕੇ ਖੇਡ ਮਾਹਿਰ, ਖੇਡ ਲੇਖਕ ਤੇ ਖੇਡ ਪਾਠਕ ਫ਼ਿਕਰਮੰਦ ਨੇ ਕਿ ਵਿਸ਼ਵ ਖੇਡ ਮੁਕਾਬਲੇ, ਉਲੰਪਿਕ ਖੇਡਾਂ ਅਤੇ ਮਹਾਂਦੀਪੀ ਖੇਡ ਮੁਕਾਬਲਿਆਂ 'ਚ ਹਿੱਸਾ ਲੈਣ ਵਾਲੇ ਖਿਡਾਰੀ ਕੀ ਡੋਪਿੰਗ ਦੀ ਮਾਰ ਤੋਂ ਬਚ ਸਕਣਗੇ ?। ਇਹੀ ਸਵਾਲ ਹਰ ਖਿਡਾਰੀ,ਖੇਡ ਅਧਿਕਾਰੀ ਅਤੇ ਖੇਡ ਪ੍ਰੇਮੀਆਂ ਦੇ ਦਿਮਾਗ ਵਿੱਚ ਵੀ ਘੁੰਮ ਰਿਹਾ ਹੈ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਉਹ ਖਿਡਾਰੀ ਵੀ ਫ਼ਿਕਰਮੰਦ ਨੇ ਜਿਹੜੇ ਬਿਨਾਂ ਕਿਸੇ ਡੋਪਿੰਗ ਦੇ ਸਹਾਰੇ ਤੋਂ ਸਿਰਫ਼ ਆਪਣੀ ਮਿਹਨਤ ਨਾਲ ਦਿਖਾਏ ਜਾਣ ਵਾਲੇ ਖੇਡ ਪ੍ਰਦਰਸ਼ਨ ਨਾਲ ਜੇਤੂ ਹੋਣ ਬਾਰੇ ਸੋਚਦੇ ਹਨ। ਉਨ੍ਹਾਂ ਨੂੰ ਇਹ ਧੁੜਕੂ ਰਹਿੰਦਾ ਹੈ ਕਿ ਕਿਤੇ ਉਨ੍ਹਾਂ ਦੇ ਨਾਲ ਦਾ ਕੋਈ ਦੂਸਰਾ ਪ੍ਰਤੀਯੋਗੀ ਡੋਪਿੰਗ ਦਾ ਸੇਵਨ ਕਰ ਕੇ ਅਯੋਗ ਢੰਗ ਨਾਲ ਦਿਖਾਏ ਖੇਡ ਪ੍ਰਦਰਸ਼ਨ ਨਾਲ ਜੇਤੂ ਨਾ ਬਣ ਜਾਵੇ ਤੇ ਉਨ੍ਹਾਂ ਵਲੋਂ ਕੀਤੀ ਸਾਲਾਂ ਬੱਧੀ ਮਿਹਨਤ 'ਤੇ ਪਾਣੀ ਨਾ ਫੇਰ ਦੇਵੇ। ਖੇਡ ਸੰਸਾਰ ਵਿੱਚ ਡੋਪਿੰਗ ਦੇ ਅਨੇਕ ਮਾਮਲੇ ਸਮੇਂ ਸਮੇਂ ਤੇ ਸਾਹਮਣੇ ਆਉਂਦੇ ਰਹੇ ਨੇ। ਜਿਨ੍ਹਾਂ ਨਾਲ ਡੋਪਿੰਗ ਕਰਨ ਵਾਲੇ ਖਿਡਾਰੀਆਂ ਅਤੇ ਉਨ੍ਹਾਂ ਦੇ ਮੁਲਕਾਂ ਨੂੰ ਨਮੋਸ਼ੀ ਝੱਲਣੀ ਪਈ ਤੇ ਕਈ ਖਿਡਾਰੀਆਂ ਨੂੰ ਇਸ ਦੇ ਮਾਰੂ ਪ੍ਰਭਾਵਾਂ ਕਾਰਨ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ। ਖੇਡਾਂ ਦੀ ਦੁਨੀਆ ਵਿੱਚ ਡੋਪਿੰਗ ਦਾ ਪਹਿਲਾ ਮਾਮਲਾ 1960 ਦੀਆਂ ਰੋਮ ਉਲੰਪਿਕ ਖੇਡਾਂ ਦੌਰਾਨ ਡੈਨਮਾਰਕ ਦੇ ਸਾਈਕਲਿਸਟ ਕੁਰਤ ਜੈਕਸਨ ਦਾ ਆਇਆ ਸੀ। ਜਿਸ ਨੇ ਇਨ੍ਹਾਂ ਖੇਡਾਂ ਵਿੱਚ ਨਸ਼ੀਲੇ ਪਦਾਰਥ ਦਾ ਸੇਵਨ ਕਰ ਕੇ ਸਾਈਕਲਿੰਗ ਕੀਤੀ ਤੇ ਉਹ ਸਾਈਕਲ ਟਰੈਕ ਵਿੱਚ ਹੀ ਦਮ ਤੋੜ ਗਿਆ। ਡੋਪਿੰਗ ਦਾ ਸਭ ਤੋਂ ਵੱਧ ਮਸ਼ਹੂਰ ਮਾਮਲਾ 1988 ਦੀਆਂ ਸਿਓਲ ਉਲੰਪਿਕ ਖੇਡਾਂ ਦੌਰਾਨ ਕੈਨੇਡਾ ਦੇ ਫਰਾਟਾ ਦੌੜਾਕ ਬੈਨ ਜਾਹਨਸਨ ਦਾ ਹੋਇਆ ਸੀ। ਜਿਸ ਨੇ ਆਪਣੇ ਪੱਠਿਆਂ ਦੀ ਤਾਕਤ ਵਧਾਉਣ ਲਈ ਐਨਾਬੋਲਿਕ ਸਟੀਰਾਈਡ ਦਾ ਇਸਤੇਮਾਲ ਕਰ ਕੇ 100 ਮੀਟਰ ਫਰਾਟਾ ਦੌੜ ਵਿੱਚ 9:79 ਸੈਕੰਡ ਦਾ ਸਮਾਂ ਕੱਢ ਨਵਾਂ ਰਿਕਾਰਡ ਬਣਾ ਦਿੱਤਾ ਸੀ ਪਰ ਡੋਪ ਟੈਸਟ ਵਿੱਚ ਫੇਲ੍ਹ ਹੋਣ ਕਾਰਨ ਉਸ ਨੂੰ ਦਿੱਤਾ ਗੋਲਡ ਮੈਡਲ ਵਾਪਸ ਲੈ ਲਿਆ ਅਤੇ ਉਸ ਦੇ ਬਣਾਏ ਰਿਕਾਰਡ ਨੂੰ ਭੰਗ ਵੀ ਕਰ ਦਿੱਤਾ ਤੇ 'ਵਾਡਾ' ਨੇ ਉਮਰ ਭਰ ਖੇਡਣ ਦੀ ਪਾਬੰਦੀ ਲਗਾ ਦਿੱਤੀ। ਜਿਸ ਨਾਲ ਬੈਨ ਜੌਹਨਸਨ ਦੀ ਕੁਲ ਲੋਕਾਈ ਵਿੱਚ ਬੜੀ ਥੂ-ਥੂ ਹੋਈ ਅਤੇ ਉਸਦੇ ਦੇਸ਼ ਕੈਨੇਡਾ ਨੂੰ ਵੀ ਸ਼ਰਮਸਾਰ ਹੋਣਾ ਪਿਆ। ਇਸ ਮੁਕਾਬਲੇ ਦਾ ਜੇਤੂ ਬਣਿਆ ਅਮਰੀਕੀ ਦੌੜਾਕ ਕਾਰਲ ਲੁਈਸ ਜੋ ਪਹਿਲਾਂ ਇਸ ਰੇਸ ਵਿੱਚ ਦੋਇਮ ਰਿਹਾ ਸੀ।

**ਵਿਸ਼ਵ ਐਂਟੀ ਡੋਪਿੰਗ ਏਜੰਸੀ ਦੀ ਕਾਰਜਸ਼ੈਲੀ**

ਪੈਰਿਸ ਉਲੰਪਿਕ ਖੇਡਾਂ 2024 ਵਿੱਚ ਡੋਪਿੰਗ ਨੂੰ ਰੋਕਣ ਲਈ ਕੌਮਾਂਤਰੀ ਉਲੰਪਿਕ ਕਮੇਟੀ ਨੇ ਵਿਸ਼ਵ ਐਂਟੀ ਡੋਪਿੰਗ ਏਜੰਸੀ (ਵਾਡਾ)ਤੇ ਫ਼੍ਰੈਂਚ ਐਂਟੀ ਡੋਪਿੰਗ ਏਜੰਸੀ (ਏ.ਐਫ.ਐਲ.ਡੀ. ) ਦੀ ਮਦਦ ਨਾਲ 1160 ਮਾਹਿਰ ਬੰਦਿਆਂ ਦੀ ਬ੍ਰਿਗੇਡ ਬਣਾਈ। ਜਿਨ੍ਹਾਂ 'ਚੋਂ 800 ਮਾਹਿਰ ਅਥਲੀਟਾਂ ਨੂੰ ਮੁਕਾਬਲੇ ਤੋਂ ਤੁਰੰਤ ਬਾਅਦ ਡੋਪ ਟੈਸਟ ਦੇਣ ਲਈ ਸੂਚਿਤ ਕਰਦੇ ਸਨ ਅਤੇ ਨਿਗਾਹ ਬਾਜ ਵਾਂਗ ਅੱਖ ਰੱਖਦੇ ਸੀ। ਪੈਰਿਸ ਉਲੰਪਿਕ 'ਚ ਹਰ ਖੇਡ ਮੈਦਾਨ ਲਈ ਡੋਪਿੰਗ ਕੰਟਰੋਲ ਲੈਬੋਰਟਰੀ ਦਾ ਪ੍ਰਬੰਧ ਵੱਖਰੇ ਕੀਤਾ ਸੀ। ਜਿਨ੍ਹਾਂ ਲਈ 360 ਮਾਹਿਰ ਲੈਬ ਟੈਕਨੀਸ਼ੀਅਨ ਖਿਡਾਰੀਆਂ ਦੇ ਡੋਪ ਟੈਸਟ ਲਈ ਉਨ੍ਹਾਂ ਦੇ ਖ਼ੂਨ ਤੇ ਪਿਸ਼ਾਬ ਦੇ ਨਮੂਨੇ ਲੈਂਦੇ ਸੀ।

(ਬਾਕੀ ਸਫ਼ਾ 31 'ਤੇ)

# ਦਿਲਜੀਤ ਦੋਸਾਂਝ ਦੱਖਣੀ ਏਸ਼ਿਆਈ ਮਸ਼ਹੂਰ ਹਸਤੀਆਂ ਦੀ ਸੂਚੀ 'ਚ ਪਹਿਲੇ ਸਥਾਨ 'ਤੇ

## 40 ਸਾਲਾ ਪੰਜਾਬੀ ਗਾਇਕ ਨੇ ਪਿਛਲੇ ਸਾਲ ਦੇ ਮੋਹਰੀ ਸ਼ਾਹਰੁਖ਼ ਖ਼ਾਨ ਨੂੰ ਪਿੱਛੇ ਛੱਡਿਆ





ਪ੍ਰਸਿੱਧ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਨੇ ਲੰਡਨ ਵਿੱਚ ਆਪਣੇ ਮੈਗਾ ਲਾਈਵ ਟੂਰ ਅਤੇ ਬਾਕਸ-ਆਫ਼ਿਸ ਦੀ ਸਫ਼ਲਤਾ ਤੋਂ ਬਾਅਦ ਪ੍ਰੀਵਿਊ ਕੀਤੀ 'ਵਿਸ਼ਵ ਦੀਆਂ ਚੋਟੀ ਦੀਆਂ 50 ਏਸ਼ਿਆਈ ਮਸ਼ਹੂਰ ਹਸਤੀਆਂ' ਦੀ ਯੂਕੇ ਸੂਚੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ।

40 ਸਾਲਾ ਪੰਜਾਬੀ ਗਾਇਕ ਤੇ ਅਦਾਕਾਰ ਨੇ ਪਿਛਲੇ ਸਾਲ ਦੇ ਮੋਹਰੀ ਸ਼ਾਹਰੁਖ ਖਾਨ ਨੂੰ ਪਛਾੜ ਦਿੱਤਾ ਹੈ ਅਤੇ ਉਹ ਬਰਤਾਨੀਆ ਦੇ ਹਫ਼ਤਾਵਾਰੀ 'ਈਸਟਰਨ ਆਈ' ਵੱਲੋਂ ਪ੍ਰਕਾਸ਼ਿਤ ਸੂਚੀ ਦੇ 2024 ਦੇ ਐਡੀਸ਼ਨ ਵਿੱਚ ਸਿਨੇਮਾ, ਟੈਲੀਵਿਜ਼ਨ, ਸੰਗੀਤ, ਕਲਾ ਅਤੇ ਸਾਹਿਤ ਦੀ ਦੁਨੀਆ ਵਿੱਚ ਕੌਮਾਂਤਰੀ ਪ੍ਰਤਿਭਾਵਾਂ ਵਿੱਚੋਂ ਸਭ ਤੋਂ ਅੱਗੇ ਹੈ।

'ਈਸਟਰਨ ਆਈ' ਦੇ ਐਂਟਰਟੇਨਮੈਂਟ ਐਡੀਟਰ ਅਸਜਾਦ ਨਜ਼ੀਰ ਨੇ ਕਿਹਾ, "ਇਸ ਸੁਪਰਸਟਾਰ ਨੇ ਆਪਣੇ ਬਲਾਕਬਸਟਰ 'ਦਿਲ-ਲੁਮਿਨਾਟੀ' ਸ਼ੋਅ ਨਾਲ ਇਤਿਹਾਸ ਵਿੱਚ ਕਿਸੇ ਵੀ ਦੱਖਣੀ ਏਸ਼ਿਆਈ ਮਸ਼ਹੂਰ ਹਸਤੀ ਵੱਲੋਂ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਸਫ਼ਲ ਵਰਲਡ ਟੂਰ ਕੀਤਾ ਹੈ।" ਉਨ੍ਹਾਂ ਕਿਹਾ, "ਇਸ ਬਹੁ-ਪ੍ਰਤਿਭਾਸ਼ਾਲੀ ਸਿਤਾਰੇ ਨੇ ਫ਼ਿਲਮਾਂ ਵਿੱਚ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ ਅਤੇ ਆਪਣੇ ਪੰਜਾਬੀ ਸੱਭਿਆਚਾਰ ਨੂੰ ਅੱਗੇ ਵਧਾਇਆ। ਹਰੇਕ ਕੋਈ ਉਸ ਬਾਰੇ ਗੱਲ ਕਰ ਰਿਹਾ ਸੀ ਜੋ ਇੱਕ ਸੁਫ਼ਨੇ ਦਾ ਸਾਲ ਬਣ ਗਿਆ।"

ਭਾਰਤੀ ਵਿਰਾਸਤ ਦੀ ਪੌਪ ਸੁਪਰਸਟਾਰ ਚਾਰਲੀ ਐਕਸਸੀਐਕਸ ਦੂਜੇ ਸਥਾਨ 'ਤੇ ਰਹੀ ਹੈ। ਤੀਜੇ ਸਥਾਨ 'ਤੇ ਰਹਿਣ ਵਾਲੇ ਅੱਲੂ ਅਰਜੁਨ ਨੇ ਸਾਲ ਦੀ ਸਭ ਤੋਂ ਸਫ਼ਲ ਭਾਰਤੀ ਫ਼ਿਲਮ 'ਪੁਸ਼ਪਾ: ਦਿ ਰੂਲ' ਨਾਲ ਬਾਕਸਆਫ਼ਿਸ ਦੇ ਰਿਕਾਰਡ ਤੋੜ ਦਿੱਤੇ ਅਤੇ ਆਪਣੇ ਵਿੱਚ ਸਿਨੇਮਾ ਦੇ ਦ੍ਰਿਸ਼ ਨੂੰ ਕਾਫ਼ੀ ਹੱਦ ਤੱਕ ਬਦਲ ਦਿੱਤਾ। ਉੱਧਰ, ਚੌਥੇ ਸਥਾਨ 'ਤੇ ਰਹਿਣ ਵਾਲੇ ਦੇਵ ਪਟੇਲ ਨੇ ਹਿੱਟ ਫ਼ਿਲਮ 'ਮੰਕੀ ਮੈਨ' ਵਿੱਚ ਜ਼ਿਕਰਯੋਗ ਲੇਖਨ, ਨਿਰਦੇਸ਼ਨ, ਨਿਰਮਾਣ ਅਤੇ ਅਦਾਕਾਰੀ ਕਰ ਕੇ ਹੌਲੀਵੁੱਡ ਦੇ ਪਾਵਰ ਪਲੇਅਰ ਦੇ ਰੂਪ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ।

ਪ੍ਰਿਯੰਕਾ ਚੋਪੜਾ ਫ਼ਿਲਮਾਂ ਤੋਂ ਲੈ ਕੇ ਮੈਗਾ-ਬਜਟ ਲੜੀ 'ਸਿਟਾਡੇਲ' ਦੇ ਦੂਜੇ ਸੀਜ਼ਨ 'ਤੇ ਕੰਮ ਸ਼ੁਰੂ ਕਰਨ ਤੱਕ ਦੇ ਹਾਈ ਪ੍ਰੋਫ਼ਾਈਲ ਪ੍ਰਾਜੈਕਟਾਂ ਨੂੰ ਸੰਤੁਲਿਤ ਕਰਨ ਲਈ ਪੰਜਵੇਂ ਸਥਾਨ 'ਤੇ ਰਹੀ। ਸਿਆਸੀ ਪਾਰਟੀ ਸ਼ੁਰੂ ਕਰਨ ਵਾਲੇ ਅਤੇ ਸਾਲ ਦੀ ਸਭ ਤੋਂ ਸਫ਼ਲ ਤਾਮਿਲ ਫ਼ਿਲਮ ਦੇਣ ਵਾਲੇ ਅਦਾਕਾਰ ਵਿਜੈ ਛੇਵੇਂ ਸਥਾਨ 'ਤੇ ਰਿਹਾ, ਜਦਕਿ ਗਾਇਕ ਅਰਿਜੀਤ ਸਿੰਘ ਸੱਤਵੇਂ ਸਥਾਨ 'ਤੇ ਹੈ। ਸੂਚੀ ਵਿੱਚ ਸਭ ਤੋਂ ਵੱਧ ਉਮਰ ਵਾਲਾ ਅਦਾਕਾਰ 82 ਸਾਲਾ ਅਮਿਤਾਭ ਬੱਚਨ ਇਕ ਵਾਰ ਫ਼ਿਰ ਤੋਂ 26ਵੇਂ ਸਥਾਨ 'ਤੇ ਹੈ ਜਦਕਿ ਸਭ ਤੋਂ ਘੱਟ ਉਮਰ ਦੀ 17 ਸਾਲਾ ਅਦਾਕਾਰਾ ਨਿਤਾਂਸ਼ੀ ਗੋਇਲ 42ਵੇਂ ਸਥਾਨ 'ਤੇ ਹੈ ਜਿਸ ਨੇ ਭਾਰਤ ਦੀ ਅਧਿਕਾਰਤ ਆਸਕਰ ਫ਼ਿਲਮ 'ਲਾਪਤਾ ਲੇਡੀਜ਼' ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।




**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਕੋਈ ਵੇਲਾ ਸੀ ਕਿ ਪੂਰੇ ਬੌਲੀਵੁੱਡ ਵਿੱਚ ਆਰ.ਕੇ. ਫ਼ਿਲਮਜ਼ ਅਤੇ ਆਰ.ਕੇ. ਸਟੂਡੀਓ ਦੀ ਤੂਤੀ ਬੋਲਦੀ ਸੀ ਅਤੇ ਰਾਜ ਕਪੂਰ ਨੂੰ ਬੌਲੀਵੁੱਡ ਦੇ 'ਸ਼ੋਅਮੈਨ' ਦੇ ਨਾਂ ਨਾਲ ਸਤਿਕਾਰਿਆ ਜਾਂਦਾ ਸੀ। ਹੁਣ ਆਰ.ਕੇ. ਫ਼ਿਲਮਜ਼ ਅਤੇ ਆਰ.ਕੇ. ਸਟੂਡੀਓ ਦੀ ਹੋਂਦ ਤਾਂ ਧੁੰਦਲੀ ਪੈ ਗਈ ਹੈ, ਪਰ ਰਾਜ ਕਪੂਰ ਦਾ 'ਸ਼ੋਅਮੈਨ' ਵਾਲਾ ਦਰਜਾ ਅੱਜ ਵੀ ਬਰਕਰਾਰ ਹੈ। ਅਨੇਕ ਸੁਪਰਹਿੱਟ ਫ਼ਿਲਮਾਂ ਦੇਣ ਲਈ ਉਸ ਨੂੰ ਸਿਨੇ ਪ੍ਰੇਮੀਆਂ ਵੱਲੋਂ ਸਦਾ ਯਾਦ ਕੀਤਾ ਜਾਂਦਾ ਰਹੇਗਾ।

ਪਿਸ਼ਾਵਰ ਵਿਖੇ ਸਥਿਤ ਕਪੂਰ ਹਵੇਲੀ ਵਿੱਚ 14 ਦਸਬੰਰ, 1924 ਨੂੰ ਮਸ਼ਹੂਰ ਅਦਾਕਾਰ ਪ੍ਰਿਥਵੀ ਰਾਜ ਕਪੂਰ ਤੇ ਮਾਤਾ ਰਾਮਸ਼ਰਨੀ ਦੇਵੀ ਦੇ ਘਰ ਰਾਜ ਕਪੂਰ ਦਾ ਜਨਮ ਹੋਇਆ। ਉਸ ਦੇ ਦੋ ਭਰਾ ਸ਼ੰਮੀ ਕਪੂਰ ਤੇ ਸ਼ਸ਼ੀ ਕਪੂਰ ਤਾਂ ਉਸ ਵਾਂਗ ਹੀ ਵੱਡੇ ਹੋ ਕੇ ਫ਼ਿਲਮੀ ਅਦਾਕਾਰ ਬਣੇ, ਪਰ ਭੈਣ ਉਰਮਿਲਾ ਸਿਆਲ ਫ਼ਿਲਮਾਂ ਵਿੱਚ ਨਹੀਂ ਆਈ ਸੀ ਕਿਉਂਕਿ ਰਾਜ ਦੇ ਦਾਦਾ ਬਸ਼ੇਸ਼ਰਨਾਥ ਕਪੂਰ ਤੇ ਖ਼ਾਨਦਾਨ ਦੇ ਹੋਰ ਮੈਂਬਰ ਪਰਿਵਾਰ ਦੀਆਂ ਔਰਤਾਂ ਦੇ ਫ਼ਿਲਮਾਂ ਵਿੱਚ ਕੰਮ ਕਰਨ ਦੇ ਖ਼ਿਲਾਫ਼ ਸਨ। ਰਾਜ ਨੂੰ ਆਪਣੇ ਪਿਤਾ ਤੋਂ ਹੀ ਅਦਾਕਾਰੀ ਦਾ ਗੁਣ ਵਿਰਾਸਤ ਵਿੱਚ ਮਿਲਿਆ ਸੀ। ਸਿਰਫ਼ ਗਿਆਰਾਂ ਸਾਲ ਦੀ ਉਮਰ ਵਿੱਚ ਹੀ ਉਸ ਨੇ ਫ਼ਿਲਮ 'ਇਨਕਲਾਬ' ਰਾਹੀਂ ਫ਼ਿਲਮੀ ਦੁਨੀਆ ਵਿੱਚ ਕਦਮ ਰੱਖ ਦਿੱਤਾ ਸੀ। ਇਸ ਉਪਰੰਤ ਉਸ ਨੇ 'ਬਾਲਮੀਕ', 'ਹਮਾਰੀ ਬਾਤ' ਅਤੇ 'ਗੌਰੀ' ਆਦਿ ਫ਼ਿਲਮਾਂ ਵਿੱਚ ਛੋਟੀਆਂ-ਛੋਟੀਆਂ ਭੂਮਿਕਾਵਾਂ ਨਿਭਾਈਆਂ ਸਨ। ਇਸ ਤੋਂ ਠੀਕ ਬਾਰਾਂ ਸਾਲ ਬਾਅਦ 1947 ਵਿੱਚ ਰਾਜ ਕਪੂਰ ਅਤੇ ਮਧੂਬਾਲਾ ਜਿਹੇ ਨਵੇਂ ਚਿਹਰੇ ਲੈ ਕੇ ਨਿਰਦੇਸ਼ਕ ਕੇਦਾਰ ਸ਼ਰਮਾ ਨੇ ਫ਼ਿਲਮ 'ਨੀਲ ਕਮਲ' ਬਣਾਈ ਜੋ ਸਫ਼ਲ ਰਹੀ।

'ਨੀਲ ਕਮਲ' ਤੋਂ ਬਾਅਦ ਉਸ ਨੇ 'ਦਿਲ ਕੀ ਰਾਨੀ', 'ਦਿਲ ਕੇ ਤਰਾਨੇ', 'ਜੇਲ੍ਹ ਯਾਤਰਾ', 'ਅਮਰ ਪ੍ਰੇਮ', 'ਗੋਪੀਨਾਥ' ਅਤੇ 'ਚਿਤੌੜ ਵਿਜੈ' ਨਾਮਕ ਫ਼ਿਲਮਾਂ ਵਿੱਚ ਵੱਖ-ਵੱਖ ਕਿਰਦਾਰ ਅਦਾ ਕੀਤੇ ਤੇ ਇਨ੍ਹਾਂ ਵਿੱਚੋਂ ਤਿੰਨ ਫ਼ਿਲਮਾਂ ਵਿੱਚ ਤਾਂ ਉਸ ਨੇ ਆਪਣੀ ਆਵਾਜ਼ ਵਿੱਚ ਗੀਤ ਵੀ ਰਿਕਾਰਡ ਕਰਵਾਏ ਸਨ। ਉਹ ਆਪਣੀ ਪਛਾਣ ਨਾ ਬਣਨ ਕਰਕੇ ਖ਼ਾਸਾ ਪਰੇਸ਼ਾਨ ਸੀ। ਉਹ ਕੁਝ ਵੱਡਾ ਤੇ ਪ੍ਰਭਾਵਸ਼ਾਲੀ ਕਰਨਾ ਚਾਹੁੰਦਾ ਸੀ ਤੇ ਸਫ਼ਲ ਅਦਾਕਾਰ ਜਾਂ ਨਿਰਦੇਸ਼ਕ ਬਣਨਾ ਚਾਹੁੰਦਾ ਸੀ। ਇਸ ਲਈ ਕੇਵਲ 24 ਸਾਲ ਦੀ ਉਮਰ ਵਿੱਚ ਹੀ ਉਸ ਨੇ ਆਪਣੇ ਆਰ.ਕੇ. ਸਟੂਡੀਓ ਦੀ ਸਥਾਪਨਾ ਕਰ ਦਿੱਤੀ ਤੇ ਫ਼ਿਲਮ 'ਆਗ' ਨੂੰ ਬਤੌਰ ਨਿਰਮਾਤਾ-ਨਿਰਦੇਸ਼ਕ ਬਣਾ ਕੇ ਬੌਲੀਵੁੱਡ ਨੂੰ ਆਪਣੀ ਕਾਬਲੀਅਤ ਦਾ ਅਹਿਸਾਸ ਕਰਵਾ ਦਿੱਤਾ ਸੀ। ਇਸ ਫ਼ਿਲਮ ਵਿੱਚ ਨਰਗਿਸ, ਕਾਮਿਨੀ ਕੌਸ਼ਲ ਅਤੇ ਰਾਜ ਦੇ ਸਾਲੇ ਪ੍ਰੇਮ ਨਾਥ ਦੀਆਂ ਮੁੱਖ ਭੂਮਿਕਾਵਾਂ ਸਨ।



'ਆਗ' ਤੋਂ ਬਾਅਦ ਉਸ ਨੇ 1949 ਵਿੱਚ 'ਬਰਸਾਤ' ਬਣਾਈ ਜੋ ਕਿ ਸੁਪਰਹਿੱਟ ਫ਼ਿਲਮ ਸੀ। ਫ਼ਿਰ ਉਸ ਨੇ ਆਰ.ਕੇ. ਫ਼ਿਲਮਜ਼ ਦੇ ਬੈਨਰ ਹੇਠ 'ਅਵਾਰਾ', 'ਸ੍ਰੀ 420', 'ਜਾਗਤੇ ਰਹੋ', 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ', 'ਬੂਟ ਪਾਲਿਸ਼', 'ਅਬ ਦਿੱਲੀ ਦੂਰ ਨਹੀਂ' ਆਦਿ ਯਾਦਗਾਰ ਫ਼ਿਲਮਾਂ ਬਣਾਈਆਂ ਸਨ ਜਿਨ੍ਹਾਂ ਵਿੱਚੋਂ 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' ਦੇ ਨਿਰਦੇਸ਼ਨ ਦਾ ਜ਼ਿੰਮਾ ਉਸ ਨੇ ਆਪਣੇ ਸਿਨਮੈਟੋਗ੍ਰਾਫ਼ਰ ਰਾਧੂ ਕਰਮਾਕਰ ਨੂੰ ਸੌਂਪਿਆ ਸੀ। ਰਾਜ ਕਪੂਰ ਨੇ ਆਪਣੇ ਸਮੁੱਚੇ ਕੈਰੀਅਰ ਵਿੱਚ ਦਰਜਨਾਂ ਫ਼ਿਲਮਾਂ 'ਚ ਕੰਮ ਕੀਤਾ ਜਿਨ੍ਹਾਂ ਵਿੱਚੋਂ 'ਆਹ', 'ਦਾਸਤਾਨ', 'ਅਨਹੋਨੀ', 'ਛਲੀਆ', 'ਅਨਾੜੀ', 'ਦਿਲ ਹੀ ਤੋ ਹੈ', 'ਸੰਗਮ', 'ਅਰਾਊਂਡ ਦਿ ਵਰਲਡ', 'ਸਪਨੋਂ ਕਾ ਸੌਦਾਗਰ', 'ਦੋ ਜਾਸੂਸ', 'ਗੋਪੀਚੰਦ ਜਾਸੂਸ' ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। 1982 ਵਿੱਚ ਬਤੌਰ ਅਦਾਕਾਰ ਉਸ ਨੇ 'ਵਕੀਲ ਬਾਬੂ' ਵਿੱਚ ਵੱਡੀ ਭੂਮਿਕਾ ਨਿਭਾਈ ਸੀ ਜਦੋਂ ਕਿ ਫ਼ਿਲਮੀ ਪਰਦੇ 'ਤੇ ਉਸ ਨੂੰ ਅਮਿਤਾਭ ਬੱਚਨ ਦੀ ਫ਼ਿਲਮ 'ਨਸੀਬ' ਦੇ ਇੱਕ ਗੀਤ ਵਿੱਚ ਬੌਲੀਵੁੱਡ ਦੇ ਦਿੱਗਜ ਕਲਾਕਾਰਾਂ ਨਾਲ ਵੇਖਿਆ ਗਿਆ।

ਰਾਜ ਕਪੂਰ ਨੇ ਵੀਹਵੀਂ ਸਦੀ ਦੇ ਛੇਵੇਂ, ਸੱਤਵੇਂ ਤੇ ਅੱਠਵੇਂ ਦਹਾਕੇ ਵਿੱਚ ਆਪਣੀ ਨਿਰਦੇਸ਼ਨ ਕਲਾ ਦਾ ਪੂਰਾ ਲੋਹਾ ਮਨਵਾਇਆ ਸੀ। ਉਸ ਨੇ ਬਤੌਰ ਨਿਰਦੇਸ਼ਕ 'ਆਗ' (1948), 'ਅਵਾਰਾ', 'ਸ੍ਰੀ 420', 'ਅੰਦਾਜ਼', 'ਸੰਗਮ', 'ਮੇਰਾ ਨਾਮ ਜੋਕਰ', 'ਬੌਬੀ', 'ਸੱਤਿਅਮ ਸ਼ਿਵਮ ਸੁੰਦਰਮ', 'ਪ੍ਰੇਮ ਰੋਗ' ਅਤੇ 'ਰਾਮ ਤੇਰੀ ਗੰਗਾ ਮੈਲੀ' (1985) ਆਦਿ ਜਿਹੀਆਂ ਸ਼ਾਹਕਾਰ ਫ਼ਿਲਮਾਂ ਬਣਾਈਆਂ ਸਨ। ਉਸ ਨੂੰ ਆਪਣੀ ਛੇ ਸਾਲ ਦੀ ਮਿਹਨਤ ਨਾਲ ਬਣਾਈ ਫ਼ਿਲਮ 'ਮੇਰਾ ਨਾਮ ਜੋਕਰ' ਦੇ ਫ਼ਲਾਪ ਰਹਿਣ ਦਾ ਬੜਾ ਦੁੱਖ ਹੋਇਆ ਸੀ ਤੇ ਫ਼ਿਰ ਉਸ ਨੇ ਨਵੇਂ ਜ਼ਮਾਨੇ ਦੀ ਸੋਚ ਤੇ ਸ਼ੈਲੀ ਨੂੰ ਫ਼ੜਦਿਆਂ 'ਬੌਬੀ' ਜਿਹੀ ਸੁਪਰਹਿੱਟ ਰੁਮਾਂਟਿਕ ਫ਼ਿਲਮ ਦੇ ਕੇ ਆਪਣਾ ਗੁਆਚਦਾ ਵੱਕਾਰ ਮੁੜ ਪੈਰਾਂ 'ਤੇ ਖੜ੍ਹਾ ਕਰ ਦਿੱਤਾ ਸੀ। ਰਾਜ ਨੇ ਆਪਣੇ ਪੁੱਤਰ ਰਣਧੀਰ ਕਪੂਰ ਨੂੰ ਫ਼ਿਲਮ 'ਕਲ ਆਜ ਔਰ ਕਲ' ਅਤੇ ਰਿਸ਼ੀ ਕਪੂਰ ਨੂੰ 'ਬੌਬੀ' ਰਾਹੀਂ ਫ਼ਿਲਮਾਂ ਵਿੱਚ ਪ੍ਰਵੇਸ਼ ਕਰਵਾਇਆ ਸੀ ਤੇ 1988 ਵਿੱਚ ਬਤੌਰ ਨਿਰਦੇਸ਼ਕ ਫ਼ਿਲਮ 'ਹਿਨਾ' ਰਾਹੀਂ ਆਪਣੇ ਛੋਟੇ ਪੁੱਤਰ ਰਾਜੀਵ ਕਪੂਰ ਨੂੰ ਪੇਸ਼ ਕਰਨ ਜਾ ਰਿਹਾ ਸੀ, ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਉਸੇ ਸਾਲ ਹੀ ਇੱਕ ਦਿਨ ਜਦੋਂ ਨਵੀਂ ਦਿੱਲੀ ਵਿਖੇ ਹੋ ਰਹੇ ਇੱਕ ਸਮਾਗਮ ਵਿੱਚ ਉਸ ਨੂੰ 'ਦਾਦਾ ਸਾਹਿਬ ਫ਼ਾਲਕੇ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾਣਾ ਸੀ ਤਾਂ ਅਚਾਨਕ ਦਮੇ ਦਾ ਗੰਭੀਰ ਦੌਰਾ ਪੈਣ ਕਰਕੇ ਉਸ ਦੀ ਹਾਲਤ ਖ਼ਰਾਬ ਹੋ ਗਈ ਤੇ ਉਸ ਨੂੰ ਏਮਜ਼ ਹਸਪਤਾਲ ਵਿੱਚ ਦਾਖਲ ਕਰਵਾਉਣਾ ਪਿਆ। ਇਸ ਘਟਨਾ ਤੋਂ ਠੀਕ ਇੱਕ ਮਹੀਨੇ ਬਾਅਦ ਰਾਜ ਕਪੂਰ ਸਦੀਵੀ ਵਿਛੋੜਾ ਦੇ ਗਿਆ। ਉਸ ਦੇ ਦੇਹਾਂਤ ਉਪਰੰਤ ਰਣਧੀਰ ਕਪੂਰ ਨੇ ਬਤੌਰ ਨਿਰਦੇਸ਼ਕ ਰਾਜ ਦੀ ਆਖ਼ਰੀ ਫ਼ਿਲਮ 'ਹਿਨਾ' ਨੂੰ ਰਿਸ਼ੀ ਕਪੂਰ ਤੇ ਪਾਕਿਸਤਾਨੀ ਅਦਾਕਾਰ ਜ਼ੇਬਾ ਬਖ਼ਤਿਆਰ ਨੂੰ ਲੈ ਕੇ ਪੂਰਾ ਕੀਤਾ ਸੀ ਤੇ 1991 ਵਿੱਚ ਰਿਲੀਜ਼ ਕੀਤਾ ਸੀ। ਇਹ ਫ਼ਿਲਮ ਕਾਫ਼ੀ ਸਫ਼ਲ ਰਹੀ ਸੀ। ਰਾਜ ਕਪੂਰ ਤਿੰਨ ਰਾਸ਼ਟਰੀ ਪੁਰਸਕਾਰਾਂ, 11 ਫ਼ਿਲਮਫ਼ੇਅਰ ਪੁਰਸਕਾਰਾਂ, ਦੋ ਲਾਈਫ਼ਟਾਈਮ ਐਚੀਵਮੈਂਟ ਐਵਾਰਡਾਂ ਅਤੇ ਪਦਮ ਭੂਸ਼ਣ ਜਿਹੇ ਉੱਚ ਸਨਮਾਨਾਂ ਨਾਲ ਸਨਮਾਨਿਤ ਬੌਲੀਵੁੱਡ ਦੀ ਇੱਕ ਵੱਡੀ ਹਸਤੀ ਸੀ ਜਿਸ ਦੇ ਨਾਂ ਦੀਆਂ ਬਾਤਾਂ ਬੌਲੀਵੁੱਡ ਵਿੱਚ ਕਈ ਸਦੀਆਂ ਤੱਕ ਪੈਂਦੀਆਂ ਰਹਿਣਗੀਆਂ।

## ਸ੍ਰੀ ਅਕਾਲ ਤਖ਼ਤ ਸਾਹਿਬ...

ਇਸ ਇਕੱਠ ਨੇ ਹੀ ਫਖਰ -ਏ- ਕੌਮ ਦੇ ਸਨਮਾਨ ਨੂੰ ਰੱਦ ਕਰ ਦਿੱਤਾ ਅਤੇ ਇਹ ਉਹ ਫੈਸਲਾ ਹੈ ਜਿਸ 'ਤੇ ਅਕਾਲ ਤਖ਼ਤ ਨੇ 9 ਸਾਲ ਬਾਅਦ 2 ਦਸੰਬਰ ਨੂੰ ਆਪਣੀ ਮੋਹਰ ਲਗਾਈ। ਬਰਗਾੜੀ ਕਾਂਡ ਦੇ ਨਾਲ ਹੀ ਚੱਬਾ ਇਕੱਠ ਸਮੇਤ ਅਕਾਲੀ ਦਲ ਦਾ ਪਤਨ ਸ਼ੁਰੂ ਹੋਇਆ ਅਤੇ ਇਹ ਇਤਿਹਾਸਕ ਪਾਰਟੀ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਵਿਰੋਧੀ ਧਿਰ ਵਜੋਂ ਵੀ ਆਪਣੀ ਥਾਂ ਗੁਆ ਬੈਠੀ। ਇਸ ਦੀ ਥਾਂ ਆਮ ਆਦਮੀ ਪਾਰਟੀ ਨੇ ਲੈ ਲਈ। ਅਕਾਲੀ ਦਲ ਨੂੰ 2022 ਵਿੱਚ ਸਭ ਤੋਂ ਬੁਰੀ ਤਰ੍ਹਾਂ ਦਾ ਸਾਹਮਣਾ ਕਰਨਾ ਪਿਆ ਅਤੇ ਸਿਰਫ਼ ਤਿੰਨ ਵਿਧਾਇਕ ਹੀ ਰਹਿ ਗਏ। ਪਾਰਟੀ ਸਿਆਸੀ ਚਰਚਾ ਵਿੱਚ ਪੂਰੀ ਤਰ੍ਹਾਂ ਹਾਸ਼ੀਏ 'ਤੇ ਖੜ੍ਹੀ ਹੈ। ਹਾਲਾਂਕਿ ਪੰਥਕ ਧਾਰਾ ਸਰਗਰਮ ਹੈ।

ਮੁੱਦਾ ਇਹ ਹੈ ਕਿ ਡੇਰਾ ਸੱਚਾ ਸੌਦਾ ਲਈ ਚੋਟੀ ਦੀ ਅਕਾਲੀ ਲੀਡਰਸ਼ਿਪ ਦਾ ਇਹ ਨਰਮ ਰੁਖ ਕਿਉਂ ਹੈ। ਇਸ ਦਾ ਜਵਾਬ 2009 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹਲਕਿਆਂ ਦੀ ਹੱਦਬੰਦੀ ਵਿੱਚ ਹੈ।

ਬਾਦਲ ਦੇ ਗੜ੍ਹ ਫਰੀਦਕੋਟ ਨੂੰ ਰਿਜ਼ਰਵ ਐਲਾਨ ਦਿੱਤਾ ਗਿਆ ਸੀ। ਬਾਦਲ ਪਰਿਵਾਰ ਹੁਣ ਬਠਿੰਡਾ ਵਿੱਚ ਤਬਦੀਲ ਹੋ ਗਿਆ ਹੈ, ਜਿਸ ਹਲਕੇ ਵਿੱਚ ਡੇਰਾ ਸੱਚਾ ਸੌਦਾ ਦੇ ਵੱਡੇ ਪੈਰੋਕਾਰ ਹਨ। ਹਰਸਿਮਰਤ ਕੌਰ ਬਾਦਲ 2009 ਤੋਂ ਇਸ ਹਲਕੇ ਦੀ ਨੁਮਾਇੰਦਗੀ ਕਰ ਰਹੀ ਹੈ। ਇਹ ਵੀ ਮਹੱਤਵਪੂਰਨ ਹੈ ਕਿ ਸਿੱਖਾਂ ਅਤੇ ਡੇਰਾ ਸੱਚਾ ਸੌਦਾ ਵਿਚਾਲੇ ਇਸ ਟਕਰਾਅ ਦੇ ਬਾਵਜੂਦ 2024 ਵਿੱਚ ਵੀ ਉਨ੍ਹਾਂ ਨੇ ਜਿੱਤ ਹਾਸਲ ਕੀਤੀ ਸੀ। ਮੌਜੂਦਾ ਢਾਂਚਾ ਵੀ ਇੱਕ ਕਾਰਕ ਦੱਸਿਆ ਜਾਂਦਾ ਹੈ। ਅਕਾਲੀ ਦਲ, ਜਿਸ ਕੋਲ ਕਈ ਸਾਲਾਂ ਤੋਂ ਸਿਖਰ 'ਤੇ ਨੇਤਾਵਾਂ ਦੀ ਗਿਣਤੀ ਸੀ, 1995 ਵਿੱਚ ਦੋ-ਧਰੁਵੀ ਹੋ ਗਿਆ ਜਦੋਂ ਬਾਦਲ ਅਤੇ ਟੌਹੜਾ ਇਕਜੁੱਟ ਹੋ ਗਏ। 1995 ਤੋਂ ਪੰਥ ਅਤੇ ਪੰਜਾਬ ਤੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵੱਲ ਸ਼ੁਰੂ ਹੋਈ ਪਾਰਟੀ ਦੀ ਵਿਚਾਰਧਾਰਕ ਸਥਿਤੀ ਵਿੱਚ ਤਬਦੀਲੀ ਦਾ ਮੋੜ ਸੀ ਜੋ ਫਰਵਰੀ 1996 ਵਿੱਚ ਮੋਗਾ ਵਿਖੇ 75ਵੀਂ ਵਰ੍ਹੇਗੰਢ ਮੌਕੇ ਪ੍ਰਕਾਸ਼ ਸਿੰਘ ਬਾਦਲ ਦੇ ਭਾਸ਼ਣ ਵਿੱਚ ਝਲਕਦਾ ਸੀ। ਭਾਵੇਂ ਇਸ ਵਿੱਚ ਕੋਈ ਮਤਾ ਪ੍ਰਭਾਵ ਨਾਲ ਪਾਸ ਨਹੀਂ ਕੀਤਾ ਗਿਆ ਸੀ, ਇਸ ਸ਼ਬਦਾਵਲੀ ਨੂੰ ਬਾਅਦ ਵਿੱਚ ਮੋਗਾ ਐਲਾਨਨਾਮੇ ਵਜੋਂ ਜਾਣਿਆ ਜਾਣ ਲੱਗਾ। ਪੰਥ ਅਤੇ ਪੰਜਾਬ ਤੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੱਕ ਪਾਰਟੀ ਦੀ ਵਿਚਾਰਧਾਰਕ ਪੁਨਰ ਸਥਾਪਤੀ ਇਸ ਕਾਨਫਰੰਸ ਨਾਲ ਸ਼ੁਰੂ ਹੋਈ। ਇਹੀ ਪੁਨਰ-ਸਥਾਪਨਾ ਹੀ ਹੈ ਜਿਸ ਨੇ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਦੀ ਰਣਨੀਤੀ ਅਤੇ ਰਣਨੀਤੀ ਤੈਅ ਕੀਤੀ ਹੈ। ਪਾਰਟੀ ਪੰਥਕ ਧਾਰਾ ਤੋਂ ਦੂਰ ਭਟਕਣ ਲੱਗੀ ਅਤੇ ਅਪ੍ਰੈਲ 1999 ਵਿੱਚ ਅਨੰਦਪੁਰ ਸਾਹਿਬ ਵਿਖੇ ਮਨਾਏ ਗਏ ਖ਼ਾਲਸਾ ਸਾਜਣਾ ਦਿਵਸ ਨੂੰ ਭਰਵੇਂ ਹੁੰਗਾਰੇ ਦੇ ਬਾਵਜੂਦ, ਪਾਰਟੀ ਕੁਝ ਮਹੀਨਿਆਂ ਬਾਅਦ ਹੋਈਆਂ ਲੋਕ ਸਭਾ ਚੋਣਾਂ ਵਿੱਚ ਇੱਕ ਧਰੁਵੀ ਅਗਵਾਈ ਵਿੱਚ ਬੁਰੀ ਤਰ੍ਹਾਂ ਹਾਰ ਗਈ, 13 ਵਿਚੋਂ ਸਿਰਫ ਇਕ ਹੀ ਸੀਟ ਜਿੱਤ ਸਕੀ।

ਇਹ ਉਹੀ ਤਬਦੀਲੀ ਹੈ ਜਿਸ ਤਹਿਤ ਪਾਰਟੀ ਨੇ ਹੋਰ ਵੋਟ ਬੈਂਕਾਂ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਅਤੇ 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਿੰਦੂ ਉਮੀਦਵਾਰਾਂ ਨੂੰ ਦਰਜਨ ਦੇ ਕਰੀਬ ਟਿਕਟਾਂ ਦਿੱਤੀਆਂ। ਡੇਰਾ ਸੱਚਾ ਸੌਦਾ ਦੇ ਬਿਰਤਾਂਤ ਦੀ ਜੜ੍ਹ ਇਸ ਤਬਦੀਲੀ ਵਿੱਚ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵੱਲ ਤਬਦੀਲੀ ਨੂੰ ਪੰਥ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਬੋਲੀ ਨਾਲ ਸੰਤੁਲਿਤ ਹੋਣਾ ਚਾਹੀਦਾ ਸੀ। ਇਸ ਤਬਦੀਲੀ ਨੇ ਅਕਾਲੀ ਦਲ ਨੂੰ ਪੰਥਕ ਤਾਕਤਾਂ ਨਾਲ ਟਕਰਾਅ ਵਿੱਚ ਲਿਆ ਦਿੱਤਾ। ਦਿਲਚਸਪ

ਗੱਲ ਇਹ ਹੈ ਕਿ ਇਹ ਤਾਕਤਾਂ ਸਿੱਧੇ ਤੌਰ 'ਤੇ ਚੋਣਾਂ ਨਹੀਂ ਜਿੱਤ ਸਕਦੀਆਂ ਪਰ ਮਜ਼ਬੂਤ ਪ੍ਰਭਾਵ ਪਾਉਣ ਦੀ ਪ੍ਰਵਿਰਤੀ ਰੱਖਦੀਆਂ ਹਨ। ਇਹ ਉਹ ਵਰਗ ਸੀ ਜੋ ਕੈਪਟਨ ਦੀ ਅਗਵਾਈ ਹੇਠ ਕਾਂਗਰਸ ਦਾ ਸਾਥ ਦਿੰਦਾ ਸੀ। ਅਮਰਿੰਦਰ ਸਿੰਘ ਨੇ ਬਰਗਾੜੀ ਮੁੱਦੇ 'ਤੇ ਇਨਸਾਫ਼ ਦਿਵਾਉਣ ਦਾ ਵਾਅਦਾ ਕੀਤਾ ਸੀ ਪਰ ਅਸਫਲ ਰਹੇ। ਇਸੇ ਵਰਗ ਨੇ 2022 ਦੀਆਂ ਚੋਣਾਂ 'ਚ 'ਆਪ' ਨੂੰ ਸਮਰਥਨ ਦਿੱਤਾ ਸੀ। ਆਪਣੇ ਅਜੀਬ ਸਿਆਸੀ ਪ੍ਰਵਚਨ ਕਾਰਨ ਪੰਜਾਬ ਨੂੰ ਸਿਰਫ਼ ਪੰਜਾਬ ਵਿੱਚ ਹੀ ਨਹੀਂ ਸਗੋਂ ਵਿਸ਼ਵ ਪੱਧਰ 'ਤੇ ਸਿੱਖਾਂ ਦੀ ਆਵਾਜ਼ ਵਜੋਂ ਇੱਕ ਮਜ਼ਬੂਤ ਅਕਾਲੀ ਦਲ ਦੀ ਲੋੜ ਹੈ। ਭਾਰਤ ਅਤੇ ਦੁਨੀਆਂ ਭਰ ਦੇ ਸਿੱਖ ਆਪਣੇ ਮਸਲਿਆਂ ਦੇ

ਹੱਲ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਵੱਲ ਦੇਖਦੇ ਹਨ ਅਤੇ ਇਹ ਸੰਸਥਾਵਾਂ ਸਿੱਧੇ ਤੌਰ 'ਤੇ ਅਕਾਲੀ ਦਲ ਨਾਲ ਜੁੜੀਆਂ ਹੋਈਆਂ ਹਨ। ਇਹ ਸਿਰਫ਼ ਅਕਾਲੀ ਦਲ ਹੀ ਨਹੀਂ ਹੈ, ਸਗੋਂ ਇਹ ਦੋ ਸਰਵਉੱਚ ਅਦਾਰੇ ਵੀ ਲਗਾਤਾਰ ਡਿੱਗਦੇ ਨਜ਼ਰ ਆ ਰਹੇ ਹਨ। 2 ਦਸੰਬਰ ਦੇ ਬਿਰਤਾਂਤ ਨੇ ਅਕਾਲ ਤਖ਼ਤ ਦੀ ਸ਼ਾਨ ਅਤੇ ਕਮਾਂਡਿੰਗ ਭੂਮਿਕਾ ਨੂੰ ਬਹਾਲ ਕਰ ਦਿੱਤਾ ਹੈ।

ਮਸਲਾ ਇਹ ਹੈ ਕਿ ਅਕਾਲੀ ਦਲ ਨੂੰ ਨਵਾਂ ਰੂਪ ਦੇਣ ਦੀ ਲੋੜ ਹੈ, ਨਾ ਸਿਰਫ਼ ਇੱਕ ਮਜ਼ਬੂਤ ਚੋਣ ਮਸ਼ੀਨ ਵਜੋਂ, ਸਗੋਂ ਸਿੱਖਾਂ ਦੀ ਆਵਾਜ਼ ਵਜੋਂ ਵੀ। ਹੁਕਮਨਾਮੇ ਨੇ ਮੌਜੂਦਾ ਸਮੁੱਚੀ ਲੀਡਰਸ਼ਿਪ ਨੂੰ ਇਹ ਕਹਿ ਕੇ ਦੋਸ਼ੀ ਠਹਿਰਾਇਆ ਹੈ ਕਿ ਮੌਜੂਦਾ ਲੀਡਰਸ਼ਿਪ ਧਾਰਮਿਕ ਸਜ਼ਾ ਸੁਣਾਉਂਦੇ ਹੋਏ ਕੌਮ ਦੀ ਅਗਵਾਈ ਕਰਨ ਦੇ ਯੋਗ ਨਹੀਂ ਸੀ। ਹਾਲਾਂਕਿ, 6 ਦਸੰਬਰ ਨੂੰ ਵੀ ਪਾਰਟੀ ਬੁਲਾਰੇ ਨੇ ਇਸ ਲਾਈਨ 'ਤੇ ਵਾਰ ਕੀਤਾ ਕਿ ਅਕਾਲੀ ਦਲ ਨੂੰ ਇੱਕ ਸਾਜ਼ਿਸ਼ ਤਹਿਤ ਕਮਜ਼ੋਰ ਕੀਤਾ ਜਾ ਰਿਹਾ ਹੈ। ਸੁਖਬੀਰ 'ਤੇ ਹਮਲੇ ਨੇ ਫਿਲਹਾਲ ਬਿਰਤਾਂਤ ਨੂੰ ਮੋੜ ਦਿੱਤਾ ਹੈ ਪਰ ਹੁਕਮਨਾਮੇ ਵਿੱਚ ਦਰਸਾਏ ਗਏ ਬੁਨਿਆਦੀ ਮੁੱਦਿਆਂ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ-ਸੁਰਜੀਤੀ ਤੋਂ ਬਾਅਦ ਨਵਾਂ

ਨੀਤੀਗਤ ਪ੍ਰੋਗਰਾਮ ਤਿਆਰ ਕਰਨਾ ਪਵੇਗਾ। 1968 ਦੇ ਬਟਾਲਾ ਮਤੇ, 1973 ਦੇ ਆਨੰਦਪੁਰ ਸਾਹਿਬ ਦੇ ਮਤੇ, 1978 ਦੇ ਨੀਤੀ ਪ੍ਰੋਗਰਾਮ ਅਤੇ 1994 ਦੇ ਅੰਮ੍ਰਿਤਸਰ ਐਲਾਨਨਾਮੇ ਰਾਹੀਂ ਚੱਲੀ ਪਾਰਟੀ ਦਾ ਇਹ ਅਮਲ ਰਿਹਾ ਹੈ। ਭਾਵੇਂ ਸੁਖਬੀਰ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੀ ਉਮੀਦ ਹੈ ਪਰ 2 ਦਸੰਬਰ ਦੇ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਦਾ ਸਿੱਖਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। ਇਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਬਦਲਦੀਆਂ ਸਥਿਤੀਆਂ ਦੇ ਅਨੁਕੂਲ ਸਿੱਖ ਰਾਜ-ਸੱਤਾ ਨੂੰ ਨਵਾਂ ਰੂਪ ਦੇ ਕੇ ਸਿੱਖ ਖੇਤਰ ਵਿੱਚ ਇੱਕ ਨਵੀਂ ਸ਼ੁਰੂਆਤ ਹੋਵੇਗੀ। ਫਿਲਹਾਲ ਦੋਸ਼ੀ ਲੀਡਰਸ਼ਿਪ ਤਪੱਸਿਆ ਕਰ ਰਹੀ ਹੈ। ਕੀ ਇਹ ਪ੍ਰਾਸਚਿਤ ਉਨ੍ਹਾਂ ਨੂੰ ਬਦਲ ਦੇਵੇਗਾ? ਇਹ ਇੱਕ ਵੱਡਾ ਸਵਾਲ ਹੈ। ਪੰਥ ਪਹਿਲਾਂ ਵਾਲੇ ਨਿਰਸਵਾਰਥ ਆਗੂਆਂ ਦੀ ਵਿਰਾਸਤ ਨੂੰ ਬਹਾਲ ਕਰਨ ਦੀ ਆਸ ਰੱਖਦਾ ਹੈ।

***

## ਅਮਰੀਕਾ ਨਾਲ ਭਾਰਤ ਦੇ ਸਬੰਧ ਵਿਗੜਨ ਲੱਗੇ...

ਇਸ ਦੀ ਰਾਖੀ ਲਈ ਕੁਰਬਾਨ ਹੋਵੇ ਅਤੇ ਜੇ ਵਿਰੋਧੀ ਧਿਰ ਭ੍ਰਿਸ਼ਟਾਚਾਰ ਦਾ ਮੁੱਦਾ ਉਠਾਵੇ ਤਾਂ ਸੰਸਦ ਵਿੱਚ ਬਹਿਸ ਨਹੀਂ ਹੋਣੀ ਦਿੱਤੀ ਜਾਵੇ। ਇਸ ਦੇ ਉਲਟ ਵਿਰੋਧੀ ਧਿਰ ਨੂੰ ਬਾਹਰਲੇ ਮੁਲਕ ਦੀ ਕਠਪੁਤਲੀ ਕਰਾਰ ਦਿੱਤਾ ਹੋਵੇ। ਮੀਡੀਆ ਉੱਪਰ ਅਜਿਹੀਆਂ ਖ਼ਬਰਾਂ ਛਾਪਣ ਦੀ ਪਾਬੰਦੀ ਹੋਵੇ। ਅਜਿਹਾ ਕਰਕੇ ਮੋਦੀ ਸਰਕਾਰ ਨੇ ਅਮਰੀਕਾ ਨਾਲ ਸੰਬੰਧ ਵਿਗਾੜ ਲੈਣੇ ਹਨ। ਭਾਰਤ ਅਮਰੀਕਾ ਦੀ ਬਹੁਤੀ ਪਰਵਾਹ ਇਸ ਲਈ ਨਹੀਂ ਕਰ ਰਿਹਾ ਕਿਉਂ ਕਿ ਉਸ ਨੂੰ ਰੂਸ ਵੱਡਾ ਸਹਾਰਾ ਦਿਖਾਈ ਦੇ ਰਿਹਾ ਹੈ ਜੋ ਯੂਕਰੇਨ ਨਾਲ ਜੰਗ ਵਿੱਚ ਫਸਿਆ ਹੋਇਆ ਹੈ।

ਭਾਰਤ ਦੇ ਵਿਦੇਸ਼ ਮੰਤਰੀ, ਗ੍ਰਹਿ ਮੰਤਰੀ, ਵਿੱਤ ਮੰਤਰੀ ਜਾਂ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੂੰ ਚਾਹੀਦਾ ਹੈ ਕਿ ਉਹ ਅਮਰੀਕਾ ਨੂੰ ਇਸ ਮਾਮਲੇ ਵਿੱਚ ਭੰਡਣ ਤੋਂ ਬਚਣ ਕਿਉਂਕਿ ਅਡਾਨੀ ਗਰੁੱਪ ਨਾ ਤਾਂ ਭਾਜਪਾ ਦਾ ਮੈਂਬਰ ਹੈ ਅਤੇ ਨਾ ਹੀ ਆਰ.ਐਸ.ਐਸ. ਦਾ ਵਲੰਟੀਅਰ ਹੈ ਤੇ ਨਾ ਹੀ ਦੇਸ਼ ਦਾ ਮਾਣ। ਯਾਦ ਰਹੇ ਕਿ ਭਾਰਤ ਦੇ ਸੁਰੱਖਿਆ ਮੁਖੀ ਅਜੀਤ ਡੋਭਾਲ ਖ਼ਿਲਾਫ਼ ਵੀ ਖ਼ਾਲਿਸਤਾਨੀ ਪਨੂੰ ਮਾਮਲੇ ਵਿੱਚ ਅਮਰੀਕੀ ਅਦਾਲਤ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਹਾਲ ਦੀ ਘੜੀ ਭਾਰਤ ਬੁਰੀ ਤਰ੍ਹਾਂ ਫਸਿਆ ਹੋਇਆ ਹੈ।

***

## ਕਿਸਾਨ ਆਗੂ ਡੱਲੇਵਾਲ ਵੱਲੋਂ

ਇਸੇ ਤਰ੍ਹਾਂ ਝੋਨੇ ਦੇ ਭਾਅ ਵਿੱਚ ਵੀ ਇੰਨਾ ਕੁ ਵਾਧਾ ਕੀਤਾ ਗਿਆ ਸੀ। ਪਿਛਲੇ ਦਸ ਸਾਲਾਂ ਵਿੱਚ ਮਹਿੰਗਾਈ ਦਰ ਵਿੱਚ ਔਸਤਨ ਵਾਧੇ ਦੀ ਦਰ 6 ਫ਼ੀਸਦੀ ਰਹੀ ਹੈ ਅਤੇ ਇਸ ਲਿਹਾਜ਼ ਤੋਂ ਕਿਸਾਨਾਂ ਦੇ ਪੱਲੇ ਕੁਝ ਵੀ ਨਹੀਂ ਪਾਇਆ ਗਿਆ ਤਾਂ ਫ਼ਿਰ ਕਿਹੜੇ ਆਧਾਰ 'ਤੇ ਸਰਕਾਰ ਇਹ ਦਾਅਵਾ ਕਰਦੀ ਰਹੀ ਹੈ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦਿੱਤੀ ਗਈ ਹੈ।

ਗਿਆਰ੍ਹਵਾਂ ਮਹੀਨਾ ਸ਼ੁਰੂ ਹੋ ਗਿਆ ਹੈ। ਐੱਮ.ਐੱਸ.ਪੀ. ਦਾ ਕਾਨੂੰਨ ਕਿਸਾਨ ਅੰਦੋਲਨ ਦੀ ਪ੍ਰਮੁੱਖ ਮੰਗ ਹੈ ਜਿਸ ਬਾਰੇ ਫ਼ੈਸਲਾ ਕੇਂਦਰ ਸਰਕਾਰ ਨੇ ਲੈਣਾ ਹੈ। ਇਸ ਸਬੰਧ ਵਿੱਚ ਸੁਪਰੀਮ ਕੋਰਟ ਨੇ ਸਿਰਫ਼ ਇੰਨਾ ਕਿਹਾ ਸੀ ਕਿ ਕੇਂਦਰ ਅਤੇ ਅੰਦੋਲਨਕਾਰੀ ਕਿਸਾਨਾਂ ਵਿੱਚ ਰਾਬਤਾ ਬਹਾਲ ਹੋਣਾ ਚਾਹੀਦਾ ਹੈ। ਅਦਾਲਤ ਵੱਲੋਂ ਇਸ ਸਬੰਧ ਵਿੱਚ ਕਾਇਮ ਕੀਤੀ ਗਈ ਕਮੇਟੀ ਦੀ ਅੰਤਰਿਮ ਰਿਪੋਰਟ ਵੀ ਆ ਚੁੱਕੀ ਹੈ। ਕੇਂਦਰ ਸਰਕਾਰ ਨੂੰ ਇਸ ਮਾਮਲੇ 'ਤੇ ਸੁਪਰੀਮ ਕੋਰਟ ਦੀ ਆੜ ਲੈਣ ਦੀ ਲੋੜ ਨਹੀਂ ਹੈ ਸਗੋਂ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਉਸ ਕੋਲ ਕਿਸਾਨਾਂ ਦੀ ਇਸ ਗੱਲ ਦਾ ਕੀ ਜਵਾਬ ਹੈ ਕਿ ਜੇ ਉਹ ਫ਼ਸਲਾਂ 'ਤੇ ਭਰਵੀਂ ਐੱਮ.ਐੱਸ.ਪੀ. ਦੇ ਰਹੀ ਹੈ ਤਾਂ ਫ਼ਿਰ ਇਸ ਸਬੰਧੀ ਕਾਨੂੰਨ ਬਣਾਉਣ ਵਿੱਚ ਉਸ ਨੂੰ ਕੀ ਹਰਜ਼ ਹੈ?

ਇਸ ਤੋਂ ਇਲਾਵਾ ਸ਼ੰਭੂ ਦੀ ਸਰਹੱਦ ਤੋਂ ਪਿਛਲੇ ਦਿਨਾਂ ਦੌਰਾਨ ਤਿੰਨ ਵਾਰ ਕਿਸਾਨਾਂ ਨੇ ਪੁਰਅਮਨ ਢੰਗ ਨਾਲ ਦਿੱਲੀ ਜਾਣ ਲਈ ਜਥਿਆਂ ਦੇ ਰੂਪ ਵਿੱਚ ਹਰਿਆਣੇ ਵੱਲ ਵਧਣ ਦੇ ਯਤਨ ਕੀਤੇ ਹਨ। ਪਰ ਹਰਿਆਣਾ ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲੇ ਛੱਡ ਕੇ ਅਤੇ ਰਬੜ ਦੀਆਂ ਗੋਲੀਆਂ ਚਲਾ ਕੇ ਕਿਸਾਨਾਂ ਨੂੰ ਅੱਗੇ ਵਧਣ ਤੋਂ ਵਾਰ-ਵਾਰ ਰੋਕਿਆ ਗਿਆ, ਜਿਸ ਕਾਰਨ ਅਨੇਕਾਂ ਕਿਸਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਵੀ ਹੋਏ ਹਨ। ਇਸ ਵਾਰ ਤਾਂ ਹਰਿਆਣਾ ਪੁਲਿਸ ਵੱਲੋਂ ਕਿਸਾਨਾਂ 'ਤੇ ਘੱਗਰ ਦਾ ਰਸਾਇਣਾਂ ਯੁਕਤ ਗੰਦਾ ਪਾਣੀ ਵੀ ਸੁੱਟਿਆ ਗਿਆ। ਇਥੇ ਵਰਣਨਯੋਗ ਹੈ ਕਿ ਸੰਯੁਕਤ ਕਿਸਾਨ ਮੋਰਚਾ (ਗ਼ੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵੱਲੋਂ ਸਾਂਝੇ ਤੌਰ 'ਤੇ ਪਿਛਲੇ 10 ਮਹੀਨਿਆਂ ਤੋਂ ਸ਼ੰਭੂ ਅਤੇ ਖਨੌਰੀ ਦੀਆਂ ਹਰਿਆਣੇ ਨਾਲ ਲਗਦੀਆਂ ਸਰਹੱਦਾਂ 'ਤੇ ਖੇਤੀ ਜਿਣਸਾਂ ਦੇ ਸਵਾਮੀਨਾਥਨ ਕਮਿਸ਼ਨ ਦੇ ਸੀ2+50 ਫ਼ੀਸਦੀ ਮੁਨਾਫ਼ੇ ਦੇ ਫ਼ਾਰਮੂਲੇ ਮੁਤਾਬਿਕ ਸਮਰਥਨ ਮੁੱਲ ਹਾਸਿਲ ਕਰਨ ਅਤੇ ਹੋਰ 11 ਕਿਸਾਨੀ ਮੰਗਾਂ ਲਈ ਸੰਘਰਸ਼ ਆਰੰਭਿਆ ਹੋਇਆ ਹੈ।

ਸੁਪਰੀਮ ਕੋਰਟ ਵੱਲੋਂ ਬਣਾਈ ਗਈ ਕਮੇਟੀ ਕਿਸਾਨੀ ਮੰਗਾਂ ਬਾਰੇ ਇਸ ਸਮੇਂ ਵੀ ਵਿਚਾਰ ਕਰ ਰਹੀ ਹੈ। ਪਰ ਸੁਪਰੀਮ ਕੋਰਟ ਨੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਵਲੋਂ ਲਗਾਏ ਪੱਕੇ ਧਰਨਿਆਂ ਅਤੇ ਦੂਜੇ ਪਾਸੇ ਹਰਿਆਣੇ ਦੀ ਸਰਹੱਦ ਅੰਦਰ ਸੁਰੱਖਿਆ ਦਲਾਂ ਵੱਲੋਂ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਲਗਾਈਆਂ ਗਈਆਂ ਪੱਕੀਆਂ ਰੋਕਾਂ ਕਾਰਨ ਪਿਛਲੇ 10 ਮਹੀਨਿਆਂ ਤੋਂ ਹਰਿਆਣੇ ਅਤੇ ਪੰਜਾਬ ਦਰਮਿਆਨ ਜੋ ਸੜਕੀ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ, ਉਸ ਸੰਬੰਧੀ ਅਜੇ ਤੱਕ ਵੀ ਕੋਈ ਸਪੱਸ਼ਟ ਫ਼ੈਸਲਾ ਨਹੀਂ ਲਿਆ।

ਇਨ੍ਹਾਂ ਸਰਕਾਰੀ ਪਬੰਦੀਆਂ ਕਾਰਨ ਪੰਜਾਬ ਤੋਂ ਹਿਮਾਚਲ ਅਤੇ ਜੰਮੂ-ਕਸ਼ਮੀਰ ਜਾਣ ਵਾਲੇ ਲੋਕਾਂ ਨੂੰ ਵੀ ਇਹੋ ਜਿਹੀਆਂ ਹੀ ਮੁਸ਼ਕਿਲਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਪੰਜਾਬ ਦੇ ਸਨਅਤਕਾਰਾਂ ਅਤੇ ਵਪਾਰੀਆਂ ਨੂੰ ਆਪਣਾ ਮਾਲ ਬਾਹਰ ਭੇਜਣ ਜਾਂ ਦਿੱਲੀ ਜਾਂ ਹਰਿਆਣੇ ਤੋਂ ਮਾਲ ਮੰਗਵਾਉਣ ਲਈ ਵੀ ਵੱਡੀਆਂ ਔਕੜਾਂ ਆ ਰਹੀਆਂ ਹਨ।

ਸੁਪਰੀਮ ਕੋਰਟ ਨੂੰ ਬਿਨਾਂ ਦੇਰੀ ਸਪੱਸ਼ਟ ਰੂਪ ਵਿੱਚ ਆਦੇਸ਼ ਦੇਣੇ ਚਾਹੀਦੇ ਸਨ ਕਿ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਹਰਿਆਣੇ ਦੇ ਸੁਰੱਖਿਆ ਦਲਾਂ ਵੱਲੋਂ ਜੋ ਕੰਕਰੀਟ ਦੀਆਂ ਰੋਕਾਂ ਖੜ੍ਹੀਆਂ ਕੀਤੀਆਂ ਗਈਆਂ ਹਨ ਜਾਂ ਕੰਡਿਆਲੀਆਂ ਤਾਰਾਂ ਲਗਾਈਆਂ ਗਈਆਂ ਹਨ, ਉਨ੍ਹਾਂ ਨੂੰ ਤੁਰੰਤ ਹਟਾਇਆ ਜਾਵੇ ਅਤੇ ਕਿਸਾਨਾਂ ਨੂੰ ਪੁਰਅਮਨ ਢੰਗ ਨਾਲ ਰੋਸ ਪ੍ਰਗਟ ਕਰਨ ਲਈ ਦੇਸ਼ ਦੀ ਰਾਜਧਾਨੀ ਦਿੱਲੀ ਆਉਣ ਦਿੱਤਾ ਜਾਵੇ। ਜੇ ਮੋਦੀ ਸਰਕਾਰ ਚਾਹੁੰਦੀ ਤਾਂ ਉਹ ਪੁਰਅਮਨ ਢੰਗ ਨਾਲ ਰੋਸ ਪ੍ਰਗਟ ਕਰਨ ਲਈ ਕਿਸਾਨਾਂ ਨੂੰ ਜੰਤਰ ਮੰਤਰ 'ਤੇ ਜਾਂ ਰਾਮ ਲੀਲ੍ਹਾ ਗਰਾਊਂਡ ਵਿੱਚ ਥਾਂ ਦੇ ਸਕਦੀ ਸੀ ਪਰ ਹਰਿਆਣਾ ਅਤੇ ਕੇਂਦਰ ਦੀ ਸਰਕਾਰ ਨੂੰ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਪੱਕੀਆਂ ਕੰਕਰੀਟ ਦੀਆਂ ਰੋਕਾਂ ਖੜ੍ਹੀਆਂ ਕਰਕੇ ਸੜਕਾਂ ਨੂੰ ਰੋਕਣ ਦਾ ਨਾ ਤਾਂ ਕੋਈ ਸੰਵਿਧਾਨਕ ਜਾਂ ਕਾਨੂੰਨੀ ਹੱਕ ਪਹਿਲਾਂ ਸੀ ਨਾ ਹੀ ਅੱਜ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਹਿਲਾਂ ਇਸ ਸੰਬੰਧੀ ਬਿਲਕੁਲ ਸਹੀ ਫ਼ੈਸਲਾ ਦਿੱਤਾ ਸੀ ਕਿ ਹਰਿਆਣਾ ਦੇ ਸੁਰੱਖਿਆ ਦਲ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ਨੂੰ ਖਾਲੀ ਕਰਨ ਅਤੇ ਕਿਸਾਨਾਂ ਨੂੰ ਦਿੱਲੀ ਜਾਣ ਦੇਣ। ਪਰ ਇਹ ਹੈਰਾਨੀ ਵਾਲੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਇਸ ਸੰਬੰਧੀ ਤਰਜੀਹੀ ਆਧਾਰ 'ਤੇ ਰਸਤੇ ਖੋਲ੍ਹਣ ਦੇ ਆਦੇਸ਼ ਦੇਣ ਦੀ ਥਾਂ ਇਸ ਮੁੱਦੇ ਨੂੰ ਕਿਸਾਨੀ ਮੰਗਾਂ ਨਾਲ ਰਲਗੱਡ ਕਰਕੇ ਇਕ ਤਰ੍ਹਾਂ ਨਾਲ ਅਣਮਿੱਥੇ ਸਮੇਂ ਲਈ ਇਹ ਗੰਭੀਰ ਮਾਮਲਾ ਖਟਾਈ ਵਿੱਚ ਪਾ ਦਿੱਤਾ।

ਕਿਸਾਨੀ ਸੰਘਰਸ਼ ਵਿੱਚ ਪਹੁੰਚੇ ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਦਾ ਕਹਿਣਾ ਹੈ ਕਿ ਕਿਸਾਨੀ ਮੰਗਾਂ ਦੇ ਹੱਲ ਲਈ ਕੇਂਦਰ ਸਰਕਾਰ ਤਰਜੀਹੀ ਆਧਾਰ 'ਤੇ ਕਿਸਾਨ ਸੰਗਠਨਾਂ ਨਾਲ ਗੱਲਬਾਤ ਕਰਕੇ ਇਸ ਦਾ ਕੋਈ ਸੁਚੱਜਾ ਤੇ ਸੁਖਾਵਾਂ ਹੱਲ ਕੱਢੇ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਪਹਿਲਾਂ ਦੀ ਤਰ੍ਹਾਂ ਕਿਸਾਨ ਸੰਗਠਨਾਂ ਨਾਲ ਗੱਲਬਾਤ ਨਾ ਕਰਨ ਦੀ ਆਪਣੀ ਜ਼ਿੱਦ 'ਤੇ ਕਾਇਮ ਰਹਿੰਦੀ ਹੈ ਅਤੇ ਇਸ ਕਾਰਨ ਬਦਕਿਸਮਤੀ ਨਾਲ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਲਈ ਕੋਈ ਵੱਡਾ ਜੋਖਮ ਪੈਦਾ ਹੁੰਦਾ ਹੈ, ਤਾਂ ਇਸ ਤੋਂ ਨਿਕਲਣ ਵਾਲੇ ਸਿੱਟਿਆਂ ਲਈ ਮੁੱਖ ਤੌਰ 'ਤੇ ਕੇਂਦਰ ਸਰਕਾਰ ਅਤੇ ਹਰਿਆਣੇ ਦੀਆਂ ਸਰਕਾਰਾਂ ਹੀ ਜ਼ਿੰਮੇਵਾਰ ਹੋਣਗੀਆਂ। ਬਾਬਾ ਬੇਦੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਖੇਤੀਬਾੜੀ ਮੰਤਰੀ ਅਪੀਲ ਕੀਤੀ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਤੁਰੰਤ ਹੱਲ ਕਰਕੇ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਖਤਮ ਕਰਵਾਇਆ ਜਾਵੇ।

****

## ਕੀ ਪੰਜਾਬ ਸਰਕਾਰ ਕਿਸਾਨਾਂ

ਉਨ੍ਹਾਂ ਨੇ ਕਿਸਾਨਾਂ ਦੀ ਮੀਟਿੰਗ ਬੁਲਾਈ ਹੈ। ਜਿਸ ਤੋਂ ਬਾਅਦ ਅਗਲੀ ਰਣਨੀਤੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਡਰਾਫ਼ਟ ਵਿੱਚ ਦੇਸ਼ ਭਰ 'ਚ ਬਾਜ਼ਾਰਾਂ ਵਿੱਚ ਵਿਕਣ ਵਾਲੇ ਸਾਮਾਨ 'ਤੇ ਟੈਕਸ ਲਗਾਉਣ ਦੀ ਵਿਵਸਥਾ ਕੀਤੀ ਗਈ ਹੈ। ਪਹਿਲਾਂ ਜੀ.ਐਸ.ਟੀ. ਕੌਂਸਲ ਬਣਾਈ ਗਈ ਸੀ ਪਰ ਅਨੁਭਵ ਸਾਡੇ ਸਾਹਮਣੇ ਹੈ।

**ਉਗਰਾਹਾਂ ਨੇ ਕਿਹਾ- ਸੰਘਰਸ਼ ਦੀ ਤਿਆਰੀ ਕਰਾਂਗੇ**

ਦੂਜੇ ਪਾਸੇ ਕਿਸਾਨ ਵੀ ਇਸ ਜਾਰੀ ਖਰੜੇ ਨੂੰ ਲੈ ਕੇ ਸੰਘਰਸ਼ ਦੇ ਰਾਹ 'ਤੇ ਆਉਣ ਦੀ ਰਣਨੀਤੀ ਬਣਾ ਰਹੇ ਹਨ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਦਾ ਕਹਿਣਾ ਹੈ ਕਿ ਲੱਗਦਾ ਹੈ ਕਿ ਕਿਸਾਨਾਂ ਵੱਲੋਂ ਰੱਦ ਕੀਤੇ ਤਿੰਨ ਨਵੇਂ ਕਾਨੂੰਨਾਂ ਨੂੰ ਮੁੜ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਕੀਤਾ ਜਾਵੇਗਾ।



## ਗੁਰੂ ਜੀ ਦੇ ਚਾਰੇ ਸਾਹਿਬਜ਼ਾਦਿਆਂ...

ਕਚਿਹਰੀ ਵਿੱਚ ਪੇਸ਼ ਕਰਨ ਸਮੇਂ ਫਿਰ ਉਹੀ ਲਾਲਚ ਅਤੇ ਡਰਾਵਿਆਂ ਦਾ ਦੌਰ ਚਲਾਇਆ ਗਿਆ। ਗੁਰੂ ਜੀ ਦੇ ਲਾਡਲੇ ਫਿਰ ਆਪਣੇ ਇਰਾਦਿਆਂ 'ਤੇ ਦ੍ਰਿੜ ਰਹੇ। ਕਚਿਹਰੀ ਵਿੱਚ ਸਾਰੇ ਵਜ਼ੀਰ, ਸਲਾਹਕਾਰ ਅਤੇ ਦੀਵਾਨ ਹਾਜ਼ਰ ਸਨ। ਮਾਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ। ਇਸ ਦੌਰਾਨ ਵਜ਼ੀਰ ਖਾਨ ਨੇ ਉਸ ਨੂੰ ਉਕਸਾਉਂਦਿਆਂ ਕਿਹਾ ਕਿ ਇਨ੍ਹਾਂ ਦੇ ਪਿਤਾ ਨੇ ਤੇਰੇ ਭਰਾ ਨੂੰ ਕਤਲ ਕਰ ਦਿੱਤਾ ਹੈ, ਤੇਰੇ ਲਈ ਹੁਣ ਉਸ ਦਾ ਬਦਲਾ ਲੈਣ ਦਾ ਢੁੱਕਵਾਂ ਮੌਕਾ ਹੈ ਪਰ ਨਵਾਬ ਸ਼ੇਰ ਮੁਹੰਮਦ ਖਾਂ ਨੇ 'ਹਾਅ ਦਾ ਨਾਅਰਾ' ਮਾਰਦਿਆਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ:

ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।
ਮਹਫੂਜ਼ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ।

ਦੀਵਾਨ ਸੁੱਚਾ ਨੰਦ ਨੇ ਸੂਬਾ ਸਰਹਿੰਦ ਨੂੰ ਫਿਰ ਭੜਕਾਉਂਦਿਆਂ ਕਿਹਾ, "ਇਹ ਸੱਪ ਦੇ ਬੱਚੇ ਸਪੋਲੀਏ ਹਨ, ਇਨ੍ਹਾਂ ਨੂੰ ਜਲਦੀ ਤੋਂ ਜਲਦੀ ਖਤਮ ਕੀਤਾ ਜਾਣਾ ਚਾਹੀਦਾ ਹੈ।" ਦੀਵਾਨ ਸੁੱਚਾ ਨੰਦ ਅਤੇ ਸੂਬਾ ਸਰਹਿੰਦ ਨੇ ਜ਼ੋਰ ਦੇ ਕੇ ਕਾਜ਼ੀ ਪਾਸੋਂ ਫਤਵਾ ਜਾਰੀ ਕਰਵਾ ਦਿੱਤਾ ਕਿ ਇਹ ਬੱਚੇ ਭਵਿੱਖ ਵਿੱਚ ਬਗਾਵਤ ਕਰਨ ਲਈ ਤੁਲੇ ਹੋਏ ਹਨ, ਇਸ ਲਈ ਇਨ੍ਹਾਂ ਨੂੰ ਜਿਉਂਦਾ ਦੀਵਾਰ ਵਿੱਚ ਚਿਣ ਦਿੱਤਾ ਜਾਏ।

ਅੰਤਮ ਘੜੀਆਂ ਆ ਗਈਆਂ। ਲਾਲਚ ਅਤੇ ਡਰ ਦੀ ਗੱਲ ਫਿਰ ਸੁਣਾਈ ਗਈ। ਸਾਹਿਬਜ਼ਾਦੇ ਮੁੜ ਆਪਣੇ ਇਰਾਦੇ 'ਤੇ ਦ੍ਰਿੜ ਰਹੇ। ਸਾਹਿਬਜ਼ਾਦਿਆਂ ਨੂੰ ਜਿਉਂਦਾ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ। ਹਾਲੇ ਕੰਧ ਦੀ ਚਿਣਾਈ ਛਾਤੀ ਅਤੇ ਮੋਢਿਆਂ ਤੱਕ ਹੀ ਪਹੁੰਚੀ ਸੀ ਕਿ ਇੱਟਾਂ ਦਾ ਸਾਰਾ ਢਾਂਚਾ ਡਿੱਗ ਪਿਆ। ਸਾਹਿਬਜ਼ਾਦੇ ਬੇਹੋਸ਼ੀ ਦੀ ਹਾਲਤ ਵਿੱਚ ਜ਼ਮੀਨ 'ਤੇ ਪਏ ਸਨ। ਗਿਆਨੀ ਗਿਆਨ ਸਿੰਘ ਅਨੁਸਾਰ ਸਯਦ ਸ਼ਾਸ਼ਲ ਬੇਗ ਅਤੇ ਸਯਦ ਬਾਸ਼ਲ ਬੇਗ ਨਾਂ ਦੇ ਦੋ ਭਰਾ ਜਲਾਦਾਂ, ਜਿਨ੍ਹਾਂ ਨਾਲ ਸਾਹਿਬਜ਼ਾਦਿਆਂ ਨੂੰ ਕੰਧ ਵਿੱਚ ਚਿਣ ਕੇ ਮੌਤ ਦੀ ਸਜ਼ਾ ਦੇਣ ਦੇ ਵਾਅਦੇ ਬਦਲੇ, ਉਨ੍ਹਾਂ ਦੀ ਕਿਸੇ ਹੋਰ ਮੁਕੱਦਮੇ ਵਿੱਚ ਚੱਲਦੀ ਸਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਗਿਆ ਸੀ, ਨੇ ਬੇਹੋਸ਼, ਸਹਿਕਦੇ ਅਤੇ ਤੜਫਦੇ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਕ੍ਰਿਤ ਭਾਈ ਕੇਸਰ ਸਿੰਘ ਛਿੱਬਰ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਅਨੁਸਾਰ ਸ਼ਾਸ਼ਲ ਬੇਗ ਦੇ ਖੰਡੇ ਨਾਲ ਜਿਬਹ ਕਰਨ ਪਿੱਛੋਂ ਪਹਿਲਾਂ ਬਾਬਾ ਜ਼ੋਰਾਵਰ ਸਿੰਘ ਨੇ ਪ੍ਰਾਣ ਤਿਆਗ ਦਿੱਤੇ ਅਤੇ ਫਿਰ ਬਾਬਾ ਫ਼ਤਹਿ ਸਿੰਘ ਵੀ ਪ੍ਰਾਣ ਤਿਆਗ ਗਏ।

ਸਾਸ਼ਲ ਬੇਗ ਅਰ ਬਾਸ਼ਲ ਬੇਗ।
ਉਭੈ ਜਲਾਦਨ ਖਿਚ ਕੈ ਤੇਗ।
ਤਿਸਹੀ ਠੋਰ ਖਰਿਓ ਕੇ ਸੀਸ।
ਤੁਰਤ ਉਤਾਰੇ ਦੁਸਟੈ ਰੀਸ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ)
ਹੁਤੋ ਉਹਾਂ ਥੋ ਛੁਰਾ ਇੱਕ ਵਾਰੋ,
ਦੈ ਗੋਡੇ ਹੇਠ, ਕਰ ਜ਼ਿਬਹ ਡਾਰੋ,
ਤੜਫ ਤੜਫ ਗਈ ਜਿੰਦ ਉਡਾਇ,
ਇਮ ਸ਼ੀਰ ਖੋਰ ਦੁਇ ਦਏ ਕਤਲਾਇ।
(ਭਾਈ ਰਤਨ ਸਿੰਘ ਭੰਗੂ)

ਸ਼ਹਾਦਤ ਸਮੇ ਬਾਬਾ ਜ਼ੋਰਾਵਰ ਸਿੰਘ ਜੀ ਦੀ ਉਮਰ 8 ਸਾਲ 40 ਦਿਨ ਸੀ ਅਤੇ ਬਾਬਾ ਫ਼ਤਹਿ ਸਿੰਘ ਦੀ ਉਮਰ 5 ਸਾਲ 9 ਮਹੀਨੇ 29 ਦਿਨਾਂ ਦੀ ਸੀ। ਮਾਸੂਮ ਜਿੰਦਾਂ ਦੀ ਸ਼ਹਾਦਤ ਦੀ ਖ਼ਬਰ ਦਾਦੀ ਮਾਤਾ ਪਾਸ ਪਹੁੰਚੀ। ਅਕਾਲ ਪੁਰਖ ਨੂੰ ਯਾਦ ਕਰਦਿਆਂ ਉਹ ਅਟਲ ਸਮਾਧੀ ਵਿੱਚ ਲੀਨ ਹੋ ਗਏ ਅਤੇ ਜੋਤੀ ਜੋਤ ਸਮਾ ਗਏ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਸੂਬਾ ਸਰਹਿੰਦ ਵੱਲੋਂ ਰੱਖੀ ਸ਼ਰਤ ਅਨੁਸਾਰ ਸੋਨੇ ਦੀਆਂ ਮੋਹਰਾਂ ਖੜਵੇਂ ਰੁੱਖ ਵਿੱਚ ਰੱਖ ਕੇ ਸਸਕਾਰ ਜ਼ਮੀਨ ਖਰੀਦੀ, ਜੋ ਦੁਨੀਆਂ ਦੀ ਸਭ ਤੋਂ ਮਹਿੰਗੀ ਜਗੀਰ ਵਜੋਂ ਭਵਿੱਖ ਵਿੱਚ ਅਮਰ ਰਹੇਗੀ। 27 ਦਸੰਬਰ 1704 ਨੂੰ ਇਨ੍ਹਾਂ ਤਿੰਨਾਂ ਰੂਹਾਂ ਦਾ ਸਸਕਾਰ ਕੀਤਾ ਗਿਆ। ਇਸੇ ਪਾਵਨ ਅਸਥਾਨ 'ਤੇ ਅੱਜ-ਕੱਲ੍ਹ ਗੁਰਦੁਆਰਾ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ।

***

## ਅਣਵਿਆਹੀਆਂ ਕਿਉਂ ਰਹਿ ਜਾਂਦੀਆਂ ...

ਅਜਿਹੇ 'ਚ ਲੜਕੀ ਦੀ ਆਪਣੇ ਪਤੀ ਨਾਲ ਘੁੰਮਣ ਅਤੇ ਵਿਹਲਾ ਸਮਾਂ ਬਿਤਾਉਣ ਦੀ ਇੱਛਾ ਅਧੂਰੀ ਰਹਿ ਜਾਂਦੀ ਹੈ। ਕਈ ਵਾਰ ਇੱਕ ਕੁੜੀ ਨਵੇਂ ਰਿਸ਼ਤੇ ਵਿੱਚ ਸਿਰਫ਼ ਜ਼ਿੰਮੇਵਾਰੀ ਮਿਲਣ ਤੋਂ ਬਾਅਦ ਨਿਰਾਸ਼ ਹੋ ਜਾਂਦੀ ਹੈ। ਉਸ ਲਈ, ਵਿਆਹ ਸਿਰਫ਼ ਇੱਕ ਜ਼ਿੰਮੇਵਾਰੀ ਰਹਿ ਗਿਆ ਹੈ.

ਜਦੋਂ ਵੱਡੀ ਉਮਰ ਵਿੱਚ ਵਿਆਹ ਹੋ ਜਾਂਦਾ ਹੈ, ਤਾਂ ਬੱਚੇ ਦੀ ਯੋਜਨਾ ਬਣਾਉਣ ਦਾ ਦਬਾਅ ਤੇਜ਼ੀ ਨਾਲ ਵੱਧ ਜਾਂਦਾ ਹੈ। ਇਸ ਕਾਰਨ ਜੋੜੇ ਨੂੰ ਆਪਣੇ ਲਈ ਗੁਣਵੱਤਾ ਦਾ ਸਮਾਂ ਨਹੀਂ ਮਿਲ ਪਾਉਂਦਾ ਅਤੇ ਉਹ ਆਪਣੀ ਵਿਆਹੁਤਾ ਜ਼ਿੰਦਗੀ ਦਾ ਆਨੰਦ ਨਹੀਂ ਮਾਣ ਪਾਉਂਦੇ ਹਨ। ਛੋਟੀ ਉਮਰ ਵਿੱਚ ਵਿਆਹ ਕਰਨ ਨਾਲ ਬੱਚੇ ਪੈਦਾ ਕਰਨ ਲਈ ਕੁਝ ਸਾਲ ਉਡੀਕ ਕਰਨੀ ਪੈ ਸਕਦੀ ਹੈ।

***

## ਭਾਰਤ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ...

ਦੇਸ਼ ਦੀਆਂ ਤਮਾਮ ਕਿਸਾਨ ਜਥੇਬੰਦੀਆਂ ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਦੀ ਮੰਗ ਕਰ ਰਹੀਆਂ ਹਨ। ਪੰਜਾਬ ਦੀ ਨਵੀਂ ਖੇਤੀ ਨੀਤੀ ਵਿੱਚ ਵੀ ਮਾਹਿਰਾਂ ਵੱਲੋਂ ਐਮ.ਐਸ.ਪੀ. ਵਧਾਉਣ ਅਤੇ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਲਾਗੂ ਕਰਨ ਦੀਆਂ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ। ਸੱਤਾ ਵਿੱਚ ਆਉਣ ਤੋਂ ਪਹਿਲਾਂ ਭਾਜਪਾ ਵੀ ਐਮ.ਐਸ.ਪੀ. ਦੇਣ ਦੇ ਵਾਅਦੇ ਕਰਦੀ ਰਹੀ ਹੈ। ਸੰਜੇ ਅਗਰਵਾਲ, ਸਕੱਤਰ ਖੇਤੀਬਾੜੀ, ਵਲੋਂ ਸੰਯੁਕਤ ਕਿਸਾਨ ਮੋਰਚੇ ਨੂੰ 1 ਦਸੰਬਰ 2021 ਨੂੰ ਲਿਖੇ ਪੱਤਰ ਵਿਚ ਵੀ ਐਮ.ਐਸ.ਪੀ. ਨੂੰ ਨਿਸ਼ਚਤ ਕਰਨ ਦਾ ਵਾਅਦਾ ਕੀਤਾ ਗਿਆ ਸੀ। ਕੇਂਦਰ ਸਰਕਾਰ ਨੂੰ ਕਿਸਾਨਾਂ ਦੀ ਹਾਲਤ, ਉਨ੍ਹਾਂ ਦਾ ਰੋਹ ਅਤੇ ਉਪ-ਰਾਸ਼ਟਰਪਤੀ ਦੇ ਤਾਜ਼ਾ ਬਿਆਨ 'ਉਹ ਰਾਸ਼ਟਰ ਜਿਹੜੇ ਕਿਸਾਨਾਂ ਦੇ ਸਬਰ ਦਾ ਇਮਤਿਹਾਨ ਲੈਂਦੇ ਹਨ, ਉਨ੍ਹਾਂ ਨੂੰ ਵੱਡੀ ਕੀਮਤ ਤਾਰਨੀ ਪੈਂਦੀ ਹੈ' ਨੂੰ ਸਮਝ ਅਤੇ ਵਿਚਾਰ ਕੇ ਬਿਨਾਂ ਕਿਸੇ ਦੇਰੀ ਤੋਂ ਐਮ.ਐਸ.ਪੀ. ਦੀ ਗਰੰਟੀ ਦਾ ਕਾਨੂੰਨ ਬਣਾ ਕੇ ਉਸ ਨੂੰ ਫ਼ੌਰੀ ਲਾਗੂ ਕਰਨਾ ਚਾਹੀਦਾ ਹੈ। ਇਸ ਨਾਲ ਦੇਸ਼ ਇੱਕ ਪ੍ਰਭਾਵਸ਼ਾਲੀ ਖੇਤੀਬਾੜੀ ਆਰਥਿਕਤਾ ਵੱਲ ਵਧੇਗਾ ਅਤੇ ਮੁਲਕ ਦੀ ਖੁਰਾਕ ਸੁਰੱਖਿਆ ਅਤੇ ਆਰਥਿਕ ਤਰੱਕੀ ਦੀ ਨੀਂਹ ਨੂੰ ਮਜ਼ਬੂਤੀ ਮਿਲੇਗੀ।

***

## ਨਾਨਕਪੰਥੀ ਸਿੰਧੀਆਂ 'ਚ ਸਿੱਖ ਪੰਥ...

ਇਨ੍ਹਾਂ ਵਰਗਾਂ ਦੇ ਇਤਿਹਾਸ ਅਤੇ ਪਰੰਪਰਾਵਾਂ ਨੂੰ ਘੋਖਣ ਉਪਰੰਤ ਗੰਭੀਰ ਨਜ਼ਰਸਾਨੀ ਕਰਦਿਆਂ ਮੁੱਖਧਾਰਾ ਦੇ ਸਿੱਖਾਂ ਤੋਂ ਬਿਲਕੁਲ ਵੱਖਰੀ ਅਤੇ ਨਿਵੇਕਲੀ ਵਿਉਂਤਬੰਦੀ ਕੀਤੀ ਜਾਵੇ।

2. ਸੰਬੰਧਤ ਧਿਰਾਂ ਅਰਥਾਤ ਸਿੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਤੋਂ ਇਲਾਵਾ ਸਿੱਖ ਵਿਚਾਰਵਾਨਾਂ, ਧਾਰਮਿਕ ਸ਼ਖ਼ਸੀਅਤਾਂ ਅਤੇ ਨਾਨਕਪੰਥੀ ਸ਼ਖ਼ਸੀਅਤਾਂ (ਜਿਵੇਂ ਉਦਾਸੀਆਂ, ਨਿਰਮਲਿਆਂ, ਸੇਵਾਪੰਥੀਆਂ, ਸਿੰਧੀਆਂ, ਸਿਕਲੀਗਰਾਂ, ਵਣਜਾਰਿਆਂ ਆਦਿ) ਦੀ ਇੱਕ ਸਾਂਝੀ ਪੰਥਕ ਪੱਧਰੀ ਤਾਲਮੇਲ/ਸਲਾਹਕਾਰ ਕਮੇਟੀ ਬਣੇ ਜੋ ਕਿਸੇ ਵੀ ਮਸਲੇ/ਸਮੱਸਿਆ ਬਾਰੇ ਆਪਣੀ ਵਡਮੁੱਲੀ ਰਾਏ ਦੇ ਕੇ ਲੋੜੀਂਦਾ ਅਮਲ ਕਰਵਾਉਣ ਲਈ ਅਧਿਕਾਰਤ ਹੋਵੇ । ਇਹ ਕਮੇਟੀ ਸੰਬੰਧਿਤ ਭਾਈਚਾਰਿਆਂ 'ਚ ਲਗਾਤਾਰ ਨਿਗਰਾਨੀ ਵੀ ਰੱਖੇ ਅਤੇ ਉਨ੍ਹਾਂ ਦੇ ਨਿਰੰਤਰ ਸੰਪਰਕ ਵਿੱਚ ਰਹੇ।

3. ਪੰਜਾਬ ਤੋਂ ਬਾਹਰ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਕਰੋੜਾਂ ਦੀ ਗਿਣਤੀ 'ਚ ਵਸ ਰਹੇ ਇਨ੍ਹਾਂ ਨਾਨਕਪੰਥੀਆਂ ਦੇ ਵਸੇਬਿਆਂ/ਬਸਤੀਆਂ 'ਚ ਸਥਾਨਕ ਪੱਧਰ ਉਤੇ ਹਫ਼ਤਾਵਾਰੀ/ਮਹੀਨਾਵਾਰ ਛੋਟੇ-ਛੋਟੇ ਧਾਰਮਿਕ/ਸੰਗਤੀ ਸਮਾਗਮ ਕੀਤੇ ਜਾਣ, ਜਿਨ੍ਹਾਂ 'ਚ ਗੁਰਬਾਣੀ ਦਾ ਪਾਠ ਅਤੇ ਕੀਰਤਨ ਹੀ ਹੋਵੇ; ਹੋਰ ਕੋਈ ਵੀ ਸਟੇਜੀ ਪ੍ਰਚਾਰ ਵਰਗੀ ਗਤੀਵਿਧੀ ਨਾ ਹੋਵੇ। ਥਾਂ-ਥਾਂ ਗੁਰਮੁਖੀ ਸਕੂਲ ਖੋਲ੍ਹ ਕੇ ਗੁਰਮੁਖੀ ਸਿੱਖਣ-ਸਿਖਾਉਣ ਦੀ ਬਾਕਾਇਦਾ ਵਿਵਸਥਾ ਹੋਵੇ।

4. ਨਾਨਕਪੰਥੀ ਕਬੀਲਿਆਂ ਦੇ ਬੱਚਿਆਂ ਨੂੰ ਵਿੱਦਿਅਕ ਅਤੇ ਰੁਜ਼ਗਾਰ ਪੱਖੋਂ ਸਵੈ-ਨਿਰਭਰ/ਸਮਰੱਥ ਬਣਾਉਣ ਲਈ ਲੰਬਾ ਸਬਰ ਰੱਖ ਕੇ ਵਿਉਂਤਬੱਧ ਤਰੀਕੇ ਨਾਲ ਵਿਹਾਰਕ ਕਾਰਜਾਂ ਨੂੰ ਵੱਡੀ ਪੱਧਰ ਉਪਰ ਅਮਲ 'ਚ ਲਿਆਂਦਾ ਜਾਵੇ।

5. ਨਾਨਕਪੰਥੀ ਸੰਗਤਾਂ ਦੀ ਲੋੜ ਅਨੁਸਾਰ ਉਨ੍ਹਾਂ ਦੀ ਬੋਲੀ ਅਤੇ ਉਨ੍ਹਾਂ ਦੇ ਮੁਹਾਵਰੇ ਵਿੱਚ ਕੁਝ ਜ਼ਰੂਰੀ ਸਿੱਖ-ਸਾਹਿਤ, (ਵੱਖ-ਵੱਖ ਭਾਸ਼ਾਵਾਂ 'ਚ) ਛੋਟੇ-ਛੋਟੇ ਟ੍ਰੈਕਟਾਂ ਦੇ ਰੂਪ 'ਚ ਛਪਵਾ ਕੇ ਵੰਡਿਆ ਜਾਵੇ।

6. ਉਪਰੋਕਤ ਕਾਰਜਾਂ ਨੂੰ ਕਰਨ ਲਈ ਕਿਸੇ ਇੱਕ ਧਿਰ ਜਾਂ ਸੰਸਥਾ ਦੀ ਜ਼ਿੰਮੇਵਾਰੀ ਨਾ ਸਮਝੀ ਜਾਵੇ, ਬਲਕਿ ਸਾਰੀਆਂ ਪੰਥਕ ਜਥੇਬੰਦੀਆਂ, ਸੰਸਥਾਵਾਂ ਅਤੇ ਸੰਪਰਦਾਵਾਂ ਰਲ-ਮਿਲ ਕੇ ਤਾਲਮੇਲ ਨਾਲ ਕੰਮ ਕਰਨ। ਹਰ ਸਾਲ ਘੱਟੋ-ਘੱਟ ਇੱਕ ਵਾਰ ਪੰਜਾਬ ਜਾਂ ਪੰਜਾਬ ਤੋਂ ਬਾਹਰ ਦੇ ਕਿਸੇ ਵੀ ਤਖ਼ਤ ਸਾਹਿਬ ਉੱਤੇ ਨਾਨਕਪੰਥੀ ਸੰਗਤਾਂ ਦਾ ਵੱਡਾ ਕੇਂਦਰੀ ਸਮਾਗਮ ਲਾਜ਼ਮੀ ਸ਼ੁਰੂ ਕੀਤਾ ਜਾਵੇ।

7. ਇਸ ਕਾਰਜ ਵਿੱਚ ਪੰਥ ਦੀਆਂ ਰਵਾਇਤੀ ਸੰਪਰਦਾਵਾਂ ਜਿਵੇਂ ਉਦਾਸੀ, ਨਿਰਮਲੇ ਅਤੇ ਸੇਵਾਪੰਥੀ ਸੰਸਥਾਵਾਂ ਨੂੰ ਉਚੇਚ ਨਾਲ ਸ਼ਾਮਿਲ ਕੀਤਾ ਜਾਵੇ, ਕਿਉਂਕਿ ਮੁੱਖਧਾਰਾ ਤੋਂ ਦੂਰ ਰਹਿ ਰਹੇ ਸਹਿਜਧਾਰੀ ਸਿੱਖਾਂ 'ਚ ਕੰਮ ਕਰਨ ਦੇ ਮਾਮਲੇ 'ਚ ਇਨ੍ਹਾਂ ਦਾ ਹੋਰਨਾਂ ਨਾਲੋਂ ਵਧੇਰੇ ਤਜਰਬਾ ਰਿਹਾ ਹੈ।

ਇਨ੍ਹਾਂ ਉਪਰੋਕਤ ਕਾਰਜਾਂ ਨੂੰ ਪੂਰੀ ਸ਼ਿੱਦਤ ਅਤੇ ਲਗਾਤਾਰਤਾ ਨਾਲ ਨਿਭਾਇਆ ਜਾਵੇ। ਦਿਲ ਦੀ ਗਹਿਰਾਈ ਵਿਚੋਂ ਉਠੀ ਇਹ ਦਰਦ-ਭਰੀ ਵੇਦਨਾ, ਸਿੱਖ ਪੰਥ ਦੇ ਆਗੂਆਂ ਅਤੇ ਸੰਸਥਾਵਾਂ ਅੱਗੇ ਜੋਦੜੀ ਰੂਪ ਵਿੱਚ ਰੱਖੀ ਜਾ ਰਹੀ ਹੈ। ਉਮੀਦ ਹੈ ਇਸ ਨਿਮਾਣੀ ਜਿਹੀ ਕੋਸ਼ਿਸ਼ ਨੂੰ ਗੰਭੀਰਤਾ ਅਤੇ ਸੰਜੀਦਗੀ ਨਾਲ ਲਿਆ ਜਾਵੇਗਾ। ਇਸ ਵੱਡੀ ਉਮੀਦ ਨਾਲ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਸਭ ਨੂੰ ਇਸ ਧਰਮ-ਯੱਗ ਵਿੱਚ ਤਿਲ-ਫੁੱਲ ਹਿੱਸਾ ਪਾਉਣ ਦੀ ਸ਼ਕਤੀ ਅਤੇ ਸਮਰੱਥਾ ਬਖ਼ਸ਼ੇ।

***

## ਨਸ਼ਾ ਛਡਾਊ ਕੇਂਦਰ...

ਦਰਅਸਲ ਨਸ਼ਿਆਂ ਦੀ ਦਲਦਲ ਵਿੱਚ ਧਸੇ ਨੌਜਵਾਨ ਗੁਮਰਾਹ ਹੋਏ ਨੌਜਵਾਨ ਹਨ। ਇਨ੍ਹਾਂ ਦਾ ਇਲਾਜ ਮਾਰ ਕੁੱਟ, ਜਲਾਲਤ, ਝਿੜਕਾਂ, ਸਮਾਜਿਕ ਬਾਈਕਾਟ, ਸੰਗਲਾਂ ਨਾਲ ਬੰਨ੍ਹ ਕੇ ਰੱਖਣਾ ਜਾਂ ਗਾਲੀ ਗਲੋਚ ਨਹੀਂ ਹੈ। ਇਨ੍ਹਾਂ ਭਟਕੇ ਹੋਏ ਨੌਜਵਾਨਾਂ ਨੂੰ ਧਰਮ, ਸਾਹਿਤ, ਕਿਰਤ ਅਤੇ ਖੇਡਾਂ ਦੇ ਸੰਕਲਪ ਨਾਲ ਜੋੜ ਕੇ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕਦਾ ਹੈ। ਨਾਲ ਹੀ ਸਰੀਰਕ ਤਕਲੀਫ ਲਈ ਦਵਾਈ ਦਾ ਪ੍ਰਬੰਧ ਜ਼ਰੂਰੀ ਹੈ। ਇਨ੍ਹਾਂ ਥਿੜਕੇ ਹੋਏ ਜਵਾਨਾਂ ਨੂੰ ਮਾਨਸਿਕ ਤੌਰ 'ਤੇ ਅਰੋਗੀ ਕਰਨਾ, ਅਤਿਅੰਤ ਜ਼ਰੂਰੀ ਹੈ। ਚੰਗਾ ਪੁੱਤ, ਚੰਗਾ ਬਾਪ, ਚੰਗਾ ਪਤੀ ਅਤੇ ਚੰਗਾ ਨਾਗਰਿਕ ਬਣਨ ਦੀ ਪ੍ਰੇਰਨਾ ਦੇਣ ਵਾਲੇ ਇਨ੍ਹਾਂ ਨੌਜਵਾਨਾਂ ਲਈ ਰੋਲ ਮਾਡਲ ਹੋਣੇ ਚਾਹੀਦੇ ਹਨ। ਕਿਸੇ ਨੂੰ ਉਸਾਰੂ ਪ੍ਰੇਰਨਾ ਤਦ ਹੀ ਪੂਰੀ ਤਰ੍ਹਾਂ ਅਸਰ ਕਰਦੀ ਹੈ ਜੇਕਰ ਪ੍ਰੇਰਨਾ ਦੇਣ ਵਾਲਾ ਆਪ ਉਸਾਰੂ ਸਿਧਾਂਤਾਂ 'ਤੇ ਡਟ ਕੇ ਪਹਿਰਾ ਦੇਣ ਲਈ ਯਤਨਸ਼ੀਲ ਹੋਵੇ। ਹਾਂ, ਇਸ ਖੇਤਰ ਵਿੱਚ ਦੁਖੀ ਮਾਪਿਆਂ ਦਾ ਆਰਥਿਕ ਸ਼ੋਸ਼ਣ ਕਰਨ ਵਾਲੇ ਅਤੇ ਜਵਾਨੀ ਨੂੰ ਸਿਵਿਆਂ ਦੇ ਰਾਹ ਪਾਉਣ ਵਾਲਿਆਂ ਨੂੰ ਸਮਾਂ ਆਉਣ 'ਤੇ ਆਪਣੇ ਬੀਜੇ ਕੰਡੇ ਆਪ ਚੁਗਣੇ ਪੈਣਗੇ।

***

## ਟਰੰਪ ਪ੍ਰਸ਼ਾਸਨ 'ਚ ...

ਕੀਤੀ ਤੇ ਫਿਰ ਵਰਜੀਨੀਆ ਯੂਨੀਵਰਸਿਟੀ ਵਿੱਚ ਕਾਨੂੰਨ ਦੀ ਪੜ੍ਹਾਈ ਪੂਰੀ ਕੀਤੀ। ਸਭ ਤੋਂ ਪਹਿਲਾਂ ਉਹ ਅਮਰੀਕੀ ਅਪੀਲ ਅਦਾਲਤ ਵਿੱਚ ਜੱਜ ਪਾਲ ਵੀ. ਨੀਮੇਅਰ ਦੀ ਸਹਾਇਕ ਬਣੀ। 2006 ਵਿੱਚ ਤਜ਼ਰਬਾ ਮਿਲਣ ਉਪਰੰਤ ਉਸ ਨੇ ਸਾਨਫਰਾਂਸਿਸਕੋ ਵਿੱਚ ਆਪਣੀ ਕਾਨੂੰਨੀ ਪ੍ਰੈਕਟਿਸ ਸ਼ੁਰੂ ਕੀਤੀ ਸੀ। ਹਰਮੀਤ ਨੇ ਨਾਗਰਿਕ ਅਧਿਕਾਰ ਗ਼ੈਰ-ਲਾਭਕਾਰੀ ਸੰਸਥਾ ਸੈਂਟਰ ਫਾਰ ਅਮਰੀਕਨ ਲਿਬਰਟੀ ਦੀ ਸਥਾਪਨਾ ਕੀਤੀ। ਇਹ ਸੰਸਥਾ ਪੂਰੇ ਦੇਸ਼ ਵਿੱਚ ਭਾਸ਼ਣ ਅਤੇ ਹੋਰਨਾਂ ਆਜ਼ਾਦੀ ਦੇ ਹਿੱਤਾਂ ਨਾਲ ਜੁੜੇ ਨਾਗਰਿਕ ਅਧਿਕਾਰ ਮਾਮਲਿਆਂ ਦੀ ਦੇਖਰੇਖ ਕਰਦੀ ਹੈ। ਹਰਮੀਤ ਰਿਪਬਲੀਕਨ ਨੈਸ਼ਨਲ ਲਾਅਰਜ਼ ਐਸੋਸੀਏਸ਼ਨ ਦੀ ਕੌਮੀ ਸਹਿ-ਪ੍ਰਧਾਨ ਹਨ ਅਤੇ ਕੈਲੀਫ਼ੋਰਨੀਆ ਤੋਂ ਰਿਪਬਲੀਕਨ ਨੈਸ਼ਨਲ ਕਮੇਟੀ ਵੂਮੈਨ ਹਨ। 2016 ਵਿੱਚ ਉਨ੍ਹਾਂ ਨੂੰ ਪਹਿਲੀ ਅਮਰੀਕਨ ਭਾਰਤੀ ਔਰਤ ਵਜੋਂ ਰਿਪਬਲਿਕਨ ਪਾਰਟੀ ਦੀ ਜੀ.ਓ.ਪੀ. ਵਿੱਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ। ਉਹ ਵੂਮੈਨ ਫਾਰ ਟਰੰਪ ਸੰਸਥਾ ਦੀ ਕੋ-ਚੇਅਰਮੈਨ ਵੀ ਬਣੀ। ਉਹ ਤਕਨੀਕੀ ਸੈਂਸਰਸ਼ਿਪ ਮੁੱਦਿਆਂ ਸਣੇ ਹਾਈ ਪ੍ਰੋਫਾਈਲ ਕੇਸਾਂ ਅਤੇ ਨੀਤੀਗਤ ਮੁੱਦਿਆਂ 'ਤੇ ਅਕਸਰ ਕਾਨੂੰਨੀ ਅਤੇ ਮੀਡੀਆ ਟਿੱਪਣੀਕਾਰ ਵੀ ਹਨ।

2022 ਵਿੱਚ ਉਸ ਨੇ ਰਿਪਬਲਿਕਨ ਨੈਸ਼ਨਲ ਕਮੇਟੀ ਦੀ ਚੇਅਰਪਰਸਨ ਵਜੋਂ ਆਪਣੀ ਦਾਅਵੇਦਾਰੀ ਪੇਸ਼ ਕੀਤੀ। ਇਥੇ ਵੀ ਉਸ ਨੂੰ ਸਿੱਖ ਹੋਣ ਕਾਰਨ ਇੱਕ ਕਾਨਾਫੂਸੀ ਵਿਰੋਧ ਮੁਹਿੰਮ ਦਾ ਸਾਹਮਣਾ ਕਰਨਾ ਪਿਆ ਸੀ। ਭਾਵੇਂ ਉਹ ਇਹ ਚੋਣ ਹਾਰ ਗਈ ਸੀ, ਪਰ ਉਸ ਦਾ ਕੱਦ ਰਿਪਬਲਿਕਨ ਪਾਰਟੀ ਵਿੱਚ ਕਾਫੀ ਉੱਚਾ ਹੋ ਗਿਆ ਸੀ। ਹਰਮੀਤ ਕੌਰ ਦੇ ਪਤੀ ਸਰਵਜੀਤ ਰੰਧਾਵਾ ਅਤੇ ਪਿਤਾ ਤੇਜਪਾਲ ਸਿੰਘ ਢਿੱਲੋਂ ਦਾ ਸਾਲ 2024 ਵਿੱਚ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੇ ਪਤੀ ਨੂੰ ਪਾਰਕਿਨਸਨ ਬਿਮਾਰੀ ਅਤੇ ਕੈਂਸਰ ਸੀ। ਸਰਵਜੀਤ ਰੰਧਾਵਾ ਉਨ੍ਹਾਂ ਦੇ ਤੀਜੇ ਪਤੀ ਸੀ, ਇਸ ਤੋਂ ਪਹਿਲਾਂ ਉਨ੍ਹਾਂ ਦੇ ਦੋ ਤਲਾਕ ਹੋਏ ਸਨ। ਇਸ ਵਿਚਾਲੇ ਇੱਕ ਸਮਾਂ ਅਜਿਹਾ ਵੀ ਆਇਆ ਸੀ ਜਦੋਂ ਉਨ੍ਹਾਂ ਦੀ ਮਾਂ ਨੂੰ ਛਾਤੀ ਦਾ ਕੈਂਸਰ ਹੋ ਗਿਆ ਸੀ ਅਤੇ ਉਨ੍ਹਾਂ ਨੇ ਆਪਣੀ ਮਾਂ ਦੀ ਦੇਖਭਾਲ ਲਈ ਸਭ ਛੱਡ ਕੇ ਉਨ੍ਹਾਂ ਦੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਉਸ ਦੀ ਨਵੀਂ ਨਿਯੁਕਤੀ 'ਤੇ ਹਰ ਪੰਜਾਬੀ ਨੂੰ ਖਾਸ ਤੌਰ 'ਤੇ ਹਰ ਸਿੱਖ ਨੂੰ ਖਾਸ ਤੌਰ 'ਤੇ ਮਾਣ ਹੋਣਾ ਚਾਹੀਦਾ ਹੈ ਕਿਉਂਕਿ ਰਿਪਬਲਿਕਨ ਪਾਰਟੀ ਵਿੱਚ ਸਿੱਖ ਲਾਬੀ ਨੂੰ ਇਸ ਨਾਲ ਵਿਸ਼ੇਸ਼ ਮਜ਼ਬੂਤੀ ਮਿਲੀ ਹੈ।

***

## ਆਖਰ ਕਦੋਂ ਘਟੇਗਾ ਖੇਡਾਂ...

ਫ਼ਰਾਂਸ ਨੇ ਇਸ ਕੰਮ ਲਈ 'ਲੈਬੋਰਟਰੀਜ਼ ਐਂਟੀਡੋਪੇਜ ਫਰਾਂਸੇਜ (ਐਲ.ਏ.ਡੀ.ਐਫ.) ਨੂੰ ਕਰੋੜਾਂ ਡਾਲਰ ਦੀ ਫੰਡਿੰਗ ਕੀਤੀ। ਟੈਸਟਿੰਗ ਏਜੰਸੀ ਨੇ ਪੈਰਿਸ ਉਲੰਪਿਕ-2024 'ਚ ਡੋਪਿੰਗ ਵਿਰੋਧੀ ਮੁਹਿੰਮ ਚਲਾਉਂਦੇ ਹੋਏ ਖਿਡਾਰੀਆਂ ਦੇ ਡੋਪਿੰਗ ਟੈਸਟ ਲਈ ਖ਼ੂਨ ਦੇ 6130 ਨਮੂਨੇ ਲਏ। ਇਹ ਨਮੂਨੇ ਟੋਕੀਓ ਉਲੰਪਿਕ-2020 ਨਾਲੋਂ 4% ਅਤੇ ਰੀਓ ਉਲੰਪਿਕ 2016 ਨਾਲੋਂ 10% ਵੱਧ ਸਨ। ਵੱਖ-ਵੱਖ ਦੇਸ਼ਾਂ ਦੇ ਪੰਜ ਖਿਡਾਰੀ ਡੋਪਿੰਗ ਦੇ ਕੇਸ ਅਧੀਨ ਅੜਿੱਕੇ ਚੜ੍ਹੇ।

***

## ਬੰਗਲਾਦੇਸ਼ ਨੂੰ ਬਦਲਣਾ ਹੋਵੇਗਾ...

ਇਹ ਵੀ ਸ਼ੁਭ ਸੰਕੇਤ ਨਹੀਂ ਹੈ ਕਿ ਬੰਗਲਾਦੇਸ਼ ਦੇ ਪਿਤਾਮਾ ਕਹੇ ਜਾਣ ਵਾਲੇ ਸ਼ੇਖ ਮੁਜੀਬ ਦੀ ਵਿਰਾਸਤ ਨੂੰ ਕਿਨਾਰੇ ਕਰਨ ਅਤੇ ਉਸ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਸੀਨਾ ਦੇ ਸ਼ਾਸਨ ਵਿੱਚ ਭਾਰਤ-ਬੰਗਲਾਦੇਸ਼ ਸਬੰਧ ਸਹੀ ਦਿਸ਼ਾ ਵਿੱਚ ਅੱਗੇ ਵਧਣ ਲੱਗੇ ਸਨ। ਆਰਥਿਕ ਸਬੰਧਾਂ 'ਤੇ ਉਨ੍ਹਾਂ ਦੇ ਫ਼ੋਕਸ ਨੇ ਉਰਜਾ, ਕੁਨੈਕਟਿਵਿਟੀ ਅਤੇ ਸਰਹੱਦ ਪ੍ਰਬੰਧਨ ਦੇ ਪੱਧਰ 'ਤੇ ਵਿਆਪਕ ਸਾਂਝੇਦਾਰੀ ਦਾ ਰਾਹ ਪਕੇਰਾ ਕੀਤਾ। ਹਾਲਾਂਕਿ ਉਸ ਦੌਰ ਨੂੰ ਵੀ ਮੁਸ਼ਕਲ ਅਤੇ ਮੁਸੀਬਤਾਂ ਤੋਂ ਮੁਕਤ ਕਹਿਣਾ ਸਹੀ ਨਹੀਂ ਹੋਵੇਗਾ। ਸਰਹੱਦੀ ਸੁਰੱਖਿਆ, ਨਦੀ ਜਲ ਸਮਝੌਤੇ ਅਤੇ ਪਲਾਇਨ ਵਰਗੇ ਮੁੱਦੇ ਅਣਸੁਲਝੇ ਅਤੇ ਵਿਵਾਦਤ ਬਣੇ ਰਹੇ। ਨਾਲ ਹੀ, ਹਸੀਨਾ ਭਾਰਤ ਤੇ ਚੀਨ ਨੂੰ ਲੈ ਕੇ ਵੀ ਸੰਤੁਲਨ ਦਾ ਰੁਖ਼ ਅਪਣਾਉਂਦੀ ਰਹੀ। ਚੀਨ ਉਨ੍ਹਾਂ ਦੇ ਦੌਰ ਵਿੱਚ ਹੀ ਬੰਗਲਾਦੇਸ਼ ਦਾ ਸਭ ਤੋਂ ਵੱਡਾ ਰੱਖਿਆ ਜੋਟੀਦਾਰ ਬਣਿਆ। ਇਸ ਦੇ ਬਾਵਜੂਦ ਭਾਰਤ ਦੇ ਨਾਲ ਵੀ ਉਨ੍ਹਾਂ ਦੇ ਸਬੰਧ ਸਹੀ ਦਿਸ਼ਾ ਵਿੱਚ ਇਸੇ ਲਈ ਵਧਦੇ ਗਏ ਕਿਉਂਕਿ ਉਨ੍ਹਾਂ ਨੇ ਰਾਜਨੀਤਕ ਵਿਸ਼ਵਾਸ ਦੀ ਬੁਨਿਆਦ 'ਤੇ ਕੰਮ ਕਰਨ ਨੂੰ ਤਰਜੀਹ ਦਿੱਤੀ ਅਤੇ ਇਕ-ਦੂਜੇ ਦੀਆਂ ਚਿੰਤਾਵਾਂ ਨੂੰ ਸਮਝ ਕੇ ਕਦਮ ਚੁੱਕੇ। ਇਹ ਦ੍ਰਿਸ਼ਟੀਕੋਣ ਬਹੁਤ ਲਾਹੇਵੰਦ ਸਾਬਿਤ ਹੋਇਆ। ਯੂਨਸ ਸਰਕਾਰ ਦੇ ਪੱਧਰ 'ਤੇ ਤਮਾਮ ਚੁਣੌਤੀਆਂ ਉਤਪੰਨ ਹੋਣ ਦੇ ਬਾਵਜੂਦ ਨਵੀਂ ਦਿੱਲੀ ਨੇ ਇਹੀ ਸੰਕੇਤ ਦਿੱਤੇ ਹਨ ਕਿ ਉਹ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਨਾਲ ਅੱਗੇ ਵਧਣ ਲਈ ਤਤਪਰ ਹੈ। ਹਾਲਾਂਕਿ, ਅਜਿਹੀ ਤਤਪਰਤਾ ਉਦੋਂ ਹੀ ਫ਼ਲਦਾਇਕ ਸਿੱਧ ਹੋ ਸਕਦੀ ਹੈ ਜਦ ਦੂਜੀ ਧਿਰ ਵੀ ਸੌੜੇ ਰਾਜਨੀਤਕ ਹਿੱਤਾਂ ਅਤੇ ਤਤਕਾਲੀ ਲਾਭ ਤੋਂ ਪਰੇ ਵਿਆਪਕ ਹਿੱਤਾਂ ਨੂੰ ਤਰਜੀਹ ਦੇਣ ਲਈ ਤਿਆਰ ਹੋਵੇ। ਭੂਗੋਲਿਕ ਨੀਅਤੀ ਇਹੀ ਨਿਰਧਾਰਤ ਕਰਦੀ ਹੈ ਕਿ ਸਾਂਝੀ ਸਰਹੱਦ, ਸੰਸਕ੍ਰਿਤੀ ਅਤੇ ਮੌਲਿਕ ਪਰਸਪਰ ਨਿਰਭਰਤਾ ਦੇ ਆਧਾਰ 'ਤੇ ਭਾਰਤ ਅਤੇ ਬੰਗਲਾਦੇਸ਼ ਅਜਿਹੇ ਸੁਭਾਵਿਕ ਸਾਂਝੀਦਾਰ ਹਨ ਜੋ ਘਰੇਲੂ ਰਾਜਨੀਤਕ ਬੰਦਿਸ਼ਾਂ ਤੋਂ ਪਰੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੁਵੱਲੇ ਸਬੰਧਾਂ ਵਿਚ ਅੱਗੇ ਦਾ ਰਾਹ ਮੁਸ਼ਕਲਾਂ ਨਾਲ ਭਰਪੂਰ ਨਜ਼ਰ ਆ ਰਿਹਾ ਹੈ ਪਰ ਇਨ੍ਹਾਂ ਦੋਵਾਂ ਗੁਆਂਢੀਆਂ ਨੂੰ ਇਸ ਤੋਂ ਪਾਰ ਪਾਉਣ ਦੀ ਕੋਈ ਜੁਗਤ ਲੱਭਣੀ ਹੀ ਹੋਵੇਗੀ ਕਿਉਂਕਿ ਦੱਖਣੀ ਏਸ਼ੀਆ ਦੇ ਭਵਿੱਖ ਦੀ ਬੁਨਿਆਦ ਨਵੀਂ ਦਿੱਲੀ-ਢਾਕਾ ਧੁਰੇ 'ਤੇ ਟਿਕੀ ਹੋਈ ਹੈ।

***

## ਗੁ. ਸਿੰਘ ਸਭਾ ਫ਼ਰਿਜ਼ਨੋ ਵੱਲੋਂ ਸੈਂਟਰਲ ਵੈਲੀ

ਅਤੇ 2 ਕਾਂਸੀ ਦੇ ਤਗ਼ਮੇ ਜਿੱਤੇ। ਸਾਰੇ ਅਥਲੀਟਾਂ ਨੇ ਟ੍ਰੈਕ ਐਂਡ ਫ਼ੀਲਡ ਵਿੱਚ ਆਪਣੀਆਂ ਪ੍ਰਾਪਤੀਆਂ ਦਾ ਸਨਮਾਨ ਕਰਨ ਲਈ ਗੁਰਦੁਆਰਾ ਸਾਹਿਬ ਬੋਰਡ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।

ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਲਕੀਅਤ ਸਿੰਘ ਕਰਨਾਲ ਨੇ ?ਜੈਕਾਰਿਆਂ ਨਾਲ ਹਰੇਕ ਐਥਲੀਟ ਨੂੰ ਸਿਰੋਪਾਓ ਸਾਹਿਬ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਬੋਲਦਿਆਂ ਐਥਲੀਟ ਗੁਰਬਖਸ਼ ਸਿੰਘ ਸਿੱਧੂ ਨੇ ਗੁਰੂ ਘਰ ਦੀ ਕਮੇਟੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਉਮੀਦ ਹੈ ਕਿ ਅਗਲੇ ਸਾਲ ਕੈਲੀਫ਼ੋਰਨੀਆ ਵਿੱਚ ਹੋਣ ਵਾਲੀਆਂ ਟ੍ਰੈਕ ਅਤੇ ਫ਼ੀਲਡ ਗੇਮਾਂ ਲਈ ਹੋਰ ਅਥਲੀਟ ਸਾਡੇ ਨਾਲ ਸ਼ਾਮਲ ਹੋਣਗੇ। ਇਸ ਮੌਕੇ ਗੁਰੂ ਕੇ ਲੰਗਰ ਦੀ ਸੇਵਾ ਓਂਦੀਪ ਸਿੰਘ ਸਿੱਧੂ ਤੇ ਪਰਿਵਾਰ ਵੱਲੋਂ ਆਪਣੇ ਬੇਟੇ ਜਸਪ੍ਰੀਤ ਸਿੰਘ ਸਿੱਧੂ ਵੱਲੋਂ ਸਕੂਲ ਟਰੱਸਟੀ ਦੀ ਚੋਣ ਜਿੱਤਣ ਦੀ ਖ਼ੁਸ਼ੀ ਵਿੱਚ ਕੀਤੀ ਗਈ। ਇਸ ਮੌਕੇ ਸਿੱਧੂ ਪਰਿਵਾਰ ਨੇ ਜਿੱਥੇ ਗੁਰੂ ਦਾ ਸ਼ੁਕਰਾਨਾ ਕੀਤਾ, ਉੱਥੇ ਸਮੂਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਲਈ ਸੰਗਤ ਦਾ ਵੀ ਧੰਨਵਾਦ ਕੀਤਾ।

***

## ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਨੂੰ

ਸ਼੍ਰੋਮਣੀ ਕਮੇਟੀ ਦੇ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਆਪਣੇ ਸੋਸ਼ਲ ਖਾਤੇ ਵਿੱਚ ਲਿਖਿਆ ਕਿ ਇੱਕ ਗੱਲ ਤਾਂ ਸਪਸ਼ਟ ਹੋ ਗਈ ਹੈ ਕਿ ਅਕਾਲੀ ਦਲ ਦੀ ਨਵ ਉਸਾਰੀ ਦੀ ਲੋੜ ਹੈ। ਮੌਜੂਦਾ ਅਖੌਤੀ 'ਅਕਾਲੀ ਲੀਡਰ' ਆਮ ਸਿੱਖਾਂ ਵਿੱਚ ਗੁੰਡਿਆਂ ਦੇ ਟੋਲੇ ਵਾਂਗ ਬਣਦੇ ਜਾ ਰਹੇ ਹਨ। ਜਿਸ ਤਰ੍ਹਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਉੱਪਰ ਝੂਠੇ ਦੋਸ਼ ਲਗਾਕੇ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ, ਕੁਆਰਟਰ ਖਾਲੀ ਕਰਵਾਏ ਗਏ ਹਨ, ਜਾਅਲੀ ਖਾਤੇ ਬਣਾਏ ਗਏ ਹਨ, ਤੁਸੀਂ ਆਪਣੀ ਅਸਲ ਕਾਬਲੀਅਤ ਦਾ ਸਬੂਤ ਦਿੱਤਾ ਹੈ। ਬਾਕੀ ਰਹੀ ਕਸਰ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਗੰਦੀ ਜ਼ੁਬਾਨ ਨੇ ਕੱਢ ਦਿੱਤੀ। ਲੋਕ ਗੁਰਦੁਆਰੇ ਗੁਨਾਹ ਮਾਫ਼ ਕਰਵਾਉਣ ਆਉਂਦੇ ਹਨ, ਇਨ੍ਹਾਂ ਥਾਵਾਂ 'ਤੇ ਬੈਠ ਕੇ ਗੁਨਾਹ ਕਰੋਗੇ ਤਾਂ ਮਾਫ਼ੀ ਮੰਗਣ ਜਾਂ ਪਛਤਾਉਣ ਲਈ ਕਿੱਥੇ ਜਾਓਗੇ?

ਬਾਗੀ ਅਕਾਲੀ ਆਗੂਆਂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸਾਬਕਾ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਐਸ.ਜੀ.ਪੀ.ਸੀ. ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਸੁੱਚਾ ਸਿੰਘ ਛੋਟੇਪੁਰ, ਸੁਰਿੰਦਰ ਸਿੰਘ ਭੁਲੇਵਾਲ ਅਤੇ ਸੰਤਾ ਸਿੰਘ ਉਮੈਦਪੁਰੀ ਨੇ ਇੱਕ ਵਾਰ ਫ਼ਿਰ ਸੁਖਬੀਰ ਬਾਦਲ ਨੂੰ ਨਿਸ਼ਾਨੇ 'ਤੇ ਲਿਆ ਹੈ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਸਮਰਥਨ ਵਿੱਚ ਬਿਆਨ ਜਾਰੀ ਕੀਤਾ ਹੈ। ਇਸ ਤੋਂ ਲਗਦਾ ਹੈ ਕਿ ਭਾਵੇਂ ਦੋਵੇਂ ਧੜਿਆਂ ਦੇ ਆਗੂਆਂ ਨੇ ਧਾਰਮਿਕ ਸਜ਼ਾ ਤਾਂ ਪੂਰੀ ਕਰ ਲਈ ਹੈ ਪਰ ਪਾਰਟੀ ਦੇ ਸਿਆਸੀ ਮਾਮਲਿਆ ਵਿੱਚ ਅਕਾਲ ਤਖ਼ਤ ਦੇ ਹੁਕਮ ਲਾਗੂ ਹੁੰਦੇ ਨਹੀਂ ਦਿਸ ਰਹੇ ਅਤੇ ਇਸ ਤਰ੍ਹਾਂ ਅਕਾਲੀ ਦਲ ਵਿੱਚ ਏਕਤਾ ਹੋਣੀ ਮੁਸ਼ਕਿਲ ਜਾਪਦੀ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com